Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S.Rai
ਇੰਮੀਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Fourteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 32, August 10th, 2013
20451 N Plum Grove Rd. Palatine, IL 60074
Ph:847-359-0746, Fax:847-705-9388

## ਗੁਜਰਾਤ ਵਿਚ ਸਿੱਖ ਕਿਸਾਨਾਂ ਦਾ ਉਜਾੜਾ

# ਕਾਂਗਰਸੀਆਂ ਨੇ ਅਕਾਲੀ ਘੇਰੇ

### ਪੰਜਾਬ ਦੀ ਸਿਆਸਤ ਵਿਚ ਉਬਾਲਾ

### ਮੁੱਦੇ ਬਾਰੇ ਕੋਈ ਧਿਰ ਸੰਜੀਦਾ ਨਹੀਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਗੁਜਰਾਤ ਵਿਚ ਭਾਜਪਾ ਸਰਕਾਰ ਵੱਲੋਂ ਸਿੱਖ ਕਿਸਾਨਾਂ ਦੇ ਕੀਤੇ ਜਾ ਰਹੇ ਉਜਾੜੇ ਦਾ ਮਾਮਲਾ ਭਖਣ ਨਾਲ ਪੰਜਾਬ ਦੀ ਸਿਆਸਤ ਵਿਚ ਵੀ ਇਕ ਵਾਰ ਤਾਂ ਉਬਾਲ ਆ ਗਿਆ ਹੈ। ਇਕ ਪਾਸੇ ਜਿਥੇ ਹਿੱਕ ਥਾਪੜ ਕੇ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨਾਲ ਖੜ੍ਹਨ ਦੇ ਦਾਅਵੇ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਤਿੱਖੇ ਸਵਾਲਾਂ ਦੀ ਵਾਛੜ ਦਾ ਸਾਹਮਣਾ ਕਰਨ ਪੈ ਰਿਹਾ ਹੈ, ਉਥੇ ਖਾਨਾਜੰਗੀ ਵਿਚ ਉਲਝੀ ਪੰਜਾਬ ਕਾਂਗਰਸ ਦੇ ਹੱਥ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਨੂੰ ਘੇਰਨ ਦਾ ਸੋਹਣਾ ਮੌਕਾ ਆ ਗਿਆ।

ਉਂਜ, ਦੋਵਾਂ ਧਿਰਾਂ ਵੱਲੋਂ ਇਸ ਮੁੱਦੇ 'ਤੇ ਸਿਰਫ ਸਿਆਸਤ ਹੀ ਕੀਤੀ ਜਾ ਰਹੀ ਹੈ ਤੇ ਉਜਾੜੇ ਦਾ ਸ਼ਿਕਾਰ ਹੋ ਰਹੇ ਕਿਸਾਨਾਂ ਦੀ ਬਾਂਹ ਫੜਨ ਲਈ ਕੋਈ ਵੀ ਸੁਹਿਰਦ ਨਹੀਂ। ਇਹ ਕਿਸਾਨ ਪਿਛਲੇ ਕਾਫੀ ਸਮੇਂ ਤੋਂ ਪੰਜਾਬ ਪੁੱਜ ਕੇ ਆਪਣੇ ਦੁਖੜੇ ਫੋਲ ਚੁੱਕੇ ਹਨ, ਪਰ ਕੋਈ ਵੀ ਧਿਰ ਇਨ੍ਹਾਂ ਦੇ ਨਾਲ ਨਹੀਂ ਖੜ੍ਹੀ। ਹੁਣ ਲੋਕ ਸਭਾ ਚੋਣਾਂ ਨੇੜੇ ਹੋਣ ਕਰ ਕੇ ਕਾਂਗਰਸ ਇਸ ਮੁੱਦੇ ਨੂੰ ਨਰੇਂਦਰ ਮੋਦੀ ਦੇ ਵੱਡੇ ਹਮਾਇਤੀ ਸ਼੍ਰੋਮਣੀ ਅਕਾਲੀ ਦਲ ਖ਼ਿਲਾਫ਼ ਵਰਤਣਾ ਚਾਹੁੰਦੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੱਲੋਂ ਪੰਜਾਬ ਭਰ ਵਿਚ ਕੀਤੀਆਂ ਜਾ ਰਹੀਆਂ ਰੈਲੀਆਂ ਵਿਚ ਇਸ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਉਭਾਰਿਆ ਜਾ ਰਿਹਾ ਹੈ। ਇਸ ਮਾਮਲੇ ਬਾਰੇ ਕਾਂਗਰਸੀ ਆਗੂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਵੀ ਮੁਲਾਕਾਤ ਕਰ ਚੁੱਕੇ ਹਨ।

ਉਧਰ, ਕਾਂਗਰਸ ਦੀ ਇਸ ਤਿੱਖੀ ਅਤੇ ਤੁਰੰਤ ਸਰਗਰਮੀ ਤੋਂ ਬਾਅਦ ਅਕਾਲੀਆਂ ਦੀ ਵੀ ਨੀਂਦ ਖੁੱਲ੍ਹੀ ਹੈ। ਪਤਾ ਲੱਗਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮਾਮਲੇ 'ਤੇ ਖ਼ੁਦ ਨਰੇਂਦਰ ਮੋਦੀ ਗੱਲਬਾਤ ਕੀਤੀ ਹੈ। ਇਸ ਬਾਰੇ ਪ੍ਰਚਾਰ ਤਾਂ ਇਹੀ ਕੀਤਾ ਗਿਆ ਹੈ ਕਿ ਸ੍ਰੀ ਮੋਦੀ ਨੇ ਸਿੱਖਾਂ ਨਾਲ ਕੋਈ ਵੀ ਵਿਤਕਰਾ ਨਾ ਕੀਤੇ ਜਾਣ ਦਾ ਭਰੋਸਾ ਦਿਵਾਇਆ ਹੈ, ਪਰ ਉਨ੍ਹਾਂ ਨੇ ਇਸ ਸੰਵੇਦਨਸ਼ੀਲ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੀ ਮੱਦਦ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਹੈ ਅਤੇ ਸਪਸ਼ਟ ਕੀਤਾ ਹੈ ਕਿ ਇਸ ਦਾ ਨਿਬੇੜਾ ਸੁਪਰੀਮ ਕੋਰਟ ਵਿਚ ਹੀ ਹੋਵੇਗਾ। ਸ੍ਰੀ ਮੋਦੀ ਦੇ ਇਨਕਾਰ ਮਗਰੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਗੁਜਰਾਤ ਦੇ ਕਿਸਾਨਾਂ ਦੀ ਸੁਪਰੀਮ ਕੋਰਟ ਵਿਚ ਵਿੱਤੀ ਮਦਦ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਉਧਰ, ਸ਼੍ਰੋਮਣੀ ਕਮੇਟੀ ਨੇ ਵੀ ਗੁਜਰਾਤ ਦੇ ਸਿੱਖ ਕਿਸਾਨਾਂ ਲਈ 10 ਲੱਖ ਰੁਪਏ ਦੇਣ ਦਾ ਐਲਾਨ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦਾ ਇਹ ਐਲਾਨ ਵੀ ਸਿਆਸਤ ਦਾ ਹੀ ਹਿੱਸਾ ਹੈ ਤਾਂ ਕਿ ਸਿੱਖਾਂ ਵਿਚ ਇਹ ਪ੍ਰਭਾਵ ਨਾ ਜਾਵੇ ਕਿ ਸ਼੍ਰੋਮਣੀ ਅਕਾਲੀ ਦਲ ਕੁਝ ਵੀ ਨਹੀਂ ਕਰ ਰਿਹਾ। ਜ਼ਿਕਰਯੋਗ ਹੈ ਕਿ ਗੁਜਰਾਤ ਦੇ ਕੱਛ ਖੇਤਰ ਦੇ ਭੁੱਜ ਜ਼ਿਲ੍ਹੇ ਵਿਚ ਵਸਦੇ 500 ਦੇ ਕਰੀਬ ਸਿੱਖ ਕਿਸਾਨ ਪਰਿਵਾਰਾਂ 'ਤੇ ਗੁਜਰਾਤ ਦੀ ਮੋਦੀ ਸਰਕਾਰ ਨੇ ਉਜਾੜੇ ਦੀ ਤਲਵਾਰ ਲਟਕਾ ਦਿੱਤੀ ਹੈ। ਕਾਂਗਰਸ ਵਲੋਂ ਇਸ ਮਸਲੇ ਨੂੰ ਲੈ ਕੇ ਲੋਕ ਸਭਾ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਉਮੀਦਵਾਰ ਵਜੋਂ ਉਭਾਰੇ ਜਾ ਰਹੇ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਹਮਲੇ ਹੇਠ ਲਿਆਂਦਾ ਜਾ ਰਿਹਾ ਹੈ ਤੇ ਕੇਂਦਰ ਸਰਕਾਰ ਅੱਗੇ ਮਸਲਾ ਉਠਾ ਕੇ ਗੁਜਰਾਤੀ ਸਿੱਖ ਕਿਸਾਨਾਂ ਦੇ ਹਿੱਤ ਸੁਰੱਖਿਅਤ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ।

ਸਿੱਖਾਂ ਨਾਲ ਵਿਤਕਰੇ ਤੇ ਘੱਟ-ਗਿਣਤੀਆਂ ਨਾਲ ਵਧੀਕੀਆਂ ਲਈ ਕਾਂਗਰਸ ਤੇ ਕੇਂਦਰ ਸਰਕਾਰ ਨੂੰ ਕੋਸਣ ਵਾਲੇ ਅਕਾਲੀ ਦਲ ਲਈ ਹਾਲਤ ਬੜੀ ਕਸੂਤੀ ਬਣ ਗਈ ਹੈ। ਅਕਾਲੀ ਦਲ ਦੀ ਭਾਜਪਾ ਨਾਲ ਪੱਕੀ ਭਾਈਵਾਲੀ ਹੀ ਨਹੀਂ, ਸਗੋਂ ਅਕਾਲੀ ਲੀਡਰਸ਼ਿਪ ਤਾਂ ਨਰੇਂਦਰ ਮੋਦੀ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਉਪਰ ਬਿਠਾਉਣ ਲਈ ਉਤਾਵਲੀ ਹੈ, ਪਰ ਸ੍ਰੀ ਮੋਦੀ ਵੱਲੋਂ ਸਿੱਖ ਕਿਸਾਨਾਂ ਦੇ ਉਜਾੜੇ ਦੇ ਮਾਮਲੇ ਨੇ ਅਕਾਲੀ ਲੀਡਰਸ਼ਿਪ ਲਈ ਬੜੀ ਮੁਸ਼ਕਿਲ ਹਾਲਤ ਪੈਦਾ ਕਰ ਦਿੱਤੀ ਹੈ। ਅਕਾਲੀ ਆਗੂ ਮੋਦੀ ਸਰਕਾਰ ਦੇ ਇਸ ਘੱਟ-ਗਿਣਤੀ ਅਤੇ ਕਿਸਾਨ ਵਿਰੋਧੀ ਫ਼ੈਸਲੇ ਨੂੰ ਵਿਤਕਰੇ ਭਰੀ ਕਿਸਾਨ ਵਿਰੋਧੀ

(ਬਾਕੀ ਸਫਾ 6 'ਤੇ)

### ਮੋਦੀ ਦਾ ਗੋਲਮੋਲ ਸਪਸ਼ਟੀਕਰਨ

**ਅਹਿਮਦਾਬਾਦ:** ਚੁਫੇਰਿਉਂ ਘਿਰਨ ਤੋਂ ਬਾਅਦ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਦਾ ਕਹਿਣਾ ਹੈ ਕਿ ਰਾਜ ਵਿਚ ਵਸੇ ਸਿੱਖਾਂ ਦੇ ਜ਼ਮੀਨਾਂ ਸਬੰਧੀ ਅਧਿਕਾਰ ਨਹੀਂ ਖੋਹੇ ਜਾ ਰਹੇ ਤੇ ਉਨ੍ਹਾਂ ਦੀ ਭਲਾਈ ਦਾ ਪੂਰਾ ਧਿਆਨ ਰੱਖਿਆ ਜਾਵੇਗਾ। ਸ੍ਰੀ ਮੋਦੀ ਦੇ ਸਕੱਤਰੇਤ ਤੋਂ ਜਾਰੀ ਹੋਏ ਬਿਆਨ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਨੂੰ ਵਾਪਸ ਪੰਜਾਬ ਜਾਣ ਲਈ ਮਜਬੂਰ ਕੀਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਬਾਰੇ ਸਵਾਰਥੀ ਹਿੱਤਾਂ ਤੋਂ ਪ੍ਰੇਰਤ ਲੋਕਾਂ ਵੱਲੋਂ ਝੂਠੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ। ਜ਼ਿਕਰਯੋਗ ਹੈ ਕਿ ਕੱਛ ਖਿੱਤੇ ਦੇ ਪੰਜਾਬੀ ਕਿਸਾਨਾਂ ਦੀਆਂ ਜ਼ਮੀਨਾਂ 'ਜਾਮ' ਕਰਨ ਦੇ ਜ਼ਿਲ੍ਹਾ ਕੁਲੈਕਟਰ ਦੇ ਫੈਸਲੇ ਖ਼ਿਲਾਫ਼ ਕੁਝ ਸਿੱਖ ਕਿਸਾਨਾਂ ਨੇ ਗੁਜਰਾਤ ਹਾਈ ਕੋਰਟ ਵਿਚ ਪਟੀਸ਼ਨ ਪਾਈ ਸੀ। ਹਾਈ ਕੋਰਟ ਨੇ ਕਿਸਾਨਾਂ ਦੇ ਹੱਕ ਵਿਚ ਫੈਸਲਾ ਦਿੱਤਾ। ਇਸ ਤੋਂ ਬਾਅਦ ਗੁਜਰਾਤ ਸਰਕਾਰ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਪਾ ਦਿੱਤੀ। ਸ੍ਰੀ ਮੋਦੀ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਉਨ੍ਹਾਂ ਦੀ ਸਰਕਾਰ ਇਸ ਪਟੀਸ਼ਨ ਬਾਰੇ ਕੀ ਕਰਨ ਜਾ ਰਹੀ ਹੈ।



## ਕੱਟੜ ਤਾਕਤਾਂ ਬਣੀਆਂ ਅਮਨ ਮੁਹਿੰਮ ਦਾ ਰੋੜਾ

**ਨਵੀਂ ਦਿੱਲੀ:** ਪਾਕਿਸਤਾਨ ਅੰਦਰਲੀਆਂ ਕੱਟੜਪੰਥੀ ਤਾਕਤਾਂ ਨੇ ਇਕ ਵਾਰ ਫਿਰ ਭਾਰਤ-ਪਾਕਿਸਤਾਨ ਅਮਨ ਮੁਹਿੰਮ ਵਿਚ ਰੋੜਾ ਅਟਕਾਉਣ ਦੀ ਕੋਸ਼ਿਸ਼ ਕੀਤੀ ਹੈ। ਪਾਕਿਸਤਾਨ ਵਾਲੇ ਪਾਸਿਉਂ 20 ਹਥਿਆਰਬੰਦ ਬੰਦਿਆਂ ਦਾ ਦਸਤਾ ਜੰਮੂ-ਕਸ਼ਮੀਰ ਦੇ ਪੁਣਛ ਸੈਕਟਰ ਵਿਚ ਭਾਰਤੀ ਇਲਾਕੇ ਵਿਚ ਦਾਖਲ ਹੋਇਆ ਅਤੇ ਗਸ਼ਤੀ ਟੁਕੜੀ 'ਤੇ ਘਾਤ ਲਾ ਕੇ ਹਮਲਾ ਕਰ ਕੇ ਪੰਜ ਭਾਰਤੀ ਫੌਜੀਆਂ ਨੂੰ ਮਾਰ ਦਿੱਤਾ। ਸਰਹੱਦ ਪਾਰੋਂ ਇਸ ਤਰ੍ਹਾਂ ਦੀਆਂ ਵਧੀਕੀਆਂ ਵਾਰ-ਵਾਰ ਕੀਤੀਆਂ ਜਾ ਰਹੀਆਂ ਹਨ।

ਅਸਲ ਵਿਚ ਕੁਝ ਪਾਕਿਸਤਾਨੀ ਏਜੰਸੀਆਂ ਅਤੇ ਕੱਟੜਪੰਥੀ ਧੜੇ ਕਿਸੇ ਵੀ ਹਾਲਤ ਵਿਚ ਦੋਵਾਂ ਮੁਲਕਾਂ ਦਰਮਿਆਨ ਸੁਖਾਵਾਂ ਮਾਹੌਲ ਨਹੀਂ ਬਣਨ ਦੇਣਾ ਚਾਹੁੰਦੇ। ਜਦੋਂ ਵੀ ਦੋਵਾਂ ਮੁਲਕਾਂ ਦੇ ਆਗੂਆਂ ਵੱਲੋਂ ਅਮਨ ਮੁਹਿੰਮ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਇਹ ਲੋਕ ਕੋਈ ਨਾ ਕੋਈ ਹਿੰਸਕ ਘਟਨਾ ਕਰ ਕੇ ਮਾਹੌਲ ਨੂੰ ਖਰਾਬ ਕਰ ਦਿੰਦੇ ਹਨ। ਪਾਕਿਸਤਾਨ ਵਿਚ ਜਨਾਬ ਨਵਾਜ਼ ਸ਼ਰੀਫ ਦੀ ਸਰਕਾਰ ਬਣਨ ਮਗਰੋਂ ਦੋਵਾਂ ਮੁਲਕਾਂ ਵਿਚ ਸਬੰਧ ਸੁਖਾਵੇਂ ਹੋਣ ਦੀ ਚਰਚਾ ਚੱਲੀ ਸੀ। ਦੋਵਾਂ ਮੁਲਕਾਂ ਨੇ ਇਸ ਸਬੰਧੀ ਕਈ ਪਹਿਲਕਦਮੀਆਂ ਵੀ ਕੀਤੀਆਂ ਹਨ ਜਿਸ ਤੋਂ ਪ੍ਰੇਸ਼ਾਨ ਹੋ ਕੇ ਕੱਟੜਪੰਥੀ ਤਾਕਤਾਂ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਵਿਚ ਜੁਟ ਗਈਆਂ ਹਨ। ਇਨ੍ਹਾਂ ਕੱਟੜਪੰਥੀਆਂ ਦਾ ਫੌਜ ਅਤੇ ਖੁਫੀਆ ਏਜੰਸੀਆਂ ਵਿਚ ਵੀ ਚੋਖਾ ਪ੍ਰਭਾਵ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਜੰਮੂ-ਕਸ਼ਮੀਰ ਦੇ ਪੁਣਛ ਸੈਕਟਰ ਵਿਚ ਅਸਲ ਕੰਟਰੋਲ

(ਬਾਕੀ ਸਫਾ 6 'ਤੇ)

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# 11ਵੇਂ ਕੌਮਾਂਤਰੀ ਗਤਕਾ ਯੁੱਧ ਵਿਚ ਹੋਏ ਸਖਤ ਮੁਕਾਬਲੇ

ਨਿਊ ਯਾਰਕ (ਬਿਊਰੋ): ਕੈਨੇਡੀਅਨ ਆਰਗੇਨਾਈਜੇਸ਼ਨ ਆਫ ਸਟੂਡੈਂਟਸ, ਕੈਲੀਫੋਰਨੀਆ ਗਤਕਾ ਦਲ ਅਤੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ



ਨਿਊਯਾਰਕ ਦੇ ਆਪਸੀ ਸਹਿਯੋਗ ਨਾਲ ਗਿਆਰਵਾਂ ਅੰਤਰਾਸ਼ਟਰੀ ਯੁੱਧ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿਚ ਸਥਾਨਕ ਸੰਗਤਾਂ ਤੋਂ ਇਲਾਵਾ ਸਰੀ-ਟੋਰਾਂਟੋ-ਮਾਂਟਰੀਅਲ (ਕੈਨੇਡਾ), ਭਾਰਤ, ਮੈਰੀਲੈਂਡ ਵਰਜੀਨੀਆ, ਵਾਸ਼ਿੰਗਟਨ ਡੀ.ਸੀ., ਨਿਊ ਜਰਸੀ, ਨਿਊ ਯਾਰਕ



ਤੇ ਕੈਲੀਫੋਰਨੀਆ ਗਤਕਾ ਦਲ ਦੀਆਂ ਅਲ ਸਬਰਾਂਟੇ, ਰਿਵਰਸਾਈਡ, ਲਾਸ ਏਂਜਲਸ, ਸਟਾਕਟਨ ਅਤੇ ਮਨਟੀਕਾ ਟੀਮਾਂ ਨੇ ਹਿੱਸਾ ਲਿਆ।

ਸਿੰਘਾਂ ਦੇ 18 ਸਾਲ ਅਤੇ ਵੱਧ ਉਮਰ ਵਰਗ ਦੇ ਫਰੀ ਸੋਟੀ ਮੁਕਾਬਲੇ ਵਿਚ ਦੀਦਾਰ ਸਿੰਘ-ਕੈਲੀਫੋਰਨੀਆ ਗਤਕਾ ਦਲ-ਅਲ ਸਬਰਾਂਟੇ ਫਸਟ, ਅਜੇਪਾਲ ਸਿੰਘ-ਕੈਲੀਫੋਰਨੀਆ ਗਤਕਾ ਦਲ-ਸਟਾਕਟਨ ਸੈਕੰਡ ਅਤੇ ਕਾਰਪ੍ਰੀਤ ਸਿੰਘ-ਕੈਲੀਫੋਰਨੀਆ ਗਤਕਾ ਦਲ-ਫਰਿਜ਼ਨੋ ਥਰਡ ਰਹੇ।

ਸਿੰਘਾਂ ਦੇ 17 ਸਾਲ ਅਤੇ ਘੱਟ ਉਮਰ ਵਰਗ ਦੇ ਫਰੀ ਸੋਟੀ ਮੁਕਾਬਲਾ ਵਿਚ ਕ੍ਰਮਵਾਰ ਤੇਜਪਾਲ ਸਿੰਘ-ਕੈਲੀਫੋਰਨੀਆ ਗਤਕਾ ਦਲ-ਸਟਾਕਟਨ ਪਹਿਲੇ ਅਤੇ ਤਨਵੀਰ ਸਿੰਘ-ਬਾਬਾ ਅਜੀਤ ਸਿੰਘ ਗਤਕਾ ਅਖਾੜਾ ਨਿਊ ਜਰਸੀ ਦੂਜੇ ਥਾਂ ਰਹੇ।

ਸਿੰਘਣੀਆਂ ਦੇ 17 ਸਾਲ ਅਤੇ ਉਪਰ ਉਮਰ ਵਰਗ ਦੇ ਫਰੀ ਸੋਟੀ ਮੁਕਾਬਲੇ ਵਿਚ ਕਿਰਨਪ੍ਰੀਤ ਕੌਰ-ਬਾਬਾ ਅਜੀਤ ਸਿੰਘ ਗਤਕਾ ਅਖਾੜਾ ਨਿਊ ਜਰਸੀ ਪਹਿਲੇ ਅਤੇ ਦੂਜੇ ਥਾਂ ਮਨਪ੍ਰੀਤ ਕੌਰ-ਕੈਲੀਫੋਰਨੀਆ ਗਤਕਾ ਦਲ-ਅਲਸਬਰਾਂਟੇ ਰਹੀ। ਬੀਬੀਆਂ ਦੇ 16 ਸਾਲ ਤੋਂ ਘੱਟ ਉਮਰ ਵਰਗ ਵਿਚ ਅਬੀਨਾਸ਼ ਕੌਰ ਨਿਊ ਯਾਰਕ ਪਹਿਲੇ ਅਤੇ ਜਾਸਮੀਨ ਕੌਰ-ਬਾਬਾ ਅਜੀਤ ਸਿੰਘ ਗਤਕਾ ਅਖਾੜਾ ਨਿਊ ਜਰਸੀ ਦੂਜੇ ਥਾਂ ਰਹੀ।

ਸਿੰਘਾਂ ਦੇ ਡਾਂਗ ਮੁਕਾਬਲੇ ਦੇ 18 ਸਾਲ ਅਤੇ ਵੱਧ ਉਮਰ ਵਰਗ ਵਿਚ ਮਨਮੀਤ ਸਿੰਘ-ਕੈਲੀਫੋਰਨੀਆ ਗਤਕਾ ਦਲ-ਰਿਵਰਸਾਈਡ ਫਸਟ ਅਤੇ ਮਨਰੂਪ ਸਿੰਘ-ਸ਼ਹੀਦ ਬਾਬਾ ਦੀਪ ਸਿੰਘ ਅਕਾੜਾ-ਟੋਰਾਂਟੋ-ਕੈਨੇਡਾ ਸੈਕੰਡ ਰਿਹਾ। ਸਿੰਘਾਂ ਦੇ ਮਰੱਠੀ ਮੁਕਾਬਲਾ ਦੇ 17 ਸਾਲ ਤੇ ਘੱਟ ਉਮਰ ਵਰਗ ਵਿਚ ਤੇਜਪਾਲ ਸਿੰਘ-ਕੈਲੀਫੋਰਨੀਆ ਗਤਕਾ ਦਲ-ਸਟਾਕਟਨ ਚੈਂਪੀਅਨ ਅਤੇ ਗੁਰਪ੍ਰਤਾਪ ਸਿੰਘ-ਕੈਲੀਫੋਰਨੀਆ ਗਤਕਾ ਦਲ-ਰਿਵਰਸਾਈਡ ਸੈਕੰਡ ਰਿਹਾ।

ਰੈਫਰੀਆਂ ਦੀ ਸੇਵਾ ਰਾਜ ਸਿੰਘ ਫਰਿਜ਼ਨੋ, ਸਨਮਿਤ ਸਿੰਘ ਮੈਰੀਲੈਂਡ ਅਤੇ ਗੁਰਸ਼ੀਲ ਸਿੰਘ ਟੋਰਾਂਟੋ ਕੈਨੇਡਾ ਨੇ ਨਿਭਾਈ। ਜੱਜ ਹਰਪ੍ਰੀਤ ਸਿੰਘ, ਪਰਮਜੀਤ ਸਿੰਘ ਫਰਿਜ਼ਨੋ ਅਤੇ ਪਰਮਿੰਦਰ ਸਿੰਘ ਟੋਰਾਂਟੋ ਕੈਨੇਡਾ ਸਨ। ਯੁੱਧ ਦੀ ਕੁਮੈਂਟਰੀ ਰਨਜੀਤ ਸਿੰਘ ਸਟਾਕਟਨ ਤੇ ਪਰਮਿੰਦਰ ਸਿੰਘ ਟੋਰਾਂਟੋ ਨੇ ਕੀਤੀ। ਜੇਤੂਆਂ ਨੂੰ ਸ਼ੀਲਡਾਂ ਤੇ ਨਕਦ ਇਨਾਮਾਂ ਦੇ ਨਾਲ ਨਾਲ ਯਾਦਗਾਰੀ ਚਿੰਨ ਦਿਤੇ ਗਏ। ਜਥੇਦਾਰਾਂ ਦਾ ਯਾਦਗਾਰੀ ਪਲੈਕ ਨਾਲ ਸਨਮਾਨ ਕੀਤਾ ਗਿਆ ਇਨ੍ਹਾਂ ਵਿਚ ਜਸਦੇਵ ਸਿੰਘ ਟੋਰਾਂਟੋ, ਜਸਪ੍ਰੀਤ ਸਿੰਘ ਲਵਲਾ ਮਨਟੀਕਾ, ਰਾਜ ਸਿੰਘ ਫਰਿਜ਼ਨੋ, ਪਰਮਜੀਤ ਸਿੰਘ ਫਰਿਜ਼ਨੋ, ਦੀਦਾਰ ਸਿੰਘ ਅਲ ਸਬਰਾਂਟੇ, ਦਲਬੀਰ ਸਿੰਘ ਨਿਊ ਜਰਸੀ, ਅਮਰਿੰਦਰ ਸਿੰਘ ਨਿਊ ਯਾਰਕ, ਹਰਜੋਤ ਸਿੰਘ ਮੈਰੀਲੈਂਡ, ਸਨਮਿਤ ਸਿੰਘ ਮੈਰੀਲੈਂਡ, ਜਤਿੰਦਰਬੀਰ ਸਿੰਘ ਰਿਵਰਸਾਈਡ, ਰਨਜੀਤ ਸਿੰਘ ਤੇ ਪਰਮਿੰਦਰ ਸਿੰਘ ਸ਼ਾਮਲ ਸਨ।

# ਕਿਰਨ ਬੇਦੀ 24 ਅਗਸਤ ਨੂੰ ਫਰਿਜ਼ਨੋ ਆਉਣਗੇ

**ਫਰਿਜ਼ਨੋ (ਬਿਊਰੋ):** ਭਾਰਤੀ ਦੀ ਪਹਿਲੀ ਆਈ ਪੀ ਐਸ ਅਫਸਰ ਅਤੇ ਲੋਹ-ਨਾਰੀ ਕਰਕੇ ਜਾਣੀ ਜਾਂਦੀ ਰਹੀ ਸਾਬਕਾ ਪੁਲਿਸ ਅਫਸਰ ਕਿਰਨ ਬੇਦੀ ਭਾਰਤ ਦੇ ਆਜ਼ਾਦੀ ਦਿਵਸ ਸਮਾਗਮ ਵਿਚ ਹਿੱਸਾ ਲੈਣ ਲਈ 24 ਅਗਸਤ ਨੂੰ ਫਰਿਜ਼ਨੋ ਆ ਰਹੇ ਹਨ। ਕਿਰਨ ਬੇਦੀ 16 ਅਤੇ 17 ਅਗਸਤ ਨੂੰ ਸੈਨ ਹੋਜ਼ੇ ਅਤੇ ਮਿਲਪੀਟਸ ਵਿਚ ਵੀ ਆਜ਼ਾਦੀ ਦੇ ਸਮਾਗਮਾਂ ਵਿਚ ਹਿੱਸਾ ਲੈਣਗੇ। ਜ਼ਿਕਰਯੋਗ ਹੈ ਕਿ ਕਿਰਨ ਬੇਦੀ ਕੈਲੀਫੋਰਨੀਆ ਦੀ ਵਕੀਲ ਅਨੂ ਪੇਸ਼ਾਵਰੀਆ ਦੀ ਸਕੀ ਭੈਣ ਹੈ। ਉਹ ਪਿਛਲੇ ਸਾਲ ਵੀ ਸਿਆਟਲ ਵਿਚ ਅਨੂ ਪੇਸ਼ਾਵਰੀਆ ਦੇ ਦਫਤਰ ਦਾ ਉਦਘਾਟਨ ਕਰਨ ਲਈ ਆਏ ਸਨ।

ਅਨੂ ਪੇਸ਼ਾਵਰੀਆ ਉਘੀ ਇਮੀਗ੍ਰੇਸ਼ਨ ਵਕੀਲ ਹੈ ਅਤੇ ਉਸ ਦੇ ਫਰੀਮਾਂਟ ਅਤੇ ਸਿਆਟਲ-ਵਾਸ਼ਿੰਗਟਨ ਵਿਚ ਦੋ ਦਫਤਰ ਹਨ।



ਕਿਰਨ ਬੇਦੀ ਅਤੇ ਅਨੂ ਪੇਸ਼ਾਵਰੀਆ










# ਓਕ ਕਰੀਕ ਗੋਲੀ ਕਾਂਡ ਦੀ ਪਹਿਲੀ ਵਰ੍ਹੇਗੰਢ ਮੌਕੇ ਸ਼ਰਧਾਂਜਲੀ ਸਮਾਗਮ

**ਮਿਲਵਾਕੀ, ਵਿਸਕਾਨਸਿਨ (ਬਿਊਰੋ):** ਗੁਰਦੁਆਰਾ ਓਕ ਕਰੀਕ ਵਿਚ 5 ਅਗਸਤ 2012 ਨੂੰ ਵਾਪਰੇ ਗੋਲੀ ਕਾਂਡ ਦੀ ਪਹਿਲੀ ਵਰ੍ਹੇਗੰਢ ਨੂੰ ਸਮਰਪਿਤ 4 ਰੋਜ਼ਾ ਸਮਾਗਮ ਕੀਤੇ ਗਏ। ਇਨ੍ਹਾਂ ਸਮਾਗਮਾਂ ਦੌਰਾਨ ਇਸ ਗੋਲੀ ਕਾਂਡ ਵਿਚ ਮਾਰੇ ਗਏ ਸ਼ਰਧਾਲੂ ਸਿੱਖਾਂ ਨੂੰ ਸ਼ਰਧਾਂਜਲੀ










ਦਿਤੀ ਗਈ ਅਤੇ ਜਖਮੀ ਹੋਏ ਲੋਕਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਜ਼ਿਕਰਯੋਗ ਹੈ ਕਿ ਇਸ ਗੋਲੀਕਾਂਡ ਵਿਚ ਇਕ ਸਿਰਫਿਰੇ ਜਨੂੰਨੀ ਨਸਲਪ੍ਰਸਤ ਵਲੋਂ ਚਲਾਈ ਗਈ ਗੋਲੀ ਨਾਲ 6 ਸ਼ਰਧਾਲੂ ਮਾਰੇ ਗਏ ਸਨ ਅਤੇ ਇਕ ਪੁਲਿਸ ਅਫਸਰ ਸਮੇਤ ਕਈ ਲੋਕ ਜ਼ਖਮੀ ਹੋ ਗਏ ਸਨ।

ਇਨ੍ਹਾਂ ਸਮਾਗਮਾਂ ਦੀ ਲੜੀ ਵਿਚ ਅਮਰੀਕੀ ਜਸਟਿਸ ਵਿਭਾਗ ਵਲੋਂ 2 ਅਗਸਤ ਨੂੰ ਸਥਾਨਕ ਇਤਿਹਾਸਕ ਫੈਡਰਲ ਕੋਰਟ ਹਾਊਸ ਵਿਚ ਇਕ ਸਮਾਗਮ ਕੀਤਾ ਗਿਆ, 3 ਅਗਸਤ ਨੂੰ ਇਕ ਯਾਦਗਾਰੀ ਪੈਦਲ ਯਾਤਰਾ ਕੀਤੀ ਗਈ ਅਤੇ 4



ਅਗਸਤ ਨੂੰ ਗੁਰਦੁਆਰਾ ਓਕ ਕਰੀਕ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਸ਼ਬਦ ਕੀਰਤਨ ਉਪਰੰਤ ਵੱਖ ਵੱਖ ਬੁਲਾਰਿਆਂ ਨੇ ਇਸ ਗੋਲੀ ਕਾਂਡ ਦੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਅਤੇ ਉਨ੍ਹਾਂ ਦੇ ਵਾਰਸਾਂ ਨਾਲ ਹਮਦਰਦੀ ਜ਼ਾਹਰ ਕੀਤੀ ਤੇ ਅਜਿਹੇ ਦੁਖਾਂਤਾਂ ਦਾ ਮੁਕਾਬਲਾ ਕਰਨ ਲਈ ਭਾਈਚਾਰਕ ਏਕੇ ਦਾ ਸੱਦਾ ਦਿੱਤਾ।

ਫੈਡਰਲ ਕੋਰਟ ਹਾਊਸ ਵਿਚ ਹੋਏ ਸਮਾਗਮ ਸਮੇਂ ਯੂਨਾਈਟਿਡ ਸਟੇਟ ਅਟਾਰਨੀ ਜੇਮਜ਼ ਐਲ ਸਨਟੀਲ ਨੇ ਓਬਾਮਾ ਪ੍ਰਸ਼ਾਸਨ ਵਲੋਂ ਇਸ ਕਾਂਡ ਦੇ ਪੀੜਤ ਪਰਿਵਾਰਾਂ ਨੂੰ 5 ਲੱਖ 12 ਹਜ਼ਾਰ ਅਮਰੀਕੀ ਡਾਲਰ ਦੀ ਮਦਦ ਦੇਣ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਿੱਖਾਂ, ਹਿੰਦੂਆਂ, ਬੋਧੀਆਂ, ਅਰਬਾਂ ਅਤੇ ਹੋਰ ਦੂਸਰੀਆਂ ਘੱਟਗਿਣਤੀਆਂ ਦੇ ਖਿਲਾਫ ਹੋਣ ਵਾਲੇ ਜੁਰਮਾਂ ਨੂੰ ਨਫਰਤੀ ਹਿੰਸਾ ਦੇ ਜੁਰਮਾਂ ਵਿਚ ਰੱਖਿਆ ਗਿਆ ਹੈ। ਇਸ ਮੌਕੇ ਉਨ੍ਹਾਂ ਹੋਰ ਸੈਨੇਟਰਾਂ ਅਤੇ ਅਮਰੀਕੀ ਅਧਿਕਾਰੀਆਂ ਦੇ ਸੰਦੇਸ਼ ਪੜ੍ਹ ਕੇ ਸੁਣਾਏ। ਵਿਸਕਾਨਸਿਨ ਤੋਂ ਸੈਨੇਟਰ ਟੈਮੀ ਐਸ ਬਾਲਡਵਿਨ ਅਤੇ ਸੈਨੇਟਰ ਰੌਨ ਐਚ ਜਾਨਸਨ ਨੇ ਗੋਲੀਬਾਰੀ ਦੀ ਨਿਖੇਧੀ ਦਾ ਮਤਾ ਪੇਸ਼ ਕੀਤਾ ਜਿਸ ਰਾਹੀਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਜਾਤੀ, ਧਾਰਮਿਕ ਨਫਰਤ ਤੇ ਹਿੰਸਾ ਦੀ ਸਖਤ ਨਿੰਦਾ ਕੀਤੀ ਗਈ। ਉਨ੍ਹਾਂ ਜ਼ਖਮੀਆਂ ਅਤੇ ਇਸ ਗੋਲੀ ਕਾਂਡ ਦਾ ਸ਼ਿਕਾਰ ਹੋਏ ਲੋਕਾਂ ਦੇ ਵਾਰਸਾਂ ਦੀ ਮਾਨਸਿਕ ਪੀੜ ਨੂੰ ਘਟਾਉਣ ਲਈ ਅਤੇ ਉਨ੍ਹਾਂ ਦੀ ਜ਼ਿੰਦਗੀ ਨੂੰ ਹੋਰ ਬਿਹਤਰ ਬਣਾਉਣ ਲਈ ਸਰਕਾਰ ਤੋਂ ਹੋਰ ਸਹੂਲਤਾਂ ਦੇਣ ਦੀ ਮੰਗ ਕੀਤੀ।

ਸਿੱਖ ਟੈਂਪਲ ਆਫ ਵਿਸਕਾਨਸਿਨ, ਓਕ ਕਰੀਕ ਦੇ ਪ੍ਰਧਾਨ ਡਾ. ਕੁਲਵੰਤ ਸਿੰਘ ਧਾਲੀਵਾਲ ਨੇ ਯੁਵਾ ਵਰਗ ਦਾ ਇਸ ਸਮਾਗਮ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਗੁਰਦੁਆਰਾ ਬਰੁਕਫੀਲਡ ਦੇ ਪ੍ਰਧਾਨ ਗੁਰਚਰਨ ਸਿੰਘ ਗਰੇਵਾਲ ਨੇ ਸਥਾਨਕ ਪ੍ਰਸ਼ਾਸਨ, ਪੁਲਿਸ ਵਿਭਾਗ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਦੀ ਪ੍ਰਸ਼ੰਸਾ ਕੀਤੀ, ਜਿਨ੍ਹਾਂ ਨੇ ਇਸ ਦੁਖ ਦੀ ਘੜੀ ਸਿੱਖ ਭਾਈਚਾਰੇ ਦਾ ਪੂਰਾ ਸਾਥ ਦਿੱਤਾ। ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਬਾਅਦ ਆਪਸੀ ਭਾਈਚਾਰਕ ਏਕਤਾ ਹੋਰ ਜ਼ਿਆਦਾ ਮਜ਼ਬੂਤ ਹੋਈ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਤੋਂ ਬਾਹਰ ਵੀ ਦੂਜੇ ਭਾਈਚਾਰੇ ਦੇ ਲੋਕਾਂ ਨਾਲ ਮਿਲ ਕੇ ਭਲਾਈ ਵਾਲੇ ਕੰਮ ਕਰਨੇ ਚਾਹੀਦੇ ਹਨ।

ਓਕ ਕਰੀਕ ਸਿਟੀ ਦੇ ਮੇਅਰ ਸਟੀਫਨ ਸਕੈਫਿਡੀ ਨੇ ਕਿਹਾ ਕਿ ਜੋ ਕੁਝ ਪਿਛਲੇ ਸਾਲ ਵਾਪਰਿਆ, ਉਹ ਮੇਰੀ ਜ਼ਿੰਦਗੀ ਲਈ ਇਕ ਬਹੁਤ ਵੱਡਾ ਸਦਮਾ ਸੀ ਅਤੇ ਇਸ ਘਟਨਾ ਨੇ ਮੈਨੂੰ ਪੂਰੀ ਤਰ੍ਹਾਂ ਝੰਜੋੜ ਕੇ ਰੱਖ ਦਿਤਾ ਸੀ। ਉਨ੍ਹਾਂ ਕਿਹਾ ਕਿ ਅਮਰੀਕੀ ਕਦਰਾਂ-ਕੀਮਤਾਂ ਨੂੰ ਹਰ ਹਾਲ ਕਾਇਮ ਰੱਖਿਆ ਜਾਵੇਗਾ। ਅਮਰੀਕਾ ਇਨਸਾਫ ਵਿਚ ਵਿਸ਼ਵਾਸ ਰੱਖਦਾ ਹੈ ਅਤੇ ਹਰ ਇਕ ਦੇ ਜਾਨ-ਮਾਲ ਦੀ ਰਾਖੀ ਕਰਨਾ ਸਾਡਾ ਫਰਜ਼ ਹੈ। ਅਸੀਂ ਸਿੱਖ ਭਾਈਚਾਰੇ ਸਮੇਤ ਹਰ ਘੱਟਗਿਣਤੀ ਭਾਈਚਾਰੇ ਦੀ ਮਦਦ ਲਈ ਹਾਜ਼ਰ ਰਹੇ ਹਾਂ ਅਤੇ ਹੁਣ ਵੀ ਰਹਾਂਗੇ। ਪੁਲਿਸ ਅਫਸਰ ਬਰਾਊਨ ਮਰਫੀ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਅਫਸਰ ਨੇ ਆਪਣੀ ਜਾਨ ਖਤਰੇ ਵਿਚ ਪਾ ਕੇ ਸਿਰਫ ਛੇ ਮਿੰਟਾਂ ਵਿਚ ਹੀ ਸੀਨ ਬਦਲ ਦਿੱਤਾ ਅਤੇ ਦਲੇਰੀ ਨਾਲ ਲੜਦਿਆਂ ਹੋਰ ਲੋਕਾਂ ਦੀਆਂ ਜਾਨਾਂ ਬਚਾ ਲਈਆਂ।




ਇੰਟਰਫੇਥ ਕਾਨਫਰੰਸ ਮਿਲਵਾਕੀ ਦੇ ਐਗਜ਼ੀਕਿਊਟਿਵ ਡਾਇਰੈਕਟਰ ਥਾਮਸ ਹੈਨਨ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਸਾਡੀ ਸੰਸਥਾ ਵੱਖ ਵੱਖ ਧਰਮਾਂ ਵਿਚ ਸ਼ਾਂਤੀ, ਪਿਆਰ ਤੇ ਵਿਸ਼ਵਾਸ ਵਧਾਉਣ ਅਤੇ ਨਫਰਤ ਘਟਾਉਣ ਲਈ ਵਧ ਤੋਂ ਵਧ ਤਾਲਮੇਲ ਕਰਕੇ ਯੋਗਦਾਨ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਸਾਡੇ ਨਾਲ ਹੈ ਅਤੇ ਸਿੱਖ ਭਾਈਚਾਰੇ ਦੇ ਨਾਲ ਹਾਂ।

ਪੀੜਤ ਪਰਿਵਾਰਾਂ ਵਲੋਂ ਬੋਲਦਿਆਂ ਡਾ. ਹਰਚਰਨ ਸਿੰਘ ਗਿੱਲ ਨੇ ਅਮਰੀਕੀ ਪ੍ਰਸ਼ਾਸਨ ਅਤੇ ਸਿੱਖ ਭਾਈਚਾਰੇ ਨਾਲ ਇਸ ਸੰਕਟ ਦੀ ਘੜੀ ਡਟ ਕੇ ਖੜ੍ਹੇ ਹੋਣ ਲਈ ਸਭ ਦਾ ਧੰਨਵਾਦ ਕੀਤਾ।

ਇਸ ਗੋਲੀ ਕਾਂਡ ਵਿਚ ਮਾਰੇ ਗਏ ਸ਼ਰਧਾਲੂਆਂ ਦੀਆਂ ਤਸਵੀਰਾਂ ਅੱਗੇ ਮੋਮਬੱਤੀਆਂ ਜਗਾ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਓਕ ਕਰੀਕ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਗੁਰਮੇਲ ਸਿੰਘ ਨੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ। ਗੋਲੀ ਕਾਂਡ ਵਿਚ ਮਾਰੇ ਗਏ ਰਣਜੀਤ ਸਿੰਘ ਦੇ ਬੇਟੇ ਗੁਰਿੰਦਰ ਸਿੰਘ ਨੇ ਸ਼ਹੀਦ ਹੋਏ ਲੋਕਾਂ ਦੇ ਨਾਂਵਾਂ ਵਾਲੀ ਟੀ-ਸ਼ਰਟ ਪਾਈ ਹੋਈ ਸੀ ਜਿਸ 'ਤੇ ਲਿਖਿਆ ਸੀ, 'ਨੈਵਰ ਫਾਰਗੈਟ।' ਇਸ ਮੌਕੇ ਸ. ਸਰਵਣ ਸਿੰਘ ਰਾਜੂ ਦੇ ਉਦਮ ਨਾਲ ਦੂਜੀ ਸੰਸਾਰ ਜੰਗ ਵਿਚ ਸ਼ਹੀਦ ਹੋਏ ਸਿੱਖਾਂ ਦੀ ਫੋਟੋ ਪ੍ਰਦਰਸ਼ਨੀ ਵੀ ਲਾਈ ਗਈ।

ਸਨਿਚਰਵਾਰ ਨੂੰ ਓਕ ਕਰੀਕ ਹਾਈ ਸਕੂਲ ਵਿਚ 6 ਮੀਲ ਦੀ ਪੈਦਲ ਯਾਤਰਾ ਇਸ ਗੋਲੀ ਕਾਂਡ ਦੇ ਪੀੜਤਾਂ ਦੀ ਯਾਦ ਵਿਚ ਕੀਤੀ ਗਈ ਜਿਸ ਵਿਚ ਸਿੱਖ ਅਤੇ ਭਾਰਤੀ ਭਾਈਚਾਰੇ ਦੇ ਲੋਕਾਂ ਤੋਂ ਇਲਾਵਾ ਅਮਰੀਕੀ ਮੂਲ ਦੇ ਗੋਰੇ ਅਤੇ ਕਾਲੇ ਮੂਲ ਦੇ ਲੋਕਾਂ ਨੇ ਵੀ ਵੱਡੀ ਗਿਣਤੀ ਵਿਚ ਹਿੱਸਾ ਲਿਆ। ਇਸ ਦੌੜ ਦਾ ਅਰੰਭ 'ਜੋ ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਹੋਇਆ।

ਵਿਸਕਾਨਸਿਨ ਵਿਧਾਨ ਸਭਾ ਦੇ ਮੈਂਬਰ ਮੰਡੇਲਾ ਬਾਰਨਜ਼ ਨੇ ਕਿਹਾ ਕਿ ਇਸ ਦੌੜ ਰਾਹੀਂ ਨਾ ਸਿਰਫ ਓਕ ਕਰੀਕ ਗੋਲੀ ਕਾਂਡ ਦਾ ਸ਼ਿਕਾਰ ਹੋਏ ਲੋਕਾਂ ਨੂੰ ਯਾਦ ਹੀ ਕੀਤਾ ਗਿਆ ਹੈ ਸਗੋਂ ਇਹ ਗੱਲ ਵੀ ਬੜੇ ਮਾਣ ਵਾਲੀ ਹੈ ਕਿ ਇਸ ਵਿਚ ਵੱਖ ਵੱਖ ਮੂਲ ਦੇ ਲੋਕਾਂ ਨੇ ਇੰਨੀ ਵੱਡੀ ਗਿਣਤੀ ਵਿਚ ਹਿੱਸਾ ਲਿਆ ਹੈ। ਇਸ ਤੋਂ ਨਫਰਤੀ ਹਿੰਸਾ ਵਿਰੁਧ ਲੋਕਾਂ ਦੀਆਂ ਭਾਵਨਾਵਾਂ ਜ਼ਾਹਰ ਹੁੰਦੀਆਂ ਹਨ।

ਜ਼ਿਕਰਯੋਗ ਹੈ ਕਿ ਇਸ ਦੌੜ ਵਿਚ ਸ਼ਾਮਲ ਹੋਣ ਲਈ ਅਮਰੀਕਾ ਦੇ ਵੱਖ ਵੱਖ ਸੂਬਿਆਂ ਤੋਂ ਲੋਕ ਵੀ ਪਹੁੰਚੇ। ਇਨ੍ਹਾਂ ਵਿਚ ਰੌਬੀ ਪਾਰਕਰ ਵੀ ਸ਼ਾਮਲ ਸੀ ਜਿਸ ਦੀ ਬੇਟੀ ਪਿਛਲੇ ਸਾਲ ਸੈਂਡੀਹੁਕ ਐਲੀਮੈਂਟਰੀ ਸਕੂਲ ਵਿਚ ਹੋਏ ਗੋਲੀ ਕਾਂਡ ਦਾ ਸ਼ਿਕਾਰ ਹੋ ਗਈ ਸੀ। ਉਸ ਦਾ ਕਹਿਣਾ ਸੀ ਕਿ ਮੈਨੂੰ ਮਾਣ ਹੈ ਕਿ ਮੈਂ ਨਫਰਤੀ ਹਿੰਸਾ ਵਿਰੁਧ ਇਸ ਦੌੜ ਵਿਚ ਸ਼ਾਮਲ ਹੋਈ ਹਾਂ। ਮੇਰਾ ਦਿਲ ਓਕ ਕਰੀਕ ਗੋਲੀ ਕਾਂਡ ਦਾ ਸ਼ਿਕਾਰ ਹੋਏ ਲੋਕਾਂ ਲਈ ਹਮਦਰਦੀ ਨਾਲ ਭਰਿਆ ਹੋਇਆ ਹੈ।

ਐਤਵਾਰ 4 ਅਗਸਤ ਦਾ ਪ੍ਰੋਗਰਾਮ ਗੁਰਦੁਆਰਾ ਓਕ ਕਰੀਕ ਵਿਖੇ ਸੀ ਜਿਥੇ ਅਖੰਡ ਪਾਠ ਦੇ ਭੋਗ ਉਪਰੰਤ ਰਾਗੀ ਜਥੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ 'ਜੋ ਦਿਨ ਆਵਿਹ ਸੋ ਦਿਨ ਜਾਹੀ॥' ਅਤੇ 'ਜੈਸੀ ਆਵੈ ਖਸਮ ਕੀ ਬਾਣੀ...' ਆਦਿ ਸ਼ਬਦ ਪੜ੍ਹੇ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਇਸ ਗੋਲੀ ਕਾਂਡ ਦੇ ਪੀੜਤਾਂ ਦੇ ਪਰਿਵਾਰਾਂ ਨਾਲ ਹਮਦਰਦੀ ਜ਼ਾਹਰ ਕਰਦਿਆਂ ਕਿਹਾ ਕਿ ਭਾਵੇਂ ਅਮਰੀਕੀ ਸਮਾਜ ਵਿਚੋਂ ਨਸਲੀ ਵਿਤਕਰੇ ਨੂੰ ਮਰਹੂਮ ਰਾਸ਼ਟਰਪਤੀ ਇਬਰਾਹਮ ਲਿੰਕਨ ਦੇ ਯਤਨਾਂ ਸਦਕਾ ਖਤਮ ਕਰ ਦਿੱਤਾ ਗਿਆ ਸੀ ਪਰ ਇਸ ਅਗਾਂਹਵਧੂ, ਭਰਾਤਰੀ ਭਾਵ ਤੇ ਬਰਾਬਰੀ ਵਾਲੇ ਸਮਾਜ ਵਿਚ ਅਜੇ ਵੀ ਕਈ ਵਾਰ ਇਹ ਸਮੱਸਿਆ ਸਿਰ ਚੁੱਕ ਲੈਂਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕੀ ਪ੍ਰਸ਼ਾਸਨ ਨੇ ਇਸ ਔਖੀ ਘੜੀ ਵਿਚ ਸਿੱਖਾਂ ਵਿਚ ਵਿਸ਼ਵਾਸ ਤੇ ਸੁਰੱਖਿਆ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਹਾਲਤ ਨੂੰ ਸੰਭਾਲਿਆ। ਉਹ ਪੰਜਾਬ ਸਰਕਾਰ ਵੱਲੋਂ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਆਏ ਸਨ। ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਵੀ ਸ਼ਰਧਾਂਜਲੀ ਦਿੱਤੀ। ਉਨ੍ਹਾਂ ਵਿਧਾਤਾ ਸਿੰਘ ਤੀਰ ਦੀ ਕਵਿਤਾ ਦਾ ਇਕ ਬੰਦ ਪੜ੍ਹਦਿਆਂ ਕਿਹਾ, 'ਨਾ ਦਿਓ ਸ਼ਰਧਾਂਜਲੀ, ਸ਼ਰਧਾਂਜਲੀ 'ਚ ਕੀ ਪਿਆ। ਕਰ



ਲਓ ਏਕਤਾ ਤੇ ਸਮਝ ਲਵੋ ਮਰਿਆ ਵੀ ਜੀ ਪਿਆ।'

ਵਿਸਕਾਨਸਿਨ ਸਟੇਟ ਦੇ ਗਵਰਨਰ ਸਕਾਟ ਵਾਕਰ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਇਹ ਮਾਣ ਵਾਲੀ ਗੱਲ ਹੈ ਕਿ ਸਿੱਖਾਂ ਨੇ ਅਮਰੀਕਾ ਦੀ ਤਰੱਕੀ ਵਿਚ ਵੱਡਾ ਯੋਗਦਾਨ ਪਾਇਆ ਹੈ। ਨਸਲਪ੍ਰਸਤੀ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਉਨ੍ਹਾਂ ਆਖਿਆ ਕਿ ਇਹ ਬੜੀ ਸ਼ਰਮਨਾਕ ਗੱਲ ਹੈ ਕਿ ਹਮਲਾਵਰ ਨੇ ਸ਼ਾਂਤੀ



ਦੇ ਘਰ ਗੁਰਦੁਆਰੇ 'ਤੇ ਸਿਰਫ ਇਸ ਕਰਕੇ ਹਮਲਾ ਕੀਤਾ ਕਿ ਉਹ (ਸਿੱਖ) ਅਲੱਗ ਨਜ਼ਰ ਆਉਂਦੇ ਸਨ। ਉਨ੍ਹਾਂ ਇਸ ਦੁਖਾਂਤ ਦੀ ਘੜੀ ਸਿੱਖ ਭਾਈਚਾਰੇ ਵਲੋਂ ਦਿਖਾਈ ਗਈ ਸਹਿਨਸ਼ੀਲਤਾ ਅਤੇ ਏਕਤਾ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਆਪਣੀਆਂ ਜਾਨਾਂ ਖਤਰੇ ਵਿਚ ਪਾ ਕੇ ਹੋਰ ਲੋਕਾਂ ਦੀਆਂ ਜਾਨਾਂ ਬਚਾਉਣ ਵਾਲੇ ਪੁਲਿਸ ਅਫਸਰਾਂ ਅਤੇ ਭਾਈਚਾਰੇ ਦੇ ਲੋਕਾਂ ਦੀ ਵੀ ਤਾਰੀਫ ਕੀਤੀ।

ਇਸ ਗੋਲੀ ਕਾਂਡ ਸਮੇਂ ਬੜੀ ਬਹਾਦਰੀ ਨਾਲ ਹਮਲਾਵਰ ਦਾ ਮੁਕਾਬਲਾ ਕਰਨ ਵਾਲੇ ਪੁਲਿਸ ਅਫਸਰ ਬਰਾਇਨ ਮਰਫੀ ਨੇ ਸਿੱਖ ਭਾਈਚਾਰੇ ਵਲੋਂ ਮਿਲੇ ਸਹਿਯੋਗ ਲਈ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਘਟਨਾ ਦੌਰਾਨ ਜ਼ਖਮੀ ਹੋਣ ਪਿਛੋਂ ਭਾਵੇਂ ਉਸ ਦੀ ਬੋਲਣ ਸ਼ਕਤੀ ਮੱਧਮ ਪੈ ਗਈ ਹੈ ਪਰ ਸਿੱਖ ਭਾਈਚਾਰੇ ਦੇ ਚੜ੍ਹਦੀ ਕਲਾ ਲਈ ਬੁਲੰਦ ਜੈਕਾਰੇ ਸੁਣ ਕੇ ਉਸ ਦਾ ਮਨ ਹੋਰ ਮਜ਼ਬੂਤ ਹੋ ਜਾਂਦਾ ਹੈ। ਸ੍ਰੀ ਮਰਫੀ ਨੇ ਸਿੱਖ ਭਾਈਚਾਰੇ ਦੀ ਇਸ ਗੱਲੋਂ ਸ਼ਲਾਘਾ ਕੀਤੀ ਕਿ ਉਹ ਆਪਣੀ ਅਰਦਾਸ ਵਿਚ ਹਮੇਸ਼ਾ ਸਰਬਤ ਦੇ ਭਲੇ ਦੀ ਗੱਲ ਕਰਦੇ ਹਨ ਅਤੇ ਓਕ ਕਰੀਕ ਦੀ ਦੁਖਾਂਤਕ ਘਟਨਾ ਦਾ ਉਨ੍ਹਾਂ ਦੀ ਮਨੋਅਵਸਥਾ ਉਪਰ ਕੋਈ ਮਾੜਾ ਅਸਰ ਨਹੀਂ ਪਿਆ।

ਓਕ ਕਰੀਕ ਦੇ ਪੁਲਿਸ ਮੁਖੀ ਨੇ ਸਿੱਖਾਂ ਦੀ ਸਹਿਨਸ਼ੀਲਤਾ ਅਤੇ ਬਹਾਦਰੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਦੂਜੀ ਸੰਸਾਰ ਜੰਗ ਸਮੇਂ ਸਿੱਖਾਂ ਦੀ ਬਹਾਦਰੀ ਦੀ ਗਵਾਹ ਸਾਰਾਗੜ੍ਹੀ ਦੀ ਲੜਾਈ ਦੀ ਵਾਰਤਾ ਪੜ੍ਹੀ ਹੋਈ ਹੈ।

ਇਸ ਮੌਕੇ ਭਾਰਤੀ ਸਫ਼ਾਰਤਖ਼ਾਨੇ ਦੇ ਉਪ ਮੁਖੀ ਤਰਨਜੀਤ ਸਿੰਘ ਸੰਧੂ, ਅਮਰੀਕੀ ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੀ ਮੈਂਬਰ ਮਿਸ ਗਲੈਨ ਮੋਰ, ਓਕ ਕਰੀਕ ਦੇ ਮੇਅਰ ਸਟੀਫਨ ਸਕੈਫਿਡੀ ਤੇ ਮਿਲਵਾਕੀ ਦੇ ਸਕਿਓਰਿਟੀ ਮੁਖੀ ਜੌਨ ਐਡਵਰਡ ਨੇ ਵੀ ਗੋਲੀ ਕਾਂਡ ਦੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਸਿੱਖ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਹਿੱਤ ਅਮਰੀਕਾ ਵਿਚ ਸੁਰੱਖਿਅਤ ਰਹਿਣਗੇ।

ਮਰਹੂਮ ਸਤਵੰਤ ਸਿੰਘ ਕਾਲੇਕਾ ਦੇ ਬੇਟੇ ਪ੍ਰਦੀਪ ਸਿੰਘ ਕਾਲੇਕਾ ਨੇ ਸ਼ਰਧਾਂਜਲੀ ਸਮਾਗਮ ਵਿਚ ਪੁੱਜੀਆਂ ਸੰਗਤਾਂ ਦਾ ਧੰਨਵਾਦ ਕੀਤਾ। ਪੀੜਤਾਂ ਦੇ ਪਰਿਵਾਰਾਂ 'ਚੋਂ ਇਕ ਇਕ ਮੈਂਬਰ ਨੇ ਵੀ ਸੰਗਤਾਂ ਦਾ ਇਸ ਦੁੱਖ ਦੀ ਘੜੀ ਵਿਚ ਉਨ੍ਹਾਂ ਨਾਲ ਖੜ੍ਹਨ 'ਤੇ ਧੰਨਵਾਦ ਕੀਤਾ। ਗੁਰਦੁਆਰਾ ਪ੍ਰਬੰਧਕਾਂ ਵਲੋਂ ਇਸ ਗੋਲੀ ਕਾਂਡ ਵਿਚ ਜ਼ਖਮੀ ਹੋਏ ਪੰਜਾਬ ਸਿੰਘ ਦਾ ਇਲਾਜ ਕਰਨ ਵਾਲੀ ਡਾਕਟਰ ਹੈਲੀ ਦਾ ਵੀ ਸਨਮਾਨ ਕੀਤਾ ਗਿਆ।

ਇਨ੍ਹਾਂ ਸਮਾਗਮਾਂ ਦੇ ਅਖੀਰਲੇ ਦਿਨ 5 ਅਗਸਤ ਨੂੰ ਗੁਰਦੁਆਰਾ ਓਕ ਕਰੀਕ ਵਿਖੇ ਕੈਂਡਲ ਲਾਈਟ ਵਿਜ਼ਿਲ ਕੀਤਾ ਗਿਆ ਜਿਸ ਵਿਚ ਸਿੱਖਾਂ ਤੋਂ ਇਲਾਵਾ ਵੱਖ ਵੱਖ ਭਾਈਚਾਰਿਆਂ ਦੇ ਲੋਕ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਇਨ੍ਹਾਂ ਵਿਚ ਓਕ ਕਰੀਕ ਦੇ ਮੇਅਰ, ਪੁਲਿਸ ਮੁਖੀ ਅਤੇ ਹੋਰ ਬਹੁਤ ਸਾਰੇ ਪ੍ਰਸ਼ਾਸਕੀ ਅਧਿਕਾਰੀ ਸ਼ਾਮਲ ਸਨ। ਇਸੇ ਹੀ ਦਿਨ ਪਿਛਲੇ ਸਾਲ ਇਹ ਗੋਲੀ ਕਾਂਡ ਵਾਪਰਿਆ ਸੀ। ਅਮਰੀਕਾ ਦੇ ਹੋਰ ਬਹੁਤ ਸਾਰੇ ਗੁਰਦੁਆਰਿਆਂ ਵਿਚ ਵੀ ਓਕ ਕਰੀਕ ਕਾਂਡ ਦੇ ਪੀੜਤਾਂ ਲਈ ਅਰਦਾਸ ਕੀਤੀ ਗਈ ਅਤੇ ਕੈਂਡਲ ਲਾਈਟ ਵਿਜ਼ਿਲ ਕੀਤੇ ਗਏ।

***ਤਸਵੀਰਾਂ: ਡਾ. ਤੇਜਿੰਦਰ ਸਿੰਘ ਤੇਜੀ***
***ਸੁਰਿੰਦਰ ਸਿੰਘ ਭਾਟੀਆ***

# ਜ਼ਮੀਨ ਕੇਸ ਵਿਚ ਬਿਕਰਮ ਸਿੰਘ ਮਜੀਠੀਆ ਦਾ ਨਾਂ ਬੋਲਿਆ

**ਚੰਡੀਗੜ੍ਹ:** ਇਕ ਪਟਿਆਲਾ ਵਾਸੀ ਵੱਲੋਂ ਪਾਈ ਪਟੀਸ਼ਨ ਵਿਚ ਜ਼ਮੀਨ ਦੇ ਕੇਸ 'ਚ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਂ ਲੈਣ ਕਾਰਨ ਪੰਜਾਬ ਸਰਕਾਰ ਨੂੰ ਇਕ ਵਾਰ ਫਿਰ ਨਮੋਸ਼ੀ ਝੱਲਣੀ ਪੈ ਰਹੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਵਿਚ ਨਰਿੰਦਰ ਫੂਲ ਨੇ ਦੋਸ਼ ਲਾਇਆ ਕਿ ਕੈਬਨਿਟ ਮੰਤਰੀ ਮਜੀਠੀਆ ਦੇ ਪਿਤਾ ਅਤੇ ਹੋਰਨਾਂ ਵੱਲੋਂ ਦੋ ਦਹਾਕਿਆਂ ਤੋਂ ਉਸ ਦੇ ਕਬਜ਼ੇ ਵਾਲੀ ਜ਼ਮੀਨ ਹਥਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਸ ਨੇ ਕਿਹਾ ਕਿ ਉਸ ਖ਼ਿਲਾਫ਼ ਪੰਜਾਬ ਤੇ ਹਰਿਆਣਾ ਵਿਚ ਦੋ ਕੇਸ ਦਰਜ ਕੀਤੇ ਜਾ ਚੁੱਕੇ ਹਨ ਅਤੇ ਹੁਣ ਉਸ ਨੂੰ ਤਰਨ ਤਾਰਨ ਪੁਲੀਸ ਤੋਂ ਧਮਕੀ ਭਰੇ ਫੋਨ ਆ ਰਹੇ ਹਨ। ਜਸਟਿਸ ਰਿਤੂ ਬਾਹਰੀ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਤੋਂ ਇਸ ਕੇਸ ਬਾਰੇ ਰਿਪੋਰਟ ਮੰਗੀ ਹੈ।



*ਬਿਕਰਮ ਸਿੰਘ ਮਜੀਠੀਆ*

ਸ੍ਰੀ ਫੂਲ ਨੇ ਖਦਸ਼ਾ ਜ਼ਾਹਿਰ ਕੀਤਾ ਕਿ ਉਸ ਨੂੰ ਝੂਠੇ ਕੇਸ ਵਿਚ ਫਸਾਇਆ ਜਾ ਸਕਦਾ ਹੈ ਅਤੇ ਇਸ ਬਾਬਤ ਅਦਾਲਤ ਢੁਕਵੀਆਂ ਹਦਾਇਤਾਂ ਜਾਰੀ ਕਰੇ। ਆਪਣੀ ਪਟੀਸ਼ਨ ਵਿਚ ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੇ ਰਿਸ਼ਤੇਦਾਰ ਬ੍ਰਿਗੇਡੀਅਰ ਕੁਸ਼ਲ ਪਾਲ ਸਿੰਘ ਦੀ 1991 ਵਿਚ ਮੌਤ ਹੋ ਗਈ ਸੀ। ਉਨ੍ਹਾਂ ਦਾ ਆਪਣਾ ਕੋਈ ਬੱਚਾ ਨਹੀਂ ਸੀ ਅਤੇ ਉਹ ਕੁਰੂਕਸ਼ੇਤਰ ਜ਼ਿਲ੍ਹੇ ਦੇ ਪਿੰਡ ਬਜੀਦਪੁਰ ਵਿਚ 99 ਏਕੜ ਜ਼ਮੀਨ ਛੱਡ ਗਏ ਸਨ। ਬ੍ਰਿਗੇਡੀਅਰ ਦੀ ਪਤਨੀ ਲਾਲ ਅਮੋਲ ਕੌਰ ਨੇ 25 ਏਕੜ ਜ਼ਮੀਨ ਬੇਅੰਤ ਕੌਰ ਨੂੰ ਦੇਣ ਦੀ ਵਸੀਅਤ ਕੀਤੀ ਸੀ ਅਤੇ ਇਹ ਜ਼ਮੀਨ ਉਸ ਦੇ ਨਾਂ ਕਰ ਦਿੱਤੀ ਗਈ ਸੀ, ਪਰ ਕਾਬਜ਼ਾਕਾਰਾਂ ਦੇ ਖਾਨੇ ਵਿਚ ਉਸ (ਫੂਲ) ਦਾ ਵੀ ਨਾਂ ਸੀ, ਕਿਉਂਕਿ ਉਸ ਕੋਲ 18 ਏਕੜ ਜ਼ਮੀਨ ਪੱਟੇ 'ਤੇ ਲਈ ਹੋਈ ਸੀ। ਸਤਿਆਜੀਤ ਸਿੰਘ ਮਜੀਠੀਆ ਜੋ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਪਿਤਾ ਹਨ, ਵੀ ਬ੍ਰਿਗੇਡੀਅਰ ਕੁਸ਼ਲ ਪਾਲ ਸਿੰਘ ਦੀ ਭੈਣ ਦੇ ਰਿਸ਼ਤੇਦਾਰ ਹਨ ਅਤੇ ਉਨ੍ਹਾਂ ਆਪਣੇ ਹਿੱਸੇ ਦੀ ਜ਼ਮੀਨ ਵੇਚ ਦਿੱਤੀ ਸੀ। ਬੇਅੰਤ ਕੌਰ ਦੇ ਨਾਂ ਬਾਕੀ ਦੀ ਜ਼ਮੀਨ ਹਥਿਆਉਣ ਲਈ ਦੀਵਾਨੀ ਕੇਸ ਦਾਇਰ ਕੀਤਾ ਗਿਆ ਜੋ ਅਜੇ ਅਦਾਲਤ ਦੇ ਵਿਚਾਰ ਅਧੀਨ ਹੈ।

ਸ੍ਰੀ ਫੂਲ ਨੇ ਕਿਹਾ ਕਿ ਉਸ ਦੇ ਵਿਰੋਧੀ ਸਿਆਸੀ ਅਸਰ-ਰਸੂਖ ਦੇ ਮਾਲਕ ਹਨ ਅਤੇ ਉਹ ਦੋ ਦਹਾਕਿਆਂ ਤੋਂ ਉਸ ਦੇ ਕਬਜ਼ੇ ਵਾਲੀ ਜ਼ਮੀਨ ਹਥਿਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਮਿਸਾਲ ਦਿੱਤੀ ਕਿ ਸਤਿਆਜੀਤ ਸਿੰਘ ਮਜੀਠੀਆ ਦੇ ਮੁਖ਼ਤਾਰ-ਏ-ਆਮ ਤਾਰਾ ਚੰਦ ਵੱਲੋਂ ਪਟਿਆਲਾ 'ਚ ਉਸ ਦੇ ਖ਼ਿਲਾਫ਼ 11 ਦਸੰਬਰ, 2012 ਨੂੰ ਧਾਰਾ 341, 323 ਅਤੇ 506 ਤਹਿਤ ਕੇਸ ਦਰਜ ਕਰਵਾ ਦਿੱਤਾ ਗਿਆ ਅਤੇ ਇਕ ਹੋਰ ਕੇਸ ਕੁਰੂਕਸ਼ੇਤਰ ਜ਼ਿਲ੍ਹੇ 'ਚ ਥਾਨੇਸਰ ਸਦਰ ਪੁਲੀਸ ਸਟੇਸ਼ਨ ਵਿਚ ਦਰਜ ਕਰਵਾ ਦਿੱਤਾ ਗਿਆ। ਹੁਣ ਤਰਨ ਤਾਰਨ ਪੁਲੀਸ ਵੱਲੋਂ ਉਸ ਨੂੰ ਧਮਕੀ ਭਰੇ ਫੋਨ ਆ ਰਹੇ ਹਨ ਅਤੇ ਉਸ ਨੂੰ ਖਦਸ਼ਾ ਹੈ ਕਿ ਤਰਨ ਤਾਰਨ ਵਿਚ ਵੀ ਉਸ ਦੇ ਖ਼ਿਲਾਫ਼ ਝੂਠਾ ਕੇਸ ਦਰਜ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਐਲ ਸਬਰਾਂਟੇ ਵਿਖੇ ਬੱਚਿਆਂ ਦਾ ਗੁਰਮਤਿ ਕੈਂਪ



**ਐਲ ਸਬਰਾਂਟੇ (ਬਿਊਰੋ):** ਗੁਰਦੁਆਰਾ ਐਲ ਸਬਰਾਂਟੇ ਵਿਖੇ ਬੱਚਿਆਂ ਦਾ ਇਕ ਗੁਰਮਤਿ ਕੈਂਪ ਲੰਘੇ ਸੋਮਵਾਰ ਤੋਂ ਸਨਿਚਰਵਾਰ ਤੱਕ ਭਾਈ ਅਮਰਜੀਤ ਸਿੰਘ ਨਿੱਜਰ (ਕੈਨੇਡਾ) ਅਤੇ ਉਨ੍ਹਾਂ ਦੇ ਜਥੇ ਵਲੋਂ ਪਿਛਲੇ ਸਾਲਾਂ ਦੀ ਤਰ੍ਹਾਂ ਲਾਇਆ ਗਿਆ ਜਿਸ ਵਿਚ ਬੱਚਿਆਂ ਨੂੰ ਗੁਰਬਾਣੀ ਕੀਰਤਨ, ਤਬਲਾ ਵਾਦਨ, ਗੁਰਮੁਖੀ ਲਿਪੀ ਅਤੇ ਸਿੱਖ ਧਰਮ ਬਾਰੇ ਮੁਢਲੀ ਜਾਣਕਾਰੀ ਦਿੱਤੀ ਗਈ।

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ 3 ਅਗਸਤ ਨੂੰ ਗੁਰੂ ਘਰ ਵਿਚ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਗਿਆ ਅਤੇ ਬੱਚਿਆਂ ਸਮੇਤ ਸੰਗਤ ਦੇ ਕਈ ਪ੍ਰਾਣੀਆਂ ਨੇ ਖੰਡੇ-ਬਾਟੇ ਦਾ ਅੰਮ੍ਰਿਤ ਪਾਨ ਕੀਤਾ। ਜ਼ਿਕਰਯੋਗ ਹੈ ਕਿ ਭਾਈ ਅਮਰਜੀਤ ਸਿੰਘ ਪਿਛਲੇ ਕਾਫੀ ਸਮੇਂ ਤੋਂ ਦੇਸ਼-ਵਿਦੇਸ਼ ਵਿਚ ਬੱਚਿਆਂ ਨੂੰ ਅੰਮ੍ਰਿਤ ਪਾਨ ਕਰਵਾ ਕੇ ਗੁਰਮਤਿ ਗਾਡੀ ਰਾਹ 'ਤੇ ਤੋਰਦੇ ਆ ਰਹੇ ਹਨ। ਇਸ ਕੈਂਪ ਦੌਰਾਨ ਸੇਵਾਦਾਰ ਬੀਬੀਆਂ ਵਲੋਂ ਬੱਚਿਆਂ ਲਈ ਭਿੰਨ ਭਿੰਨ ਪ੍ਰਕਾਰ ਦੇ ਭੋਜਨ ਪਦਾਰਥ ਦੀ ਸੇਵਾ ਕੀਤੀ ਗਈ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਾਈ ਅਮਰਜੀਤ ਸਿੰਘ ਦਾ ਮਾਣ ਸਨਮਾਨ ਕੀਤਾ ਗਿਆ।

## ਗੁਰਦੁਆਰਾ ਸੁਧਾਰ ਕਮੇਟੀ ਵਲੋਂ ਸਪਸ਼ਟੀਕਰਨ

**ਸੈਨ ਹੋਜ਼ੇ (ਬਿਊਰੋ):** ਪੰਜਾਬ ਟਾਈਮਜ਼ ਦੇ ਪਿਛਲੇ ਹਫਤੇ ਦੇ ਅੰਕ ਵਿਚ 'ਗੁਰਦੁਆਰਾ ਸੈਨ ਹੋਜ਼ੇ ਚੋਣਾਂ: ਗੁਰਦੁਆਰਾ ਸੁਧਾਰ ਕਮੇਟੀ ਦੀਆਂ ਦੋ ਮੋਸ਼ਨਾਂ ਪ੍ਰਵਾਨ' ਸੁਰਖੀ ਹੇਠ ਛਪੀ ਖਬਰ ਦੇ ਹਵਾਲੇ ਨਾਲ ਗੁਰਦੁਆਰਾ ਸੁਧਾਰ ਕਮੇਟੀ ਨੇ ਕਿਹਾ ਹੈ ਕਿ ਉਨ੍ਹਾਂ ਆਪਣੇ ਬਿਆਨ ਵਿਚ ਸਿਰਫ ਇਹ ਕਿਹਾ ਸੀ ਕਿ ਸੰਗਤਾਂ ਵਲੋਂ ਇਹ ਸਵਾਲ ਪੁਛਿਆ ਜਾ ਰਿਹਾ ਹੈ ਕਿ ਇਹ ਤੀਜੀ ਧਿਰ ਕੌਣ ਹੈ ਅਤੇ ਕੀ ਇਸ ਨੇ ਇਹ ਕੇਸ ਗੁਰਦੁਆਰਾ ਪ੍ਰਬੰਧਕਾਂ ਦੇ ਪ੍ਰਭਾਵ ਹੇਠ ਦਾਇਰ ਕੀਤਾ ਹੈ?

ਸੁਧਾਰ ਕਮੇਟੀ ਨੇ ਸਪਸ਼ਟ ਕੀਤਾ ਹੈ ਕਿ ਇਸ ਨੇ ਸਿੱਧਾ ਇਹ ਦੋਸ਼ ਨਹੀਂ ਸੀ ਲਾਇਆ ਕਿ ਇਹ ਤੀਜੀ ਧਿਰ ਅਸਲ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਾਬਜ ਮੌਜੂਦਾ ਧੜੇ ਦੇ ਲੋਕਾਂ ਦੀ ਹੀ ਹੈ ਜੋ ਉਨ੍ਹਾਂ ਚੋਣਾਂ ਰੁਕਵਾਉਣ ਦੇ ਮਨੋਰਥ ਨਾਲ ਖੜ੍ਹੀ ਕੀਤੀ।

*To Advertise with Punjab Times*
***Call: 847-359-0746***

## ਕਾਲਾ ਕੱਛਾ ਗਰੋਹ ਕਿਤੇ ਮਜੀਠੀਆ ਬ੍ਰਿਗੇਡ ਤਾਂ ਨਹੀਂ: ਮਾਨ

**ਅੰਮ੍ਰਿਤਸਰ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਾਲਾ ਕੱਛਾ ਗਰੋਹ ਦੀ ਦਹਿਸ਼ਤ ਨੂੰ ਪੰਜਾਬ ਦੀ ਸ਼ਾਂਤੀ ਲਈ ਖਤਰਾ ਦੱਸਦਿਆਂ ਕਿਹਾ ਕਿ ਕਿ ਕਾਲਾ ਇਹ ਗਰੋਹ ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡਾਂ ਵਿਚ ਹੀ ਜ਼ਿਆਦਾ ਸਰਗਰਮ ਹੈ ਜਿਸ ਨਾਲ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਸਬੰਧਤ ਹੈ। ਸ. ਮਾਨ ਨੇ ਖਦਸ਼ਾ ਪ੍ਰਗਟਾਇਆ ਕਿ ਇਹ ਕਾਲਾ ਕੱਛਾ ਗਰੋਹ ਕਿਤੇ ਮਜੀਠੀਆ ਬ੍ਰਿਗੇਡ ਤਾਂ ਨਹੀਂ। ਸ. ਮਾਨ ਨੇ ਮਜੀਠੀਆ ਨੂੰ ਵੀ ਕਿਹਾ ਕਿ ਉਹ ਪੰਜਾਬ ਸਰਕਾਰ ਵਿਚ ਇਕ ਜ਼ਿੰਮੇਵਾਰ ਕੈਬਨਿਟ ਮੰਤਰੀ ਹੋਣ ਨਾਤੇ ਮਾਮਲੇ ਦੀ ਜਾਂਚ ਕਰਵਾਉਣ ਤੇ ਹਾਲਾਤ ਸਪਸ਼ਟ ਕਰਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਬੀਤੇ ਦਿਨੀਂ ਅੰਮ੍ਰਿਤਸਰ ਆਮਦ ਮੌਕੇ ਬਾਦਲ ਦੇ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਦੇ ਨਿਵਾਸ 'ਤੇ ਜਾਣ ਤੇ ਉਨ੍ਹਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ 'ਮਾਝੇ ਦਾ ਜਰਨੈਲ' ਦੀ ਉਪਾਧੀ ਨਾਲ ਸਨਮਾਨੇ ਜਾਣ 'ਤੇ ਸ. ਮਾਨ ਨੇ ਟਿੱਪਣੀ ਕਰਦਿਆਂ ਕਿਹਾ ਕਿ ਇਸ ਤੋਂ ਪਹਿਲਾਂ ਉਪ ਮੁੱਖ ਮੰਤਰੀ ਇਸੇ ਉਪਾਧੀ ਨਾਲ ਆਪਣੇ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਨੂੰ ਵੀ ਨਿਵਾਜ ਚੁੱਕੇ ਹਨ।

**Short Sale Specialist**

**Selling HUD homes anywhere in California**



**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

*Call: Sohanpreet 'Sam' Chahal*
**@916-612-5773**
visit: www.hudhomestore.com
Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707



**Punjab Times**
**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਓਕ ਕਰੀਕ ਦੁਖਾਂਤ ਬਣਿਆ ਲਾਮਬੰਦੀ ਦਾ ਕੇਂਦਰ

**ਓਕ ਕਰੀਕ (ਪੰਜਾਬ ਟਾਈਮਜ਼ ਬਿਊਰੋ):** ਇਥੋਂ ਦੇ ਗੁਰਦੁਆਰੇ ਵਿਚ ਪਿਛਲੇ ਸਾਲ ਨਸਲਪ੍ਰਸਤ ਗੋਰੇ ਵੱਲੋਂ ਚਲਾਈ ਗੋਲੀ ਦੌਰਾਨ ਮਾਰੇ ਗਏ ਛੇ ਸਿੱਖ ਸ਼ਰਧਾਲੂਆਂ ਦੀ ਕੁਰਬਾਨੀ ਨੇ ਜਿਥੇ ਦੇਸ਼ ਵਿਚ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਸਰਕਾਰ ਨੂੰ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕੀਤਾ ਹੈ, ਉਥੇ ਦੇਸ਼ ਭਰ ਵਿਚ ਹਥਿਆਰ ਸੱਭਿਆਚਾਰ ਖ਼ਿਲਾਫ਼ ਆਵਾਜ਼ ਬੁਲੰਦ ਹੋਈ ਹੈ। ਓਬਾਮਾ ਪ੍ਰਸ਼ਾਸਨ ਨੇ ਸਿੱਖਾਂ ਸਣੇ ਹੋਰ ਘੱਟ ਗਿਣਤੀ ਲੋਕਾਂ ਦੀ ਸੁਰੱਖਿਆ ਲਈ ਕਈ ਕਦਮ ਉਠਾਏ ਹਨ ਤੇ ਹਥਿਆਰਾਂ 'ਤੇ ਸ਼ਿਕੰਜਾ ਕੱਸਣ ਲਈ ਵੱਖ-ਵੱਖ ਧਿਰਾਂ ਦੀ ਹਮਾਇਤ ਜੁਟਾਉਣ ਲਈ ਚਾਰਾਜੋਈ ਕੀਤੀ ਜਾ ਰਹੀ ਹੈ।



ਜ਼ਿਕਰਯੋਗ ਹੈ ਕਿ ਪਿਛਲੇ ਸਾਲ ਪੰਜ ਅਗਸਤ ਨੂੰ ਗੋਰੇ ਨਸਲਪ੍ਰਸਤ ਵੇਡ ਮਾਈਕਲ ਪੇਜ ਨੇ ਓਕ ਕਰੀਕ ਦੇ ਗੁਰਦੁਆਰੇ ਵਿਚ ਦਾਖਲ ਹੋ ਕੇ ਗੋਲੀਆਂ ਚਲਾ ਕੇ ਛੇ ਸ਼ਰਧਾਲੂਆਂ ਨੂੰ ਸ਼ਹੀਦ ਕਰ ਦਿੱਤਾ ਸੀ ਜਿਨ੍ਹਾਂ ਵਿਚ ਸੁਬੇਗ ਸਿੰਘ ਖਟੜਾ, ਸਤਵੰਤ ਸਿੰਘ ਕਾਲੇਕਾ, ਰਣਜੀਤ ਸਿੰਘ, ਸੀਤਾ ਸਿੰਘ, ਪਰਮਜੀਤ ਕੌਰ ਤੇ ਪ੍ਰਕਾਸ਼ ਸਿੰਘ ਸ਼ਾਮਲ ਸਨ। ਲੰਘੀ ਪੰਜ ਅਗਸਤ ਵਾਲੇ ਦਿਨ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਵੱਖ-ਵੱਖ ਅਕੀਦਿਆਂ ਦੇ ਹਜ਼ਾਰ ਦੇ ਕਰੀਬ ਲੋਕ ਇੱਥੇ ਇਕੱਠੇ ਹੋਏ ਤੇ ਇਸ ਤਰਾਸਦੀ ਦੀ ਪਹਿਲੀ ਬਰਸੀ ਮੌਕੇ ਮੋਮਬੱਤੀਆਂ ਤੇ ਭਾਵੁਕ ਸ਼ਰਧਾ ਦਾ ਸੈਲਾਬ ਦੇਖਣ ਨੂੰ ਮਿਲਿਆ। ਇਸ ਮੌਕੇ ਲੋਕਾਂ ਨੇ ਮੋਮਬੱਤੀ ਮਾਰਚ ਕਰ ਕੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਗੰਨ ਕਲਚਰ ਦੇ ਖ਼ਾਤਮੇ ਦਾ ਹੋਕਾ ਦਿੱਤਾ ਜਿਸ ਵਿਚ ਹਰ ਸਾਲ 12000 ਅਮਰੀਕੀ ਮਾਰੇ ਜਾਂਦੇ ਹਨ। ਇਸ ਮੌਕੇ ਵੱਖ-ਵੱਖ ਤਬਕਿਆਂ ਦੇ ਲੋਕ ਇਕੱਠੇ ਹੋਏ ਜਿਨ੍ਹਾਂ ਵਿਚ ਧਾਰਮਿਕ ਸ਼ਰਧਾਲੂ, ਸਰਕਾਰੀ ਅਫਸਰ ਤੇ ਗੰਨ ਕਲਚਰ ਵਿਚ ਜ਼ਿੰਦਾ ਬਚਣ ਵਾਲੇ ਲੋਕ ਸ਼ਾਮਲ ਸਨ। ਸੈਂਡੀ ਹੁੱਕ ਤੋਂ ਕੋਲੰਬਾਈਨ, ਵਰਜੀਨੀਆ ਟੈਕ ਤੋਂ ਵਿਸਕੌਨਸਿਨ ਤੇ ਵਾਸ਼ਿੰਗਟਨ ਤਕ ਦੇ ਲੋਕ ਇਥੇ ਪੁੱਜੇ ਹੋਏ ਸਨ। ਮੋਮਬੱਤੀ ਮਾਰਚ ਇਸ ਚਾਰ ਰੋਜ਼ਾ ਬਰਸੀ ਸਮਾਗਮ ਦਾ ਅੰਤਲਾ ਪੜਾਅ ਸੀ।

ਇਨ੍ਹਾਂ ਪੰਜ ਸਿੱਖਾਂ ਦੀ ਸ਼ਹੀਦੀ ਨੇ ਅਮਰੀਕਾ ਸਰਕਾਰ ਨੂੰ ਘੱਟ ਗਿਣਤੀਆਂ ਦੀਆਂ ਸੁਰੱਖਿਆ ਲਈ ਸੋਚਣ ਲਈ ਮਜਬੂਰ ਕੀਤਾ। ਇਸੇ ਦਾ ਹੀ ਨਤੀਜਾ ਹੈ ਕਿ ਹੁਣ ਅਮਰੀਕਾ ਵਿਚ ਸਿੱਖਾਂ, ਹਿੰਦੂਆਂ, ਬੋਧੀਆਂ, ਅਰਬਾਂ ਤੇ ਤਿੰਨ ਹੋਰ ਘੱਟ ਗਿਣਤੀਆਂ ਵਿਰੁੱਧ ਅਪਰਾਧਾਂ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੇ ਐਫ.ਬੀ.ਆਈ. ਨਫਰਤੀ ਅਪਰਾਧਾਂ ਵਜੋਂ ਨਜਿੱਠਣਗੀਆਂ। ਬਾਕੀ ਦੇ ਤਿੰਨ ਘੱਟ ਗਿਣਤੀ ਫਿਰਕਿਆਂ ਵਿਚ ਮੋਰਮੋਨ, ਯਹੂਦੀ ਤੇ ਓਰਥੋਡੋਕਸ ਸ਼ਾਮਲ ਹਨ। ਅਮਰੀਕਾ ਦੇ ਅਟਾਰਨੀ ਜਨਰਲ ਐਰਿਕ ਹੋਲਡਰ ਅਨੁਸਾਰ ਘੱਟ ਗਿਣਤੀਆਂ ਵਿਰੁੱਧ ਅਪਰਾਧਾਂ ਨੂੰ ਨਫ਼ਰਤੀ ਅਪਰਾਧ ਮੰਨਣ ਬਾਰੇ ਐਫ.ਬੀ.ਆਈ. ਦੇ ਡਾਇਰੈਕਟਰ ਨੇ ਐਡਵਾਈਜ਼ਰੀ ਪਾਲਿਸੀ ਬੋਰਡ ਦੀਆਂ ਸਿਫਾਰਸ਼ਾਂ ਨੂੰ ਸਵੀਕਾਰ ਕਰ ਲਿਆ ਹੈ। ਭਵਿੱਖ ਵਿਚ ਇਸ ਤਬਦੀਲੀ ਨਾਲ ਉਹ ਕਾਨੂੰਨ ਲਾਗੂ ਕਰਨ ਸਬੰਧੀ ਦਰਪੇਸ਼ ਚੁਣੌਤੀਆਂ ਦਾ ਬਿਹਤਰ ਢੰਗ ਨਾਲ ਸਾਹਮਣਾ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇਸ ਨਵੇਂ ਕਾਨੂੰਨ ਨਾਲ ਉਹ ਦੇਸ਼ ਵਿਚ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਕਰ ਸਕਣਗੇ।

ਸਰਕਾਰ ਦੇ ਇਸ ਫੈਸਲੇ ਦਾ ਸੰਸਦ ਮੈਂਬਰਾਂ, ਮਨੁੱਖੀ ਅਧਿਕਾਰ ਸੰਗਠਨਾਂ ਤੇ ਐਡਵੋਕੇਸੀ ਗਰੁੱਪਾਂ ਨੇ ਭਰਵਾਂ ਸਵਾਗਤ ਕੀਤਾ ਹੈ। ਇਹ ਸੰਗਠਨ ਲੰਮੇ ਸਮੇਂ ਤੋਂ ਇਹ ਮੰਗ ਕਰ ਰਹੇ ਸਨ। ਘੱਟ ਗਿਣਤੀਆਂ ਵਿਰੁੱਧ ਅਪਰਾਧ ਨੂੰ ਨਫਰਤੀ ਅਪਰਾਧ ਮੰਨ ਲੈਣ ਦੇ ਐਫ.ਬੀ.ਆਈ. ਦੇ ਫੈਸਲੇ ਦਾ ਸਵਾਗਤ ਕਰਨ ਵਾਲਿਆਂ ਵਿਚ ਅਮਰੀਕੀ ਕਾਂਗਰਸ ਦੇ ਮੈਂਬਰ ਜੋ ਕਰਾਊਲੀ, ਇਲੀਅਟ ਐਂਜਲ, ਬਿਲ ਪਾਸਕ੍ਰੈਲ, ਮਾਈਕਲ ਹੌਂਡਾ, ਐਡਮ ਸਿਨੱਫ, ਗੈਰੀ ਪੀਟਰਜ਼, ਅਮੀ ਬੇਰਾ, ਤੁਲਸੀ ਗੱਬਾਰਡ ਤੇ ਐਰਿਕ ਸਵਾਲਵੈੱਲ ਸ਼ਾਮਲ ਹਨ। ਇਨ੍ਹਾਂ ਕਾਂਗਰਸ ਮੈਂਬਰਾਂ ਨੇ ਕਿਹਾ ਹੈ ਕਿ ਇਸ ਨਵੇਂ ਕਾਨੂੰਨ ਤਹਿਤ ਘੱਟ ਗਿਣਤੀਆਂ ਜੋ ਨਸਲੀ ਹਮਲਿਆਂ ਦੇ ਭੈਅ ਵਿਚ ਰਹਿੰਦੀਆਂ ਹਨ, ਦੀ ਲੰਮੇ ਸਮੇਂ ਦੀ ਸਲਾਮਤੀ ਲਈ ਕੀਮਤੀ ਨਫਰਤੀ ਅੰਕੜੇ ਇਕੱਠੇ ਕੀਤੇ ਜਾਣਗੇ।

# ਕਾਂਗਰਸੀਆਂ ਨੇ ਅਕਾਲੀ ਘੇਰੇ

*(ਸਫਾ ਇਕ ਦੀ ਬਾਕੀ)*

ਕਾਰਵਾਈ ਕਹਿਣ ਦੀ ਥਾਂ ਆਪਣੇ ਭਾਈਵਾਲ ਸ੍ਰੀ ਮੋਦੀ ਨਾਲ ਗੱਲ ਕਰ ਕੇ ਮਸਲਾ ਹੱਲ ਕਰਵਾਉਣ ਦੇ ਭਰੋਸੇ ਦੇ ਰਹੇ ਹੈ।

ਪੰਜਾਬ ਭਾਜਪਾ ਵੀ ਕਸੂਤੀ ਫਸੀ ਹੈ। ਉਸ ਵੱਲੋਂ ਗੁਜਰਾਤ ਸਰਕਾਰ ਦੇ ਫ਼ੈਸਲੇ ਨੂੰ ਅਸਲ ਵਿਚ ਕਾਂਗਰਸ ਸਰਕਾਰ ਵੱਲੋਂ ਜਾਰੀ ਕੀਤੇ ਸਰਕੂਲਰ ਦਾ ਨਤੀਜਾ ਕਹਿੰਦਿਆਂ ਕਿਸਾਨਾਂ ਦੇ ਵਿਰੋਧ ਤੋਂ ਬਚਣ ਦਾ ਯਤਨ ਕੀਤਾ ਜਾ ਰਿਹਾ ਹੈ। ਕਈ ਕਿਸਾਨ ਜਥੇਬੰਦੀਆਂ ਵੀ ਮੋਦੀ ਸਰਕਾਰ ਦੇ ਫ਼ੈਸਲੇ ਵਿਰੁਧ ਨਿੱਤਰੀਆਂ ਹੋਈਆਂ ਹਨ। ਤਕਰੀਬਨ ਸਾਰੀਆਂ ਹੀ ਸਿਆਸੀ ਧਿਰਾਂ ਗੁਜਰਾਤ ਵਿਚ ਸਿੱਖ ਕਿਸਾਨਾਂ ਦੇ ਉਜਾੜੇ ਦਾ ਵਿਰੋਧ ਤਾਂ ਕਰ ਰਹੀਆਂ ਹਨ, ਪਰ ਇਸ ਮਸਲੇ ਦੀ ਅਸਲ ਜੜ੍ਹ ਪਛਾਣਨ ਅਤੇ ਹੱਲ ਕਰਨ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਯਾਦ ਰਹੇ ਕਿ ਗੁਜਰਾਤ ਸਰਕਾਰ ਨੇ 2010 ਵਿਚ ਬੰਬੇ ਟੇਨੈਂਸੀ ਐਕਟ ਨੂੰ ਆਧਾਰ ਬਣਾ ਕੇ ਸਿੱਖ ਕਿਸਾਨਾਂ ਨੂੰ ਗ਼ੈਰ ਗੁਜਰਾਤੀ ਕਰਾਰ ਦਿੰਦਿਆਂ ਜ਼ਮੀਨਾਂ ਤੋਂ ਬੇਦਖਲ ਕਰਨ ਦਾ ਹੁਕਮ ਦਿੱਤਾ ਸੀ। ਕਿਸਾਨਾਂ ਨੇ ਫਿਰ ਗੁਜਰਾਤ ਹਾਈ ਕੋਰਟ ਤੱਕ ਪਹੁੰਚ ਕੀਤੀ ਤਾਂ 22 ਜੂਨ, 2012 ਨੂੰ ਅਦਾਲਤ ਨੇ ਕਿਸਾਨਾਂ ਦੇ ਜ਼ਮੀਨ ਮਾਲਕੀ ਹੱਕ ਬਰਕਰਾਰ ਕਰ ਦਿੱਤੇ।

ਗੁਜਰਾਤ ਸਰਕਾਰ ਇਸ ਫ਼ੈਸਲੇ ਖਿਲਾਫ਼ ਸੁਪਰੀਮ ਕੋਰਟ ਵਿਚ ਚਲੀ ਗਈ ਹੈ ਜਿਥੇ ਸੁਣਵਾਈ ਲਈ 27 ਅਗਸਤ ਤਾਰੀਖ ਮਿਥੀ ਗਈ ਹੈ। ਕਿਸਾਨਾਂ ਦੇ ਉਜਾੜੇ ਨਾਲ ਜੁੜਿਆ ਅਸਲ ਮੁੱਦਾ ਇਹ ਹੈ ਕਿ ਕੀ ਦੇਸ਼ ਦੇ ਲੋਕਾਂ ਨੂੰ ਵੱਖ-ਵੱਖ ਰਾਜਾਂ ਵਿਚ ਜਾ ਕੇ ਜ਼ਮੀਨਾਂ ਖਰੀਦਣ ਤੇ ਕਾਰੋਬਾਰ ਕਰਨ ਦੀ ਖੁੱਲ੍ਹ ਹੈ ਜਾਂ ਨਹੀਂ?

ਪੰਜਾਬ ਅੰਦਰ ਕਿਸੇ ਉਪਰ ਜ਼ਮੀਨ ਖਰੀਦਣ, ਕਾਰੋਬਾਰ ਕਰਨ, ਘਰ ਬਣਾਉਣ ਤੇ ਇਥੋਂ ਤੱਕ ਕਿ ਇਥੋਂ ਦੇ ਪੱਕੇ ਬਾਸ਼ਿੰਦੇ ਬਣਨ ਉਪਰ ਕੋਈ ਪਾਬੰਦੀ ਨਹੀਂ, ਪਰ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਰਾਜਸਥਾਨ, ਗੁਜਰਾਤ ਸਮੇਤ ਕਈ ਸੂਬਿਆਂ ਵਿਚ ਅਜਿਹੇ ਕਾਨੂੰਨ ਹਨ ਕਿ ਉਥੇ ਸੂਬੇ ਤੋਂ ਬਾਹਰਲਾ ਬੰਦਾ ਜ਼ਮੀਨ ਨਹੀਂ ਖਰੀਦ ਸਕਦਾ, ਕਾਰੋਬਾਰ ਨਹੀਂ ਕਰ ਸਕਦਾ ਤੇ ਨਾ ਹੀ ਪੱਕਾ ਬਾਸ਼ਿੰਦਾ ਹੀ ਬਣ ਸਕਦਾ ਹੈ।

ਇਕ ਪਾਸੇ ਭਾਜਪਾ ਦੇ ਤੇਜ਼ ਤਰਾਰ ਹਿੰਦੂ ਰਾਸ਼ਟਰਵਾਦੀ ਕਹਾਉਣ ਵਾਲੇ ਨਰੇਂਦਰ ਮੋਦੀ ਜੰਮੂ ਕਸ਼ਮੀਰ ਵਿਚੋਂ ਧਾਰਾ 370 ਖਤਮ ਕਰ ਕੇ ਉਥੋਂ ਦੇ ਲੋਕਾਂ ਨੂੰ ਮਿਲੇ ਸੀਮਤ ਜਿਹੇ ਅਧਿਕਾਰ ਖਤਮ ਕਰਨ ਦੇ ਨਾਹਰੇ ਇਸ ਆਧਾਰ ਉਪਰ ਦਿੰਦੇ ਹਨ ਕਿ ਇਸ ਨਾਲ ਦੇਸ਼ ਦੀ ਏਕਤਾ ਵਿਚ ਰੁਕਾਵਟ ਪੈਂਦੀ ਹੈ, ਪਰ ਆਪਣੀ ਹਕੂਮਤ ਵਾਲੇ ਰਾਜਾਂ ਵਿਚ ਉਹ ਗੁਆਂਢੀ ਸੂਬਿਆਂ ਦੇ ਕਿਸਾਨਾਂ ਨੂੰ ਜ਼ਮੀਨ ਮਾਲਕੀ ਦਾ ਹੱਕ ਦੇਣ ਲਈ ਵੀ ਤਿਆਰ ਨਹੀਂ।

ਰਾਜਸਥਾਨ, ਹਿਮਾਚਲ ਆਦਿ ਸੂਬਿਆਂ ਵਿਚ ਕਈ ਵਾਰ ਭਾਜਪਾ ਸਰਕਾਰਾਂ ਬਣ ਚੁੱਕੀਆਂ ਹਨ ਤੇ ਗੁਜਰਾਤ ਵਿਚ ਲਗਾਤਾਰ 15 ਸਾਲ ਤੋਂ ਖੁਦ ਨਰੇਂਦਰ ਮੋਦੀ ਰਾਜ ਕਰ ਰਹੇ ਹਨ। ਰਾਜਸੀ ਹਲਕਿਆਂ ਵਿਚ ਇਹ ਗੱਲ ਵਾਰ-ਵਾਰ ਉਠ ਰਹੀ ਹੈ ਕਿ ਅਕਾਲੀ ਲੀਡਰਸ਼ਿਪ ਵੀ ਪੰਜਾਬ ਵਾਂਗ ਹੋਰ ਸੂਬਿਆਂ ਵਿਚ ਵੀ ਸਾਰੇ ਨਾਗਰਿਕਾਂ ਨੂੰ ਇਕੋ ਜਿਹੇ ਹੱਕ ਹਕੂਕ ਦੇਣ ਦੀ ਆਵਾਜ਼ ਕਿਉਂ ਨਹੀਂ ਉਠਾ ਰਹੀ, ਮਹਿਜ਼ ਮੋਦੀ ਨਾਲ ਗੱਲ ਕਰਨ ਤੱਕ ਹੀ ਸੀਮਤ ਕਿਉਂ ਰਹਿ ਰਹੀ ਹੈ।

## ਨਵਜੋਤ ਸਿੱਧੂ ਦਿੱਲੀ ਵੈਸਟ ਤੋਂ ਲੜਨਗੇ ਚੋਣ?

**ਚੰਡੀਗੜ੍ਹ:** ਸਾਬਕਾ ਕ੍ਰਿਕਟ ਖ਼ਿਡਾਰੀ ਅਤੇ ਅੰਮ੍ਰਿਤਸਰ ਤੋਂ ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਮੈਂਬਰ ਬਾਰੇ ਕਿਆਸ-ਅਰਾਈਆਂ ਹਨ ਕਿ ਉਹ ਅਗਲੀ ਲੋਕ ਸਭਾ ਚੋਣ ਅੰਮ੍ਰਿਤਸਰ ਤੋਂ ਨਹੀਂ ਲੜਨਗੇ। ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਦਿੱਲੀ ਵੈਸਟ ਲੋਕ ਸਭਾ ਹਲਕੇ ਤੋਂ ਚੋਣ ਲੜਾਉਣ ਬਾਰੇ ਵਿਚਾਰਾਂ ਚਲ ਰਹੀਆਂ ਹਨ।

ਯਾਦ ਰਹੇ ਕਿ ਭਾਜਪਾ ਆਗੂਆਂ ਵੱਲੋਂ ਸ੍ਰੀ ਸਿੱਧੂ ਨੂੰ ਕੌਮੀ ਪੱਧਰ 'ਤੇ ਦਰ-ਕਿਨਾਰ ਕਰਨ ਪਿੱਛੋਂ ਉਹ ਰੁੱਸੇ ਹੋਏ ਹਨ ਅਤੇ ਪਿਛਲੇ ਕਾਫ਼ੀ ਸਮੇਂ ਤੋਂ ਕੋਈ ਸਿਆਸੀ ਸਰਗਰਮੀ ਨਹੀਂ ਕਰ ਰਹੇ। ਉਨ੍ਹਾਂ ਦੀ ਪਤਨੀ ਅਤੇ ਸੰਸਦੀ ਸਕੱਤਰ ਨਵਜੋਤ ਕੌਰ ਸਿੱਧੂ ਨੇ ਵੀ ਆਪਣੀਆਂ ਸਰਗਰਮੀਆਂ ਘਟਾਈਆਂ ਹੋਈਆਂ ਹਨ।

# ਕੱਟੜ ਤਾਕਤਾਂ ਬਣੀਆਂ ਅਮਨ ਮੁਹਿੰਮ ਦਾ ਰੋੜਾ

*(ਸਫਾ ਇਕ ਦੀ ਬਾਕੀ)*

ਰੇਖਾ ਦੇ ਨੇੜੇ ਭਾਰਤੀ ਫੌਜ ਦੀ ਗਸ਼ਤੀ ਟੁਕੜੀ ਉਪਰ ਪਾਕਿ ਬਾਰਡਰ ਐਕਸ਼ਨ ਟੀਮ (ਬੀ.ਏ.ਟੀ.) ਵੱਲੋਂ ਘਾਤ ਲਾ ਕੇ ਹਮਲਾ ਕੀਤਾ ਗਿਆ। ਮਗਰੋਂ ਹੋਈ ਗੋਲੀਬਾਰੀ ਵਿਚ ਪੰਜ ਭਾਰਤੀ ਜਵਾਨ ਮਾਰੇ ਗਏ। ਇਸ ਹਮਲੇ ਵਿਚ ਪਾਕਿਸਤਾਨੀ ਫੌਜ ਦੇ ਜਵਾਨਾਂ ਸਮੇਤ 20 ਦੇ ਕਰੀਬ ਹਥਿਆਰਬੰਦ ਅਤਿਵਾਦੀ ਸ਼ਾਮਲ ਦੱਸੇ ਗਏ ਹਨ। ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਸੰਸਦ ਵਿਚ ਦੱਸਿਆ ਕਿ ਹਮਲਾਵਰ ਦਹਿਸ਼ਤਗਰਦਾਂ ਨਾਲ ਪਾਕਿਸਤਾਨੀ ਫੌਜ ਦੀ ਵਰਦੀ ਵਾਲੇ ਕੁਝ ਬੰਦੇ ਵੀ ਸਨ। ਉਨ੍ਹਾਂ ਕਿਹਾ ਕਿ ਭਾਰਤ ਅਸਲ ਕੰਟਰੋਲ ਰੇਖਾ ਦੀ ਪਾਕੀਜ਼ਗੀ ਬਰਕਰਾਰ ਰੱਖਣ ਲਈ ਸਾਰੇ ਲੋੜੀਂਦੇ ਕਦਮ ਉਠਾਏਗਾ। ਉਧਰ, ਸਮਾਜਵਾਦੀ ਪਾਰਟੀ ਦੇ ਪ੍ਰਧਾਨ ਮੁਲਾਇਮ ਸਿੰਘ ਯਾਦਵ ਨੇ ਕਿਹਾ ਕਿ ਚੀਨ ਤੇ ਪਾਕਿਸਤਾਨ ਉਪਰ ਭਰੋਸਾ ਨਹੀਂ ਕੀਤਾ ਜਾ ਸਕਦਾ ਤੇ ਇਹ ਦੋਵੇਂ ਭਾਰਤ ਪ੍ਰਤੀ ਹਮਲਾਵਰ ਰੁਖ਼ ਅਪਨਾ ਕੇ ਰੱਖਦੇ ਹਨ।

ਇਸੇ ਦੌਰਾਨ ਭਾਰਤ ਨੇ ਪਾਕਿਸਤਾਨ ਦੇ ਡਿਪਟੀ ਹਾਈ ਕਮਿਸ਼ਨਰ ਨੂੰ ਤਲਬ ਕੀਤਾ ਅਤੇ ਜੰਮੂ-ਕਸ਼ਮੀਰ ਦੇ ਪੁਣਛ ਸੈਕਟਰ ਵਿਚ ਕੰਟਰੋਲ ਰੇਖਾ ਦੇ ਨਾਲ ਪੰਜ ਭਾਰਤੀ ਫੌਜੀਆਂ ਦੀ ਹੱਤਿਆ ਬਾਰੇ ਰੋਸ ਪ੍ਰਗਟਾਇਆ। ਸੂਤਰਾਂ ਅਨੁਸਾਰ ਪਾਕਿਸਤਾਨੀ ਡਿਪਟੀ ਹਾਈ ਕਮਿਸ਼ਨਰ ਮਨਸੂਰ ਮਹਿਮਦ ਖ਼ਾਨ ਨੂੰ ਵਿਦੇਸ਼ ਮੰਤਰਾਲੇ ਦੇ ਜੁਆਇੰਟ ਸਕੱਤਰ ਰੁਦਰਿੰਦਰ ਟੰਡਨ ਨੇ ਬੁਲਾ ਕੇ ਸਖਤ ਰੋਸ ਪ੍ਰਗਟਾਇਆ। ਉਧਰ, ਪਾਕਿਸਤਾਨ ਨੇ ਇਸ ਘਟਨਾ ਵਿਚ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ ਤੇ ਕਿਹਾ ਹੈ ਕਿ ਉਹ 2003 ਦੇ ਗੋਲੀਬੰਦੀ ਸਮਝੌਤੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਪਾਕਿਸਤਾਨ ਦਾ ਕਹਿਣਾ ਹੈ ਕਿ ਅਸਲ ਕੰਟਰੋਲ ਰੇਖਾ ਲਾਗੇ ਅਜਿਹੀ ਕੋਈ ਘਟਨਾ ਨਹੀਂ ਹੋਈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਜ਼ਾਜ਼ ਚੌਧਰੀ ਨੇ ਕਿਹਾ ਕਿ ਭਾਰਤੀ ਮੀਡੀਆ ਦੇ ਕੁਝ ਹਿੱਸਿਆਂ ਵਿਚ ਇਹ ਦੋਸ਼ ਲਾਏ ਜਾ ਰਹੇ ਹਨ ਕਿ ਪਾਕਿਸਤਾਨ ਵਾਲੇ ਪਾਸਿਉਂ ਹਮਲਾ ਕਰ ਕੇ ਪੁਣਛ ਖੇਤਰ ਵਿਚ ਪੰਜ ਭਾਰਤੀ ਜਵਾਨ ਮਾਰ ਦਿੱਤੇ ਗਏ।

ਉਨ੍ਹਾਂ ਇਨ੍ਹਾਂ ਰਿਪੋਰਟਾਂ ਨੂੰ ਆਧਾਰਹੀਣ ਅਤੇ ਝੂਠੀਆਂ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਫੌਜ ਨੇ ਵੀ ਪੁਸ਼ਟੀ ਕੀਤੀ ਹੈ ਕਿ ਸਰਹੱਦ 'ਤੇ ਕੋਈ ਦੁਵੱਲੀ ਫਾਇਰਿੰਗ ਨਹੀਂ ਹੋਈ ਜੋ ਇਸ ਘਟਨਾ ਦਾ ਕਾਰਨ ਬਣ ਸਕਦੀ ਹੋਵੇ। ਇਸ ਤੋਂ ਇਲਾਵਾ ਪਾਕਿਸਤਾਨ ਨੇ 2003 ਦੇ ਗੋਲੀਬੰਦੀ ਸਮਝੌਤੇ ਦਾ ਪੱਕਾ ਪਾਬੰਦ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਇਹ ਆਪਸੀ ਭਰੋਸੇ ਦੀ ਬਹਾਲੀ ਲਈ ਅਤਿ ਜ਼ਰੂਰੀ ਹੈ ਤੇ ਇਸ ਦੀ ਇੰਨ-ਬਿੰਨ ਪਾਲਣਾ ਕੀਤੀ ਜਾਣੀ ਚਾਹੀਦੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਪਾਕਿ ਗੁਰਦੁਆਰਿਆਂ ਦੀਆਂ ਜ਼ਮੀਨ ਦਾ ਕੇਸ ਸਿੱਖਾਂ ਨੇ ਜਿੱਤਿਆ

**ਲਾਹੌਰ:** ਪਾਕਿ ਦੀ ਸੁਪਰੀਮ ਕੋਰਟ ਨੇ ਪਾਕਿਸਤਾਨ ਗੁਰਦੁਆਰਾ ਸਾਹਿਬ ਦੀਆਂ ਜ਼ਮੀਨਾਂ ਦੇ ਚੱਲ ਰਹੇ ਕੇਸ ਦਾ ਫੈਸਲਾ ਸਿੱਖਾਂ ਦੇ ਹੱਕ ਵਿਚ ਦਿੱਤਾ ਹੈ। ਪਿਛਲੇ ਸਮੇਂ ਤੋਂ ਪਾਕਿਸਤਾਨ ਵਿਚ ਗੁਰਦੁਆਰਾ ਸਾਹਿਬ ਦੀਆਂ ਜ਼ਮੀਨਾਂ-ਜਾਇਦਾਦਾਂ ਦਾ ਕੇਸ ਅਦਾਲਤ ਵਿਚ ਚੱਲ ਰਿਹਾ ਸੀ। ਔਕਾਫ ਬੋਰਡ ਦੇ ਚੇਅਰਮੈਨ ਸਈਅਦ ਆਸਿਫ ਹਾਸ਼ਮੀ ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਲੋਕਾਂ ਨਾਲ ਮਿਲ ਕੇ ਜ਼ਮੀਨਾਂ ਵੇਚੀਆਂ ਗਈਆਂ ਤੇ ਗੁਰਦੁਆਰਾ ਸਾਹਿਬ ਨਾਲ ਲੱਗਦੀਆਂ ਕੁਝ ਇਮਾਰਤਾਂ 'ਤੇ ਕਬਜ਼ੇ ਕਰਵਾਏ ਗਏ ਸਨ।

ਇਸ ਗੱਲ ਦਾ ਪਤਾ ਜਦੋਂ ਸਿੱਖ ਸੰਗਤਾਂ ਨੂੰ ਲੱਗਾ ਤਾਂ ਸ. ਗੁਲਾਬ ਸਿੰਘ ਵੱਲੋਂ ਅਦਾਲਤ ਵਿਚ ਮੁਕੱਦਮਾ ਦਾਇਰ ਕੀਤਾ ਗਿਆ ਕਿ ਗੁਰਦੁਆਰਾ ਸਾਹਿਬ ਦੀਆਂ ਜ਼ਮੀਨਾਂ ਗੈਰ-ਤਰੀਕੇ ਨਾਲ ਵੇਚੀਆਂ ਜਾ ਰਹੀਆਂ ਹਨ ਜਾਂ ਕਬਜ਼ੇ ਕਰਵਾਏ ਜਾ ਰਹੇ ਹਨ। ਇਸ ਪਿੱਛੋਂ ਮਾਮਲਾ ਸੁਪਰੀਮ ਕੋਰਟ ਵਿਚ ਚਲਾ ਗਿਆ। ਇਸ ਕੇਸ ਦੀ ਅਹਿਮੀਅਤ ਨੂੰ ਸਮਝਦਿਆਂ ਤੇ ਸਿੱਖਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਦੇ ਹੋਏ ਸੁਪਰੀਮ ਕੋਰਟ ਦੇ ਚੀਫ ਜਸਟਿਸ ਇਫਤਿਖਾਰ ਮੁਹੰਮਦ ਚੌਧਰੀ ਨੇ ਨਿੱਜੀ ਤੌਰ 'ਤੇ ਇਸ ਦਾ ਨੋਟਿਸ ਲਿਆ ਤੇ ਪੜਤਾਲ ਦੇ ਹੁਕਮ ਦੇ ਦਿੱਤੇ ਗਏ।

ਪੜਤਾਲ ਵਿਚ ਪਾਇਆ ਗਿਆ ਕਿ 1260 ਏਕੜ ਜ਼ਮੀਨ ਮੋਤਾ ਸਿੰਘ, ਬੇਬੇ ਨਾਨਕੀ ਗੁਰਦੁਆਰਾ ਡੇਰਾ ਚਾਹਲ ਦੇ ਨਾਂ ਹੈ ਜਿਸ ਵਿਚ 807 ਏਕੜ ਔਕਾਫ ਬੋਰਡ ਦੇ ਚੇਅਰਮੈਨ ਹਾਸ਼ਮੀ ਦੀ ਮਿਲੀਭੁਗਤ ਨਾਲ ਵੇਚ ਦਿੱਤੀ ਗਈ ਹੈ। ਇਸ ਵਿਚੋਂ 407 ਏਕੜ ਵਾਪਸ ਮਿਲ ਗਈ ਹੈ ਜੋ ਜ਼ਮੀਨ ਡੀ.ਐਚ.ਏ. ਨੂੰ ਵੇਚੀ ਗਈ ਹੈ, ਉਸ ਦੀ ਕੀਮਤ 2000 ਅਰਬ ਬਣਦੀ ਹੈ। ਇਹ ਪੈਸਾ ਗੁਰਦੁਆਰਾ ਸਾਹਿਬ ਦੇ ਖਾਤੇ ਵਿਚ ਡੀ.ਐਚ.ਏ. ਜਮ੍ਹਾਂ ਕਰਵਾਏਗਾ।

ਇਸ ਦੇ ਨਾਲ ਹੀ ਸਾਈਵਾਲ ਗੁਰਦੁਆਰੇ ਦੀ ਲੀਜ਼ ਖਤਮ ਕਰ ਦਿੱਤੀ ਗਈ ਹੈ। ਚੂਨਾ ਮੰਡੀ ਲਾਹੌਰ ਤੇ ਦੀਵਾਨ ਖਾਸ ਗੁਰਦੁਆਰਾ ਦੀ ਵੀ ਲੀਜ਼ ਖਤਮ ਕਰ ਦਿੱਤੀ ਗਈ ਹੈ ਤੇ ਜੋ ਵੀ ਇਮਾਰਤ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਬਣੀ ਹੈ, ਉਸ ਨੂੰ ਢਾਹ ਦੇਣ ਦੇ ਹੁਕਮ ਦਿੱਤੇ ਗਏ। ਜਿਨ੍ਹਾਂ ਲੋਕਾਂ ਨੇ ਮਿਲੀਭੁਗਤ ਨਾਲ ਪੈਸਾ ਲਿਆ ਹੈ, ਉਨ੍ਹਾਂ ਨੂੰ ਵਾਪਸ ਕਰਨ ਦੇ ਹੁਕਮ ਦਿੱਤੇ ਹਨ।

## ਅਸਲਾ ਕੇਸ 'ਚ ਰਾਜੋਆਣਾ ਨੂੰ ਢਾਈ ਸਾਲ ਕੈਦ

**ਪਟਿਆਲਾ:** ਪਟਿਆਲਾ ਦੀ ਨਿਆਇਕ ਮੈਜਿਸਟ੍ਰੇਟ ਦੀਪਿਕਾ ਨੇ ਅਸਲਾ ਕਾਨੂੰਨ ਤਹਿਤ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਜਾਫਤਾ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਢਾਈ ਸਾਲ ਦੀ ਕੈਦ ਤੇ ਇਕ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਭਾਈ ਰਾਜੋਆਣਾ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਜ਼ਿਲ੍ਹਾ ਅਦਾਲਤਾਂ ਵਿਚ ਲਿਆਂਦਾ ਗਿਆ। ਇਹ ਕੇਸ ਦਸੰਬਰ 1995 ਨੂੰ ਥਾਣਾ ਸਦਰ ਪਟਿਆਲਾ ਵਿਚ ਦਰਜ ਕੀਤਾ ਗਿਆ ਸੀ।

ਪੁਲਿਸ ਕੇਸ ਮੁਤਾਬਕ ਭਾਈ ਰਾਜੋਆਣਾ ਕੋਲੋਂ ਉਸ ਵੇਲੇ ਇਕ ਪਿਸਤੌਲ ਬਰਾਮਦ ਕੀਤਾ ਗਿਆ ਸੀ। ਭਾਈ ਰਾਜੋਆਣਾ ਵਿਰੁੱਧ ਉਸ ਵੇਲੇ ਕੇਸ ਅਸਲਾ ਕਾਨੂੰਨ ਧਾਰਾ 25 ਤਹਿਤ ਦਰਜ ਕੀਤਾ ਗਿਆ ਸੀ। ਗੌਰਤਲਬ ਹੈ ਕਿ ਵਿਸਫੋਟਕ ਸਮੱਗਰੀ ਦੇ ਇਕ ਕੇਸ ਵਿਚ ਵੀ ਭਾਈ ਰਾਜੋਆਣਾ ਨੂੰ ਦਸ ਸਾਲ ਦੀ ਕੈਦ ਹੋ ਚੁੱਕੀ ਹੈ। ਇਹ ਕੇਸ ਥਾਣਾ ਰਾਜਪੁਰਾ ਵਿਚ ਦਰਜ ਕੀਤਾ ਗਿਆ ਸੀ। ਇਸ ਮੌਕੇ ਜ਼ਿਲ੍ਹਾ ਕਚਹਿਰੀਆਂ ਦੇ ਬਾਹਰ ਭਾਈ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੇ ਆਖਿਆ ਕਿ ਅਦਾਲਤ ਨੇ ਜੋ ਫ਼ੈਸਲਾ ਸੁਣਾਇਆ ਹੈ, ਉਹ ਉਨ੍ਹਾਂ ਨੂੰ ਮਨਜ਼ੂਰ ਹੈ।

## ਨੌਕਰੀਆਂ ਵਿਚ ਘੱਟ ਗਿਣਤੀਆਂ ਦਾ ਹਿੱਸਾ ਘਟਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਦੀਆਂ ਨੌਕਰੀਆਂ ਅਤੇ ਜਨਤਕ ਖੇਤਰ ਦੀਆਂ ਬੈਂਕਾਂ ਵਿਚ ਘੱਟ ਗਿਣਤੀਆਂ ਦੀ ਭਰਤੀ ਘਟ ਰਹੀ ਹੈ। ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਕੇ. ਰਹਿਮਾਨ ਖਾਨ ਨੇ ਰਾਜ ਸਭਾ ਵਿਚ ਦੱਸਿਆ ਕਿ 2011-12 ਦੌਰਾਨ ਇਨ੍ਹਾਂ ਸੇਵਾਵਾਂ ਵਿਚ ਕੁੱਲ ਭਰਤੀ ਵਿਚ ਘੱਟ ਗਿਣਤੀਆਂ ਦਾ ਹਿੱਸਾ 6.2 ਫੀਸਦ ਰਿਹਾ ਜਦਕਿ 2009-10 ਵਿਚ 7.28 ਫੀਸਦ ਅਤੇ 2010 -11 ਵਿਚ 10.18 ਫੀਸਦ ਸੀ।

ਰੇਲਵੇ 'ਚ 2012-13 ਦੌਰਾਨ ਕੁੱਲ ਭਰਤੀ 'ਚੋਂ 12.53 ਫੀਸਦੀ ਹਿੱਸਾ ਘੱਟ ਗਿਣਤੀਆਂ ਦਾ ਸੀ। ਉਨ੍ਹਾਂ ਦਾਅਵਾ ਕਿ ਘੱਟ ਗਿਣਤੀਆਂ ਦੀ ਭਲਾਈ ਲਈ ਪ੍ਰਧਾਨ ਮੰਤਰੀ ਦਾ 15 ਨੁਕਾਤੀ ਪ੍ਰੋਗਰਾਮ ਮੀਲ ਪੱਥਰ ਸਾਬਤ ਹੋਵੇਗਾ।

ਇੰਡੀਅਨ ਰੈਸਟੋਰੈਂਟ ਲਈ ਲੋੜ ਹੈ
ਬੇਏਰੀਆ ਵਿਚ ਚੰਗੇ ਚਲਦੇ ਰੈਸਟੋਰੈਂਟ ਲਈ ਤੰਦੂਰੀਏ ਕੁਕ, ਫੂਡ ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ।
ਚੰਗੀ ਤਨਖਾਹ।

ਸੰਪਰਕ ਕਰੋ, ਬਲਦੇਵ ਮਾਨ
ਫੋਨ: 650-630-8588

Are You Tired Of All Treatments?
Try Homeopathic Natural Medicines (HNM)
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Homeopathic natural medicines supply

Gurdip Singh Sandhu
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay
We Specialize in Bankowned, Foreclosure and Short Sale Homes
For Sale & Purchase of Residential, Commercial Property and AG-Land
ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com
Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ
REALTY WORLD Millennium
Gurbans Gill 209-815-1869

# ਮੋਦੀ ਨੇ ਪੰਜਾਬ ਭਾਜਪਾ ਦੀਆਂ ਉਮੀਦਾਂ 'ਤੇ ਪਾਣੀ ਫੇਰਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਨਾਲ ਹੱਥ ਮਿਲਾ ਕੇ ਸੱਤਾ ਦਾ ਸੁੱਖ ਮਾਣ ਰਹੀ ਪੰਜਾਬ ਭਾਜਪਾ ਦੀਆਂ ਉਮੀਦਾਂ 'ਤੇ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੇ ਪਾਣੀ ਫੇਰ ਦਿੱਤਾ ਹੈ। ਹੁਣ ਤੱਕ ਸ਼ਹਿਰੀ ਵੋਟਰਾਂ ਤੱਕ ਹੀ ਸੀਮਤ ਰਹੀ ਪੰਜਾਬ ਭਾਜਪਾ ਸਰਕਾਰੀ ਛਤਰ ਛਾਇਆ ਹੇਠ ਪਿੰਡਾਂ ਵੱਲ ਰੁਖ ਕਰਨ ਲੱਗੀ ਹੈ ਪਰ ਗੁਜਰਾਤ ਵਿਚ ਪੰਜਾਬੀ ਕਿਸਾਨਾਂ ਨੂੰ ਉਜਾੜਨ ਦੇ ਮਾਮਲੇ ਨੇ ਉਸ ਦੇ ਸੁਫਨੇ ਚਕਨਾਚੂਰ ਕਰ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਅਗਾਮੀ ਲੋਕ ਸਭਾ ਚੋਣਾਂ ਵਿਚ ਮੁੜ ਕੇਂਦਰੀ ਹਕੂਮਤ ਹਥਿਆਉਣ ਦੇ ਸੁਫਨੇ ਨਾਲ ਕੌਮੀ ਜਮਹੂਰੀ ਗਠਜੋੜ ਵਿਚ ਮੋਹਰੀ ਭਾਜਪਾ ਭਾਵੇਂ ਲਗਾਤਾਰ ਪੱਬਾਂ ਭਾਰ ਹੈ ਪਰ ਸਥਾਨਕ ਪੱਧਰ 'ਤੇ ਕੁਝ ਕੌਮੀ ਤੇ ਸੂਬਾਈ ਮੁੱਦਿਆਂ ਕਰਕੇ ਪੰਜਾਬ ਵਿਚ ਭਾਜਪਾ ਦੀ ਇਸ ਵੇਲੇ ਹਾਲਤ ਹਾਸੋਹੀਣੀ ਬਣ ਰਹੀ ਹੈ ਤੇ ਪੇਂਡੂ ਕਿਸਾਨੀ ਖੇਤਰ ਵਿਚ ਆਪਣਾ ਆਧਾਰ ਬਣਾਉਣ ਦੀ ਇੱਛਾ ਖਿੰਡਣ ਦੇ ਨਾਲ-ਨਾਲ ਉਸ ਦਾ ਪੱਕਾ ਵੋਟ ਬੈਂਕ 'ਸ਼ਹਿਰੀ ਅਬਾਦੀ' ਵੀ ਉਸ ਦੇ ਹੱਥੋਂ ਖਿਸਕਦਾ ਲੱਗ ਰਿਹਾ ਹੈ।



ਭਾਜਪਾ ਵੱਲੋਂ ਲੋਕ ਸਭਾ ਚੋਣਾਂ ਦੀ ਕਮਾਂਡ ਸਾਂਭਦਿਆਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਵੀ ਸੰਭਾਵੀ ਉਮੀਦਵਾਰ ਬਣੇ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਦੇ ਫਿਰਕਾਪ੍ਰਸਤ ਪ੍ਰਭਾਵ ਕਾਰਨ ਪਹਿਲਾਂ ਹੀ ਸੂਬੇ ਨਾਲ ਸਬੰਧਤ ਪੇਂਡੂ ਖੇਤਰ ਦੇ ਸਿੱਖਾਂ ਵੱਲੋਂ ਭਾਜਪਾ ਤੋਂ ਦੂਰੀ ਬਣਾਉਣੀ ਸ਼ੁਰੂ ਕਰ ਦਿੱਤੀ ਸੀ ਪਰ ਹੁਣ ਸ੍ਰੀ ਮੋਦੀ ਵੱਲੋਂ ਪੰਜਾਬੀ ਸਿਖ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਦੀਆਂ ਕੋਸ਼ਿਸ਼ਾਂ ਦਾ ਮਾਮਲਾ ਉਜਾਗਰ ਹੋਣ ਨਾਲ ਪੰਜਾਬ ਭਾਜਪਾ ਦੀ ਹਾਲਤ ਹੋਰ ਔਖੀ ਹੋ ਗਈ ਹੈ।

ਇਸ ਤੋਂ ਇਲਾਵਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਸਰਕਾਰ ਦਾ ਹਰੇਕ ਫੈਸਲਾ ਸੱਤਾ ਵਿਚ ਭਾਈਵਾਲ ਭਾਜਪਾ ਦੀ ਮਰਜ਼ੀ ਨਾਲ ਹੀ ਲਿਆ ਜਾ ਰਿਹਾ ਹੈ। ਇਸ ਬਿਆਨ ਨੇ ਭਾਜਪਾ ਵੱਲੋਂ ਸ਼ਹਿਰੀ ਵੋਟਰਾਂ ਨੂੰ ਆਪਣੇ ਹੱਥਾਂ ਵਿਚ ਰੱਖਣ ਲਈ ਕੀਤੇ ਜਾ ਰਹੇ ਈ-ਟ੍ਰਿਪ ਪ੍ਰਣਾਲੀ, ਕਾਲੋਨਾਈਜ਼ਰਾਂ, ਵਪਾਰੀਆਂ, ਵਿਆਹ ਪੈਲੇਸਾਂ, ਦੁਕਾਨਦਾਰਾਂ, ਸ਼ਹਿਰੀ ਘਰਾਂ ਦੇ ਨਵੇਂ ਟੈਕਸਾਂ ਦੇ ਸੰਕੇਤਕ ਵਿਰੋਧ ਨੂੰ ਝੁਠਲਾ ਦਿੱਤਾ ਹੈ ਜਿਸ ਨਾਲ ਵਿਰੋਧੀ ਧਿਰ ਕਾਂਗਰਸ ਵੱਲੋਂ ਭਾਜਪਾ 'ਤੇ ਦੋਗਲੇਪਨ ਦੇ ਦੋਸ਼ ਲਾਉਂਦਿਆਂ ਅਸਤੀਫੇ ਮੰਗੇ ਜਾ ਰਹੇ ਹਨ।

ਇਨ੍ਹਾਂ ਸਮੱਸਿਆਵਾਂ ਨਾਲ ਜੂਝ ਰਹੀ ਪੰਜਾਬ ਭਾਜਪਾ ਦਾ ਅੰਦਰੂਨੀ ਕਲੇਸ਼ ਵੀ ਕਿਸੇ ਤੋਂ ਲੁਕਿਆ ਨਹੀਂ। ਸੂਬੇ ਦੇ ਭਾਜਪਾਈ ਸਿਹਤ ਮੰਤਰੀ ਤੇ ਮੁੱਖ ਸੰਸਦੀ ਸਕੱਤਰ ਦਰਮਿਆਨ ਛੱਤੀ ਦਾ ਅੰਕੜਾ ਕਈ ਵਾਰ ਜੱਗ ਜ਼ਾਹਿਰ ਹੋ ਚੁੱਕਾ ਹੈ। ਸੂਬੇ ਵਿਚੋਂ ਭਾਜਪਾ ਦੇ ਇਕੋ ਇਕ ਲੋਕ ਸਭਾ ਮੈਂਬਰ ਵੱਲੋਂ ਵਿਚਾਰਕ ਮਤਭੇਦਾਂ ਕਾਰਨ ਪਾਰਟੀ ਸਰਗਰਮੀਆਂ ਤੋਂ ਲਗਾਤਾਰ ਕਿਨਾਰਾ ਤੇ ਸਾਧੀ ਚੁੱਪ ਵੀ ਭਾਜਪਾ ਲਈ ਆਉਂਦੀਆਂ ਚੋਣਾਂ ਵਿਚ ਮੁਸੀਬਤ ਖੜ੍ਹੀ ਕਰ ਸਕਦੀ ਹੈ।।

## ਸ਼੍ਰੋਮਣੀ ਕਮੇਟੀ ਵੱਲੋਂ ਮੋਦੀ ਨੂੰ ਚਿੱਠੀ

**ਅੰਮ੍ਰਿਤਸਰ:** ਗੁਜਰਾਤ ਵਿਚ ਪੰਜਾਬੀ ਕਿਸਾਨਾਂ ਦੇ ਹੋ ਰਹੇ ਉਜਾੜੇ ਨੂੰ ਰੋਕਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਮੁੜ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਮਿਹਨਤੀ ਸਿੱਖ ਕਿਸਾਨਾਂ ਨਾਲ ਧੱਕਾ ਨਾ ਕੀਤਾ ਜਾਵੇ। ਇਸ ਦੌਰਾਨ ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਪੱਧਰ 'ਤੇ ਗੁਜਰਾਤ ਦੇ ਮੁੱਖ ਮੰਤਰੀ ਨਾਲ ਗੱਲਬਾਤ ਕਰਕੇ ਪੰਜਾਬੀ ਕਿਸਾਨਾਂ ਦੇ ਉਜਾੜੇ ਨੂੰ ਰੋਕਣ।

ਜਥੇਦਾਰ ਮੱਕੜ ਨੇ ਦੱਸਿਆ ਕਿ ਸ੍ਰੀ ਮੋਦੀ ਨੂੰ ਪਿਛਲੇ ਵਰ੍ਹੇ ਵੀ ਇਸ ਸਬੰਧੀ ਚਿੱਠੀ ਭੇਜੀ ਸੀ ਤੇ ਹੁਣ ਮੁੜ ਇਕ ਯਾਦ ਪੱਤਰ ਭੇਜਿਆ ਹੈ। ਉਨ੍ਹਾਂ ਆਖਿਆ ਕਿ ਗੁਜਰਾਤ ਵਿਚ ਸਿੱਖ ਕਿਸਾਨਾਂ ਨਾਲ ਕੀਤਾ ਜਾ ਰਿਹਾ ਧੱਕਾ ਮੰਦਭਾਗਾ ਹੈ। ਪ੍ਰਭਾਵਿਤ ਕਿਸਾਨਾਂ ਨੂੰ ਇਹ ਜ਼ਮੀਨਾਂ 1960ਵਿਆਂ ਵਿਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਗੁਜਰਾਤ ਦੇ ਕੱਛ ਇਲਾਕੇ ਵਿਚ ਦਿੱਤੀਆਂ ਸਨ ਜਿਨ੍ਹਾਂ ਦੇ ਦਸਤਾਵੇਜ਼ ਵੀ ਇਨ੍ਹਾਂ ਕਿਸਾਨਾਂ ਕੋਲ ਹਨ। ਪੰਜਾਬੀ ਕਿਸਾਨਾਂ ਨੇ ਇਨ੍ਹਾਂ ਬੰਜਰ ਜ਼ਮੀਨਾਂ ਨੂੰ ਉਪਜਾਊ ਬਣਾਉਣ ਲਈ ਸਖ਼ਤ ਮਿਹਨਤ ਕੀਤੀ। ਹੁਣ ਜਦੋਂ ਇਹ ਵਾਹੀਯੋਗ ਬਣ ਗਈਆਂ ਤੇ ਲਾਭ ਦੇ ਰਹੀਆਂ ਹਨ ਤਾਂ ਕਿਸਾਨਾਂ ਕੋਲੋਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ। ਉਨ੍ਹਾਂ ਆਖਿਆ ਕਿ ਅਦਾਲਤ ਨੇ ਵੀ ਗੁਜਰਾਤ ਸਰਕਾਰ ਦੇ ਫੈਸਲੇ ਖਿਲਾਫ ਹੁਕਮ ਦਿੱਤੇ ਹਨ। ਇਸ ਲਈ ਗੁਜਰਾਤ ਸਰਕਾਰ ਨੂੰ ਕਿਸਾਨਾਂ ਨੂੰ ਉਜਾੜਨ ਦੀ ਬਜਾਇ ਹਾਈ ਕੋਰਟ ਦੇ ਹੁਕਮ ਲਾਗੂ ਕਰਦਿਆਂ ਉਥੇ ਵਸਦੇ ਘੱਟ ਗਿਣਤੀ ਸਿੱਖ ਕਿਸਾਨਾਂ ਦੇ ਜਾਨ-ਮਾਲ ਦੀ ਰਾਖੀ ਕਰਨੀ ਚਾਹੀਦੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਵੀ ਪੰਜਾਬੀ ਕਿਸਾਨਾਂ ਦਾ ਉਜਾੜਾ ਰੋਕਣ ਲਈ ਸ੍ਰੀ ਮੋਦੀ ਨਾਲ ਗੱਲਬਾਤ ਕਰਨ ਦੀ ਅਪੀਲ ਕੀਤੀ ਹੈ।

# ਪੰਜਾਬੀ ਦੇ ਸਨਮਾਨ ਲਈ ਹੋਈ ਸਰਗਰਮ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਪੰਜਾਬੀ ਭਾਸ਼ਾ ਦਾ ਸਨਮਾਨ ਬਹਾਲ ਕਰਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਗਰਮ ਹੋਈ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਪੀਲ ਕੀਤੀ ਹੈ ਕਿ ਯੂ.ਟੀ. (ਚੰਡੀਗੜ੍ਹ) ਪ੍ਰਸ਼ਾਸਨ ਵੱਲੋਂ ਪੰਜਾਬੀਆਂ ਦੀ ਮਾਂ ਬੋਲੀ ਨਾਲ ਕੀਤੇ ਜਾ ਰਹੇ ਵਿਤਕਰੇ ਨੂੰ ਤੁਰੰਤ ਬੰਦ ਕਰਵਾ ਕੇ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦਿਵਾਉਣ ਲਈ ਕਦਮ ਚੁੱਕੇ ਜਾਣ।

ਜ਼ਿਕਰਯੋਗ ਹੈ ਕਿ ਹਰਿਆਣਾ ਸਰਕਾਰ ਵੱਲੋਂ ਵੀ ਪੰਜਾਬੀ ਭਾਸ਼ਾ ਨੂੰ ਦੂਸਰੀ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ ਪਰ ਸਮਾਜ ਸੇਵੀ ਸੰਸਥਾਵਾਂ, ਪੰਜਾਬੀ ਲੇਖਕਾਂ, ਬੁੱਧੀਜੀਵੀਆਂ, ਮੁਲਾਜ਼ਮਾਂ, ਗੁਰਦੁਆਰਾ ਕਮੇਟੀਆਂ ਵੱਲੋਂ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਤੇ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੱਕ ਆਵਾਜ਼ ਉਠਾਉਣ ਦੇ ਬਾਵਜੂਦ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਸਾਈਨ ਬੋਰਡਾਂ ਵਿਚੋਂ ਵੀ ਪੰਜਾਬੀ ਨੂੰ ਗਾਇਬ ਕਰ ਦਿੱਤਾ ਗਿਆ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਚੰਡੀਗੜ੍ਹ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਵੱਡੀ ਗਿਣਤੀ ਹੈ।

ਇਹ ਸ਼ਹਿਰ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਬਣਾਇਆ ਗਿਆ ਸੀ ਪਰ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਨਹੀਂ ਦਿੱਤਾ ਜਾ ਰਿਹਾ। ਜਥੇਦਾਰ ਮੱਕੜ ਨੇ ਕਿਹਾ ਕਿ ਕਦੇ ਯੂਨੀਵਰਸਿਟੀਆਂ ਤੇ ਕਦੇ ਪ੍ਰਸ਼ਾਸਨ ਵੱਲੋਂ ਪੰਜਾਬੀ ਨਾਲ ਮਤਰੇਈ ਮਾਂ ਵਾਲਾ ਕੀਤਾ ਜਾ ਰਿਹਾ ਸਲੂਕ



ਨਿੰਦਣਯੋਗ ਹੈ ਤੇ ਇਹ ਆਪਣੇ ਹੀ ਮੁਲਕ ਵਿਚ ਪੰਜਾਬੀਆਂ ਨੂੰ ਬੇਗਾਨਗੀ ਦਾ ਅਹਿਸਾਸ ਦਿਵਾਉਂਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਚੰਡੀਗੜ੍ਹ ਵਾਸੀਆਂ ਨਾਲ ਚੋਣਾਂ ਦੌਰਾਨ ਕੀਤੇ ਵਾਅਦੇ ਨੂੰ ਪੂਰਾ ਕਰੇ ਤੇ ਪੰਜਾਬੀ ਭਾਸ਼ਾ ਤੇ ਪੰਜਾਬੀਆਂ ਨਾਲ ਕੀਤੇ ਜਾ ਰਹੇ ਵਿਤਕਰੇ ਨੂੰ ਹਮੇਸ਼ਾਂ ਲਈ ਖਤਮ ਕਰੇ।

ਜਥੇਦਾਰ ਮੱਕੜ ਨੇ ਕਿਹਾ ਕਿ ਦਿੱਲੀ ਯੂਨੀਵਰਸਿਟੀ ਵੱਲੋਂ ਪੰਜਾਬੀ ਭਾਸ਼ਾ ਨੂੰ ਚਾਰ ਸਾਲਾ ਗਰੈਜੂਏਸ਼ਨ ਨੀਤੀ ਵਿਚ ਲਾਗੂ ਨਾ ਕਰਨ ਦਾ ਫ਼ੈਸਲਾ ਅਤਿ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਪੱਤਰ ਭੇਜ ਕੇ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਦੀ ਮੰਗ ਕੀਤੀ ਗਈ ਹੈ ਪਰ ਉਨ੍ਹਾਂ ਵੱਲੋਂ ਗੱਲਬਾਤ ਕਰਨ ਦਾ ਸਮਾਂ ਨਾ ਦੇਣਾ ਕੋਈ ਚੰਗਾ ਸੰਕੇਤ ਨਹੀਂ ਸਗੋਂ ਪੰਜਾਬੀ ਬੋਲੀ ਤੇ ਵਿਰਸੇ ਨਾਲ ਮਤਰੇਈ ਮਾਂ ਵਾਲਾ ਸਲੂਕ ਸਾਬਤ ਹੋ ਰਿਹਾ ਹੈ। ਕੇਂਦਰ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬੀ ਜ਼ੁਬਾਨ 110 ਮੁਲਕਾਂ ਵਿਚ ਰਹਿ ਰਹੇ 11 ਕਰੋੜ ਤੋਂ ਵੱਧ ਪੰਜਾਬੀਆਂ ਦੀ ਮਹੱਤਵਪੂਰਨ ਜ਼ੁਬਾਨ ਹੈ ਤੇ ਦੁਨੀਆਂ ਦੀ 13ਵੀਂ ਭਾਸ਼ਾ ਦਾ ਸਥਾਨ ਪ੍ਰਾਪਤ ਕਰ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਯੂਨੀਵਰਸਿਟੀ ਵੱਲੋਂ ਲਏ ਗਏ ਪੰਜਾਬੀ ਵਿਰੋਧੀ ਫ਼ੈਸਲੇ ਨੇ ਹਰ ਪੰਜਾਬੀ ਨੂੰ ਦੁਖੀ ਤੇ ਬੇਚੈਨ ਕੀਤਾ ਹੈ ਤੇ ਦੁਖ ਉਦੋਂ ਹੋਰ ਵਧ ਜਾਂਦਾ ਹੈ ਜਦੋਂ ਰਾਜਧਾਨੀ ਵਿਚ ਪੰਜਾਬੀਆਂ ਦੀ ਗਿਣਤੀ ਲੱਖਾਂ ਵਿਚ ਹੋਵੇ ਤੇ ਪੰਜਾਬੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਵੀ ਹਾਸਲ ਹੋਇਆ ਹੋਵੇ। ਉਨ੍ਹਾਂ ਕਿਹਾ ਕਿ ਪੰਜਾਬੀ ਨੂੰ ਉੱਚ ਵਿਦਿਅਕ ਅਦਾਰਿਆਂ ਵਿਚੋਂ ਗਿਣੀ ਮਿਥੀ ਸਾਜ਼ਿਸ਼ ਅਧੀਨ ਕੋਰਸਾਂ ਵਿਚੋਂ ਖਾਰਜ ਕਰ ਦੇਣ ਦੇ ਮਨਸੂਬੇ ਨਿੰਦਣਯੋਗ ਹਨ ਤੇ ਦਿੱਲੀ ਯੂਨੀਵਰਸਿਟੀ ਦੀ ਦੋਗਲੀ ਵਿਦਿਅਕ ਨੀਤੀ ਨੂੰ ਬੇਪਰਦ ਵੀ ਕਰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਬੋਲੀ ਤੇ ਭਾਸ਼ਾ ਕਿਸੇ ਵਰਗ/ਫਿਰਕੇ ਤੇ ਜਮਾਤ ਲਈ ਰਾਖਵੀਂ ਨਹੀਂ ਹੈ। ਉਨ੍ਹਾਂ ਮੁੜ ਦੇਸ਼ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਮਿਲਣ ਲਈ ਸਮਾਂ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਹਰ ਪੰਜਾਬੀ ਨੂੰ ਅਪੀਲ ਕੀਤੀ ਕਿ ਉਹ ਮਾਂ ਬੋਲੀ ਨਾਲ ਹੋ ਰਹੇ ਇਸ ਵਿਤਕਰੇ ਵਿਰੁੱਧ ਅਵਾਜ਼ ਉਠਾਏ।

## ਭਾਜਪਾ ਨੇ ਕਾਂਗਰਸ ਸਿਰ ਦੋਸ਼ ਮੜ੍ਹਿਆ

**ਚੰਡੀਗੜ੍ਹ:** ਸਾਰੀ ਖੇਡ ਵਿਗੜਦੀ ਵੇਖ ਪੰਜਾਬ ਭਾਜਪਾ ਪ੍ਰਧਾਨ ਕਮਲ ਸ਼ਰਮਾ ਨੇ ਕਿਹਾ ਹੈ ਕਿ ਗੁਜਰਾਤ ਦੇ ਕੱਛ ਖੇਤਰ ਵਿਚ ਵਸਦੇ ਪੰਜਾਬੀ ਪਰਿਵਾਰਾਂ ਦੀਆਂ ਜ਼ਮੀਨਾਂ ਖੋਹਣ ਦੇ ਮਾਮਲੇ 'ਤੇ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨਾਲ ਗੱਲਬਾਤ ਕੀਤੀ ਹੈ ਤੇ ਇਨ੍ਹਾਂ ਪਰਿਵਾਰਾਂ ਨੂੰ ਇਨਸਾਫ ਦਵਾਇਆ ਜਾਵੇਗਾ। ਇਸ ਦੇ ਨਾਲ ਹੀ ਵਿਰੋਧੀ ਪਾਰਟੀ 'ਤੇ ਦੋਸ਼ ਮੜ੍ਹਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਕੋਲ ਕੋਈ ਮੁੱਦਾ ਨਾ ਹੋਣ ਕਰਕੇ ਸ੍ਰੀ ਮੋਦੀ ਦੇ ਅਕਸ ਨੂੰ ਖਰਾਬ ਕਰਨ ਲਈ ਇਸ ਮਾਮਲੇ ਨੂੰ ਸਿਆਸੀ ਹਵਾ ਦਿੱਤੀ ਜਾ ਰਹੀ ਹੈ।

ਪੰਜਾਬ ਭਾਜਪਾ ਪ੍ਰਧਾਨ ਦਾ ਗੁਜਰਾਤ ਵਿਚ ਬਣੇ ਉਸ ਐਕਟ ਬਾਰੇ ਕਹਿਣਾ ਹੈ ਕਿ ਗੁਜਰਾਤ ਦੇ ਕੱਛ ਖੇਤਰ ਵਿਚ 1965 ਦੀ ਜੰਗ ਮਗਰੋਂ ਜਦੋਂ ਘੁਸਪੈਠ ਹੋਣੀ ਸ਼ੁਰੂ ਹੋਈ ਸੀ, ਉਸ ਵੇਲੇ ਇਕ ਕਾਨੂੰਨ ਪਾਸ ਹੋਇਆ ਸੀ ਜਿਸ ਵਿਚ ਸਮੁੰਦਰੀ ਤੱਟ ਦੇ ਨੇੜੇ ਕੋਈ ਵੀ ਦੂਸਰੇ ਸੂਬੇ ਦਾ ਵਸਨੀਕ ਜ਼ਮੀਨ ਨਹੀਂ ਖਰੀਦ ਸਕਦਾ।ਉਨ੍ਹਾਂ ਕਿਹਾ ਕਿ ਇਸ ਐਕਟ ਦੇ ਮੁਤਾਬਕ ਹੀ ਗੁਜਰਾਤ ਸਰਕਾਰ ਵੱਲੋਂ ਜ਼ਮੀਨਾਂ ਆਪਣੇ ਕਬਜ਼ੇ ਵਿਚ ਰੱਖੀਆਂ ਹੋਈਆਂ ਹਨ। ਇਸ ਐਕਟ ਕਰਕੇ 800 ਪਰਿਵਾਰਾਂ ਨੂੰ ਆਪਣੀ ਜ਼ਮੀਨ ਗੁਆਉਣੀ ਪਈ ਹੈ ਜਿਨ੍ਹਾਂ ਵਿਚ 29 ਸਿੱਖ ਪਰਿਵਾਰ ਸ਼ਾਮਲ ਹਨ ਤੇ ਇਨ੍ਹਾਂ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਉਹ ਸ੍ਰੀ ਮੋਦੀ ਨਾਲ ਸੰਪਰਕ ਵਿਚ ਹਨ।

# ਇਹ ਆਪਣੇ ਪੰਜਾਬੀਆਂ ਦੀ ਦਰਿਆਦਿਲੀ ਹੈ ਜਾਂ ਫਿਰ...

**ਚੰਡੀਗੜ੍ਹ:** ਪੰਜਾਬ ਦੇ ਰਾਜਸੀ ਆਗੂਆਂ ਨੇ ਵੋਟ ਬੈਂਕ ਵਿਚ ਵਾਧੇ ਲਈ ਅਜਿਹੀਆਂ ਨੀਤੀਆਂ ਘੜ ਦਿੱਤੀਆਂ ਹਨ ਜਿਨ੍ਹਾਂ ਦੇ ਚੱਲਦਿਆਂ ਪੰਜਾਬ ਵਿਚ ਸਰਕਾਰੀ ਨੌਕਰੀਆਂ ਵਿਚ ਪੰਜਾਬੀਆਂ ਨੂੰ ਵੱਡਾ ਖੋਰਾ ਲੱਗਣਾ ਸ਼ੁਰੂ ਹੋ ਗਿਆ ਜਦਕਿ ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ, ਹਰਿਆਣਾ ਤੇ ਜੰਮੂ-ਕਸ਼ਮੀਰ ਆਪਣੇ ਨੌਜਵਾਨਾਂ ਪ੍ਰਤੀ ਇੰਨੇ ਗੰਭੀਰ ਹਨ ਕਿ ਕਿਸੇ ਹੋਰ ਸੂਬੇ ਦੇ ਨੌਜਵਾਨ ਵੱਲੋਂ ਇਨ੍ਹਾਂ ਰਾਜਾਂ ਵਿਚ ਜਾ ਕੇ ਸਰਕਾਰੀ ਨੌਕਰੀ ਹਾਸਿਲ ਕਰਨਾ ਲਗਭਗ ਅਸੰਭਵ ਹੈ। ਕਈ ਇਸ ਨੂੰ ਪੰਜਾਬੀਆਂ ਦੀ ਦਰਿਆਦਿਲੀ ਕਹਿ ਰਹੇ ਹਨ ਅਤੇ ਕੁਝ ਕੁ ਦਾ ਕਹਿਣਾ ਹੈ ਕਿ ਇਹ ਰਾਹ ਆਤਮਘਾਤੀ ਹੈ।

ਹਿਮਾਚਲ ਪ੍ਰਦੇਸ਼ ਦੀ ਉਦਾਹਰਣ ਲੈ ਲਈ ਜਾਵੇ ਤਾਂ ਉਥੇ ਸਿਰਫ ਹਿਮਾਚਲੀਆਂ ਨੂੰ ਹੀ ਸਰਕਾਰੀ ਨੌਕਰੀ ਦੇਣ ਲਈ 'ਡੋਮੀਸਾਈਲ' ਦੀ ਥਾਂ 'ਬੋਨਾਫਾਈਡ' ਦੀ ਸ਼ਰਤ ਰੱਖੀ ਜਾਂਦੀ ਹੈ ਜਦਕਿ ਪੰਜਾਬ ਦਾ ਕੋਈ ਵਿਰਲਾ ਹੀ ਰਾਜਸੀ ਵਿਅਕਤੀ ਅਜਿਹਾ ਹੋਵੇਗਾ ਜਿਸ ਨੂੰ ਡੋਮੀਸਾਈਲ ਜਾਂ ਬੋਨਾਫਾਈਡ ਵਿਚ ਫਰਕ ਪਤਾ ਹੋਵੇ। ਜਾਣਕਾਰਾਂ ਅਨੁਸਾਰ ਜੇ ਕਿਸੇ ਵਿਅਕਤੀ ਕੋਲ ਪੰਜਾਬ ਦਾ 'ਡੋਮੀਸਾਈਲ ਸਰਟੀਫਿਕੇਟ' ਹੈ ਤਾਂ ਇਸ ਦਾ ਅਰਥ ਹੈ ਕਿ ਉਹ ਵਿਅਕਤੀ ਪੰਜਾਬ ਦਾ ਪੱਕਾ ਨਿਵਾਸੀ ਹੈ ਜਦਕਿ ਬੋਨਾਫਾਈਡ ਦਾ ਅਰਥ ਹੈ ਕਿ ਵਿਅਕਤੀ ਪੰਜਾਬ ਵਿਚ ਜੱਦੀਪੁਸ਼ਤੀ ਰਹਿ ਰਿਹਾ ਹੈ।

ਹਿਮਾਚਲ ਵਿਚ ਡੋਮੀਸਾਈਲ ਨਹੀਂ ਬਲਕਿ ਹਿਮਾਚਲ ਵਿਚ ਜੱਦੀ-ਪੁਸ਼ਤੀ ਰਹਿ ਰਹੇ ਵਿਅਕਤੀਆਂ ਭਾਵ ਬੋਨਾਫਾਈਡ ਨੂੰ ਸਰਕਾਰੀ ਨੌਕਰੀਆਂ ਲਈ ਯੋਗ ਮੰਨਿਆ ਜਾਂਦਾ ਹੈ ਜਦਕਿ ਪੰਜਾਬ ਵਿਚ ਸਰਕਾਰੀ ਨੌਕਰੀ ਲਈ ਹਰ ਵਿਅਕਤੀ ਤੋਂ ਡੋਮੀਸਾਈਲ ਸਰਟੀਫਿਕੇਟ ਮੰਗਿਆ ਜਾਂਦਾ ਹੈ ਤੇ ਜਿਸ ਵਿਅਕਤੀ ਕੋਲ ਇਹ ਸਰਟੀਫਿਕੇਟ ਹੋਵੇ ਉਸ ਨੂੰ ਪੰਜਾਬ ਦਾ ਪੱਕਾ ਵਸਨੀਕ ਮੰਨਦਿਆਂ ਨੌਕਰੀ ਲਈ ਵਿਚਾਰ ਲਿਆ ਜਾਂਦਾ ਹੈ ਪਰ ਪੰਜਾਬ ਵਿਚ ਰਾਸ਼ਨ ਕਾਰਡ ਦੇ ਆਧਾਰ 'ਤੇ ਕੋਈ ਵੀ ਵਿਅਕਤੀ ਆਪਣਾ ਡੋਮੀਸਾਈਲ ਸਰਟੀਫਿਕੇਟ ਬਣਵਾ ਸਕਦਾ ਹੈ ਜਦਕਿ ਪੰਜਾਬ ਵਿਚ ਰਾਸ਼ਨ ਕਾਰਡ ਬਣਵਾਉਣ ਦਾ ਅਮਲ ਇੰਨਾ ਸਰਲ ਤੇ ਬੇਨਿਯਮੀਆਂ ਭਰਿਆ ਹੈ ਕਿ ਕਿਸੇ ਵੀ ਰਾਜ ਦਾ ਵਿਅਕਤੀ ਇਥੇ ਆ ਕੇ ਆਸਾਨੀ ਨਾਲ ਰਾਸ਼ਨ ਕਾਰਡ ਤਿਆਰ ਕਰਵਾ ਕੇ ਉਸ ਤੋਂ ਬਾਅਦ ਇਥੇ ਸਰਕਾਰੀ ਨੌਕਰੀ ਲਈ ਅਰਜ਼ੀ ਦੇ ਸਕਦਾ ਹੈ।

ਸੂਤਰਾਂ ਅਨੁਸਾਰ ਹੋਰ ਰਾਜਾਂ ਦੇ ਵਿਅਕਤੀਆਂ ਨੂੰ ਕਈ ਵਾਰ ਪੰਜਾਬ ਵਿਚ ਰਾਸ਼ਨ ਕਾਰਡ ਬਣਵਾਉਣ ਲਈ ਹਲਫਨਾਮਾ ਵੀ ਨਹੀਂ ਦੇਣਾ ਪੈਂਦਾ ਬਲਕਿ ਮਹਿਜ਼ ਇਕ ਐਲਾਨ ਪੱਤਰ




ਦੇ ਕੇ ਹੋਰ ਸੂਬੇ ਦਾ ਵਿਅਕਤੀ ਇਥੋਂ ਦਾ ਰਾਸ਼ਨ ਕਾਰਡ ਤਿਆਰ ਕਰਵਾ ਸਕਦਾ ਹੈ। ਇਸੇ ਦਾ ਨਤੀਜਾ ਹੈ ਕਿ ਪੰਜਾਬ ਵਿਚ ਸਰਕਾਰੀ ਨੌਕਰੀਆਂ ਅਜਿਹੇ ਉਮੀਦਵਾਰ ਵੀ ਲੈ ਜਾਂਦੇ ਹਨ ਜਿਹੜੇ ਚੰਡੀਗੜ੍ਹ, ਅੰਬਾਲਾ ਜਾ ਹੋਰ ਖੇਤਰਾਂ ਵਿਚੋਂ ਹੁੰਦੇ ਹਨ। ਪੰਜਾਬ ਵਿਚ ਸਰਕਾਰੀ ਨੌਕਰੀ ਲੈਣ ਦਾ ਇਕ ਹੋਰ ਆਸਾਨ ਤਰੀਕਾ ਹੈ ਕਿ ਚੰਡੀਗੜ੍ਹ ਦਾ ਰਾਸ਼ਨ ਕਾਰਡ ਬਣਵਾਓ ਤੇ ਪੰਜਾਬ 'ਚ ਸਰਕਾਰੀ ਨੌਕਰੀ ਲਵੋ। ਇਸ ਦਾ ਪ੍ਰਤੱਖ ਸਬੂਤ ਚੰਡੀਗੜ੍ਹ ਨਾਲ ਲੱਗਦਾ ਪੰਜਾਬ ਦਾ ਅਜੀਤਗੜ੍ਹ ਜ਼ਿਲ੍ਹਾ ਹੈ ਜਿਥੋਂ ਦੇ ਸਰਕਾਰੀ ਸਕੂਲਾਂ ਵਿਚ ਸੇਵਾਵਾਂ ਦੇ ਰਹੇ ਕਈ ਅਧਿਆਪਕ ਚੰਡੀਗੜ੍ਹ ਦੇ ਡੋਮੀਸਾਈਲ ਹਨ ਜਦਕਿ ਇਸ ਮਾਮਲੇ ਵਿਚ ਹਰਿਆਣਾ ਇੰਨਾ ਗੰਭੀਰ ਹੈ ਕਿ ਹਾਲ ਹੀ ਵਿਚ ਉਸ ਵੱਲੋਂ ਆਪਣੇ ਸਟੇਟ ਕੋਟੇ ਵਿਚ ਕਿਸੇ ਹੋਰ ਸੂਬੇ ਦੇ ਡਾਕਟਰ ਨੂੰ ਐਮ.ਡੀ./ਐਮ.ਐਸ. ਵਿਚ ਦਾਖਲ ਨਹੀਂ ਕੀਤਾ ਗਿਆ ਬਲਕਿ ਹਰਿਆਣਵੀ ਉਮੀਦਵਾਰਾਂ ਨੂੰ ਹੀ ਦਾਖਲ ਕੀਤਾ ਗਿਆ।

ਇਥੇ ਹੀ ਬੱਸ ਨਹੀਂ ਪੰਜਾਬ ਵਿਚ ਹੋਰਾਂ ਰਾਜਾਂ ਦੇ ਉਮੀਦਵਾਰਾਂ ਨੂੰ ਸਰਕਾਰੀ ਨੌਕਰੀ ਦੇਣ ਲਈ ਪੰਜਾਬੀ ਦੀ ਸ਼ਰਤ ਤੋਂ ਵੀ ਰਾਹਤ ਦੇ ਦਿੱਤੀ ਜਾਂਦੀ ਹੈ। ਪੰਜਾਬ ਸਰਵ ਸਿੱਖਿਆ ਅਭਿਆਨ ਅਥਾਰਿਟੀ ਇਸ ਦੀ ਵੱਡੀ ਉਦਾਹਰਣ ਹੈ ਜਿਥੇ ਸਾਲ 2006 ਵਿਚ ਸੀਨੀਅਰ ਤੋਂ ਹੇਠਲੇ ਪੱਧਰ ਦੀਆਂ ਅਸਾਮੀਆਂ ਦੀ ਭਰਤੀ ਵੇਲੇ ਦਸਵੀਂ ਵਿਚ ਪੰਜਾਬੀ ਪਾਸ ਹੋਣ ਦੀ ਸ਼ਰਤ ਤੋਂ ਇਹ ਕਹਿੰਦਿਆਂ ਰਾਹਤ ਦੇ ਦਿੱਤੀ ਗਈ ਕਿ ਉਮੀਦਵਾਰ ਆਪਣੀ ਨੌਕਰੀ ਲੈਣ ਤੋਂ ਦੋ ਸਾਲ ਦੇ ਵਿਚ ਵਿਚ ਦਸਵੀਂ ਦਾ ਪੰਜਾਬੀ ਵਿਸ਼ਾ ਪਾਸ ਕਰਨਗੇ। ਪੰਜਾਬ ਸਰਵ ਸਿੱਖਿਆ ਅਭਿਆਨ ਅਥਾਰਿਟੀ ਤੇ ਚੰਡੀਗੜ੍ਹ ਵਿਚਲੇ ਪੰਜਾਬ ਸਰਕਾਰ ਦੇ ਕਮਿਸ਼ਨ, ਕਾਰਪੋਰੇਸ਼ਨਾਂ ਤੇ ਬੋਰਡਾਂ ਦੇ ਦਫਤਰਾਂ ਵਿਚ ਜਾ ਕੇ ਵੇਖਿਆ ਜਾ ਸਕਦਾ ਹੈ ਕਿ ਆਈ.ਏ.ਐਸ. ਅਧਿਕਾਰੀਆਂ ਦੀ ਮਿਹਰਬਾਨੀ ਨਾਲ ਹੇਠਲੇ ਦਰਜੇ ਦੇ ਅਮਲੇ ਵਿਚ ਗੈਰ-ਪੰਜਾਬੀਆਂ ਦੀ ਭਰਮਾਰ ਹੈ ਜੋ ਇਹ ਦਰਸਾਉਂਦੀ ਹੈ ਕਿ ਪੰਜਾਬ ਦੇ ਰਾਜਸੀ ਆਗੂ ਆਪਣੇ ਨੌਜਵਾਨਾਂ ਦੇ ਹੱਕਾਂ ਪ੍ਰਤੀ ਕਿੰਨੇ ਕੁ ਗੰਭੀਰ ਹਨ।

## Matrimonials

### ਵਰ ਦੀ ਲੋੜ

ਜੱਟ ਸਿੱਖ, ਸੋਹਣੀ ਸੁਨੱਖੀ ਅਮਰੀਕੀ ਸਿਟੀਜ਼ਨ ਤਲਾਕਸ਼ੁਦਾ ਲੜਕੀ, ਉਮਰ 38 ਸਾਲ ਕੱਦ 5'-7" ਲਈ 34-40 ਸਾਲ ਉਮਰ ਦੇ ਸੁਹਣੇ-ਸੁਨੱਖੇ ਯੋਗ ਵਰ ਦੀ ਲੋੜ ਹੈ। ਸਿਰਫ਼ ਗੰਭੀਰ ਲੋਕ ਹੀ ਸੰਪਰਕ ਕਰਨ: ਫੋਨ: 916-753-2041 ਜਾਂ ਈਮੇਲ: kaurm707@gmail.com

Wanted suitable US Citizen match for Jatt Sikh girl, 28, 5'-6", diploma in Aviation Management, working with Indigo Airline in New Delhi. Contact with details at e-mail: prince84india@yahoo.com

ਅਮਰੀਕਨ ਸਿਟੀਜ਼ਨ, ਕਸ਼ਯਪ ਰਾਜਪੂਤ, ਉਮਰ 28 ਸਾਲ, ਕੱਦ 5'-4", ਸਰਕਾਰੀ ਜਾਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਸਟੂਡੈਂਟ ਵੀਜ਼ਾ ਅਤੇ ਵਰਕ ਪਰਮਿਟ 'ਤੇ ਆਏ ਲੜਕੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਫੋਟੋ ਅਤੇ ਬਾਇਓਡਾਟਾ ਈਮੇਲ ਕਰੋ: preetny1@yahoo.com

### ਕੰਨਿਆ ਦੀ ਲੋੜ

ਕਲੀਨਸ਼ੇਵ ਜੱਟ ਸਿੱਖ ਬੀ-ਟੈਕ (ਸੀ ਐਸ ਈ), ਗਰੀਨ ਕਾਰਡ ਹੋਲਡਰ, ਸ਼ਿਕਾਗੋ ਵਿਚ ਟੈਕਨੀਕਲ ਐਸੋਸੀਏਟ ਵਜੋਂ ਕੰਮ ਕਰਦੇ ਲੜਕੇ, ਉਮਰ 25 ਸਾਲ, ਕੱਦ 5'-5" ਲਈ ਪੜ੍ਹੀ-ਲਿਖੀ ਸੁਨੱਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਈਮੇਲ ਕਰੋ: mannparents1@gmail.com

# ਹੁਣ ਸੌਖਾ ਨਹੀਂ ਰਿਹਾ ਚੋਣਾਂ ਲੜਨਾ: ਮਾਨ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਉਹ ਅਗਾਮੀ ਲੋਕ ਸਭਾ ਚੋਣਾਂ ਨਹੀਂ ਲੜਨਗੇ ਕਿਉਂਕਿ ਉਨ੍ਹਾਂ ਕੋਲ ਇੰਨਾ ਪੈਸਾ ਨਹੀਂ ਹੈ ਕਿ ਵਿਰੋਧੀਆਂ ਨੂੰ ਟੱਕਰ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਹੁਣ ਚੋਣ ਲੜਨੀ ਸੌਖੀ ਨਹੀਂ ਰਹੀ ਜਿਸ 'ਤੇ ਕਰੋੜਾਂ ਰੁਪਏ ਖਰਚ ਕੇ ਹੁਕਮਰਾਨ ਜਮਾਤ ਸੱਤਾ ਵਿਚ ਕਾਬਜ਼ ਹੋ ਜਾਂਦੀ ਹੈ। ਇੰਨਾ ਜ਼ਿਆਦਾ ਪੈਸਾ ਖਰਚ ਕਰਨਾ ਉਨ੍ਹਾਂ ਵਸ ਦੀ ਗੱਲ ਨਹੀਂ ਜਿਸ ਕਾਰਨ ਉਹ ਇਹ ਚੋਣਾਂ ਨਹੀਂ ਲੜਨਗੇ।



ਲੰਘੇ ਦਿਨੀਂ ਇਥੇ ਅਦਾਲਤ ਵਿਚ ਪੇਸ਼ੀ ਲਈ ਆਏ ਸ. ਮਾਨ ਨੇ ਕਿਹਾ ਕਿ ਗੁਜਰਾਤ ਸਰਕਾਰ ਵੱਲੋਂ ਸਿੱਖਾਂ ਨੂੰ ਉਜਾੜਨਾ ਘੱਟ ਗਿਣਤੀ ਤੇ ਸਿੱਖ ਕੌਮ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਵਿਚ ਸਿੱਖਾਂ ਨੂੰ ਉਜਾੜਨ ਦੇ ਮੁੱਦੇ 'ਤੇ ਸਿੱਖ ਕੌਮ ਦੀ ਹਿਤੈਸ਼ੀ ਅਖਵਾਉਣ ਵਾਲੀ ਬਾਦਲ ਸਰਕਾਰ ਵੱਲੋਂ ਕੋਈ ਗੌਰ ਨਹੀਂ ਫਰਮਾਈ ਜਾ ਰਹੀ। ਉਨ੍ਹਾਂ ਕਿਹਾ ਕਿ ਸ. ਬਾਦਲ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਦੇ ਸੋਹਲੇ ਗਾ ਰਹੇ ਹਨ ਪਰ ਭਾਜਪਾ ਦੇ ਇਸ ਆਗੂ ਵੱਲੋਂ ਬੇਕਸੂਰ ਸਿੱਖਾਂ ਨੂੰ ਉਜਾੜਿਆ ਜਾ ਰਿਹਾ ਹੈ।

ਸ. ਮਾਨ ਨੇ ਕਿਹਾ ਕਿ ਸਿੱਖਾਂ 'ਤੇ ਹੋ ਰਹੇ ਜ਼ੁਲਮਾਂ ਤੇ ਅੱਤਿਆਚਾਰਾਂ ਨੂੰ ਵਾਚਣ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਕਮੇਟੀ ਗਠਿਤ ਕੀਤੀ ਗਈ ਹੈ ਜਿਹੜੀ ਕਿ ਅਗਾਮੀ ਦਿਨਾਂ ਵਿਚ ਗੁਜਰਾਤ ਦੇ ਸਿੱਖ ਵਸੋਂ ਵਾਲੇ ਇਲਾਕਿਆਂ ਵਿਚ ਜਾ ਕੇ ਸਥਿਤੀ ਦਾ ਜ਼ਾਇਜ਼ਾ ਲਵੇਗੀ। ਉਨ੍ਹਾਂ ਕਿਹਾ ਕਿ ਕਮੇਟੀ ਵੱਲੋਂ ਪੇਸ਼ ਕੀਤੇ ਤੱਥਾਂ ਦੇ ਅਧਾਰ 'ਤੇ ਉਹ ਬਣਦੀ ਕਾਰਵਾਈ ਲਈ ਸਿੱਖ ਕੌਮ ਨੂੰ ਨਾਲ ਲੈ ਕੇ ਯੋਗ ਉਪਰਾਲੇ ਕਰਨਗੇ।

ਬਰਤਾਨੀਆ ਵਿਚ ਜਨਰਲ ਕੇ.ਐਸ ਬਰਾੜ 'ਤੇ ਹਮਲੇ ਵਿਚ ਚਾਰ ਸਿੱਖ ਨੌਜਵਾਨਾਂ ਨੂੰ ਉਥੋਂ ਦੀ ਸਰਕਾਰ ਵੱਲੋਂ ਦੋਸ਼ੀ ਠਹਿਰਾਉਣ 'ਤੇ ਤਿੱਖਾ ਪ੍ਰਤੀਕਰਮ ਜ਼ਾਹਿਰ ਕਰਦਿਆਂ ਸ. ਮਾਨ ਨੇ ਕਿਹਾ ਕਿ ਇਹ ਬਰਤਾਨੀਆ ਅਦਾਲਤ ਦੀ ਸਿੱਖਾਂ ਨਾਲ ਬੇਇਨਸਾਫ਼ੀ ਹੈ। ਉਨ੍ਹਾਂ ਬਰਤਾਨੀਆ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਆਪਣੇ ਮਨੁੱਖੀ ਅਧਿਕਾਰਾਂ ਦੇ ਹੱਕਾਂ ਲਈ ਬਣਾਏ ਕਾਨੂੰਨਾਂ ਨੂੰ ਮੁੱਖ ਰੱਖ ਕੇ ਕੇ.ਐਸ. ਬਰਾੜ ਵੱਲੋਂ ਸਿੱਖਾਂ 'ਤੇ ਕੀਤੇ ਅੰਨ੍ਹੇਵਾਹ ਤਸ਼ੱਦਦ ਬਾਰੇ ਪਤਾ ਕਰਕੇ ਆਪਣੇ ਦਿੱਤੇ ਵੀਜ਼ੇ 'ਤੇ ਵੀ ਵਿਚਾਰ ਵਟਾਂਦਰਾ ਕਰੇ।

ਉਨ੍ਹਾਂ ਕਿਹਾ ਕਿ ਜ਼ਲ੍ਹਿਆਂਵਾਲੇ ਬਾਗ ਦਾ ਲੰਡਨ ਜਾ ਕੇ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਦਾ ਤਾਂ ਦੇਸ਼ ਦੁਨੀਆਂ ਵਿਚ 'ਸ਼ਹੀਦੀ ਦਿਹਾੜਾ' ਮਨਾਇਆ ਗਿਆ ਜਦੋਂਕਿ ਜੂਨ 1984 ਦੇ 'ਸਾਕਾ ਨੀਲਾ ਤਾਰਾ' ਦੌਰਾਨ ਭਾਰਤੀ ਫੌਜ ਦੀ ਅਗਵਾਈ ਕਰਕੇ 20 ਹਜ਼ਾਰ ਨਿਰਦੋਸ਼ ਸਿੱਖਾਂ ਨੂੰ ਮਾਰ ਮੁਕਾਉਣ ਵਾਲੇ ਬਰਾੜ ਨੂੰ ਸਬਕ ਸਿਖਾਉਣ ਵਾਲੇ ਨੌਜਵਾਨਾਂ ਨੂੰ ਸਜ਼ਾ ਸੁਣਾਈ ਜਾ ਰਹੀ। ਉਨ੍ਹਾਂ ਕਿਹਾ ਕਿ ਇਸ ਕੇਸ ਨੂੰ ਦੂਜੇ ਪੱਖ ਤੋਂ ਵੀ ਵਿਚਾਰਨ ਦੀ ਲੋੜ ਜਿਸ ਨਾਲ ਇਹ ਸਪਸ਼ਟ ਹੋ ਜਾਵੇਗਾ ਕਿ ਸਿੱਖ ਨੌਜਵਾਨਾਂ ਦਾ ਗੁੱਸਾ ਨਾਜਾਇਜ਼ ਨਹੀਂ ਸੀ।

# ਸਿਆਸੀ ਪਾਰਟੀਆਂ ਸੂਚਨਾ ਅਧਿਕਾਰ ਕਾਨੂੰਨ ਦੇ ਘੇਰੇ ਤੋਂ ਬਾਹਰ

**ਨਵੀਂ ਦਿੱਲੀ:** ਕੇਂਦਰੀ ਮੰਤਰੀ ਮੰਡਲ ਨੇ ਸਿਆਸੀ ਪਾਰਟੀਆਂ ਨੂੰ ਆਰ.ਟੀ.ਆਈ. ਦੇ ਘੇਰੇ ਵਿਚੋਂ ਬਾਹਰ ਕੱਢਣ ਲਈ ਇਸ ਕਾਨੂੰਨ ਵਿਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ। ਕੇਂਦਰੀ ਸੂਚਨਾ ਕਮਿਸ਼ਨ ਵੱਲੋਂ ਇਸ ਸਾਲ ਜੂਨ ਵਿਚ ਛੇ ਕੌਮੀ ਪਾਰਟੀਆਂ ਕਾਂਗਰਸ, ਭਾਜਪਾ, ਐਨ.ਸੀ.ਪੀ., ਸੀ.ਪੀ.ਆਈ. (ਐਮ), ਸੀ.ਪੀ.ਆਈ. ਤੇ ਬਸਪਾ ਨੂੰ ਸੂਚਨਾ ਅਧਿਕਾਰੀ ਨਿਯੁਕਤ ਕਰਨ ਲਈ ਕਿਹਾ ਸੀ।

ਇਸ ਤੋਂ ਸਿਆਸੀ ਪਾਰਟੀਆਂ ਖਾਸ ਤੌਰ 'ਤੇ ਕਾਂਗਰਸ ਭੜਕ ਗਈ ਸੀ। ਇਸ ਐਕਟ ਵਿਚ ਸੋਧ ਨੂੰ ਹਰੀ ਝੰਡੀ ਮਿਲਣ ਮਗਰੋਂ ਦੇਸ਼ ਦੀਆਂ ਸਾਰੀਆਂ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਆਰ.ਟੀ.ਆਈ. ਦੇ ਘੇਰੇ ਵਿਚੋਂ ਬਾਹਰ ਹੋ ਜਾਣਗੀਆਂ।ਸਰਕਾਰ ਵੱਲੋਂ ਇਹ ਸੋਧ ਬਿੱਲ ਇਸੇ ਮੌਨਸੂਨ ਸੈਸ਼ਨ ਵਿਚ ਪੇਸ਼ ਕੀਤਾ ਜਾਵੇਗਾ।

**Prince's Barber Shop**
37477 Fremont Blvd, suite C, Fremont, CA 94536
**Men & Children's Hair Cut**
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)
Cell: (510)-677-9942
Shop: (510)-505-9605
www.princebarbershop.com





**MRP TRAVEL**
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.
Asiana Airlines, Emirates, Korean Air, Singapore Airlines, Cathay Pacific, Lufthansa, China Airlines



**SUPER TRAVEL**
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



RADIO CHARDI KALA
ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ
ਰੇਡੀਓ ਚੜ੍ਹਦੀ ਕਲਾ
ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7 (ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7 (ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7 (ਬਾਲੀਵੁਡ ਮਿਊਜ਼ਿਕ)
www.desibiteradio.com
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600
Radio CK, PO Box 296, Fremont, CA 94537

FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੇਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਹਰਿਮੰਦਰ ਸਾਹਿਬ ਦੀ ਚਮਕ ਲਈ ਪ੍ਰਦੂਸ਼ਣ ਬਣਿਆ ਵੱਡਾ ਖਤਰਾ

## ਅਨੇਕਾਂ ਸਰਵੇਖਣਾਂ ਪਿੱਛੋਂ ਵੀ ਨਹੀਂ ਹੋਈ ਕੋਈ ਕਾਰਵਾਈ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਸੁਨਹਿਰੀ ਚਮਕ ਲਈ ਪ੍ਰਦੂਸ਼ਣ ਵੱਡਾ ਖਤਰਾ ਬਣ ਗਿਆ ਹੈ। ਦੇਸ਼ ਦੀਆਂ ਪ੍ਰਦੂਸ਼ਣ ਵਿਰੁੱਧ ਕੇਂਦਰੀ ਇਕਾਈਆਂ ਤੇ ਪੰਜਾਬ ਪ੍ਰਦੂਸ਼ਣ ਰੋਕੂ ਵਿਭਾਗ ਵੱਲੋਂ ਇਥੇ ਕਈ ਸਰਵੇਖਣ ਕਰਵਾਏ ਗਏ ਪਰ ਇਸ ਦੇ ਪੱਕੇ ਹੱਲ ਲਈ ਕਦੇ ਕੋਸ਼ਿਸ਼ ਨਹੀਂ ਕੀਤੀ ਗਈ। ਸ਼੍ਰੋਮਣੀ ਕਮੇਟੀ ਤੇ 'ਮੌਜੂਦਾ ਪੰਥਕ ਸਰਕਾਰ' ਦੀਆਂ ਆਪਣੀਆਂ ਅਣਗਹਿਲੀਆਂ ਵੀ ਪ੍ਰਦੂਸ਼ਣ ਲਈ ਜ਼ਿੰਮੇਵਾਰ ਹਨ।

'ਨੋ ਵਹੀਕਲ ਜ਼ੋਨ' ਦਾ ਰਾਗ ਅਲਾਪਣ ਵਾਲੀ ਸ਼੍ਰੋਮਣੀ ਕਮੇਟੀ ਦੇ ਆਪਣੇ ਤੇ ਚਹੇਤਿਆਂ ਦੀਆਂ ਤਕਰੀਬਨ ਸਾਰੀਆਂ ਗੱਡੀਆਂ ਸਰਾਵਾਂ ਵਾਲੇ ਗੇਟ ਰਾਹੀਂ ਧੁਰ ਅੰਦਰ ਤੱਕ ਪੁੱਜਦੀਆਂ ਹਨ ਜਿਥੋਂ ਸ੍ਰੀ ਹਰਿਮੰਦਰ ਸਾਹਿਬ ਦੀ ਦੂਰੀ ਮਾਤਰ ਕੁਝ ਮੀਟਰਾਂ ਵਿਚ ਰਹਿ ਜਾਂਦੀ ਹੈ। ਬੰਦੀ ਛੋੜ ਦਿਵਸ ਸਮੇਤ ਹੋਰਾਂ ਵਿਸ਼ੇਸ਼ ਮੌਕਿਆਂ 'ਤੇ ਪਰਿਕਰਮਾ ਸਮੂਹ ਅੰਦਰ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ, ਭਾਵੇਂਕਿ ਇਸ ਦਾ ਸਮਾਂ ਹੌਲੀ-ਹੌਲੀ ਅੱਧੇ ਘੰਟੇ ਤੋਂ ਘਟਾ ਕੇ 10 ਮਿੰਟ ਤੱਕ ਕਰ ਦਿੱਤਾ ਗਿਆ ਹੈ।

ਸੂਬਾ ਸਰਕਾਰ ਹਰ ਰੋਜ਼ ਮੁੜ ਪ੍ਰਾਪਤੀ ਯੋਗ ਕੁਦਰਤੀ ਸਾਧਨਾਂ ਸੌਰ ਊਰਜਾ ਦੀ ਦੁਹਾਈ ਦਿੰਦੀ ਹੈ ਪਰ ਗੁਰੂ ਰਾਮਦਾਸ ਦੇ ਲੰਗਰ ਵਿਚ ਲਾਏ ਗਏ ਸੌਰ ਊਰਜਾ ਪਲਾਂਟ ਸਿਰਫ ਸਿਆਸਤਦਾਨਾਂ ਦੀਆਂ ਸ਼ੁਰੂਆਤੀ ਤਸਵੀਰਾਂ ਤੱਕ ਸੀਮਤ ਰਹੇ ਤੇ ਆਪਣੀ ਸਮਰੱਥਾ ਨਹੀਂ ਵਿਖਾ ਸਕੇ। ਲੰਗਰ ਲਈ ਵਰਤੀ ਜਾਂਦੀ ਐਲ.ਪੀ.ਜੀ 'ਤੇ ਸਬਸਿਡੀ ਨਾ ਮਿਲਣ ਕਾਰਨ ਸਬਜ਼ੀਆਂ ਤੇ ਪ੍ਰਸ਼ਾਦਿਆਂ ਲਈ ਲੱਕੜ ਦੀ ਵਰਤੋਂ ਹੋ ਰਹੀ ਹੈ ਜਦਕਿ ਸੂਬਾ ਸਰਕਾਰ ਆਪਣੇ ਵੱਲੋਂ ਕੋਈ ਰਿਆਇਤ ਦੇਣ ਨੂੰ ਤਿਆਰ ਨਹੀਂ। ਪ੍ਰਦੂਸ਼ਣ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਨੇੜਲੇ ਖੇਤਰ ਵਿਚ ਕੂੜਾ ਗੰਦਗੀ ਵੀ ਵੱਡੀ ਫਿਕਰ ਦਾ ਵਿਸ਼ਾ ਹੈ। ਸੂਬੇ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਹਰੇਕ ਮਹੀਨੇ ਸ੍ਰੀ ਹਰਿਮੰਦਰ ਸਾਹਿਬ ਅਖੰਡ ਪਾਠ ਸਾਹਿਬ ਲਈ ਆਉਂਦੇ ਹਨ ਤੇ ਹਰੇਕ ਦਫ਼ਾ ਸਥਾਨਕ ਡਿਪਟੀ ਕਮਿਸ਼ਨਰ ਸਮੇਤ ਬਾਕੀ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਚੁਗਿਰਦੇ ਦੀ ਸਫਾਈ ਦੀ ਤਾਕੀਦ ਕਰਦੇ ਹਨ ਪਰ ਇਸ 'ਤੇ ਕਦੇ ਵੀ ਕੋਈ ਕਾਰਵਾਈ ਨਹੀਂ ਹੋਈ।

ਇਸ ਵੇਲੇ ਹਾਲਾਤ ਇਹ ਹਨ ਕਿ ਪੰਜਾਬ ਵਿਚ 'ਪੰਥਕ' ਸਰਕਾਰ ਤੇ ਸ਼੍ਰੋਮਣੀ ਕਮੇਟੀ ਜਿਹੇ ਪ੍ਰਬੰਧਕ ਹੋਣ ਦੇ ਬਾਵਜੂਦ ਸਿੱਖਾਂ ਦਾ ਮੁਕੱਦਸ ਅਸਥਾਨ ਪ੍ਰਦੂਸ਼ਣ ਦੀ ਲਪੇਟ ਵਿਚ ਹੈ ਜਦਕਿ ਉੱਤਰ ਪ੍ਰਦੇਸ਼ ਜਿਹੇ ਪੱਛੜੇ ਸੂਬੇ ਵਿਚ ਬਣੇ ਇਕ 'ਮਕਬਰੇ' (ਆਗਰੇ ਦੇ ਤਾਜ) ਨੂੰ ਪ੍ਰਦੂਸ਼ਣ, ਗੰਦਗੀ ਤੋਂ ਬਚਾਉਣ ਲਈ ਤੇਲ ਗੱਡੀਆਂ, ਕਾਗਜ਼ ਤੇ ਪਾਲੀਥੀਨ ਸਨਅਤਾਂ 'ਤੇ ਪਾਬੰਦੀ ਤੇ ਖੇਤਰ ਵਿਚ ਪ੍ਰਦੂਸ਼ਣ ਮੁਕਤ ਬਿਜਲਈ ਕਾਰਾਂ ਵਰਗੇ ਪ੍ਰਭਾਵਸ਼ਾਲੀ ਉਦਮ ਪ੍ਰਪੱਕਤਾ ਨਾਲ ਲਾਗੂ ਕੀਤੇ ਗਏ ਹਨ।

1830 ਵਿਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਇਥੇ ਲਵਾਏ ਗਏ ਬਾਹਰੀ ਸੁਨਹਿਰੀ ਪੱਤਰੇ 170 ਸਾਲ ਬਾਅਦ ਖ਼ਾਲਸੇ ਦੇ 300 ਸਾਲਾ ਸਾਜਨਾ ਦਿਵਸ ਮੌਕੇ 1999 ਵਿਚ ਇੰਗਲੈਂਡ ਦੀ ਸੇਵਕ ਸੰਸਥਾ ਵੱਲੋਂ ਬਦਲੇ ਗਏ ਜਿਸ ਤੋਂ ਬਾਅਦ ਦੋ ਵਾਰ ਚਮਕ ਲਈ ਪਾਲਿਸ਼ ਵੀ ਕੀਤੀ ਜਾ ਚੁੱਕੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਹਰੇਕ ਵਰ੍ਹੇ ਇਨਾਂ ਦੀ ਸਫਾਈ ਕਰਵਾਈ ਜਾਂਦੀ ਹੈ ਪਰ ਫਿਰ ਵੀ ਸੁਨਹਿਰੀ ਪੱਤਰਿਆਂ 'ਤੇ ਕਾਲਾਪਨ ਲਗਾਤਾਰ ਜੰਮ ਰਿਹਾ ਹੈ।

ਸਰਵੇਖਣਾਂ ਦੌਰਾਨ ਸਾਹਮਣੇ ਆਇਆ ਕਿ ਖੇਤਰ ਵਿਚ ਆਵਾਜਾਈ ਲਈ ਵਰਤੇ ਜਾ ਰਹੇ ਮਿੱਟੀ ਦੇ ਤੇਲ, ਪੈਟਰੋਲ, ਡੀਜ਼ਲ ਆਦਿ ਵਾਲੇ ਥ੍ਰੀ-ਵੀਲ੍ਹਰਾਂ ਸਮੇਤ ਪ੍ਰਦੂਸ਼ਿਤ ਗੱਡੀਆਂ ਮੁੱਖ ਰੂਪ ਵਿਚ ਜ਼ਿੰਮੇਵਾਰ ਹਨ। ਚੌਗਿਰਦੇ ਨੇੜੇ ਯਾਤਰੀ ਨਿਵਾਸ ਤੇ ਹੋਟਲਾਂ ਦੀ ਭਰਮਾਰ ਕਾਰਨ ਜਨਰੇਟਰਾਂ ਤੇ ਢਾਬਿਆਂ ਦੀਆਂ ਭੱਠੀਆਂ ਆਦਿ ਤੋਂ ਨਿਕਲਦਾ ਜ਼ਹਿਰੀਲਾ ਧੂੰਆਂ ਪ੍ਰਦੂਸ਼ਣ ਦਾ ਸਰੋਤ ਬਣਦੇ ਹਨ। ਗਲਿਆਰੇ ਨਾਲ ਲਗਦੇ ਗੁਰੂ ਬਾਜ਼ਾਰ ਵਿਚ ਸਦੀਆਂ ਤੋਂ ਸੋਨੇ ਦੇ ਕਾਰੀਗਰਾਂ ਵੱਲੋਂ ਢਲਾਈ ਲਈ ਵਰਤੀ ਜਾਂਦੀ ਕੋਲੇ ਦੀ ਤਪਸ਼ ਵੀ ਪ੍ਰਦੂਸ਼ਣ ਦਾ ਕਾਰਨ ਹੈ।

# ਰਕਾਬਗੰਜ ਸਾਹਿਬ ਵਿਖੇ ਯਾਦਗਾਰ ਨਹੀਂ ਬਣਨ ਦਿਆਂਗੇ: ਸਰਨਾ

**ਨਵੀਂ ਦਿੱਲੀ:** 1984 ਦੇ ਕਤਲੇਆਮ ਦੀ ਸ਼ਹੀਦੀ ਯਾਦਗਾਰ ਦੇ ਮਾਮਲੇ ਵਿਚ ਸ੍ਰੀ ਅਕਾਲ ਤਖਤ ਵੱਲੋਂ ਲਾਈ ਗਈ ਸੇਵਾ ਪੂਰੀ ਕਰਕੇ ਸੁਰਖਰੂ ਹੋਣ ਤੇ ਅਦਾਲਤ ਵਿਚੋਂ ਕੇਸ ਵਾਪਸ ਲੈਣ ਉਪਰੰਤ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਐਲਾਨ ਕੀਤਾ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਹਮੇਸ਼ਾ ਸਤਿਕਾਰ ਕੀਤਾ ਜਾਂਦਾ ਰਹੇਗਾ ਪਰ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਛੁਟਿਆਉਣ ਵਾਲੀ ਕਿਸੇ ਦੁਨਿਆਵੀ ਵਿਅਕਤੀ ਦੀ ਯਾਦਗਾਰ ਨਹੀਂ ਬਣਨ ਦਿੱਤੀ ਜਾਵੇਗੀ।

ਸ. ਸਰਨਾ ਨੇ ਇਹ ਅਪੀਲ ਵੀ ਕੀਤੀ ਕਿ ਪੰਜਾਂ ਤਖਤਾਂ ਦੇ ਸਿੰਘ ਸਾਹਿਬਾਨ ਨੂੰ ਯਾਦਗਾਰ ਦੀ ਉਸਾਰੀ ਸਬੰਧੀ ਫੈਸਲੇ 'ਤੇ ਮੁੜ ਵਿਚਾਰ ਕਰਨੀ ਚਾਹੀਦੀ ਹੈ ਕਿਉਂਕਿ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਗੁਰੂ ਸਾਹਿਬਾਨ ਦੇ ਅਸਥਾਨ ਨਾਲ ਕਿਸੀ ਵੀ ਆਮ ਵਿਅਕਤੀ ਦੀ ਯਾਦਗਾਰ ਨਹੀਂ ਬਣਾਈ ਜਾ ਸਕਦੀ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਯਾਦਗਾਰ ਦੀ ਉਸਾਰੀ ਦੇ ਨਹੀਂ ਬਲਕਿ ਉਸਾਰੀ ਦੇ ਸਥਾਨ ਦੀ ਚੋਣ ਦੇ ਵਿਰੁੱਧ ਹੈ। ਜੇ ਇਹੀ ਯਾਦਗਾਰ ਗੁਰਦੁਆਰੇ ਤੋਂ ਬਾਹਰ ਬਣਾਈ ਜਾਂਦੀ ਹੈ ਤਾਂ ਉਹ ਹਰ ਮਦਦ ਲਈ ਤਿਆਰ ਹਨ। ਉਨ੍ਹਾਂ ਦੱਸਿਆ ਕਿ ਬੀਤੇ ਵਰ੍ਹੇ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੇ ਵੀ ਕਿਹਾ ਸੀ ਕਿ ਜੇਕਰ ਦਿੱਲੀ ਗੁਰਦੁਆਰਾ ਕਮੇਟੀ ਸ਼ਹੀਦੀ ਯਾਦਗਾਰ ਲਈ ਸਰਕਾਰ ਕੋਲੋਂ ਜਗ੍ਹਾ ਲੈਣ ਲਈ ਦਰਖਾਸਤ ਭੇਜੇਗੀ ਤਾਂ ਇਸ ਤੇ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਸਿਰਫ ਉਸ ਪਾਰਟੀ ਦੀ ਹੀ ਮਦਦ ਕੀਤੀ ਜਾਵੇਗੀ ਜਿਹੜੀ ਸਿੱਖਾਂ ਦੇ ਮਸਲਿਆਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਉਣ ਲਈ ਵਚਨਬੱਧ ਹੋਵੇਗੀ। ਹੁਣ ਦਿੱਲੀ ਦੇ ਸਿੱਖਾਂ ਦੀ ਇਕਜੁਟਤਾ ਵਿਖਾਉਣ ਲਈ ਉਨ੍ਹਾਂ ਦੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ 15 ਸਤੰਬਰ ਨੂੰ ਤਾਲਕਟੋਰਾ ਸਟੇਡੀਅਮ ਵਿਖੇ ਰੈਲੀ ਕੀਤੀ ਜਾਵੇਗੀ।

# ਕਾਰ ਸੇਵਾ ਰਾਹੀਂ ਮੁਰੰਮਤ ਕਰਵਾਉਣ ਦਾ ਵਿਰੋਧ

**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਖਰਾਬ ਹੋ ਰਹੇ ਸੋਨੇ ਤੇ ਨਕਾਸ਼ੀ ਦੇ ਕੰਮ ਦੀ ਮੁਰੰਮਤ ਕਾਰ ਸੇਵਾ ਰਾਹੀਂ ਕਰਾਉਣ 'ਤੇ ਇਤਰਾਜ਼ ਕਰਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਜਨਰਲ ਸਕੱਤਰ ਤੇ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਸੁਝਾਅ ਦਿੱਤਾ ਹੈ ਕਿ ਇਹ ਸੇਵਾ ਪੁਰਾਤਨ ਤੇ ਇਤਿਹਾਸਕ ਇਮਾਰਤਾਂ ਦੀ ਸਾਂਭ ਸੰਭਾਲ ਦੇ ਮਾਹਿਰਾਂ ਕੋਲੋਂ ਕਰਵਾਉਣੀ ਚਾਹੀਦੀ ਹੈ ਤਾਂ ਜੋ ਇਸ ਰੂਹਾਨੀ ਕੇਂਦਰ ਦੀ ਪੁਰਾਤਨਤਾ ਨੂੰ ਪਹਿਲਾਂ ਵਾਂਗ ਕਾਇਮ ਰੱਖਿਆ ਜਾਵੇ। ਸ਼੍ਰੋਮਣੀ ਕਮੇਟੀ ਵੱਲੋਂ ਇਹ ਅਹਿਮ ਕੰਮ ਕਾਰ ਸੇਵਾ ਵਾਲੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਸੌਂਪਿਆ ਗਿਆ ਹੈ ਜਿਨ੍ਹਾਂ ਵੱਲੋਂ ਇਹ ਕਾਰ ਸੇਵਾ 18 ਅਗਸਤ ਨੂੰ ਆਰੰਭ ਕੀਤੀ ਜਾ ਰਹੀ ਹੈ।

ਮਰਹੂਮ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਦੇ ਪਰਿਵਾਰ ਨਾਲ ਸਬੰਧਤ ਤੇ ਪੁਰਾਤਨਤਾ ਨੂੰ ਕਾਇਮ ਰੱਖਣ ਵਿਚ ਰੁਚੀ ਰੱਖਣ ਵਾਲੀ ਬੀਬੀ ਕਿਰਨਜੋਤ ਕੌਰ ਨੇ ਆਖਿਆ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਅੰਦਰ ਸੱਚਖੰਡ ਵਿਖੇ ਮੋਹਰਾਕਸ਼ੀ, ਟੁਕੜੀ ਤੇ ਗਚ ਦਾ ਅਹਿਮ ਕੰਮ ਕੀਤਾ ਹੋਇਆ ਹੈ ਜੋ ਇਸ ਦੀ ਪੁਰਾਤਨਤਾ ਤੇ ਸੁੰਦਰਤਾ ਦਾ ਅਹਿਮ ਹਿੱਸਾ ਹੈ। ਇਸ ਤੋਂ ਇਲਾਵਾ ਸੋਨੇ ਦਾ ਕੰਮ ਵੀ ਉਸ ਵੇਲੇ ਦੇ ਮਾਹਿਰਾਂ ਵੱਲੋਂ ਵੱਡੀ ਮੁਹਾਰਤ ਨਾਲ ਕੀਤਾ ਹੋਇਆ ਹੈ। ਇਹ ਸਮੁੱਚਾ ਕੰਮ ਲੰਮਾ ਸਮਾਂ ਬੀਤਣ ਮਗਰੋਂ ਅੱਜ ਵੀ ਜਿਵੇਂ ਦਾ ਤਿਵੇਂ ਪ੍ਰਤੀਤ ਹੁੰਦਾ ਹੈ। ਇਸ ਲਈ ਇਸ ਦੀ ਸਾਂਭ ਸੰਭਾਲ ਤੇ ਮੁਰੰਮਤ ਦਾ ਕਾਰਜ ਸਿਰਫ ਮਾਹਰਾਂ ਕੋਲੋਂ ਹੀ ਕਰਵਾਇਆ ਜਾਣਾ ਚਾਹੀਦਾ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਨੂੰ ਦੇਸ਼ ਵਿਦੇਸ਼ ਦੀਆਂ ਪੁਰਾਤਨ ਇਮਾਰਤਾਂ ਤੇ ਅਜਿਹੀ ਨਕਾਸ਼ੀ ਦੀ ਸਾਂਭ ਸੰਭਾਲ ਦੇ ਮਾਹਰਾਂ ਦੀ ਰਾਏ ਲੈਣੀ ਚਾਹੀਦੀ ਹੈ ਤੇ ਉਨ੍ਹਾਂ ਦੀ ਰਾਏ ਮੁਤਾਬਕ ਹੀ ਮੁਰੰਮਤ ਦਾ ਕੰਮ ਕਰਾਉਣਾ ਚਾਹੀਦਾ ਹੈ। ਕਾਰ ਸੇਵਾ ਵਾਲੇ ਬਾਬਿਆਂ ਕੋਲ ਅਜਿਹੀਆਂ ਪੁਰਾਤਨ ਤੇ ਇਤਿਹਾਸਕ ਇਮਾਰਤਾਂ ਦੀ ਸਾਂਭ ਸੰਭਾਲ ਦਾ ਕੋਈ ਤਜਰਬਾ ਨਹੀਂ ਹੈ ਜਦੋਂਕਿ ਕਾਰ ਸੇਵਾ ਵਾਲੇ ਬਾਬੇ ਨਵੀਆਂ ਇਮਾਰਤਾਂ ਦੀ ਉਸਾਰੀ ਤੇ ਪੱਥਰ ਲਾਉਣ ਦਾ ਕੰਮ ਬੇਹਤਰ ਢੰਗ ਨਾਲ ਕਰ ਸਕਦੇ ਹਨ। ਇਸ ਲਈ ਉਨ੍ਹਾਂ ਕੋਲੋਂ ਨਵੀਆਂ ਉਸਾਰੀਆਂ ਕਰਾਉਣੀਆਂ ਚਾਹੀਦੀਆਂ ਹਨ।

ਇਸ ਤੋਂ ਪਹਿਲਾਂ 1995 ਤੋਂ 1999 ਤੱਕ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੇ ਬਾਹਰਲੇ ਹਿੱਸੇ 'ਤੇ ਹੋਏ ਸੋਨੇ ਦੇ ਕੰਮ ਦੀ ਸੇਵਾ ਬਰਮਿੰਘਮ ਦੀ ਇਕ ਸਿੱਖ ਸੰਸਥਾ ਕੋਲੋਂ ਕਰਵਾਈ ਗਈ ਸੀ। ਉਸ ਵੇਲੇ ਸਿੱਖ ਸੰਸਥਾ ਨੇ ਭਰੋਸਾ ਦਿੱਤਾ ਸੀ ਕਿ ਸੋਨੇ ਦੀ ਚਮਕ ਪਹਿਲਾਂ ਵਾਂਗ ਹੀ ਕਾਇਮ ਰਹੇਗੀ ਪਰ ਕੁਝ ਵਰ੍ਹੇ ਬੀਤਣ ਮਗਰੋਂ ਹੀ ਨਾ ਸਿਰਫ਼ ਸੋਨੇ ਦੀ ਚਮਕ ਖ਼ਤਮ ਹੋ ਗਈ ਸਗੋਂ ਸੋਨੇ ਦਾ ਰੰਗ ਵੀ ਕਾਲਾ ਤੇ ਲਾਲ ਹੋ ਗਿਆ ਸੀ ਜਿਸ ਨੂੰ ਹੁਣ ਹਰ ਵਰ੍ਹੇ ਧੋ ਕੇ ਸਾਫ਼ ਕੀਤਾ ਜਾਂਦਾ ਹੈ। ਇਸ ਸੇਵਾ ਸਮੇਂ ਬਾਹਰਲੇ ਹਿੱਸੇ ਵਿਚ ਸੋਨਾ ਲਾਉਣ ਤੋਂ ਪਹਿਲਾਂ ਇਥੇ ਸੀਮਿੰਟ ਨਾਲ ਪਲਸਤਰ ਕਰ ਦਿੱਤਾ ਗਿਆ ਜਿਸ ਕਾਰਨ ਹੁਣ ਇਥੇ ਸਲ੍ਹਾਬ ਆ ਰਹੀ ਹੈ। ਇਸ ਤੋਂ ਪਹਿਲਾਂ ਇਹ ਇਮਾਰਤ ਪਾਣੀ ਵਿਚ ਹੋਣ ਦੇ ਬਾਵਜੂਦ ਕਦੇ ਸਲਾਬ ਨਹੀਂ ਆਈ ਸੀ। ਗੁਰਦੁਆਰਾ ਬਾਬਾ ਅਟੱਲ 'ਚ ਕਾਰ ਸੇਵਾ ਵਾਲੇ ਬਾਬਿਆਂ ਵਲੋਂ ਬਾਥਰੂਮ ਟਾਇਲਾਂ ਲਾ ਦਿੱਤੀਆਂ ਗਈਆਂ ਜਿਸ ਨਾਲ ਉਥੇ ਹੋਇਆ ਕੰਧ ਕਲਾ ਦਾ ਕੰਮ ਨਸ਼ਟ ਹੋ ਗਿਆ। ਬਾਬਾ ਬਕਾਲਾ ਸਥਿਤ ਇਤਿਹਾਸਕ ਗੁਰਦੁਆਰੇ ਦੀਆਂ ਕੰਧਾਂ ਤੇ ਛੱਤਾਂ 'ਤੇ ਰੰਗ ਰੋਗਨ ਕਰ ਦਿੱਤਾ ਗਿਆ ਜਿਸ ਕਾਰਨ ਉਥੇ ਵੀ ਕੰਧ ਕਲਾ ਨਸ਼ਟ ਹੋ ਗਈ।

# ਸਾਕਾ ਨੀਲਾ ਤਾਰਾ ਦੌਰਾਨ ਨੁਕਸਾਨੇ ਗਏ ਸਨ ਇਤਿਹਾਸਕ ਸ਼ਸਤਰ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਸਮੂਹ 'ਤੇ ਜੂਨ 1984 ਵਿਚ ਹੋਏ ਫ਼ੌਜੀ ਹਮਲੇ ਦੌਰਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਗੁਰੂ ਸਾਹਿਬਾਨ ਤੇ ਸਿੱਖ ਹਸਤੀਆਂ ਦੇ ਇਤਿਹਾਸਕ ਸ਼ਸਤਰਾਂ ਨੂੰ ਮੁੜ ਉਸੇ ਪੁਰਾਤਨ ਰੂਪ ਵਿਚ ਲਿਆਉਣ ਲਈ ਚੱਲ ਰਹੀ ਸੇਵਾ ਆਪਣੇ ਆਖਰੀ ਪੜਾਅ 'ਤੇ ਪਹੁੰਚ ਗਈ ਹੈ। ਜੂਨ 1984 ਦੇ ਸਾਕਾ ਨੀਲਾ ਤਾਰਾ ਦੌਰਾਨ ਗੋਲਿਆਂ ਦਾ ਅਸਰ ਇਨ੍ਹਾਂ ਪਾਵਨ ਸ਼ਸਤਰਾਂ 'ਤੇ ਵੀ ਪਿਆ ਜਿਸ ਨਾਲ ਗੁਰੂ ਹਰਗੋਬਿਦ ਸਾਹਿਬ ਦੀ 'ਪੀਰੀ' ਵਾਲੀ ਪਾਵਨ ਸ੍ਰੀ ਸਾਹਿਬ ਦੀ ਸ਼ੁੱਧ ਫੌਲਾਦ ਤੋਂ ਬਣੀ ਮੁੱਠ ਜਿਸ 'ਤੇ ਸੋਨੇ ਦੀ ਸੂਖਮ ਨਕਾਸ਼ੀ ਹੈ, ਦਾ ਇਕ ਹਿੱਸਾ ਟੁੱਟ ਗਿਆ ਸੀ।

ਇਸ ਤੋਂ ਇਲਾਵਾ ਸ਼ਹੀਦ ਬਾਬਾ ਦੀਪ ਸਿੰਘ ਦੇ ਖੰਡੇ ਦੀ ਮੁੱਠ ਹਿੱਲ ਗਈ ਤੇ ਪਿਸਤੌਲ ਦੀ ਮੁੱਠ ਤਿੜਕ ਗਈ ਸੀ। ਬਾਬਾ ਦੀਪ ਸਿੰਘ ਦਾ ਇਕ ਚੱਕਰ ਜਿਸ 'ਤੇ ਸੋਨੇ ਨਾਲ ਜਪੁਜੀ ਸਾਹਿਬ ਦੀ ਪਾਵਨ ਬਾਣੀ ਅੰਕਿਤ ਸੀ, ਦੂਸਰੇ ਛੋਟੇ ਚੱਕਰ 'ਤੇ ਇਕ ਪਾਸੇ ਮੂਲ ਮੰਤਰ ਤੇ ਦੂਸਰੇ ਪਾਸੇ ਦਸ ਗੁਰੂ ਸਾਹਿਬਾਨ ਦੇ ਨਾਂ ਸੋਨੇ ਨਾਲ ਨਕਾਸ਼ੇ ਗਏ ਸਨ, ਵੀ ਪ੍ਰਭਾਵਿਤ ਹੋਣ ਕਾਰਨ ਪੜ੍ਹਨ ਯੋਗ ਨਹੀਂ ਰਹੇ।

ਬਾਬਾ ਗੁਰਬਖਸ਼ ਸਿੰਘ ਦੇ ਪਿਸਤੌਲ ਦਾ ਬੱਟ ਵੀ ਤਿੜਕ ਗਿਆ ਸੀ ਤੇ ਬਾਕੀ ਪਾਵਨ ਸ਼ਸਤਰਾਂ ਦੀ ਦਿੱਖ ਵੀ ਪ੍ਰਭਾਵਿਤ ਹੋਈ ਸੀ। ਕੌਮ ਦੇ ਇਸ ਵਡਮੁੱਲੇ ਸਰਮਾਏ ਨੂੰ ਸਦੀਵੀਂ ਰੱਖਣ ਲਈ 13 ਸਤੰਬਰ, 2012 ਨੂੰ ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ ਵੱਲੋਂ ਇਹ ਸੇਵਾ ਆਰੰਭ ਕਰਵਾਈ ਗਈ ਸੀ ਜਿਸ ਲਈ ਵਿਸ਼ਵ ਦੇ ਸਭ ਤੋਂ ਮਹਿੰਗੇ ਤੇ ਹੁਨਰਮੰਦ ਕਾਰੀਗਰ ਅਤਿ ਸੂਖਮਤਾ ਨਾਲ ਆਪਣਾ ਸਮਾਂ ਦੇ ਰਹੇ ਹਨ। ਇਹ ਮਾਹਿਰ ਕਾਰੀਗਰ ਸਿੱਖ ਸਿਧਾਂਤਾਂ ਤੇ ਪ੍ਰੰਪਰਾਵਾਂ ਤੋਂ ਜਾਣੂ ਹਨ ਤੇ ਇਨ੍ਹਾਂ ਦੇ ਪੁਰਖੇ ਦਸਮੇਸ਼ ਪਿਤਾ ਦੀ ਖਾਲਸਾਈ ਫ਼ੌਜ ਲਈ ਸ਼ਸਤਰ ਤਿਆਰ ਕਰਦੇ ਰਹੇ ਹਨ।

ਛੇਵੀਂ ਪਾਤਸ਼ਾਹੀ ਦੀ ਪਾਵਨ ਸ੍ਰੀ ਸਾਹਿਬ ਦੀ ਮੁਰੰਮਤ ਤੇ ਸੁਨਹਿਰੀ ਮੀਨਾਕਾਰੀ ਦੀ ਸੇਵਾ ਉਦੈਪੁਰ ਦੇ ਮਾਹਿਰ ਕਾਰੀਗਰ ਤੋਂ ਅਦਬ ਸਹਿਤ ਕਰਵਾਈ ਜਾ ਚੁੱਕੀ ਹੈ।

ਪਾਵਨ ਖੰਡਿਆਂ ਦੇ ਸਾਗਵਾਨ ਤੋਂ ਤਿਆਰ ਮਿਆਨਾਂ 'ਤੇ 22 ਕੈਰਟ ਸੋਨੇ ਨਾਲ ਤਿੰਨ-ਤਿੰਨ ਸੰਮ ਚੜ੍ਹਾਏ ਜਾ ਰਹੇ ਹਨ ਜਿਨ੍ਹਾਂ 'ਤੇ 12 ਬੇਸ਼ਕੀਮਤੀ ਹੀਰੇ ਵੀ ਜੜੇ ਜਾਣਗੇ। ਮਿਆਨਾਂ 'ਤੇ ਸੁੱਚੇ ਮੋਤੀਆਂ ਦੀਆਂ ਨੀਲੀਆਂ ਚੋਲੀਆਂ ਚੜ੍ਹਾਈਆਂ ਜਾ ਰਹੀਆਂ ਹਨ।

ਇਸ ਵੇਲੇ ਬਾਬਾ ਦੀਪ ਸਿੰਘ ਦੇ ਚੱਕਰਾਂ 'ਤੇ ਸੋਨੇ ਨਾਲ ਸੂਖਮ ਰੂਪ ਵਿਚ ਬਾਣੀ ਅੰਕਿਤ ਕਰਨ ਦੀ ਸੇਵਾ ਚੱਲ ਰਹੀ ਹੈ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਬਾਬਾ ਬੁੱਢਾ ਜੀ ਦੀ ਸ੍ਰੀ ਸਾਹਿਬ ਦੇ ਮੁੱਠੇ ਦੀ ਸੇਵਾ ਵੀ ਅਜੇ ਬਾਕੀ ਹੈ ਜੋ ਤਕਰੀਬਨ ਦੋ ਮਹੀਨੇ ਤੱਕ ਮੁਕੰਮਲ ਹੋ ਜਾਵੇਗੀ।



## ਇਤਿਹਾਸਕ ਸ਼ਸਤਰਾਂ ਦੀ ਸੂਚੀ

**ਅੰਮ੍ਰਿਤਸਰ:** ਸ੍ਰੀ ਗੁਰੂ ਹਰਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਦੇ ਪਾਵਨ ਸ਼ਸਤਰ ਮੌਜੂਦ ਹਨ ਜਿਨ੍ਹਾਂ ਵਿਚ ਛੇਵੀਂ ਪਾਤਸ਼ਾਹੀ ਦੀਆਂ ਮੀਰੀ ਤੇ ਪੀਰੀ ਦੀਆਂ ਦੋਵੇਂ ਸ੍ਰੀ ਸਾਹਿਬ, ਇਕ ਗੁਰਜ, ਇਕ ਸਫਾਜੰਗ, ਇਕ ਕਟਾਰ, ਇਕ ਪੇਚਕਬਜ, ਇਕ ਛੋਟੀ ਸ੍ਰੀ ਸਾਹਿਬ ਜਦਕਿ ਦਸਮ ਪਾਤਸ਼ਾਹ ਦੀ ਇਕ ਸ੍ਰੀ ਸਾਹਿਬ, ਦੋ ਤੀਰ, ਇਕ ਕਟਾਰ ਸ਼ਾਮਲ ਹਨ। ਇਸ ਤੋਂ ਇਲਾਵਾ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਇਕ-ਇਕ ਕਟਾਰ, ਪਹਿਲੇ ਛੇ ਗੁਰੂ ਸਹਿਬਾਨ ਨੂੰ ਗੁਰਗੱਦੀ 'ਤੇ ਬਿਠਾਉਣ ਵਾਲੇ ਬਾਬਾ ਬੁੱਢਾ ਜੀ ਦੀ ਸ੍ਰੀ ਸਾਹਿਬ, ਸ਼ਹੀਦ ਬਾਬਾ ਦੀਪ ਸਿੰਘ ਦਾ ਖੰਡਾ, ਇਕ ਪੇਚਕਬਜ, ਛੋਟੀ ਸ੍ਰੀ ਸਾਹਿਬ, ਇਕ ਪਿਸਤੌਲ, ਦਮਾਲੇ 'ਤੇ ਸਜਾਉਣ ਲਈ ਚਾਰ ਨਿੱਕੇ ਖੰਡੇ, ਇਕ ਸ੍ਰੀ ਸਾਹਿਬ, ਚਾਰ ਛੋਟੇ ਚੱਕਰ ਤੇ ਗਿਆਰ੍ਹਾਂ ਵੱਡੇ ਚੱਕਰ ਮੌਜੂਦ ਹਨ। ਭਾਈ ਜੇਠਾ, ਭਾਈ ਬਿਧੀ ਚੰਦ, ਭਾਈ ਉਦੈ ਸਿੰਘ, ਭਾਈ ਕਰਮ ਸਿੰਘ ਦੀ ਇਕ-ਇਕ ਸ੍ਰੀ ਸਾਹਿਬ, ਭਾਈ ਬਚਿੱਤਰ ਸਿੰਘ ਦਾ ਇਕ ਤੇਗਾ, ਸਿੰਘ ਸਾਹਿਬ ਅਕਾਲੀ ਫੂਲਾ ਸਿੰਘ ਦਾ ਇਕ ਤੇਗਾ, ਇਕ ਖੰਡਾ, ਇਕ ਕਟਾਰ, ਬਾਬਾ ਗੁਰਬਖਸ਼ ਸਿੰਘ ਦਾ ਇਕ ਖੰਡਾ, ਇਕ ਪਿਸਤੌਲ ਵੀ ਇਨ੍ਹਾਂ ਪਾਵਨ ਸਸ਼ਤਰਾਂ ਵਿਚ ਸ਼ਾਮਲ ਹਨ ਜਿਨ੍ਹਾਂ ਦੇ ਸ਼ੁਰੂ ਤੋਂ ਹੀ ਸੰਗਤ ਨੂੰ ਦਰਸ਼ਨ ਕਰਵਾਉਣ ਦੀ ਪ੍ਰੰਪਰਾ ਰਹੀ ਹੈ।

# ਇੰਡੋ ਅਮਰੀਕਨ ਹੈਰੀਟੇਜ ਫੋਰਮ ਨੇ ਮਦਨ ਲਾਲ ਢੀਂਗੜਾ ਅਤੇ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਇੰਡੋ ਅਮਰੀਕਨ ਹੈਰੀਟੇਜ ਫੋਰਮ ਵੱਲੋਂ ਸਹੀਦ ਮਦਨ ਲਾਲ ਢੀਂਗੜਾ ਅਤੇ ਸਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਇਥੇ ਤਾਜ ਆਫ ਇੰਡੀਆ ਰੈਸਟੋਰੈਂਟ ਵਿਚ ਸ਼ਰਧਾ ਨਾਲ ਮਨਾਇਆ ਗਿਆ।

ਸ਼ਹੀਦ ਮਦਨ ਲਾਲ ਢੀਂਗੜਾ ਅਤੇ ਸ਼ਹੀਦ ਊਧਮ ਸਿੰਘ ਦੇ ਜੀਵਨ ਉਤੇ ਚਾਨਣਾ ਪਾਉਂਦਿਆਂ ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦੇਣ ਦਾ ਸੱਦਾ ਦਿੱਤਾ। ਮਨੀਸ਼ ਘਈ ਵੱਲੋ ਅਜਾਦੀ ਲਹਿਰ ਨਾਲ ਸਬੰਧਤ ਕਿਤਾਬਾਂ ਫੋਰਮ ਦੇ ਕਾਰਕੁਨਾਂ ਨੂੰ ਭੇਟ ਕੀਤੀਆਂ ਗਈਆਂ।








ਸਮਾਗਮ ਦੀ ਪ੍ਰਧਾਨਗੀ ਗੁਰਦੀਪ ਸਿੰਘ ਗਿੱਲ, ਅਸ਼ਰਫ ਗਿੱਲ ਅਤੇ ਮਹਿੰਦਰ ਸਿੰਘ ਗਰੇਵਾਲ ਨੇ ਕੀਤੀ। ਸਮਾਗਮ ਦੇ ਸੁਰੂ ਵਿਚ ਉਤਰਾਂਚਲ ਦੇ ਹੜ ਪੀੜਤਾਂ ਨੂੰ ਇੱਕ ਮਿੰਟ ਦਾ ਮੌਨ ਧਾਰ ਕੇ ਯਾਦ ਕੀਤਾ ਗਿਆ। ਉਘੇ ਕਮਿਉਨਿਸਟ ਨੇਤਾ ਸੱਤਪਾਲ ਡਾਂਗ ਅਤੇ ਕ੍ਰਾਂਤੀਕਰੀ ਕਵੀ ਸਵਰਗੀ ਪਾਸ਼ ਦੇ ਪਿਤਾ ਸੋਹਣ ਸਿੰਘ ਸੰਧੂ ਦੇ ਚਲਾਣੇ 'ਤੇ ਦੁੱਖ ਪ੍ਰਗਟ ਕੀਤਾ ਗਿਆ।

ਯਮਲਾ ਜੱਟ ਫਾਊਂਡੇਸ਼ਨ ਦੇ ਪ੍ਰਧਾਨ ਰਾਜ ਬਰਾੜ ਨੇ ਸ਼ਹੀਦਾਂ ਨੂੰ ਸਮਰਪਿਤ ਦੋ ਗੀਤ ਗਾ ਕੇ ਪ੍ਰੋਗਰਾਮ ਦਾ ਆਗਾਜ਼ ਕੀਤਾ। ਗੈਰੀ ਢੇਸੀ ਅਤੇ ਅਵਤਾਰ ਗਰੇਵਾਲ ਨੇ ਵੀ ਆਪਣੇ ਗੀਤਾਂ ਰਾਹੀਂ ਹਾਜ਼ਰੀ ਲਵਾਈ। ਗੁਰਦੀਪ ਸਿੰਘ ਅਣਖੀ ਨੇ ਸੁਰਿੰਦਰ ਮੰਡਾਲੀ ਨੇ ਸੰਸਥਾ ਦੀਆਂ ਪ੍ਰਾਪਤੀਆਂ ਅਤੇ ਆਉਣ ਵਾਲੇ ਪ੍ਰੋਗਰਾਮਾਂ ਬਾਰੇ ਦੱਸਿਆ। ਕਹਾਣੀਕਾਰ ਕਰਮ ਸਿੰਘ ਮਾਨ, ਕਰਨਲ ਹਰਦੇਵ ਸਿੰਘ ਗਿੱਲ, ਸਮਾਜ ਸੇਵੀ ਮਹਿੰਦਰ ਗਰੇਵਾਲ, ਜਸਵੰਤ ਸਿੰਘ ਮਾਨ, ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਪਾਲ ਸਹੋਤਾ, ਸ੍ਰੋਮਣੀ ਅਕਾਲੀ ਦਲ ਦੇ ਚੇਅਰਮੈਨ ਹੈਰੀ ਗਿੱਲ ਅਤੇ ਡਾ. ਗੁਰੂਮੇਲ ਸਿੰਘ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਜੀ ਐਚ ਜੀ ਡਾਂਸ ਅਤੇ ਸੰਗੀਤ ਅਕਾਡਮੀ ਦੇ ਬੱਚਿਆਂ ਨੇ ਗਿੱਧਾ ਅਤੇ ਭੰਗੜਾ ਪੇਸ਼ ਕੀਤਾ।

ਪ੍ਰੋਗਰਾਮ ਦੇ ਦੂਸਰੇ ਹਿੱਸੇ ਵਿਚ ਕਵੀਆਂ ਨੇ ਦੇਸ਼ ਭਗਤੀ ਦੀਆਂ ਕਾਵਿ ਰਚਨਾਵਾਂ ਪੜ੍ਹ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਨ੍ਹਾਂ ਕਵੀਆਂ ਵਿਚ ਗੁਰਦੀਪ ਸਿੰਘ ਗਗੜਾ, ਸ਼ਰਨਜੀਤ ਕੌਰ ਧਾਲੀਵਾਲ, ਨੀਟਾ ਮਾਛੀਕੇ, ਦਲਜੀਤ ਸਿੰਘ ਰਿਆੜ, ਪਿਸ਼ੌਰਾ ਸਿੰਘ ਢਿੱਲੋਂ, ਅਸ਼ਰਫ ਗਿੱਲ, ਹਰਜਿੰਦਰ ਸਿੰਘ ਢੇਸੀ, ਸੁਖੀ ਧਾਲੀਵਾਲ ਅਤੇ ਹਰਜਿੰਦਰ ਸਿੰਘ ਕੰਗ ਸ਼ਾਮਲ ਸਨ। ਸਟੇਜ ਸੰਚਾਲਨ ਹਰਜਿੰਦਰ ਸਿੰਘ ਢੇਸੀ ਨੇ ਕੀਤਾ। ਗਲੋਬਲ ਪੰਜਾਬ ਟੀ ਵੀ ਚੈਨਲ ਦੀ ਟੀਮ ਦਾ ਫੋਰਮ ਵੱਲੋਂ ਸਨਮਾਨ ਕੀਤਾ ਗਿਆ। ਇਸ ਵੇਲੇ ਹੋਰਨਾਂ ਤੋਂ ਇਲਾਵਾ ਗੁਰਦੀਪ ਚੌਹਾਨ (ਬੁਲਡੌਗ ਟਰਾਂਸਪੋਰਟ), ਪੱਤਰਕਾਰ ਜਗਜੀਤ ਸਿੰਘ ਥਿੰਦ, ਪੰਮਾ ਗਾਜੀਆਣਾ, ਹਰਪ੍ਰੀਤ ਸਿੰਘ ਸਿੱਧੂ, ਅਵਤਾਰ ਸਿੰਘ ਗਿੱਲ (ਗਿੱਲ ਇੰਸ਼ੋਰੈਂਸ), ਮਾਸਟਰ ਦਲਬਾਰਾ ਸਿੰਘ, ਡਾ. ਸਿਮਰਜੀਤ ਸਿੰਘ ਧਾਲੀਵਾਲ, ਉਦੇਦੀਪ ਸਿੰਘ, ਮਹਿਲਾ ਸਿੰਘ, ਨਵਦੀਪ ਸਿੰਘ ਧਾਲੀਵਾਲ, ਸੁਖਦੇਵ ਸਿੰਘ ਚੀਮਾ, ਇਕਬਾਲ ਸਿੰਘ ਰਣੀਆਂ, ਸੁਰਜੀਤ ਸਿੰਘ ਮਾਛੀਵਾੜਾ, ਪਰਮਜੀਤ ਸਿੰਘ ਧਾਲੀਵਾਲ, ਹਰਜੀਤ ਸਿੰਘ ਗਰੇਵਾਲ, ਕਮਲਜੀਤ ਸਿੰਘ ਬਾਸੀ, ਸਤਵੀਰ ਸਿੰਘ ਹੀਰ, ਡਾ. ਅਰਜੁਨ ਜੋਸਨ ਅਤੇ ਹਰਕੇਸ਼ ਚੀਮਾ ਹਾਜ਼ਰ ਸਨ।



# ਕੈਨੇਡਾ ਨੂੰ ਕਾਮਾਗਾਟਾ ਮਾਰੂ ਜਹਾਜ਼ ਵਾਪਸ ਮੋੜਨ ਦਾ ਅਫਸੋਸ

**ਵੈਨਕੂਵਰ:** ਕੈਨੇਡਾ ਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ 99 ਵਰ੍ਹੇ ਪਹਿਲਾਂ ਉਸ ਦੇ ਸਮੁੰਦਰੀ ਕੰਢੇ 'ਤੇ ਆਏ ਕਾਮਾਗਾਟਾ ਮਾਰੂ ਜਹਾਜ਼ ਵਿਚ ਸਵਾਰ ਸਿੱਖਾਂ ਨੂੰ ਵਾਪਸ ਮੋੜ ਦਿੱਤਾ ਗਿਆ ਤੇ ਭਾਰਤ ਪੁੱਜਣ 'ਤੇ ਇਹ ਅੰਗਰੇਜ਼ਾਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ ਗਏ। ਇਸ ਗਲਤੀ ਨੂੰ ਸੁਧਾਰਨ ਦੇ ਯਤਨ ਤਹਿਤ ਕੈਨੇਡਾ ਸਰਕਾਰ ਨੇ ਇਸ ਦੁਖਾਂਤ ਦੀ 100ਵੀਂ ਬਰਸੀ ਮੌਕੇ ਵਿਸ਼ੇਸ਼ ਡਾਕ ਟਿਕਟ ਜਾਰੀ ਕਰਨ ਦਾ ਫ਼ੈਸਲਾ ਕੀਤਾ ਹੈ।

ਵੈਨਕੂਵਰ ਦੀ ਕਾਮਾਗਾਟਾ ਮਾਰੂ ਹੈਰੀਟੇਜ ਫਾਊਂਡੇਸ਼ਨ ਦੇ ਮੁਖੀ ਹਰਬ ਗਿੱਲ ਨੇ ਦੱਸਿਆ ਕਿ ਅਗਲੇ ਸਾਲ ਮਈ ਵਿਚ ਇਸ ਦੁਖਾਂਤ ਦੇ 100 ਸਾਲਾਂ ਨੂੰ ਸਮਰਪਤ ਸਮਾਗਮ ਸ਼ੁਰੂ ਹੋ ਜਾਣਗੇ ਜੋ ਜੁਲਾਈ ਤਕ ਜਾਰੀ ਰਹਿਣਗੇ ਤੇ ਇਸੇ ਦਰਮਿਆਨ ਹੀ ਯਾਦਗਾਰੀ ਡਾਕ ਟਿਕਟ ਜਾਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਾਮਾਗਾਟਾ ਮਾਰੂ ਕਾਂਡ ਕੈਨੇਡਾ ਦੇ ਇਤਿਹਾਸ ਦਾ ਇਕ ਹਿੱਸਾ ਹੈ ਤੇ ਇਸ ਨੂੰ ਸਿੱਖਾਂ ਨਾਲ ਵੱਡੀ ਬੇਇਨਸਾਫ਼ੀ ਦੇ ਰੂਪ ਵਿਚ ਵੇਖਿਆ ਜਾਂਦਾ ਹੈ ਪਰ ਉਦੋਂ ਕੈਨੇਡਾ ਵਿਚ ਲਾਗੂ ਨੀਤੀਆਂ ਇਸ ਦਾ ਮੁੱਖ ਕਾਰਨ ਬਣੀਆਂ।

ਹਰਬ ਗਿੱਲ ਦੇ ਦਾਦਾ ਜੀ 1906 ਵਿਚ ਵੈਨਕੂਵਰ ਆ ਕੇ ਵਸ ਗਏ ਸਨ ਤੇ ਉਨ੍ਹਾਂ ਨੇ ਕਾਮਾਗਾਟੂ ਮਾਰੂ ਜਹਾਜ਼ ਵਿਚ ਸਵਾਰ ਸਿੱਖਾਂ ਦੀ ਮਦਦ ਕਰਨ ਦੀ ਕਾਫ਼ੀ ਕੋਸ਼ਿਸ਼ ਕੀਤੀ ਸੀ। ਜ਼ਿਕਰਯੋਗ ਹੈ ਕਿ 1914 ਵਿਚ ਸ. ਗੁਰਦਿਤ ਸਿੰਘ ਦੀ ਅਗਵਾਈ ਵਿਚ ਜਾਪਾਨੀ ਸਮੁੰਦਰੀ ਜਹਾਜ਼ 'ਕਾਮਾਗਾਟਾ ਮਾਰੂ' ਸਿੰਗਾਪੁਰ ਤੋਂ ਕਿਰਾਏ 'ਤੇ ਲਿਆ ਗਿਆ ਤੇ 376 ਵਿਅਕਤੀ ਜਿਨ੍ਹਾਂ ਵਿਚ 340 ਸਿੱਖ, 24 ਮੁਸਲਮਾਨ ਤੇ 12 ਹਿੰਦੂ ਸਨ, ਕੈਨੇਡਾ ਵੱਲ ਰਵਾਨਾ ਹੋ ਗਿਆ ਜੋ ਮਈ ਵਿਚ ਵੈਨਕੂਵਰ ਦੀ ਬੰਦਰਗਾਹ 'ਤੇ ਪੁੱਜਿਆ ਪਰ ਉਸ ਵੇਲੇ ਲਾਗੂ ਨਸਲੀ ਪਾਬੰਦੀਆਂ ਕਾਰਨ ਜਹਾਜ਼ ਵਿਚ ਸਵਾਰ ਲੋਕਾਂ ਨੂੰ ਕੈਨੇਡਾ ਦੇ ਧਰਤੀ 'ਤੇ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਤੇ ਦੋ ਮਹੀਨੇ ਮਗਰੋਂ ਇਹ ਜਹਾਜ਼ ਮੁੜ ਭਾਰਤ ਵਲ ਰਵਾਨਾ ਹੋ ਗਿਆ।

## ਸੰਚਾਰ ਖੇਤਰ ਵਿਚ 100% ਐਫ.ਡੀ.ਆਈ. ਨੂੰ ਮਨਜ਼ੂਰੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਵਿਦੇਸ਼ੀ ਨਿਵੇਸ਼ਕਾਂ ਲਈ ਦੁਆਰ ਖੋਲ੍ਹਦੇ ਹੋਏ ਮਲਟੀ ਬ੍ਰਾਂਡ ਰਿਟੇਲ ਸੈਕਟਰ ਵਿਚ ਨਿਵੇਸ਼ ਨਿਯਮਾਂ ਵਿਚ ਹੋਰ ਢਿੱਲ ਦਿੱਤੀ। ਇਸ ਦੇ ਇਲਾਵਾ ਵੱਖ-ਵੱਖ ਖੇਤਰਾਂ ਵਿਚ ਸਿੱਧੇ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਦਾ ਹੱਦ ਵੀ ਵਧਾ ਦਿੱਤੀ ਹੈ। ਕੈਬਨਿਟ ਦੀ ਮੀਟਿੰਗ ਦੌਰਾਨ ਦੂਰ ਸੰਚਾਰ ਖੇਤਰ ਵਿਚ ਤਾਂ 100 ਫੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ।

# ਜਥੇਦਾਰ ਤਰਲੋਚਨ ਸਿੰਘ ਦੇ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਫਰਿਜ਼ਨੋ (ਬਿਊਰੋ):** ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਦੇ ਚਲਾਣੇ ਉਤੇ ਸੈਂਟਰਲ ਵੈਲੀ ਦੇ ਵੱਖ ਵੱਖ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਗੁਰੂ ਘਰਾਂ ਵਿਚ ਜਥੇਦਾਰ ਤਰਲੋਚਨ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ ਵੀ ਕੀਤੇ ਗਏ।

ਨਜ਼ਦੀਕੀ ਕਸਬਾ ਕਰਮਨ ਦੇ ਗੁਰਦੁਆਰਾ ਸਾਹਿਬ ਦੇ ਸਾਬਕਾ ਮੁੱਖ ਸੇਵਾਦਾਰ ਗੁਰਚਰਨ ਸਿੰਘ ਰੱਕੜ ਨੇ ਜਥੇਦਾਰ ਦੇ ਚਲਾਣੇ ਨੂੰ ਪੰਥ ਲਈ ਵੱਡਾ ਘਾਟਾ ਕਰਾਰ ਦਿੰਦਿਆਂ ਕਿਹਾ ਕਿ ਇਸ ਗੁਰਦੁਆਰਾ ਸਾਹਿਬ ਦੀ ਸਥਾਪਨਾ ਵੇਲੇ ਰਸਮਾਂ ਜਥੇਦਾਰ ਨੇ ਆਪ ਨਿਪਟਾਈਆਂ ਸਨ ਅਤੇ ਗਿਆਨੀ ਜੀ ਮਿਲਣਸਾਰ ਤੇ ਕਹਿਣੀ-ਕਰਨੀ ਦੇ ਸੱਚੇ ਸਨ।

ਗੁਰਦੁਆਰਾ ਮੰਡੇਰਾ, ਗੁਰਦੁਆਰਾ ਨਾਨਕਸਰ, ਗੁਰੂ ਨਾਨਕ ਸਿੱਖ ਟੈਂਪਲ-ਸਨਵਾਕੀਨ, ਗੁਰਦੁਆਰਾ ਸ੍ਰੀ ਸਿੰਘ ਸਭਾ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਅਤੇ ਹੋਰ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਕਿਹਾ ਹੈ ਕਿ ਸਿੱਖ ਪੰਥ ਜਥੇਦਾਰ ਤਰਲੋਚਨ ਸਿੰਘ ਦੀ ਪੰਥ ਨੂੰ ਦੇਣ ਪ੍ਰਤੀ ਰਿਣੀ ਰਹੇਗਾ।

ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
ਫੋਨ: (559) 317-2149

Paramjit S. Khaira
D.H.M.S (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
e- mail: drpskhaira@gmail.com
Working under state law SB 577


ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

*ਸਨਿਚਰਵਾਰ, 10 ਅਗਸਤ 2013*

## *ਸਸਤੀ ਸਿਆਸਤ*

ਗੁਜਰਾਤ ਵਿਚ ਸਿੱਖ ਕਿਸਾਨਾਂ ਦਾ ਮੁੱਦਾ ਸਿਆਸਤ ਦੇ ਲੇਖੇ ਲੱਗ ਗਿਆ ਹੈ। ਚੋਣਾਂ ਦਾ ਪਿੜ ਭਖਾਉਣ ਵਾਲਿਆਂ ਨੂੰ ਅਚਾਨਕ 'ਨਿੱਗਰ' ਮੁੱਦਾ ਮਿਲ ਗਿਆ ਜਿਸ ਨੂੰ ਆਧਾਰ ਬਣਾ ਕੇ ਵਿਰੋਧੀ ਦੀ ਹਿੱਕ ਠੋਰੀ ਜਾ ਸਕਦੀ ਸੀ। ਸਬੰਧਤ ਕਿਸਾਨ ਕਈ ਦਹਾਕੇ ਪਹਿਲਾਂ ਗੁਜਰਾਤ ਦੀ ਉਸ ਉਜਾੜ ਬੀਆਬਾਨ ਅਤੇ ਦਲਦਲ ਮਾਰੀ ਜ਼ਮੀਨ ਵਿਚ ਜਾ ਕੇ ਬੈਠੇ ਸਨ। ਹੁਣ ਉਨ੍ਹਾਂ ਨੂੰ ਗੈਰ ਗੁਜਰਾਤੀ ਕਹਿ ਕੇ ਉਜਾੜਨ ਦੇ ਮੁੱਦੇ ਨੂੰ ਸਮਝੇ ਬਗੈਰ, ਮੁੱਖ ਸਿਆਸੀ ਧਿਰਾਂ ਨੇ ਮੀਡੀਆ ਦੀ ਮਦਦ ਨਾਲ ਗਾਹ ਹੀ ਪਾ ਲਿਆ ਹੈ। ਦੋਹਾਂ ਧਿਰਾਂ ਵੱਲੋਂ ਆਪੋ-ਆਪਣੇ ਹੱਕ ਵਿਚ ਬਿਆਨ ਦਾਗੇ ਜਾ ਰਹੇ ਹਨ। ਅਸਲ ਮਸਲੇ ਵੱਲ ਕਿਸੇ ਨੇ ਧਿਆਨ ਨਹੀਂ ਦਿਵਾਇਆ ਹੈ। ਮੁੱਖ ਰੂਪ ਵਿਚ ਇਹ ਕੰਮ ਮੀਡੀਆ ਦਾ ਸੀ। ਅਜਿਹੇ ਮੌਕਿਆਂ ਉਤੇ ਮੀਡੀਆ ਲੋਕਾਂ ਨੂੰ ਖਬਰਦਾਰ ਕਰਨ ਦਾ ਰੋਲ ਨਿਭਾਉਂਦਾ ਰਿਹਾ ਹੈ, ਪਰ ਇਸ ਮੁੱਦੇ ਉਤੇ ਮੀਡੀਆ ਅਤੇ ਮੁੱਖਧਾਰਾ ਸਿਆਸਤ ਦੀ ਸੁਰ ਕਿਉਂਕਿ ਵੱਖਰੀ ਨਹੀਂ ਹੈ, ਇਸ ਲਈ ਕਿਸੇ ਨੇ ਵੀ ਮਸਲੇ ਦੀਆਂ ਜੜ੍ਹਾਂ ਫਰੋਲਣ ਦੀ ਖੇਚਲ ਨਹੀਂ ਕੀਤੀ। ਦਰਅਸਲ ਜਦੋਂ ਤੋਂ ਨਵੀਆਂ ਆਰਥਿਕ ਨੀਤੀਆਂ ਤਹਿਤ ਵੱਡੇ ਘਰਾਣਿਆਂ ਨੂੰ ਕਾਰੋਬਾਰ ਲਈ ਜ਼ਮੀਨਾਂ ਅਲਾਟ ਕੀਤੀਆਂ ਜਾਣ ਲੱਗੀਆਂ ਹਨ, ਉਦੋਂ ਤੋਂ ਹੀ ਕਿਸਾਨਾਂ ਦਾ ਉਜਾੜਾ ਹੋ ਰਿਹਾ ਹੈ। ਅਜਿਹਾ ਭਾਣਾ ਤਕਰੀਬਨ ਹਰ ਉਸ ਸੂਬੇ ਵਿਚ ਵਾਪਰ ਰਿਹਾ ਹੈ ਜਿਹੜਾ ਆਪਣੇ ਆਪ ਨੂੰ ਇਸ ਯੁੱਗ ਵਿਚ ਵਿਕਾਸ ਦੀ ਲੀਹ ਉਤੇ ਚੜ੍ਹਿਆ ਮੰਨਦਾ ਹੈ। ਇਹ ਚਾਹੇ ਪੰਜਾਬ ਹੈ ਜਾਂ ਹਰਿਆਣਾ; ਪੱਛਮੀ ਬੰਗਾਲ ਹੈ ਜਾਂ ਗੁਜਰਾਤ, ਤੇ ਭਾਵੇਂ ਕੋਈ ਹੋਰ ਸੂਬਾ। ਹਰ ਥਾਂ ਧਨਾਢ ਕਾਰੋਬਾਰੀਆਂ ਲਈ ਜ਼ਮੀਨ ਦਾ ਪ੍ਰਬੰਧ ਉਥੋਂ ਦੀਆਂ ਸਰਕਾਰਾਂ ਕਰ ਰਹੀਆਂ ਹਨ। ਇਹ ਮੁੱਦਾ ਪਹਿਲਾਂ ਬੜੇ ਜ਼ੋਰ-ਸ਼ੋਰ ਨਾਲ ਉਠ ਚੁੱਕਾ ਹੈ ਕਿ ਕਿਸੇ ਵੀ ਸੂਬੇ ਦੀ ਸਰਕਾਰ ਕਿਸੇ ਧਨਾਢ ਲਈ ਜ਼ਮੀਨ ਦਾ ਪ੍ਰਬੰਧ ਆਖਰ ਕਿਉਂ ਕਰ ਰਹੀ ਹੈ? ਜੇ ਕਿਸੇ ਕਾਰੋਬਾਰੀ ਨੇ ਜ਼ਮੀਨ ਖਰੀਦਣੀ ਹੈ ਤਾਂ ਉਹ ਸਿੱਧਾ ਕਿਸਾਨਾਂ ਨਾਲ ਸੰਪਰਕ ਕਰੇ, ਪਰ ਇਸ ਮਸਲੇ ਵਿਚ ਘੁੰਢੀ ਵਿਚੋਂ ਇਹ ਹੈ ਕਿ ਸਰਕਾਰ ਕਿਸਾਨਾਂ ਕੋਲੋਂ ਜ਼ਮੀਨ ਸਸਤੇ ਭਾਅ ਲੈ ਕੇ ਧਨਾਢਾਂ ਹਵਾਲੇ ਕਰਦੀ ਹੈ। ਇਵਜ਼ ਵਿਚ ਇਹ ਧਨਾਢ, ਸਰਕਾਰ ਚਲਾ ਰਹੀ ਸਿਆਸੀ ਪਾਰਟੀ ਨੂੰ ਫੰਡ ਦਿੰਦੇ ਹਨ। ਜ਼ਾਹਿਰ ਹੈ ਕਿ ਸਰਕਾਰ ਅਤੇ ਧਨਾਢ ਰਲ ਕੇ ਕਿਸਾਨਾਂ ਨੂੰ ਲੁੱਟ ਰਹੇ ਹਨ। ਇਸ ਤੋਂ ਬਾਅਦ ਕਿਸਾਨਾਂ ਉਤੇ ਉਜਾੜੇ ਦੀ ਜੋ ਮਾਰ ਪੈਂਦੀ ਹੈ, ਉਸ ਦਾ ਕਿਤੇ ਕੋਈ ਹਿਸਾਬ-ਕਿਤਾਬ ਨਹੀਂ ਹੈ। ਅਜਿਹੇ ਉਜਾੜੇ ਕਾਰਨ ਘੱਟੋ-ਘੱਟ ਦੋ ਪੀੜ੍ਹੀਆਂ ਹਿੱਲ ਜਾਂਦੀਆਂ ਹਨ। ਜਦੋਂ ਤੱਕ ਇਹ ਲੋਕ ਦੂਜੇ ਥਾਂ ਜਾ ਕੇ ਪੈਰਾਂ ਸਿਰ ਹੋਣ ਲਗਦੇ ਹਨ, ਉਦੋਂ ਤੱਕ ਬਹੁਤ ਕੁਝ ਗੁਆਚ ਚੁੱਕਾ ਹੁੰਦਾ ਹੈ। ਸਭ ਤੋਂ ਵੱਧ ਨੁਕਸਾਨ ਬੱਚਿਆਂ ਦਾ ਹੁੰਦਾ ਹੈ ਜਿਹੜੇ ਆਮ ਕਰ ਕੇ ਪੜ੍ਹਾਈ ਵਿਚ ਵੀ ਪਛੜ ਜਾਂਦੇ ਹਨ, ਤੇ ਫਿਰ ਜ਼ਿੰਦਗੀ ਦੀ ਦੌੜ ਵਿਚ ਵੀ ਮੁਕਾਬਲਤਨ ਪਿੱਛੇ ਰਹਿ ਜਾਂਦੇ ਹਨ। ਅਜਿਹੀ ਮਾਰ ਬਾਰੇ ਨਾ ਕਿਸੇ ਸਰਕਾਰ ਕੋਲ ਅਤੇ ਨਾ ਹੀ ਕਿਸੇ ਸੰਸਥਾ ਕੋਲ ਅੰਕੜੇ ਹਨ, ਪਰ ਇਹ ਸੱਚ ਹੈ ਕਿ ਉਜਾੜਾ ਅਜਿਹੇ ਟੱਬਰਾਂ ਦੇ ਜੜ੍ਹੀਂ ਬੈਠ ਜਾਂਦਾ ਹੈ।

ਗੁਜਰਾਤੀ ਸਿੱਖਾਂ ਨੂੰ 1965 ਵਿਚ ਭਾਰਤ-ਪਾਕਿਸਤਾਨ ਜੰਗ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੀ ਪਹਿਲਕਦਮੀ 'ਤੇ ਕੱਛ ਖੇਤਰ ਵਿਚ ਵਸਾਇਆ ਗਿਆ ਸੀ। ਇਹ ਲੋਕ ਪੰਜਾਬ ਅਤੇ ਰਾਜਸਥਾਨ ਤੋਂ ਉਥੇ ਗਏ ਸਨ। ਤਿੰਨ ਸਾਲ ਪਹਿਲਾਂ ਕੱਛ ਦੇ ਕੁਲੈਕਟਰ ਨੇ 1948 ਵਾਲਾ ਬੰਬੇ ਟੇਨੈਂਸੀ ਐਂਡ ਐਗਰੀਕਲਚਰਲ ਲੈਂਡਜ਼ ਐਕਟ ਕੱਢ ਲਿਆਂਦਾ ਅਤੇ ਇਨ੍ਹਾਂ ਗੈਰ ਗੁਜਰਾਤੀ ਕਿਸਾਨਾਂ ਦੇ ਖਾਤੇ ਜਾਮ ਕਰ ਦਿੱਤੇ। ਕਿਸਾਨਾਂ ਨੇ ਤੁਰੰਤ ਗੁਜਰਾਤ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਅਤੇ ਹਾਈ ਕੋਰਟ ਨੇ ਕਿਸਾਨਾਂ ਦੇ ਹੱਕ ਵਿਚ ਫੈਸਲਾ ਕੀਤਾ। ਅਦਾਲਤ ਨੇ ਠੋਕ-ਵਜਾ ਕੇ ਕਿਹਾ ਕਿ ਇਹ ਐਕਟ ਪਿੰਡਾਂ ਦੀ ਜ਼ਮੀਨ ਉਤੇ ਲਾਗੂ ਹੀ ਨਹੀਂ ਹੁੰਦਾ। ਗੁਜਰਾਤ ਦੀ ਨਰੇਂਦਰ ਮੋਦੀ ਸਰਕਾਰ ਇਹ ਕੇਸ ਸੁਪਰੀਮ ਕੋਰਟ ਵਿਚ ਲੈ ਗਈ ਅਤੇ ਇਸ ਕੇਸ ਦੀ ਅਗਲੀ ਸੁਣਵਾਈ ਹੁਣ 27 ਅਗਸਤ ਨੂੰ ਹੋਣੀ ਹੈ। ਗੁਜਰਾਤ ਵਿਚ ਇਸ ਅਦਾਲਤੀ ਲੜਾਈ ਦੌਰਾਨ ਸਬੰਧਤ ਕਿਸਾਨ ਮੋਦੀ ਸਰਕਾਰ ਕੋਲ ਵੀ ਇਹ ਮਸਲਾ ਰੱਖ ਚੁੱਕੇ ਹਨ ਅਤੇ ਪੰਜਾਬ ਪੁੱਜ ਕੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਕੋਲ ਵੀ ਉਨ੍ਹਾਂ ਪਹੁੰਚ ਕੀਤੀ, ਪਰ ਗੁਜਰਾਤ ਸਰਕਾਰ ਦੀ ਕਿਸਾਨ-ਵਿਰੋਧੀ ਕਾਰਵਾਈ ਨੂੰ ਅਜੇ ਤੱਕ ਕੋਈ ਠੱਲ੍ਹ ਨਹੀਂ ਪਈ। ਹੁਣ ਜਦੋਂ ਲੋਕ ਸਭਾ ਚੋਣਾਂ ਸਿਰ ਉਤੇ ਹਨ ਅਤੇ ਕਈ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਨੂੰ ਕੁਝ ਕੁ ਮਹੀਨੇ ਹੀ ਰਹਿ ਗਏ ਹਨ, ਤਾਂ ਸਿਆਸੀ ਪਾਰਟੀਆਂ ਅਸਲ ਮਸਲੇ ਨੂੰ ਸਮਝੇ-ਵਿਚਾਰੇ ਬਗੈਰ ਸਸਤੀ ਸਿਆਸਤ ਦੇ ਰਾਹ ਪੈ ਗਈਆਂ ਹਨ। ਪੰਜਾਬ ਵਿਚ ਇਸ ਮੁੱਦੇ ਨੂੰ ਖਿੱਚ ਕੇ ਚੋਣ ਮੁੱਦਾ ਬਣਾ ਰਹੀ ਕਾਂਗਰਸ ਪਾਰਟੀ ਨੇ ਖੁਦ ਬਰਨਾਲਾ ਨੇੜਲੇ ਤਿੰਨ ਪਿੰਡਾਂ ਦੇ ਕਿਸਾਨਾਂ ਦੀ ਜ਼ਮੀਨ ਸਸਤੇ ਭਾਅ ਲੁੱਟ ਕੇ ਟ੍ਰਾਈਡੈਂਟ ਮਾਲਕਾਂ ਦੇ ਪੱਲੇ ਪਾਈ ਸੀ। ਉਸ ਵੇਲੇ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ। ਉਸੇ ਰਾਹ ਹੁਣ ਗੁਜਰਾਤ ਦੀ ਮੋਦੀ ਸਰਕਾਰ ਜਾ ਰਹੀ ਹੈ। ਨਰੇਂਦਰ ਮੋਦੀ ਦੇਸ਼ ਦੇ ਕਾਰੋਬਾਰੀ ਘਰਾਣਿਆਂ ਨੂੰ ਕਾਰਖਾਨੇ ਲਾਉਣ ਲਈ ਧੜਾਧੜ ਸੱਦਾ ਦੇ ਰਿਹਾ ਹੈ। ਇਹ ਕਾਰਖਾਨੇ ਲਾਉਣ ਲਈ ਜ਼ਮੀਨ ਚਾਹੀਦੀ ਹੈ ਅਤੇ ਮੋਦੀ ਦੀ ਅੱਖ ਕਿਸਾਨਾਂ ਦੀ ਇਸ ਜ਼ਮੀਨ ਉਪਰ ਹੈ, ਪਰ ਇਹ ਮਸਲਾ ਹੁਣ ਸਿਆਸਤ ਦੇ ਪਿੜ ਵਿਚ ਗੂੰਜ ਉਠਣ ਕਾਰਨ ਮੋਦੀ ਦੀ ਪਾਰਟੀ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਕਸੂਤੀ ਸਥਿਤੀ ਵਿਚ ਫਸ ਗਏ ਹਨ। ਦੋਵੇਂ ਪਾਰਟੀਆਂ ਚੋਣਾਂ ਦਾ ਅੱਗਾ ਹੋਣ ਕਰ ਕੇ ਇਹ ਮੁੱਦਾ ਵਿਰੋਧੀ ਧਿਰ ਦੀ ਝੋਲੀ ਨਹੀਂ ਪਾਉਣਾ ਚਾਹੁਣਗੀਆਂ। ਉਂਜ ਹੁਣ ਤੱਕ ਦੇ ਬਿਆਨਾਂ ਤੋਂ ਇਹੀ ਜ਼ਾਹਿਰ ਹੋਇਆ ਹੈ ਕਿ ਚੋਣਾਂ ਕਰ ਕੇ ਹੀ ਮੁੱਦੇ ਨੂੰ ਖਿੱਚਿਆ ਜਾ ਰਿਹਾ ਹੈ। ਉਜਾੜੇ ਦੇ ਕਾਰਨਾਂ ਦੀ ਪੜਚੋਲ ਵੱਲ ਕੋਈ ਵੀ ਧਿਰ ਤੁਰੀ ਨਹੀਂ ਹੈ। ਇਸ ਲਈ, ਸੰਭਵ ਹੈ ਕਿ ਫਿਲਹਾਲ ਇਹ ਮੁੱਦਾ ਠੰਢਾ ਪੈ ਜਾਵੇ ਅਤੇ ਕਿਸਾਨਾਂ ਦਾ ਉਜਾੜਾ ਰੁਕ ਜਾਵੇ, ਪਰ ਇਸ ਮੁੱਦੇ ਦਾ ਅਸਲ ਹੱਲ ਕੱਢੇ ਬਗੈਰ ਕਿਸਾਨਾਂ ਵਿਚ ਵਾਰ-ਵਾਰ ਉਠਦੀ ਬੇਚੈਨੀ ਠੱਲ੍ਹੀ ਨਹੀਂ ਜਾਣੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਤਮਾਸ਼ਾ ਦੁਨੀਆਂ ਦਾ !*

ਲਗਰ ਪ੍ਰੇਮ-ਪਿਆਰ ਇਤਫਾਕ ਵਾਲੀ, ਇਸ ਨੂੰ ਹਵਸ ਦੀ ਬੱਕਰੀ ਚਰੀ ਜਾਂਦੀ।
ਕੂੜ-ਕਪਟ ਦੀ ਦੇਖ ਜੈ ਜੈਕਾਰ ਹੁੰਦੀ, ਸੱਚ ਬੋਲਣੋ ਦੁਨੀਆਂ ਏ ਡਰੀ ਜਾਂਦੀ।
ਭਲੇ ਕੰਮ ਲਈ ਧੇਲਾ ਨਹੀਂ ਕੱਢ ਹੁੰਦਾ, ਰਕਮ ਚੱਟੀ ਦੀ ਹੱਸ ਕੇ ਭਰੀ ਜਾਂਦੀ।
ਲੋਭ-ਕੁੱਤੇ ਲੋਕਾਈ ਨੂੰ ਵੱਢ ਖਾਧਾ, ਫਿਰ ਵੀ ਉਸ ਦੇ ਜ਼ਖਮਾਂ ਨੂੰ ਜਰੀ ਜਾਂਦੀ।
ਨੇਕੀ, ਸੱਚ, ਇਨਸਾਫ ਸਭ ਗਾਇਬ ਹੋਏ, ਬੇੜੀ ਪਾਪਾਂ ਦੀ ਦਿਨੋ ਦਿਨ ਭਰੀ ਜਾਂਦੀ।
ਖਪ ਗਈ ਬੰਬ ਧਮਾਕਿਆਂ ਵਿਚ ਦੁਨੀਆਂ, ਨਾਲੇ ਐਕਸੀਡੈਂਟਾਂ ਵਿਚ ਮਰੀ ਜਾਂਦੀ!

# ਦਰਬਾਨ ਪੱਤਰਕਾਰੀ ਦੇ ਦੌਰ ਵਿਚ ਸਰਕਾਰੀ ਪ੍ਰਾਪਤੀਆਂ

ਅਖ਼ਬਾਰਾਂ, ਰਸਾਲਿਆਂ ਅਤੇ ਟੈਲੀਵਿਜ਼ਨ ਲਈ ਆਵਾਮੀ-ਦਿਲਚਸਪੀ ਵਾਲੀ ਹਰ ਖ਼ਬਰ ਅਹਿਮ ਹੁੰਦੀ ਹੈ। ਦਾਅਵਾ ਤਾਂ ਇਹੋ ਕੀਤਾ ਜਾਂਦਾ ਹੈ ਕਿ ਖ਼ਬਰ ਦੀ ਚੋਣ ਸਰੋਤੇ, ਦਰਸ਼ਕ ਅਤੇ ਪਾਠਕ ਦੀ ਦਿਲਚਸਪੀ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਂਦੀ ਹੈ। ਪੰਜਾਬ ਵਿਚ ਨਿਡਰ, ਨਿਰਪੱਖ ਅਤੇ ਪੰਜਾਬ ਤੇ ਪੰਜਾਬੀਅਤ ਦੀ ਅਲੰਬਰਦਾਰੀ ਦੇ ਦਾਅਵੇ ਪੱਤਰਕਾਰੀ ਦੇ ਕਈ ਅਦਾਰੇ ਕਰਦੇ ਹਨ। ਇਸ ਦਾਅਵੇਦਾਰੀ ਅਤੇ ਕਾਰਗੁਜ਼ਾਰੀ ਵਿਚਕਾਰ ਕੁਝ ਵਿੱਥ ਲਗਾਤਾਰ ਬਣੀ ਰਹਿੰਦੀ ਹੈ। ਇਸੇ ਵਿੱਥ ਵਿਚੋਂ ਮੀਡੀਆ ਦੀ ਚੋਣ ਨੂੰ ਹੀ ਆਵਾਮੀ-



**ਦਲਜੀਤ ਅਮੀ**

**ਫੋਨ: 91-97811-21873**

ਦਿਲਚਸਪੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਸੇ ਧਾਰਨਾ ਦੇ ਹਵਾਲੇ ਨਾਲ ਪਿਛਲੇ ਦਿਨਾਂ ਦੀ ਕੁਝ ਘਟਨਾਵਾਂ ਦੀ ਪੜਚੋਲ ਕੀਤੀ ਜਾਣੀ ਚਾਹੀਦੀ ਹੈ।

ਚੰਡੀਗੜ੍ਹ ਤੋਂ ਚੱਲਦਾ ਟੈਲੀਵਿਜ਼ਨ ਚੈਨਲ 'ਡੇਅ ਐਂਡ ਨਾਈਟ ਨਿਊਜ਼' ਪਿਛਲੇ ਦਿਨਾਂ ਵਿਚ ਚਰਚਾ ਦਾ ਵਿਸ਼ਾ ਰਿਹਾ। ਤਿੰਨ ਸਾਲ ਪੁਰਾਣੇ ਇਸ ਚੈਨਲ ਵਿਚ ਇੱਕੋ ਐਲਾਨ ਨਾਲ ਸੱਠ ਮੁਲਾਜ਼ਮਾਂ ਦੀ ਨੌਕਰੀ ਚਲੀ ਗਈ। ਚੈਨਲ ਦੇ ਪ੍ਰਬੰਧਕੀ ਸੰਪਾਦਕ ਕੰਵਰ ਸੰਧੂ ਨੇ ਅਸਤੀਫ਼ਾ ਦੇ ਦਿੱਤਾ। ਉਸੇ ਦਿਨ ਅੰਗਰੇਜ਼ੀ ਟ੍ਰਿਬਿਊਨ ਦੇ ਪੱਤਰਕਾਰ ਜੰਗਵੀਰ ਸਿੰਘ ਨੂੰ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਨਵਾਂ ਮੀਡੀਆ ਸਲਾਹਕਾਰ ਬਣਾਇਆ ਗਿਆ ਹੈ ਤੇ ਉਨ੍ਹਾਂ ਨੂੰ ਰਾਜ ਮੰਤਰੀ ਦਾ ਰੁਤਬਾ ਦਿੱਤਾ ਗਿਆ ਹੈ। ਇਨ੍ਹਾਂ ਦੋਵਾਂ ਮਸਲਿਆਂ ਦਾ ਆਪਸ ਵਿਚ ਭਾਵੇਂ ਕੁਝ ਰਿਸ਼ਤਾ ਨਹੀਂ ਹੈ, ਪਰ ਕੁਝ ਸਵਾਲ ਇਨ੍ਹਾਂ ਦੇ ਹਵਾਲੇ ਨਾਲ ਵਿਚਾਰੇ ਜਾ ਸਕਦੇ ਹਨ। ਜਦੋਂ ਸੱਠ ਬੰਦਿਆਂ ਦਾ ਰੁਜ਼ਗਾਰ ਜਾਂਦਾ ਹੈ ਤਾਂ ਇਹ ਆਵਾਮੀ-ਦਿਲਚਸਪੀ ਦੀ ਘਟਨਾ ਬਣਦੀ ਹੈ। ਜਦੋਂ ਕੋਈ ਰਾਜ ਮੰਤਰੀ ਬਣਦਾ ਹੈ ਤਾਂ ਵੀ ਇਹ ਆਵਾਮੀ-ਦਿਲਚਸਪੀ ਦੀ ਘਟਨਾ ਬਣਦੀ ਹੈ।

ਅਜਿਹੇ ਮੌਕਿਆਂ ਉੱਤੇ ਮੀਡੀਆ ਖ਼ਬਰਾਂ ਦੇ ਕੁਝ ਪੱਖਾਂ ਨੂੰ ਤਵੱਜੋ ਦਿੰਦਾ ਹੈ। ਪਹਿਲੀ ਖ਼ਬਰ ਦੇ ਮਾਮਲੇ ਵਿਚ ਬੇਰੁਜ਼ਗਾਰ ਹੋਣ ਵਾਲਿਆਂ ਦੀਆਂ ਕਹਾਣੀਆਂ ਆਵਾਮੀ-ਦਿਲਚਸਪੀ ਦਾ ਸਬੱਬ ਬਣਦੀਆਂ ਹਨ। ਦੂਰੋਂ-ਨੇੜਿਉਂ ਆ ਕੇ ਨੌਕਰੀਆਂ ਕਰਦੇ ਮੀਡੀਆ ਕਰਮੀਆਂ ਦੀਆਂ ਜ਼ਿੰਮੇਵਾਰੀਆਂ ਜਾਂ ਸਾਹਮਣੇ ਖੜ੍ਹੀਆਂ ਦੁਸ਼ਵਾਰੀਆਂ ਨਾਲ ਪਾਠਕ, ਦਰਸ਼ਕ ਅਤੇ ਸਰੋਤੇ ਹਮਦਰਦੀ ਅਤੇ ਦਰਦਮੰਦੀ ਦੇ ਨਾਤੇ ਜੁੜ ਸਕਦੇ ਹਨ। ਇਹ ਖ਼ਬਰਾਂ ਮੀਡੀਆ ਦੀ ਦਿਲਚਸਪੀ ਦਾ ਸਬੱਬ ਨਹੀਂ ਬਣੀਆਂ। ਮੀਡੀਆ ਨੇ ਇਹ ਕਿਵੇਂ ਤੈਅ ਕੀਤਾ ਕਿ ਇਹ ਆਵਾਮੀ-ਦਿਲਚਸਪੀ ਦਾ ਸਬੱਬ ਨਹੀਂ ਬਣਦੀਆਂ, ਸੋ ਇਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ। ਜਦੋਂ ਕੋਈ ਰਾਜ ਮੰਤਰੀ ਬਣਦਾ ਹੈ ਤਾਂ ਉਸ ਬੰਦੇ ਦਾ ਪਿਛੋਕੜ ਪੇਸ਼ ਕੀਤਾ ਜਾਂਦਾ ਹੈ। ਉਸ ਦੀ ਯੋਗਤਾ, ਅਸਰ-ਰਸੂਖ਼, ਸਿਆਸੀ ਪਹੁੰਚ ਅਤੇ ਪੁਰਾਣੀ ਕਾਰਗੁਜ਼ਾਰੀ ਦਾ ਤਤਕਰਾ ਕੀਤਾ ਜਾਂਦਾ ਹੈ। ਨਵੇਂ ਬਣੇ ਮੰਤਰੀ ਬਾਰੇ ਦੱਸਿਆ ਜਾਂਦਾ ਹੈ ਕਿ ਇਹ ਕਿਸ ਦੇ ਖ਼ਾਤੇ ਵਿਚੋਂ, ਕਿਸ ਦੀ ਇਮਦਾਦ ਨਾਲ ਅਤੇ ਕਿਸ ਯੋਗਤਾ ਦੇ ਆਸਰੇ ਇਸ ਅਹੁਦੇ ਉੱਤੇ ਪਹੁੰਚਿਆ ਹੈ। ਇਸ ਦੇ ਨਾਲ ਹੀ ਇਹ ਪੜਚੋਲ ਵੀ ਕੀਤੀ ਜਾਂਦੀ ਹੈ ਕਿ ਨਵਾਂ ਅਹੁਦਾ ਹਾਸਲ ਕਰਨ ਵਿਚ ਕਿਹੜੀਆਂ ਵਫ਼ਾਦਾਰੀਆਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ।

ਸਵਾਲ ਹੈ ਕਿ ਇਨ੍ਹਾਂ ਦੋਵਾਂ ਖ਼ਬਰਾਂ ਨੂੰ ਬਣਦੀ ਤਵੱਜੋ ਕਿਉਂ ਨਹੀਂ ਦਿੱਤੀ ਗਈ? ਕੀ ਇਨ੍ਹਾਂ ਖ਼ਬਰਾਂ ਵਿਚ ਆਵਾਮੀ-ਦਿਲਚਸਪੀ ਨਹੀਂ ਬਣਦੀ? ਕਿਤੇ ਪਾਬੰਦੀ ਦਾ ਵਿਰੋਧ ਕਰਨ ਵਾਲੇ ਮੀਡੀਆ ਨੇ ਆਪਣੇ-ਆਪ ਨੂੰ ਅਣਕਹੀਆਂ ਪਾਬੰਦੀਆਂ ਵਿਚ ਬੰਨ੍ਹਿਆ ਹੋਇਆ ਹੈ?

'ਡੇਅ ਐਂਡ ਨਾਈਟ ਨਿਊਜ਼' ਚੈਨਲ ਉੱਤੇ ਸੂਬਾ ਸਰਕਾਰ ਦੀ ਸਰਪ੍ਰਸਤੀ ਵਿਚ ਪਾਬੰਦੀ ਲੱਗੀ ਹੋਈ ਸੀ। ਪੰਜਾਬ ਵਿਚ ਤਕਰੀਬਨ 85 ਫ਼ੀਸਦੀ ਲੋਕ ਕੇਬਲ ਨੈੱਟਵਰਕ ਰਾਹੀਂ ਟੈਲੀਵਿਜ਼ਨ ਦੇਖਦੇ ਹਨ। ਬਾਕੀ ਦੇ ਦਰਸ਼ਕ ਡਿਸ਼ (ਡਾਇਰੈਕਟ ਟੂ ਹੋਮ ਪਲੇਟਫਾਰਮ) ਰਾਹੀਂ ਟੈਲੀਵਿਜ਼ਨ ਦੇਖਦੇ ਹਨ। ਕਈ ਕੰਪਨੀਆਂ ਦੀਆਂ ਡਿਸ਼ਾਂ ਇਹ ਸੇਵਾਵਾਂ ਮੁਹੱਈਆ ਕਰਦੀਆਂ ਹਨ। ਟੈਲੀਵਿਜ਼ਨ ਨੂੰ ਦਰਸ਼ਕਾਂ ਤੱਕ ਪਹੁੰਚਣ ਲਈ ਕੇਬਲ ਨੈੱਟਵਰਕ ਜਾਂ ਡਿਸ਼ਾਂ ਰਾਹੀਂ ਦਰਸ਼ਕਾਂ ਤੱਕ ਪਹੁੰਚ ਕਰਨੀ ਪੈਂਦੀ ਹੈ। ਇਨ੍ਹਾਂ ਸਭ ਰਾਹੀਂ ਚੈਨਲ ਦੀ ਪਹੁੰਚ ਦਰਸ਼ਕ ਤੱਕ ਬਣਾਉਣ ਲਈ ਕੈਰੀਜ਼ ਫੀਸ ਦੇਣੀ ਹੁੰਦੀ ਹੈ। ਪੰਜਾਬ ਵਿਚ ਕੇਬਲ ਨੈੱਟਵਰਕ ਤੋਂ ਬਿਨਾਂ ਜ਼ਿਆਦਾਤਰ ਦਰਸ਼ਕ ਪਹੁੰਚ ਤੋਂ ਬਾਹਰ ਰਹਿ ਜਾਂਦੇ ਹਨ। ਟੈਲੀਵਿਜ਼ਨ ਦੀ ਆਮਦਨ ਦਾ ਜ਼ਰੀਆ ਇਸ਼ਤਿਹਾਰ ਹੁੰਦੇ ਹਨ। ਕੁਝ ਕੰਪਨੀਆਂ ਇਹ ਅਧਿਐਨ ਕਰਦੀਆਂ ਹਨ ਕਿ ਕਿਸ ਇਲਾਕੇ ਵਿਚ ਕਿਹੜੇ ਚੈਨਲ ਅਤੇ ਕਿਹੜੇ ਪ੍ਰੋਗਰਾਮ ਨੂੰ ਦਰਸ਼ਕ ਜ਼ਿਆਦਾ ਦੇਖਦੇ ਹਨ। ਇਸ ਅਧਿਐਨ ਰਾਹੀਂ ਟਾਰਗੇਟ ਰੇਟਿੰਗ ਪੁਆਇੰਟ (ਟੀ.ਆਰ.ਪੀ.) ਤੈਅ ਹੁੰਦੇ ਹਨ ਜੋ ਅੱਗੇ ਇਸ਼ਤਿਹਾਰ ਦਾ ਮੁਹਾਣ ਅਤੇ ਮੁੱਲ ਤੈਅ ਕਰਦੇ ਹਨ।

ਪੰਜਾਬ ਵਿਚ ਕੇਬਲ ਨੈੱਟਵਰਕ ਉੱਤੇ ਫਾਸਟਵੇਅ ਟਰਾਂਸਮਿਸ਼ਨ ਲਿਮਿਟਿਡ ਦਾ ਗ਼ਲਬਾ ਹੈ। ਪਹਿਲਾਂ ਹਰ ਸ਼ਹਿਰ ਵਿਚ ਕਈ-ਕਈ ਕਾਰੋਬਾਰੀ ਇਸ ਧੰਦੇ ਵਿਚ ਸ਼ਾਮਿਲ ਸਨ, ਪਰ ਸਿਆਸੀ ਸਰਪ੍ਰਸਤੀ ਤਹਿਤ ਇਹ ਕੰਮ ਸਿਰਫ਼ ਇੱਕੋ ਕੰਪਨੀ ਜਾਂ ਇਸ ਦੀਆਂ ਭਾਈਵਾਲ ਕੰਪਨੀਆਂ ਰਾਹੀਂ ਚਲਾਇਆ ਜਾਂਦਾ ਹੈ। 'ਡੇਅ ਐਂਡ ਨਾਈਟ ਨਿਊਜ਼' ਸ਼ੁਰੂ ਹੋਣ ਤੋਂ ਤਕਰੀਬਨ ਛੇ ਮਹੀਨੇ ਬਾਅਦ ਹੀ ਕੇਬਲ ਨੈੱਟਵਰਕ ਉੱਤੇ ਇਸ ਦਾ ਸਿਗਨਲ ਖ਼ਰਾਬ ਹੋਣਾ ਸ਼ੁਰੂ ਹੋ ਗਿਆ ਸੀ। ਕਈ ਵਾਰ ਦੀਆਂ ਸ਼ਿਕਾਇਤਾਂ ਦਾ ਕੋਈ ਅਸਰ ਨਹੀਂ ਪਿਆ ਪਰ ਕੁਝ ਸਮੇਂ ਬਾਅਦ ਇਸ ਨੂੰ ਕੇਬਲ ਤੋਂ ਹਟਾ ਦਿੱਤਾ ਗਿਆ। ਸਿਗਨਲ ਖ਼ਰਾਬ ਹੋਣ ਦਾ ਰੁਝਾਨ ਇਸ਼ਾਰਾ ਕਰਦਾ ਹੈ ਕਿ ਕੁਝ ਵਿਰੋਧੀ ਪਾਰਟੀਆਂ ਜਾਂ ਆਗੂਆਂ ਦੀਆਂ ਖ਼ਬਰਾਂ ਨਸ਼ਰ ਹੋਣ ਵੇਲੇ ਪ੍ਰਸਾਰਨ ਜ਼ਿਆਦਾ ਖ਼ਰਾਬ ਹੁੰਦਾ ਸੀ। 'ਡੇਅ ਐਂਡ ਨਾਈਟ ਨਿਊਜ਼' ਵੱਲੋਂ ਪਹੁੰਚ ਕਰਨ ਉੱਤੇ ਕੰਪੀਟੀਸ਼ਨ ਕਮਿਸ਼ਨ ਆਫ਼ ਇੰਡੀਆ ਨੇ ਫਾਸਟਵੇਅ ਨੂੰ ਅੱਠ ਕਰੋੜ ਤੋਂ ਜ਼ਿਆਦਾ ਰੁਪਏ ਦਾ ਜੁਰਮਾਨਾ ਕੀਤਾ ਅਤੇ ਆਪਣੇ ਫ਼ੈਸਲੇ ਵਿਚ ਲਿਖਿਆ ਕਿ ਇਹ ਏਕਾਧਿਕਾਰ ਜਮਾ ਰਿਹਾ ਹੈ ਜੋ ਜਾਇਜ਼ ਨਹੀਂ ਹੈ। ਇਸ ਫ਼ੈਸਲੇ ਦੇ ਬਾਵਜੂਦ ਇਹ ਰੁਝਾਨ ਜਿਉਂ ਦਾ ਤਿਉਂ ਜਾਰੀ ਹੈ। 'ਡੇਅ ਐਂਡ ਨਾਈਟ ਨਿਊਜ਼' ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਮਨਮਰਜ਼ੀ ਨਾਲ ਚੈਨਲਾਂ ਨੂੰ ਕੇਬਲ ਤੋਂ ਹਟਾਉਣ ਦਾ ਰੁਝਾਨ ਜਾਰੀ ਹੈ।

ਇਹ ਤਾਂ ਇਸ ਚੈਨਲ ਦੀ ਦਰਸ਼ਕ ਤੱਕ ਪਹੁੰਚ ਨੂੰ ਰੋਕਣ ਦਾ ਮਸਲਾ ਹੈ ਜਿਸ ਵਿਚ ਸਰਕਾਰੀ ਸਰਪ੍ਰਸਤੀ ਅਤੇ ਨਿੱਜੀ ਕਾਰੋਬਾਰੀ ਦੀ ਮਿਲੀਭੁਗਤ ਅਹਿਮ ਨੁਕਤਾ ਬਣਦੀ ਹੈ। ਇਸੇ ਪਾਬੰਦੀ ਦੇ ਨਤੀਜੇ ਵਜੋਂ ਵਿੱਤੀ ਘਾਟਾ ਝੱਲਦਾ ਹੋਇਆ ਇਹ ਚੈਨਲ ਤਿੰਨ ਸਾਲ ਦਾ ਸਫ਼ਰ ਮੁਕੰਮਲ ਕਰ ਚੁੱਕਿਆ ਹੈ। ਹੁਣ ਇਸ ਚੈਨਲ ਵਿਚ ਹੋਈਆਂ ਤਬਦੀਲੀਆਂ ਦਾ ਕੋਈ ਵੀ ਪੱਖ ਮੀਡੀਆ ਦੀ ਸੰਜੀਦਾ ਚਰਚਾ ਦਾ ਵਿਸ਼ਾ ਨਹੀਂ ਬਣਿਆ। ਕੁਝ ਅਖ਼ਬਾਰਾਂ ਨੇ ਇਸ ਦੇ ਪ੍ਰਬੰਧਕੀ ਸੰਪਾਦਕ ਜਾਂ ਤਬਦੀਲੀਆਂ ਬਾਰੇ ਚਟਕਾਰਾਨੁਮਾ ਖ਼ਬਰਾਂ ਜ਼ਰੂਰ ਲਗਾਈਆਂ ਹਨ। ਇਸ ਚੈਨਲ ਬਾਰੇ ਲਿਖੇ ਇੱਕ ਲੇਖ ਨੂੰ ਇੱਕ ਜਲੰਧਰੀ ਪੰਜਾਬੀ ਅਖ਼ਬਾਰ ਨੇ ਆਪਣੀ ਨੀਤੀ ਨਾਲ ਮੇਲ ਨਾ ਖਾਣ ਦੀ ਦਲੀਲ ਦੇ ਕੇ ਬਣੇ ਹੋਏ ਪੰਨੇ ਵਿਚੋਂ ਕੱਢ ਦਿੱਤਾ ਸੀ। ਮੀਡੀਆ ਦੀ ਪੜਚੋਲ ਕਰਨ ਵਾਲਾ ਇੱਕ ਜਲੰਧਰੀ ਵਿਦਵਾਨ ਇਸ ਚੈਨਲ ਦੇ ਪ੍ਰੋਗਰਾਮਾਂ ਬਾਰੇ ਲਿਖ ਕੇ ਵੀ ਇਸ ਦਾ ਨਾਮ ਨਹੀਂ ਲਿਖਦਾ ਸੀ। ਇਸ ਦੇ ਦੋ ਹੀ ਕਾਰਨ ਹੋ ਸਕਦੇ ਹਨ ਕਿ ਮੀਡੀਆ ਦੇ ਅਦਾਰੇ ਇੱਕ-ਦੂਜੇ ਦੀਆਂ ਚੋਰੀਆਂ ਦਾ ਪਰਦਾ ਕੱਜਣ ਲਈ ਚੁੱਪ ਅਖ਼ਤਿਆਰ (ਅਣਕਹੀ ਪਾਬੰਦੀ) ਕਰਦੇ ਹਨ ਜਾਂ ਇੱਕ-ਦੂਜੇ ਦੀ ਚੰਗੀ-ਬੁਰੀ ਖ਼ਬਰ ਨੂੰ ਆਵਾਮੀ-ਦਿਲਚਸਪੀ ਦਾ ਹਿੱਸਾ ਨਹੀਂ ਮੰਨਦੇ।

ਹੁਣ ਸਵਾਲ ਦੂਜੇ ਮਸਲੇ ਦਾ ਆਉਂਦਾ ਹੈ। ਜੰਗਵੀਰ ਸਿੰਘ ਦੀ ਯੋਗਤਾ ਬਾਰੇ ਗੱਲ ਕਰਨ ਤੋਂ ਮੀਡੀਆ ਕੰਨੀ ਕਿਉਂ ਖਿਸਕਾਉਂਦਾ ਹੈ? ਆਖ਼ਰ ਉਨ੍ਹਾਂ ਨੂੰ ਪੰਜਾਬ ਦੇ ਸਰਕਾਰੀ ਖ਼ਜ਼ਾਨੇ ਵਿਚੋਂ ਤਨਖ਼ਾਹ ਦਿੱਤੀ ਜਾਣੀ ਹੈ ਅਤੇ ਰਾਜ ਮੰਤਰੀ ਦਾ ਰੁਤਬਾ ਦਿੱਤਾ ਗਿਆ ਹੈ। ਉਨ੍ਹਾਂ ਨੇ ਅਹੁਦਾ ਪ੍ਰਵਾਨ ਕਰਦੇ ਹੋਏ ਬਿਆਨ ਦਿੱਤਾ ਹੈ ਕਿ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਭਰੋਸੇ ਨੂੰ ਕਾਇਮ ਰੱਖਣਗੇ ਅਤੇ ਸਰਕਾਰ ਦੀਆਂ ਲੋਕ ਪੱਖੀ ਪ੍ਰਾਪਤੀਆਂ ਨੂੰ ਪੇਸ਼ ਕਰਨ ਦਾ ਉਪਰਾਲਾ ਕਰਨਗੇ। ਕੀ ਉਹ ਹੁਣ ਤੱਕ ਵੀ ਇਹੋ ਕੁਝ ਕਰਦੇ ਆਏ ਹਨ? ਇਸ ਅਹੁਦੇ ਲਈ ਕਈ ਪੱਤਰਕਾਰ ਦੌੜ ਵਿਚ ਸ਼ਾਮਿਲ ਸਨ। ਉਨ੍ਹਾਂ ਦੀ ਯੋਗਤਾ ਜੰਗਵੀਰ ਸਿੰਘ ਵਰਗੀ ਹੀ ਹੋਵੇਗੀ, ਕੁਝ ਘੱਟ ਜਾਂ ਕੁਝ ਵੱਧ। ਸਵਾਲ ਇਹੋ ਹੈ ਕਿ ਜੇ ਪੱਤਰਕਾਰਾਂ ਦੀ ਇਹ ਯੋਗਤਾ ਹੈ ਤਾਂ ਲੋਕ ਸੰਪਰਕ ਮਹਿਕਮੇ ਦੀ ਕੀ ਲੋੜ ਹੈ? ਇਹ ਸਵਾਲ ਵੱਡੇ ਪੱਤਰਕਾਰਾਂ ਦੇ ਪ੍ਰਧਾਨਮੰਤਰੀ ਜਾਂ ਹੋਰ ਸਰਕਾਰਾਂ ਦੇ ਮੀਡੀਆ ਸਲਾਹਕਾਰ ਬਣਨ ਵੇਲੇ ਵੀ ਪੁੱਛਿਆ ਜਾਂਦਾ ਰਿਹਾ ਹੈ। ਇਸੇ ਤਰ੍ਹਾਂ ਸਰਕਾਰਾਂ ਜਦੋਂ ਪੱਤਰਕਾਰਾਂ ਨੂੰ ਕਮਿਸ਼ਨਾਂ ਵਿਚ ਨਾਮਜ਼ਦ ਕਰਦੀਆਂ ਹਨ ਤਾਂ ਇਹੋ ਸਵਾਲ ਪੁੱਛਿਆ ਜਾਂਦਾ ਹੈ। ਇਸੇ ਰੁਝਾਨ ਦੀਆਂ ਕੜੀਆਂ ਮੁੱਲ ਦੀਆਂ ਖ਼ਬਰਾਂ ਜਾਂ ਇਸ਼ਤਿਹਾਰੀ ਖ਼ਬਰਾਂ ਜਾਂ ਦਰਬਾਰੀ ਸੰਪਾਦਕੀਆਂ ਦੇ ਰੁਝਾਨ ਨਾਲ ਜੁੜਦੀਆਂ ਹਨ।

'ਡੇਅ ਐਂਡ ਨਾਈਟ ਨਿਊਜ਼' ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਕਾਂਗਰਸ ਦੀ ਬੋਲੀ ਬੋਲਦਾ ਸੀ। ਦੂਜੀ ਦਲੀਲ ਇਹ ਹੈ ਕਿ ਇਹ ਪੀਪਲਜ਼ ਪਾਰਟੀ ਆਫ਼ ਇੰਡੀਆ ਨੂੰ ਜ਼ਿਆਦਾ ਥਾਂ ਦਿੰਦਾ ਸੀ। ਜੇ ਇਨ੍ਹਾਂ ਦਲੀਲਾਂ ਨੂੰ ਸੱਚ ਮੰਨ ਲਿਆ ਜਾਵੇ ਤਾਂ ਕੀ ਇਸ ਚੈਨਲ ਦੀ ਹੋਣੀ ਜਾਇਜ਼ ਕਰਾਰ ਦਿੱਤੀ ਜਾ ਸਕਦੀ ਹੈ? ਉਂਝ ਇਹ ਦਲੀਲ ਸਿਰਫ਼ ਸਰਕਾਰੀ ਦਾਅਵੇ ਨਾਲ ਸੱਚੀ ਸਾਬਤ ਨਹੀਂ ਹੋ ਜਾਣੀ। ਇਸ ਲਈ ਅਧਿਐਨ ਕਰ ਕੇ ਸਿਆਸੀ ਮੁਹਾਣ ਦੀ ਸ਼ਨਾਖ਼ਤ ਕਰ ਕੇ ਦਿਖਾਉਣੀ ਜ਼ਰੂਰੀ ਹੈ।

ਦੂਜੇ ਪਾਸੇ, ਪੰਜਾਬ ਸਰਕਾਰ ਵੱਲੋਂ ਕਬੱਡੀ ਕੱਪ, ਪਰਵਾਸੀ ਪੰਜਾਬੀ ਸੰਮੇਲਨ, ਜ਼ਿਆਦਾਤਰ ਵਾਰ ਵਿਧਾਨ ਸਭਾ ਦੀ ਕਾਰਵਾਈ ਅਤੇ ਹੋਰ ਸਰਕਾਰੀ ਸਮਾਗਮ ਨਸ਼ਰ ਕਰਨ ਦਾ ਅਖ਼ਤਿਆਰ ਸਿਰਫ਼ ਨਿੱਜੀ ਟੈਲੀਵਿਜ਼ਨ ਚੈਨਲ ਨੂੰ ਦਿੱਤੇ ਜਾਂਦੇ ਹਨ। ਹੁਣ ਇਸੇ ਚੈਨਲ ਨੇ ਇੱਕ ਪੰਜਾਬੀ ਫ਼ਿਲਮ ਬਣਾਈ ਹੈ ਜਿਸ ਨੂੰ ਦਿਖਾਉਣ ਲਈ ਸਿਨਮੇ ਵਾਲਿਆਂ ਉੱਤੇ ਜ਼ੋਰ ਪਾਇਆ ਗਿਆ। ਦੂਜੀਆਂ ਫ਼ਿਲਮਾਂ ਨੂੰ ਜਬਰੀ ਹਟਾਇਆ ਗਿਆ ਅਤੇ ਦਰਸ਼ਕਾਂ ਦੀ ਘਾਟ ਦੇ ਬਾਵਜੂਦ ਇਹੀ ਫ਼ਿਲਮ ਚਲਾਉਣ ਲਈ ਮਜਬੂਰ ਕੀਤਾ ਗਿਆ। ਸਰਪੰਚਾਂ ਅਤੇ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਦਰਸ਼ਕ ਜੁਟਾਉਣ ਦੇ ਜ਼ੁਬਾਨੀ ਹੁਕਮ ਜਾਰੀ ਕੀਤੇ ਗਏ। ਇਸੇ ਮਾਹੌਲ ਵਿਚ ਪੰਜਾਬ ਦਾ ਰੇਤ, ਸ਼ਰਾਬ ਅਤੇ ਭੂਮੀ ਮਾਫ਼ੀਆ ਮੂੰਹ-ਜ਼ੋਰ ਹੋਇਆ ਹੈ।

ਜਦੋਂ ਸਰਕਾਰੀ ਸਰਪ੍ਰਸਤੀ ਵਿਚ ਨਿੱਜੀ ਕਾਰੋਬਾਰੀ, ਕਿਸੇ ਚੈਨਲ ਦਾ ਦਮ ਘੁੱਟਦੇ ਹਨ ਤਾਂ ਦੂਜੇ ਪਾਸੇ ਮੀਡੀਆ ਸਲਾਹਕਾਰਾਂ ਦੀ ਰਸਮੀ ਅਤੇ ਗ਼ੈਰ-ਰਸਮੀ ਫ਼ੌਜ ਤਿਆਰ ਕੀਤੀ ਜਾਂਦੀ ਹੈ। ਜਾਪਦਾ ਇਹੋ ਹੈ ਕਿ ਨੁਮਾਇਸ਼ੀ ਪ੍ਰਾਪਤੀਆਂ ਨੂੰ ਸਵਾਲਾਂ ਦੇ ਘੇਰੇ ਤੋਂ ਬਚਾਉਣ ਵਿਚ ਰੁਝੀਆਂ ਸਰਕਾਰਾਂ ਪੱਤਰਕਾਰੀ ਨੂੰ ਸੁਨੇਹਾ ਦੇ ਰਹੀਆਂ ਹਨ ਕਿ ਉਹ ਲੋਕ ਸੰਪਰਕ ਮਹਿਕਮੇ ਨਾਲ ਸੁਰ ਰ਼ਲਾ ਲੈਣ ਜਾਂ ਪਾਬੰਦੀਆਂ ਦੀ ਤਾਕਤ ਦਾ ਅੰਦਾਜ਼ਾ ਲਗਾ ਕੇ ਆਪਣੀ ਦ੍ਰਿੜਤਾ ਪਰਖ਼ ਲੈਣ। ਇਹ ਦਰਬਾਨ ਪੱਤਰਕਾਰੀ ਦਾ ਦੌਰ ਹੈ ਜੋ ਨੌਮ ਚੌਮਸਕੀ ਦੇ ਸ਼ਬਦਾਂ ਵਿਚ 'ਸਹਿਮਤੀ ਦੀ ਸਿਰਜਣਾ' ਕਰ ਰਿਹਾ ਹੈ। ਲੋਕ ਸੰਪਰਕ ਮਹਿਕਮੇ ਸਰਕਾਰੀ ਨਾ-ਕਾਮਯਾਬੀਆਂ ਦਾ ਹਿਸਾਬ ਨਹੀਂ ਕਰਦੇ। ਇਹ ਸਭ-ਕੁਝ ਨੂੰ ਲੋਕ ਪੱਖੀ ਸਰਕਾਰੀ ਪ੍ਰਾਪਤੀ ਵਜੋਂ ਪੇਸ਼ ਕਰਦੇ ਹਨ। ਨਵੇਂ ਰਾਜ ਮੰਤਰੀ 'ਡੇਅ ਐਂਡ ਨਾਈਟ ਨਿਊਜ਼' ਨੂੰ ਭਾਵੇਂ ਪ੍ਰੈਸ ਨੋਟ ਜਾਰੀ ਕਰ ਕੇ ਆਵਾਮੀ-ਦਿਲਚਸਪੀ ਦਾ ਸਬੱਬ ਨਾ ਮੰਨਣ, ਪਰ ਮਹਿਕਮੇ ਦੇ ਅੰਦਰ ਤਾਂ ਸਰਕਾਰੀ ਪ੍ਰਾਪਤੀ ਵਜੋਂ ਪੇਸ਼ ਕਰ ਸਕਦੇ ਹਨ। ਉਨ੍ਹਾਂ ਦਾ ਅਹੁਦਾ ਸੰਭਾਲਣਾ ਸਰਕਾਰ ਲਈ 'ਸ਼ੁਭ ਸ਼ਗਨ' ਸਾਬਤ ਹੋਇਆ ਹੈ।

# ਆਂਧਰਾ ਪ੍ਰਦੇਸ਼ ਦੀ ਵੰਡ ਨਾਲ ਜੁੜੇ ਸਵਾਲ

***ਪੱਛਮੀ ਤੇ ਪੂਰਬੀ ਯੂਰਪ ਵਿਚ ਕੌਮੀ ਸਵਾਲ ਆਜ਼ਾਦ ਸਰਮਾਏਦਾਰਾ ਵਿਕਾਸ ਰਾਹੀਂ ਹੱਲ ਹੋਇਆ ਅਤੇ ਵੱਖ-ਵੱਖ ਛੋਟੇ ਵੱਡੇ ਕੌਮੀ ਜਾਂ ਬਹੁ-ਕੌਮੀ ਮੁਲਕ ਹੋਂਦ 'ਚ ਆਏ ਸਨ। ਇਸ ਦੇ ਉਲਟ, ਭਾਰਤ ਵਿਚ ਬਸਤੀਵਾਦੀਆਂ ਨੇ ਫ਼ੌਜੀ ਤਾਕਤ ਨਾਲ ਵੱਖ-ਵੱਖ ਖਿੱਤਿਆਂ ਨੂੰ ਨਰੜ ਕੇ ਆਪਣਾ ਰਾਜ ਹੋਂਦ 'ਚ ਲਿਆਂਦਾ ਜਿਸ ਨੂੰ ਸੱਤਾ ਬਦਲੀ ਪਿੱਛੋਂ ਦੇਸੀ ਹੁਕਮਰਾਨਾਂ ਨੇ ਫ਼ੌਜ ਦੇ ਜ਼ੋਰ 'ਰਾਸ਼ਟਰ' ਬਣਾ ਲਿਆ। ਕਸ਼ਮੀਰ, ਹੈਦਰਾਬਾਦ, ਮਿਜ਼ੋ ਵਗੈਰਾ ਜਿਨ੍ਹਾਂ ਨੇ ਅੱਡ ਹੋਣ ਦੀ ਮੰਗ ਉਠਾਈ, ਉਨ੍ਹਾਂ ਨੂੰ ਫ਼ੌਜ ਰਾਹੀਂ ਕੁਚਲ ਦਿੱਤਾ ਗਿਆ। ... ... ਫਿਰ ਜਿਹੜੇ ਸੂਬੇ ਬਣਾਏ ਗਏ, ਉਨ੍ਹਾਂ ਦੀ ਹੱਦਬੰਦੀ ਜ਼ਮੀਨੀ ਹਕੀਕਤਾਂ ਨੂੰ ਮੁੱਖ ਰੱਖ ਕੇ ਇਮਾਨਦਾਰੀ ਨਾਲ ਨਹੀਂ ਸਗੋਂ ਲੰਮੇ ਦਾਅ ਦੀਆਂ ਸਿਆਸੀ ਗਰਜ਼ਾਂ ਅਤੇ ਵੱਡੀ ਸਰਮਾਏਦਾਰੀ ਦੀਆਂ ਲੋੜਾਂ (ਖੇਤਰਾਂ ਦੇ ਵਸੀਲਿਆਂ ਦੀ ਲੁੱਟ ਅਤੇ ਇਨ੍ਹਾਂ ਉੱਪਰ ਕਬਜ਼ੇ) ਅਨੁਸਾਰ ਕੀਤੀ ਗਈ। ਕਈ ਖਿੱਤਿਆਂ ਨੂੰ ਬੋਲੀ ਆਧਾਰਤ ਹੱਦਬੰਦੀ ਤੋਂ ਬਾਹਰ ਹੀ ਕਰ ਦਿੱਤਾ ਗਿਆ। ਪੰਜਾਬ ਇਸ ਦੀ ਉੱਘੜਵੀਂ ਮਿਸਾਲ ਹੈ ਜਿਸ ਦੀ ਮੰਗ ਨੂੰ ਦਸ ਸਾਲ ਦੀ ਲੰਮੀ ਜਾਨ-ਹੂਲਵੀਂ ਜੱਦੋਜਹਿਦ ਤੋਂ ਬਾਅਦ ਪਹਿਲੀ ਨਵੰਬਰ 1966 ਵਿਚ ਜਾ ਕੇ ਜਿਸ ਲੰਙੜੀ ਸ਼ਕਲ 'ਚ ਸਵੀਕਾਰ ਕੀਤਾ ਗਿਆ। ਉਸ ਵਿਚੋਂ ਕੇਂਦਰੀ ਹੁਕਮਰਾਨਾਂ ਦੇ ਚੰਦਰੇ ਇਰਾਦਿਆਂ ਅਤੇ ਬੇਈਮਾਨੀ ਸ਼ਰੇਆਮ ਸੜਿਆਂਦ ਮਾਰਦੀ ਸੀ। ਇਸ ਤੋਂ 47 ਵਰ੍ਹੇ ਪਿੱਛੋਂ ਵੀ ਜੇ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਸਮੇਤ ਪੰਜਾਬੀ ਕੌਮੀਅਤ ਦੇ ਹੱਕਾਂ ਤੇ ਜਮਹੂਰੀ ਉਮੰਗਾਂ ਨਾਲ ਜੁੜੇ ਬਹੁਤ ਸਾਰੇ ਮਸਲੇ ਲਟਕਾ ਕੇ ਰੱਖੇ ਗਏ ਹਨ, ਤਾਂ ਕੌਣ ਮੰਨ ਲਵੇਗਾ ਕਿ ਭਾਰਤੀ ਹੁਕਮਰਾਨ ਇਨ੍ਹਾਂ ਮਸਲਿਆਂ ਪ੍ਰਤੀ ਸੰਜੀਦਾ ਹਨ?***

**ਬੂਟਾ ਸਿੰਘ**
**ਫ਼ੋਨ: 91-94634-74342**

ਮੁਲਕ ਦੇ ਸੂਬਿਆਂ ਦੀ ਸੂਚੀ ਵਿਚ ਤਿਲੰਗਾਨਾ ਦਾ ਨਾਂ 29ਵੇਂ ਸੂਬੇ ਵਜੋਂ ਸ਼ੁਮਾਰ ਹੋ ਗਿਆ ਹੈ। ਜਦੋਂ ਕੁਝ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਸਿਰ 'ਤੇ ਹੋਣ ਅਤੇ ਅਗਲੀਆਂ ਲੋਕ ਸਭਾ ਚੋਣਾਂ 'ਚ ਦਸ ਮਹੀਨੇ ਬਾਕੀ ਰਹਿ ਗਏ ਹੋਣ, ਉਦੋਂ ਵੱਖਰਾ ਸੂਬਾ ਬਣਾਉਣ ਦੇ ਐਲਾਨ ਦੀਆਂ ਕੀ ਅਰਥ-ਸੰਭਾਵਨਾਵਾਂ ਹੋ ਸਕਦੀਆਂ ਹਨ? ਸੱਤਾ ਬਦਲੀ ਤੋਂ ਸਾਢੇ ਛੇ ਦਹਾਕੇ ਬਾਅਦ ਹੁਕਮਰਾਨਾਂ ਦੇ ਅਜਿਹੇ ਫ਼ੈਸਲਿਆਂ ਨੂੰ ਕਿਨ੍ਹਾਂ ਮਾਇਨਿਆਂ 'ਚ ਲਿਆ ਜਾਣਾ ਚਾਹੀਦਾ ਹੈ? ਇਸ ਨੂੰ ਇਸ ਖਿੱਤੇ ਦੇ ਆਵਾਮ ਦੀ ਮੰਗ ਪ੍ਰਤੀ ਸੰਜੀਦਗੀ ਤੇ ਉਨ੍ਹਾਂ ਦੀਆਂ ਕੌਮੀਅਤ ਰੀਝਾਂ ਦਾ ਸਤਿਕਾਰ ਸਮਝਿਆ ਜਾਵੇ, ਜਾਂ ਕੇਂਦਰ-ਰਾਜ ਸਬੰਧਾਂ ਨੂੰ ਨਵੇਂ ਸਿਰਿਉਂ ਜਮਹੂਰੀ ਭਾਵਨਾ ਨਾਲ ਤੈਅ ਕੀਤੇ ਬਗ਼ੈਰ ਸਿਆਸੀ ਗਿਣਤੀਆਂ-ਮਿਣਤੀਆਂ ਤਹਿਤ ਖੇਡੀ ਡੂੰਘੀ ਸ਼ਾਤਰ ਚਾਲ? ਕਦੇ ਪੰਜਾਬ, ਕਦੇ ਝਾਰਖੰਡ-ਉਤਰਾਖੰਡ-ਛੱਤੀਸਗੜ੍ਹ ਅਤੇ ਕਦੇ ਤਿਲੰਗਾਨਾ? ਸਾਲਮ ਸਵਾਲ ਨੂੰ ਮੁਖ਼ਾਤਬ ਹੋਣ ਦੀ ਥਾਂ ਟੁਕੜਿਆਂ 'ਚ ਸੂਬਿਆਂ ਦੀ ਭੰਨ-ਘੜ ਹੁਕਮਰਾਨ ਜਮਾਤ ਦੀ ਕਿਸੇ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ ਕਰਦੀ ਹੈ। ਬੋਲੀ ਤੇ ਸੱਭਿਆਚਾਰ ਦੀ ਸਾਂਝ ਦੀ ਬਜਾਏ ਪ੍ਰਸ਼ਾਸਨਿਕ ਸਹੂਲਤ ਲਈ ਛੋਟੇ ਸੂਬੇ ਬਣਾਉਣ ਦੇ ਉਦੇਸ਼ ਨਾਲ ਦੂਜਾ ਪੁਨਰ-ਗਠਨ ਕਮਿਸ਼ਨ ਬਣਾਉਣ ਦੀ ਪੁੱਠੀ ਦਲੀਲ ਵੀ ਦਿੱਤੀ ਜਾ ਰਹੀ ਹੈ ਜੋ ਅਸਲ ਮਸਲੇ ਨੂੰ ਪਰਦਾ ਪਾਉਂਦੀ ਹੀ ਹੈ। ਵੱਖਰੇ ਸੂਬਿਆਂ ਦੀ ਮੰਗ ਠੋਸ ਰੂਪ ਵਿਚ 'ਭਾਰਤ' ਵਿਚ ਅਸਲੋਂ ਹੀ ਅਣ-ਸੁਲਝਾਏ ਪਏ ਕੌਮੀ ਸਵਾਲ ਦਾ ਹਿੱਸਾ ਹੈ ਜੋ ਕਦੇ ਆਜ਼ਾਦੀ ਦੀ ਮੰਗ ਰਾਹੀਂ ਸਵੈ-ਨਿਰਣੇ ਦੇ ਹੱਕ ਦੇ ਰੂਪ 'ਚ ਸਾਹਮਣੇ ਆਉਂਦਾ ਰਿਹਾ ਹੈ ਅਤੇ ਕਦੇ ਸੂਬਿਆਂ ਨੂੰ ਅਤੇ ਖੇਤਰਾਂ ਨੂੰ ਖ਼ੁਦਮੁਖ਼ਤਿਆਰੀ ਜਾਂ ਕੇਂਦਰ-ਰਾਜ ਸਬੰਧਾਂ ਨੂੰ ਨਵੇਂ ਸਿਰਿਉਂ ਤੈਅ ਕਰਨ ਦੇ ਰੂਪ 'ਚ। ਇਸੇ ਭਾਰਤੀ ਰਾਜ ਨੇ ਇਸ ਲੰਮੇ ਅਰਸੇ 'ਚ ਕੌਮੀਅਤਾਂ ਦੇ ਪੂਰੀ ਤਰ੍ਹਾਂ ਜਾਇਜ਼ ਮੰਗਾਂ-ਮਸਲਿਆਂ ਦੀ ਜਮਹੂਰੀ ਸੁਣਵਾਈ ਦੀ ਬਜਾਏ ਇਨ੍ਹਾਂ ਲਹਿਰਾਂ ਦੀ ਆਵਾਜ਼ ਨੂੰ ਫ਼ੌਜੀ ਤਾਕਤ ਨਾਲ ਬੇਰਹਿਮੀ ਨਾਲ ਕੁਚਲਦਿਆਂ ਪਤਾ ਨਹੀਂ ਕਿੰਨੇ ਹਜ਼ਾਰਾਂ ਲੋਕਾਂ ਦਾ ਖ਼ੂਨ ਵਹਾਇਆ ਹੈ। ਜੰਮੂ-ਕਸ਼ਮੀਰ ਤੇ ਉਤਰ-ਪੂਰਬ 'ਚ ਰਾਜਕੀ ਦਹਿਸ਼ਤਗਰਦੀ ਅੱਜ ਵੀ ਆਵਾਮ ਦੇ ਸੱਥਰ ਵਿਛਾ ਰਹੀ ਹੈ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ ਅੰਗਰੇਜ਼ ਬਸਤੀਵਾਦੀਆਂ ਹੱਥੋਂ 'ਕਾਲੇ ਅੰਗਰੇਜ਼ਾਂ' ਦੇ ਹੱਥ ਸੱਤਾ ਬਦਲੀ ਦੀਆਂ ਪੇਚੀਦਗੀਆਂ ਅਤੇ ਇਨ੍ਹਾਂ ਦੇ ਸੰਭਾਵੀ ਸਿੱਟਿਆਂ (ਰਾਜ ਦੇ ਲੋਕ ਵਿਰੋਧੀ ਕਿਰਦਾਰ) ਵੱਲ ਸਾਫ਼ ਇਸ਼ਾਰਾ ਕੀਤਾ ਸੀ। ਸੱਤਾ ਬਦਲੀ ਤੋਂ ਪਿੱਛੋਂ ਦਾ ਲੰਮਾ ਇਤਿਹਾਸ ਗਵਾਹ ਹੈ ਕਿ ਮਸਲਿਆਂ ਦੇ ਦਿਆਨਤਦਾਰ ਹੱਲ ਦੀ ਬਜਾਏ ਕੂਟਲ ਨੀਤੀ ਇਸ ਸੱਤਾ ਬਦਲੀ ਦੇ ਵਜੂਦ ਸਮੋਈ ਖ਼ੂਬੀ ਹੈ। ਇਸੇ ਦਾ ਇਕ ਇਜ਼ਹਾਰ ਵੱਖਰੀ ਬੋਲੀ ਦੇ ਆਧਾਰ 'ਤੇ ਵੱਖਰੇ ਸੂਬਿਆਂ ਦੇ ਸਵਾਲ ਪ੍ਰਤੀ ਹੁਕਮਰਾਨ ਜਮਾਤਾਂ ਦੀ ਧੱਕੜ ਪਹੁੰਚ ਵਜੋਂ ਸਾਹਮਣੇ ਆਉਂਦਾ ਰਿਹਾ ਹੈ। ਪੱਛਮੀ ਤੇ ਪੂਰਬੀ ਯੂਰਪ ਵਿਚ ਕੌਮੀ ਸਵਾਲ ਆਜ਼ਾਦ ਸਰਮਾਏਦਾਰਾ ਵਿਕਾਸ ਰਾਹੀਂ ਹੱਲ ਹੋਇਆ ਅਤੇ ਵੱਖ-ਵੱਖ ਛੋਟੇ ਵੱਡੇ ਕੌਮੀ ਜਾਂ ਬਹੁ-ਕੌਮੀ ਮੁਲਕ ਹੋਂਦ 'ਚ ਆਏ ਸਨ। ਇਸ ਦੇ ਉਲਟ, ਭਾਰਤ ਵਿਚ ਬਸਤੀਵਾਦੀਆਂ ਨੇ ਫ਼ੌਜੀ ਤਾਕਤ ਨਾਲ ਵੱਖ-ਵੱਖ ਖਿੱਤਿਆਂ ਨੂੰ ਨਰੜ ਕੇ ਆਪਣਾ ਰਾਜ ਹੋਂਦ 'ਚ ਲਿਆਂਦਾ ਜਿਸ ਨੂੰ ਸੱਤਾ ਬਦਲੀ ਪਿੱਛੋਂ ਦੇਸੀ ਹੁਕਮਰਾਨਾਂ ਨੇ ਫ਼ੌਜ ਦੇ ਜ਼ੋਰ 'ਰਾਸ਼ਟਰ' ਬਣਾ ਲਿਆ। ਕਸ਼ਮੀਰ, ਹੈਦਰਾਬਾਦ, ਮਿਜ਼ੋ ਵਗੈਰਾ ਜਿਨ੍ਹਾਂ ਨੇ ਅੱਡ ਹੋਣ ਦੀ ਮੰਗ ਉਠਾਈ, ਉਨ੍ਹਾਂ ਨੂੰ ਫ਼ੌਜ ਰਾਹੀਂ ਕੁਚਲ ਦਿੱਤਾ ਗਿਆ। ਦੂਜੇ ਪਾਸੇ, ਕਾਂਗਰਸ ਪਾਰਟੀ ਦੇ ਮਨੋਰਥ-ਪੱਤਰ 'ਚ ਬੋਲੀ ਦੇ ਆਧਾਰ 'ਤੇ ਸੂਬਿਆਂ ਦੇ ਪੁਨਰ-ਗਠਨ ਨੂੰ ਅਹਿਮ ਮੁੱਦੇ ਵਜੋਂ ਰਸਮੀ ਤੌਰ 'ਤੇ ਸ਼ਾਮਲ ਜ਼ਰੂਰ ਕਰ ਲਿਆ ਗਿਆ ਸੀ ਜੋ ਅੰਗਰੇਜ਼ ਬਸਤੀਵਾਦ ਵਿਰੁੱਧ ਉੱਭਰ ਰਹੀ ਲੋਕ ਚੇਤਨਾ ਦਾ ਰਾਜਸੀ ਲਾਹਾ ਲੈਣ ਦੀ ਕਾਂਗਰਸ ਦੀ ਚਲਾਕੀ ਤੋਂ ਬਿਨਾਂ ਹੋਰ ਕੁਝ ਨਹੀਂ ਸੀ। ਸਿੱਟੇ ਵਜੋਂ, ਕਾਂਗਰਸ ਪਾਰਟੀ ਦੇ 1920 ਵਾਲੇ ਨਾਗਪੁਰ ਸੰਮੇਲਨ ਵਿਚ ਅੰਗਰੇਜ਼ੀ ਰਾਜ ਦੀਆਂ ਪ੍ਰਬੰਧਕੀ ਇਕਾਈਆਂ (ਸੂਬਿਆਂ) ਦੀ ਥਾਂ ਬੋਲੀ ਦੇ ਆਧਾਰ 'ਤੇ ਸੂਬਿਆਂ ਮੁਤਾਬਕ ਕਾਂਗਰਸੀ ਜਥੇਬੰਦੀਆਂ ਦੇ ਤਾਣੇ-ਬਾਣੇ ਨੂੰ ਨਵੇਂ ਸਿਰਿਉਂ ਬਣਾ ਲਿਆ ਗਿਆ ਸੀ, ਪਰ ਜਦੋਂ 1947 ਦੀ ਰਸਮੀ ਆਜ਼ਾਦੀ ਤੋਂ ਪਿੱਛੋਂ ਵੱਖ-ਵੱਖ ਖਿੱਤਿਆਂ ਵਿਚੋਂ ਇਸ ਦੀ ਜ਼ੋਰਦਾਰ ਵਿਹਾਰਕ ਮੰਗ ਉੱਠਣੀ ਸ਼ੁਰੂ ਹੋਈ ਤਾਂ ਕਾਂਗਰਸੀ ਹੁਕਮਰਾਨਾਂ ਦਾ ਅਸਲ ਚਿਹਰਾ ਸਾਹਮਣੇ ਆ ਗਿਆ।

ਇਸ ਸਮੇਂ ਦੱਖਣੀ ਭਾਰਤ ਦੀਆਂ ਕਾਂਗਰਸ ਕਮੇਟੀਆਂ ਵੱਲੋਂ ਉਠਾਈ ਸੂਬਿਆਂ ਦੇ ਬੋਲੀ ਆਧਾਰਤ ਪੁਨਰ-ਗਠਨ ਦੀ ਮੰਗ ਨੂੰ ਹਕਾਰਤ ਤੇ ਹੰਕਾਰ ਨਾਲ ਠੁਕਰਾਇਆ ਗਿਆ। ਫਿਰ ਇਸ ਮੰਗ ਨੂੰ ਲੈ ਕੇ ਅੰਦੋਲਨ ਸ਼ੁਰੂ ਹੋ ਗਏ। ਆਂਧਰਾ ਸੂਬਾ ਬਣਾਏ ਜਾਣ ਦੀ ਜ਼ੋਰਦਾਰ ਮੰਗ ਉਠ ਖੜ੍ਹੀ ਹੋਈ। ਇਸ ਦੇ ਹੱਕ 'ਚ 51 ਦਿਨ ਦੇ ਮਰਨ ਵਰਤ ਤੋਂ ਬਾਦ 1952 'ਚ ਬੋਟੀਸਿਰੀ ਰਾਮੂਲੂ ਦੀ ਮੌਤ ਹੋ ਜਾਣ ਨਾਲ ਦੱਖਣ ਵਿਚ ਆਵਾਮੀ ਰੋਹ ਦੇ ਤੂਫ਼ਾਨ ਦੇ ਦਬਾਅ ਹੇਠ ਨਹਿਰੂ ਵਜ਼ਾਰਤ ਨੂੰ ਮੌਜੂਦਾ ਆਂਧਰਾ ਦਾ ਇਲਾਕਾ ਮਦਰਾਸ ਸੂਬੇ ਤੋਂ ਅੱਡ ਕਰ ਕੇ ਵੱਖਰਾ ਸੂਬਾ ਬਣਾਉਣਾ ਪਿਆ ਅਤੇ 1953 'ਚ ਸੂਬਿਆਂ ਦੀ ਨਵੇਂ ਸਿਰਿਉਂ ਹੱਦਬੰਦੀ ਕਰਨ ਲਈ ਕਮਿਸ਼ਨ ਬਣਾਉਣਾ ਪਿਆ। ਤੱਥ ਇਹ ਹੈ ਕਿ ਇਹ ਖਿੱਤਾ ਨਿਜ਼ਾਮ ਹੈਦਰਾਬਾਦ ਦੇ ਰੂਪ 'ਚ ਤਿੰਨ ਜ਼ਬਾਨਾਂ ਬੋਲਦੇ ਲੋਕਾਂ ਦੀ ਅਲਹਿਦਾ ਰਿਆਸਤ ਸੀ ਜਿਸ ਵਿਚ ਤੈਲਗੂ ਬੋਲਦੇ ਮੌਜੂਦਾ ਤਿਲੰਗਾਨਾ ਦੇ ਨਾਲ ਨਾਲ ਮਹਾਰਾਸ਼ਟਰ ਦੇ ਮਰਾਠਵਾੜਾ ਬਣਦੇ (ਮਰਾਠੀ ਬੋਲਦੇ) ਮੌਜੂਦਾ ਨੌਂ ਜ਼ਿਲ੍ਹੇ ਅਤੇ ਕੰਨੜ ਬੋਲਦੇ ਛੇ ਜ਼ਿਲ੍ਹੇ (ਹੁਣ ਕਰਨਾਟਕਾ ਦਾ ਹਿੱਸਾ) ਵੀ ਸ਼ਾਮਲ ਸਨ। 1956 ਵਿਚ ਸੂਬਿਆਂ ਦੇ ਬੋਲੀ ਆਧਾਰਤ ਪੁਨਰ-ਗਠਨ ਤੱਕ ਇਸ ਦੀ ਇਹੀ ਸਥਿਤੀ ਸੀ। ਇਸ ਦਾ ਮੁਸਲਮਾਨ ਰਾਜਾ-ਨਿਜ਼ਾਮ-ਆਜ਼ਾਦ ਰਹਿਣ ਜਾਂ ਪਾਕਿਸਤਾਨ 'ਚ ਸ਼ਾਮਲ ਹੋਣ ਦੀ ਸੋਚ ਰੱਖਦਾ ਸੀ। ਨਹਿਰੂ ਹਕੂਮਤ ਨੇ ਇਥੇ ਕਮਿਊਨਿਸਟਾਂ ਦੀ ਅਗਵਾਈ ਵਾਲੇ 'ਤਿਲੰਗਾਨਾ ਹਥਿਆਰਬੰਦ ਕਿਸਾਨ ਸੰਘਰਸ਼' ਦੇ ਬਹਾਨੇ 'ਪੁਲਿਸ ਕਾਰਵਾਈ' ਦੇ ਪਰਦੇ ਵਿਚ ਫ਼ੌਜ ਭੇਜ ਕੇ ਇਸ ਨੂੰ ਜਬਰੀ ਭਾਰਤ ਵਿਚ ਮਿਲਾ ਲਿਆ ਅਤੇ 1956 ਦੇ ਪੁਨਰ-ਗਠਨ ਵੇਲੇ ਇਸ ਦਾ ਤੈਲਗੂ ਹਿੱਸਾ ਆਂਧਰਾ ਪ੍ਰਦੇਸ਼ ਵਿਚ, ਮਰਾਠਵਾੜਾ ਹਿੱਸਾ ਮਹਾਰਾਸ਼ਟਰ ਵਿਚ ਅਤੇ ਕੰਨੜ ਹਿੱਸਾ ਕਰਨਾਟਕਾ 'ਚ ਸ਼ਾਮਲ ਕਰ ਦਿੱਤਾ ਗਿਆ। ਤਿਲੰਗਾਨਾ ਅਤੇ ਆਂਧਰਾ ਦੇ ਜਬਰੀ ਰਲੇਵੇਂ ਮੌਕੇ ਪ੍ਰਧਾਨ ਮੰਤਰੀ ਨਹਿਰੂ ਨੇ ਕਿਹਾ ਸੀ ਕਿ ਜੇ ਇਹ ਤਜਜ਼ਰਬਾ ਕਾਮਯਾਬ ਨਾ ਹੋਇਆ ਤਾਂ ਦੋਵੇਂ ਸੂਬੇ ਉਸੇ ਤਰ੍ਹਾਂ ਅਲਹਿਦਾ ਹੋ ਸਕਣਗੇ ਜਿਵੇਂ ਨੌਜਵਾਨ ਵਿਆਹਿਆ ਜੋੜਾ ਤਲਾਕ ਲੈ ਕੇ ਅੱਡ ਅੱਡ ਹੋ ਜਾਂਦਾ ਹੈ। ਤੇ 'ਤਲਾਕ' ਲੈਣ ਲਈ ਤਿਲੰਗਾਨਾ ਦੇ ਲੋਕਾਂ ਨੂੰ 57 ਸਾਲ ਇੰਤਜ਼ਾਰ ਕਰਨਾ ਪਿਆ!

ਯਾਦ ਰਹੇ ਕਿ ਭਾਰਤ ਦੇ ਵੱਡੇ ਸਰਮਾਏਦਾਰ ਘਰਾਣਿਆਂ ਦਾ 'ਬੰਬੇ ਕਲੱਬ' ਬੋਲੀ ਦੇ ਆਧਾਰ ਉਤੇ ਦੁਬਾਰਾ ਹੱਦਬੰਦੀ ਦੇ ਸਖ਼ਤ ਖ਼ਿਲਾਫ਼ ਸੀ ਅਤੇ ਕਹਿਣ ਦੀ ਲੋੜ ਨਹੀਂ ਕਿ ਨਵੇਂ ਹੁਕਮਰਾਨ ਭਾਰਤੀ ਸਰਮਾਏਦਾਰੀ ਦੀ ਸੌੜੀ ਖ਼ੁਦਗਰਜ ਪਹੁੰਚ ਦੀ ਹੀ ਨੁਮਾਇੰਦਗੀ ਕਰਦੇ ਸਨ ਜਿਸ ਨੂੰ ਮਜ਼ਬੂਤ ਕੇਂਦਰੀ ਕੰਟਰੋਲ ਵਾਲੀ ਵਿਆਪਕ ਭਾਰਤੀ ਮੰਡੀ ਹੀ ਰਾਸ ਆਉਂਦੀ ਸੀ। ਲਿਹਾਜ਼ਾ, ਸੂਬਿਆਂ ਦੀ ਦੁਬਾਰਾ ਹੱਦਬੰਦੀ ਬੱਕਰੀ ਦੇ ਮੀਂਗਣਾਂ ਪਾ ਕੇ ਦੁੱਧ ਦੇਣ ਵਰਗਾ 'ਅਹਿਸਾਨ' ਹੀ ਸੀ।

ਪਹਿਲੀ ਗੱਲ ਤਾਂ ਜਿਹੜੇ ਸੂਬੇ ਬਣਾਏ ਗਏ, ਉਨ੍ਹਾਂ ਦੀ ਹੱਦਬੰਦੀ ਜ਼ਮੀਨੀ ਹਕੀਕਤਾਂ ਨੂੰ ਮੁੱਖ ਰੱਖ ਕੇ ਇਮਾਨਦਾਰੀ ਨਾਲ ਨਹੀਂ ਸਗੋਂ ਲੰਮੇ ਦਾਅ ਦੀਆਂ ਸਿਆਸੀ ਗਰਜ਼ਾਂ ਅਤੇ ਵੱਡੀ ਸਰਮਾਏਦਾਰੀ ਦੀਆਂ ਲੋੜਾਂ (ਖੇਤਰਾਂ ਦੇ ਵਸੀਲਿਆਂ ਦੀ ਲੁੱਟ ਅਤੇ ਇਨ੍ਹਾਂ ਉੱਪਰ ਕਬਜ਼ੇ) ਅਨੁਸਾਰ ਕੀਤੀ ਗਈ। ਕਈ ਖਿੱਤਿਆਂ ਨੂੰ ਬੋਲੀ ਆਧਾਰਤ ਹੱਦਬੰਦੀ ਤੋਂ ਬਾਹਰ ਹੀ ਕਰ ਦਿੱਤਾ ਗਿਆ। ਪੰਜਾਬ ਇਸ ਦੀ ਉੱਘੜਵੀਂ ਮਿਸਾਲ ਹੈ ਜਿਸ ਦੀ ਮੰਗ ਨੂੰ ਦਸ ਸਾਲ ਦੀ ਲੰਮੀ ਜਾਨ-ਹੂਲਵੀਂ ਜੱਦੋਜਹਿਦ ਤੋਂ ਬਾਅਦ ਪਹਿਲੀ ਨਵੰਬਰ 1966 ਵਿਚ ਜਾ ਕੇ ਜਿਸ ਲੰਙੜੀ ਸ਼ਕਲ 'ਚ ਸਵੀਕਾਰ ਕੀਤਾ ਗਿਆ। ਉਸ ਵਿਚੋਂ ਕੇਂਦਰੀ ਹੁਕਮਰਾਨਾਂ ਦੇ ਚੰਦਰੇ ਇਰਾਦਿਆਂ ਅਤੇ ਬੇਈਮਾਨੀ ਸ਼ਰੇਆਮ ਸੜਿਆਂਦ ਮਾਰਦੀ ਸੀ। ਇਸ ਤੋਂ 47 ਵਰ੍ਹੇ ਪਿੱਛੋਂ ਵੀ ਜੇ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਸਮੇਤ ਪੰਜਾਬੀ ਕੌਮੀਅਤ ਦੇ ਹੱਕਾਂ ਤੇ ਜਮਹੂਰੀ ਉਮੰਗਾਂ ਨਾਲ ਜੁੜੇ ਬਹੁਤ ਸਾਰੇ ਮਸਲੇ ਲਟਕਾ ਕੇ ਰੱਖੇ ਗਏ ਹਨ, ਤਾਂ ਕੌਣ ਮੰਨ ਲਵੇਗਾ ਕਿ ਭਾਰਤੀ ਹੁਕਮਰਾਨ ਇਨ੍ਹਾਂ ਮਸਲਿਆਂ ਪ੍ਰਤੀ ਸੰਜੀਦਾ ਹਨ? ਜ਼ਰਾ ਫਰਵਰੀ 1992 ਵਿਚ ਪੰਜਾਬ ਵਿਚ ਚੋਣਾਂ ਕਰਵਾਏ ਜਾਣ ਵਕਤ ਨਰਸਿਮਹਾ ਰਾਓ ਹਕੂਮਤ ਦੇ 'ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਕੁਝ ਦਿਨਾਂ 'ਚ ਦੇ ਦਿੱਤੇ ਜਾਣਗੇ' ਦੇ ਬੇਹਯਾ ਵਾਅਦਿਆਂ ਨੂੰ ਚੇਤੇ ਕਰੋ!



*ਤਿਲੰਗਾਨਾ ਦੇ ਹੱਕ ਵਿਚ ਜੂਝ ਰਹੀਆਂ ਕੁੜੀਆਂ। ਇਹ ਤਸਵੀਰ ਨਵੀਂ ਦਿੱਲੀ ਵਿਖੇ 28 ਨਵੰਬਰ 2011 ਨੂੰ ਖਿੱਚੀ ਗਈ ਸੀ।*

ਤਿਲੰਗਾਨਾ ਦਾ ਵੱਖਰਾ ਸੂਬਾ ਬਣਾਏ ਜਾਣ ਦੀ ਚਾਣਕਿਆ ਨੀਤੀ ਦੀਆਂ ਹੋਰ ਪਰਤਾਂ ਨੂੰ ਸਮਝਣਾ ਵੀ ਬਹੁਤ ਜ਼ਰੂਰੀ ਹੈ। ਅੱਡ ਤਿਲੰਗਾਨਾ ਹੀ ਇਕੋ ਇਕ ਮੰਗ ਨਹੀਂ ਰਹੀ। ਗੋਰਖਾਲੈਂਡ, ਬੋਡੋਲੈਂਡ, ਕਾਮਤਾਪੁਰ, ਕਾਰਬੀ ਅਗਲੌਂਗ, ਦੀਮਾਸਾਲੈਂਡ, ਬੁੰਦੇਲਖੰਡ, ਵਿਦਰਭਾ ਸਮੇਤ ਬਹੁਤ ਸਾਰੇ ਇਲਾਕਿਆਂ ਨੂੰ ਵੱਖਰੇ ਸੂਬੇ ਬਣਾਏ ਜਾਣ ਦੀ ਮੰਗ ਵਾਰ ਵਾਰ ਉੱਠਦੀ ਰਹੀ ਹੈ। ਹੁਕਮਰਾਨ ਗਾਜਰ ਅਤੇ ਡੰਡੇ ਦੀ ਨੀਤੀ ਜ਼ਰੀਏ ਇਨ੍ਹਾਂ ਮੰਗਾਂ ਨੂੰ ਦਬਾਉਣ 'ਚ ਕਾਮਯਾਬ ਹੁੰਦੇ ਰਹੇ ਹਨ, ਬੁਨਿਆਦੀ ਤੌਰ 'ਤੇ ਇਨ੍ਹਾਂ ਲਹਿਰਾਂ ਦੀਆਂ ਅੰਦਰੂਨੀ ਸਿਆਸੀ ਕਮਜ਼ੋਰੀਆਂ ਦਾ ਭਰਪੂਰ ਫ਼ਾਇਦਾ ਉਠਾ ਕੇ। ਤਿਲੰਗਾਨਾ ਨੂੰ ਵੱਖਰਾ ਸੂਬਾ ਬਣਾਉਣ ਦਾ ਐਲਾਨ ਹੁੰਦੇ ਸਾਰ ਹੀ ਆਸਾਮ ਅਤੇ ਬੰਗਾਲ ਵਿਚ ਸਿਆਸੀ ਉੱਥਲ-ਪੁੱਥਲ ਦੁਬਾਰਾ ਸ਼ੁਰੂ ਹੋ ਗਈ ਹੈ ਅਤੇ ਕੁਝ ਥਾਈਂ ਤਾਂ ਇਹ ਮੁਕੰਮਲ ਬੰਦ, ਰੇਲਾਂ, ਸੜਕਾਂ ਰੋਕਣ ਤੋਂ ਅੱਗੇ ਹਿੰਸਕ ਰੂਪ ਵੀ ਅਖ਼ਤਿਆਰ ਕਰ ਗਈ ਹੈ। ਇਨ੍ਹਾਂ ਵਿਚੋਂ ਕਿਹੜੀ ਮੰਗ ਬਿਲਕੁਲ ਜਾਇਜ਼ ਹੈ ਅਤੇ ਕਿਹੜੀ ਜ਼ਮੀਨੀ ਹਕੀਕਤ ਨਾਲ ਬੇਮੇਲ ਹੈ, ਇਹ ਵੱਖਰੀ ਬਹਿਸ ਦਾ ਵਿਸ਼ਾ ਹੋ ਸਕਦਾ ਹੈ; ਕਿਉਂਕਿ ਹਰ ਜਗ੍ਹਾ ਸਾਂਝੀ ਜ਼ੁਬਾਨ 'ਤੇ ਆਧਾਰਤ ਅੱਡ ਸੂਬਾ ਹੀ ਸਾਰੇ ਮਸਲਿਆਂ ਦਾ ਹੱਲ ਨਹੀਂ ਹੋ ਸਕਦਾ। ਆਂਧਰਾ ਪ੍ਰਦੇਸ਼ ਦਾ ਛੇ ਦਹਾਕੇ ਦਾ ਇਤਿਹਾਸ ਇਸ ਦੀ ਗਵਾਹੀ ਹੈ। ਇਸ ਵਿਚ ਇਕੋ ਜ਼ਬਾਨ ਬੋਲਦੇ ਅੱਡ-ਅੱਡ ਭਾਈਚਾਰਿਆਂ ਅਸਾਵੇਂ ਵਿਕਾਸ ਵੀ ਅਹਿਮ ਮਸਲੇ ਬਣਦੇ ਹਨ ਜਿਨ੍ਹਾਂ ਦਾ ਹੱਲ ਤਲਾਸ਼ਣਾ ਜ਼ਰੂਰੀ ਹੈ; ਪਰ ਇਕ ਚੀਜ਼ ਤੈਅ ਹੈ ਕਿ ਭਾਰਤ ਨਾਂ ਦੀ ਇਸ ਵਿਸ਼ਾਲ ਜੂਹ ਵਿਚ ਵਸਦੇ ਅੱਡ-ਅੱਡ ਜ਼ੁਬਾਨਾਂ, ਅੱਡ ਸੱਭਿਆਚਾਰਕ ਪਛਾਣਾਂ, ਨਸਲੀ-ਸੱਭਿਆਚਾਰਕ ਪਿਛੋਕੜ ਵਾਲੇ ਵੰਨ-ਸੁਵੰਨੇ ਭਾਈਚਾਰਿਆਂ ਨੂੰ ਜਿਸ 'ਏਕਤਾ-ਅਖੰਡਤਾ' ਦੇ ਜੂੜ ਵਿਚ ਭਾਰਤੀ ਕੌਮ ਵਜੋਂ ਸਿਰ-ਨਰੜ ਕੀਤਾ ਹੋਇਆ ਹੈ, ਇਹ ਘੋਰ ਗ਼ੈਰ ਜਮਹੂਰੀ ਰਾਜ ਢਾਂਚਾ ਹੈ। ਇਹ ਇਨ੍ਹਾਂ ਦੇ ਮਸਲਿਆਂ ਦੇ ਹੱਲ ਲਈ ਜਮਹੂਰੀ ਚੌਖਟਾ ਮੁਹੱਈਆ ਕਰਨ ਦੇ ਪੂਰੀ ਤਰ੍ਹਾਂ ਨਾ-ਕਾਬਿਲ ਹੈ। ਹੁਕਮਰਾਨ ਜਮਾਤਾਂ ਇਨ੍ਹਾਂ ਭਾਈਚਾਰਿਆਂ ਦੇ ਬੋਲੀ ਤੇ ਸੱਭਿਆਚਾਰਕ ਪਛਾਣਾਂ ਆਦਿ ਦੇ ਕੁਦਰਤੀ ਵਖਰੇਵਿਆਂ ਨੂੰ ਪ੍ਰਵਾਨ ਕਰਨ ਦੀ ਥਾਂ ਇਨ੍ਹਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਤੇ ਬਲੈਕਮੇਲ ਕਰਨ 'ਚ ਵਿਸ਼ਵਾਸ ਰੱਖਦੀਆਂ ਹਨ। ਹੈਦਰਾਬਾਦ-ਸਿਕੰਦਰਾਬਾਦ ਦੇ ਜੌੜੇ ਸ਼ਹਿਰ ਤਿਲੰਗਾਨਾ ਦਾ ਹਿੱਸਾ ਹਨ। ਇਨ੍ਹਾਂ ਬਾਰੇ ਸਪਸ਼ਟ ਨਿਬੇੜਾ ਕਰਨ ਦੀ ਥਾਂ ਇਸ ਨੂੰ ਸਾਂਝੀ ਆਰਜ਼ੀ ਰਾਜਧਾਨੀ ਬਣਾਉਣਾ ਕਾਂਗਰਸ ਦੀ ਚੰਡੀਗੜ੍ਹ ਵਰਗਾ ਬਖੇੜਾ ਖੜ੍ਹਾ ਰੱਖਣ ਅਤੇ ਇਸ ਨੂੰ ਕੇਂਦਰ ਦੀ ਨਜਾਇਜ਼ ਮਨਹੂਸ਼ ਦਖ਼ਲਅੰਦਾਜ਼ੀ ਦਾ ਜ਼ਰੀਆ ਬਣਾਈ ਰੱਖਣ ਦੀ ਡੂੰਘੀ ਚਾਲ ਵੀ ਹੋ ਸਕਦੀ ਹੈ।

ਜਿੱਥੋਂ ਤਕ ਆਵਾਮ ਦਾ ਸਵਾਲ ਹੈ, ਹੁਕਮਰਾਨ ਵਰਗ ਉਸ ਤੋਂ ਪੂਰੀ ਤਰ੍ਹਾਂ ਵੱਖਰਾ ਹੀ ਨਹੀਂ ਸਗੋਂ ਉਸ ਦੇ ਵਿਰੋਧ 'ਚ ਹੋਂਦ 'ਚ ਆਇਆ ਕੁਲੀਨ ਲਾਣਾ ਹੈ ਜਿਨ੍ਹਾਂ ਦੇ ਹਿੱਤ, ਰੀਝਾਂ ਤੇ ਲੋੜਾਂ ਆਵਾਮ ਨਾਲੋਂ ਬਿਲਕੁਲ ਹੀ ਵੱਖਰੀਆਂ ਹਨ। ਰਾਜਸੀ ਪਿਛੋਕੜ, ਅਸਾਵੇਂ ਵਿਕਾਸ, ਸਭਿਆਚਾਰਕ ਵਖਰੇਵਿਆਂ ਆਦਿ ਪੱਖੋਂ ਅੱਡ ਤਿਲੰਗਾਨਾ ਦੀ ਮੰਗ ਜਾਇਜ਼ ਹੋਣ ਦੇ ਬਾਵਜੂਦ ਆਂਧਰਾ ਪ੍ਰਦੇਸ਼ ਦਾ ਹੁਕਮਰਾਨ ਲਾਣਾ ਇਸ ਮੰਗ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਹੋਇਆ ਅਤੇ ਅੱਜ ਵੀ ਤਿਆਰ ਨਹੀਂ ਹੈ। ਜਦਕਿ ਜਿਸ ਮਾਓਵਾਦੀ ਪਾਰਟੀ ਨੂੰ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ ਗ਼ਰਦਾਨਿਆ ਹੋਇਆ ਹੈ, ਉਹ ਸ਼ੁਰੂ ਤੋਂ ਹੀ 'ਅੱਡ ਤਿਲੰਗਾਨਾ-ਜਮਹੂਰੀ ਤਿਲੰਗਾਨਾ' ਦਾ ਨਾਅਰਾ ਦੇ ਕੇ ਇਸ ਮੰਗ ਦੀ ਪੂਰੀ ਹਮਾਇਤ ਕਰਦੀ ਰਹੀ ਹੈ। ਤੈਲਗੂ ਚੈਨਲ 'ਐੱਚ.ਐੱਮ.ਟੀ.ਵੀ.' ਵਲੋਂ 2009-10 ਵਿਚ ਅੱਡ ਤਿਲੰਗਾਨਾ ਸੂਬੇ ਦੇ ਸਵਾਲ ਬਾਰੇ ਆਂਧਰਾ ਦੇ ਤਿੰਨਾਂ ਹੀ ਖੇਤਰਾਂ - ਤਿਲੰਗਾਨਾ, ਰਾਇਲ ਸੀਮਾ ਅਤੇ ਸੀਮਾ ਆਂਧਰਾ - ਵਿਚ ਜਨਤਕ ਸੰਵਾਦ ਦੇ ਰੂਪ 'ਚ ਖੁੱਲ੍ਹੀ ਬਹਿਸ ਜਥੇਬੰਦ ਕਰ ਕੇ ਲੰਮਾ ਸਮਾਂ ਪ੍ਰਸਾਰਿਤ ਕੀਤੀ ਗਈ ਸੀ ਜਿਸ ਨੂੰ ਏਸ਼ੀਆ ਵਿਚ ਕਿਸੇ ਵਿਵਾਦਪੂਰਨ ਸਵਾਲ ਬਾਰੇ ਸਭ ਤੋਂ ਲੰਮਾ ਸਮਾਂ ਚੱਲਣ ਵਾਲਾ ਬਹਿਸ ਦਾ ਪ੍ਰੋਗਰਾਮ ਮੰਨਿਆ ਜਾਂਦਾ ਹੈ। ਇਸ ਦੇ ਬਾਵਜੂਦ ਆਂਧਰਾ ਦੀ ਸੱਤਾ ਉੱਪਰ ਕਾਬਜ਼ ਗ਼ੈਰ-ਤਿਲੰਗਾਨਾ ਲਾਣਾ ਇਕਮੱਤ ਨਹੀਂ ਹੋਇਆ। ਕਾਰਪੋਰੇਟ ਖੇਤਰ, ਨੌਕਰਸ਼ਾਹੀ ਤੇ ਸਿਆਸਤਦਾਨਾਂ ਦੇ ਧਾੜਵੀ ਗੱਠਜੋੜ ਦਾ ਇਕ ਹਿੱਸਾ ਇਸ ਨੂੰ ਆਪਣੇ ਹਿੱਤਾਂ ਉੱਪਰ ਵੱਡੀ ਸੱਟ ਸਮਝਦਾ ਹੈ ਤੇ ਇਕ ਹਿੱਸਾ ਵਰਦਾਨ। ਇਸ ਦੀ ਇਕ ਮੁੱਖ ਵਜ੍ਹਾ ਹੈਦਰਾਬਾਦ 'ਚ ਉੱਸਰੇ ਸੂਚਨਾ ਤਕਨਾਲੋਜੀ ਅਤੇ ਹੋਰ ਸਨਅਤਾਂ ਤੇ ਕਾਰੋਬਾਰਾਂ 'ਚ ਉਨ੍ਹਾਂ ਦੇ ਭਾਰੀ ਹਿੱਤ ਹਨ ਤੇ ਦੂਜੀ ਵਜ੍ਹਾ ਤਿਲੰਗਾਨਾ ਉੱਪਰ ਦਾਬਾ ਤੇ ਇਥੋਂ ਦੇ ਵਸੀਲਿਆਂ ਦੀ ਲੁੱਟਮਾਰ ਆਪਣੇ ਹੱਥੋਂ ਨਿਕਲਣ ਦਾ ਹੇਰਵਾ ਹੈ। ਹੁਣ ਤੱਕ ਕਾਂਗਰਸ ਦੇ 20 ਵਿਧਾਇਕ, 9 ਸੰਸਦ ਮੈਂਬਰ (ਲੋਕ ਸਭਾ ਦੇ 8 + ਰਾਜ ਸਭਾ ਦਾ ਇਕ) ਤੇ ਇਕ ਰਾਜ ਮੰਤਰੀ ਅਤੇ ਤੈਲਗੂ ਦੇਸਮ ਪਾਰਟੀ ਦੇ 7 ਸੰਸਦ ਮੈਂਬਰ (ਲੋਕ ਸਭਾ ਦੇ 4 + ਰਾਜ ਸਭਾ ਦੇ 3) ਇਸ ਦੇ ਵਿਰੋਧ 'ਚ ਅਸਤੀਫ਼ੇ ਦੇ ਚੁੱਕੇ ਹਨ। ਆਂਧਰਾ ਵਿਧਾਨ ਸਭਾ ਅਤੇ ਭਾਰਤੀ ਸੰਸਦ ਇਕ ਵਾਰ ਫਿਰ ਅਸਲ ਮੁੱਦਿਆਂ ਤੋਂ ਅਲੱਗ-ਥਲੱਗ ਸੌੜੀ ਸਿਆਸਤ ਦੇ ਅਖਾੜੇ ਬਣ ਗਈਆਂ ਹਨ। ਖ਼ਾਸ ਕਰ ਕੇ ਆਂਧਰਾ ਦੀ ਸਥਾਪਤੀ ਦੀ ਸਿਆਸਤ 'ਤੇ ਹਾਵੀ ਰਾਇਲ ਸੀਮਾ ਗੁੱਟ ਨੂੰ ਇਹ ਹਰਗਿਜ਼ ਮਨਜ਼ੂਰ ਨਹੀਂ ਕਿ ਤਿਲੰਗਾਨਾ ਦਾ ਸ਼ਿਕਾਰ ਉਨ੍ਹਾਂ ਦੇ ਹੱਥੋਂ ਨਿਕਲ ਜਾਵੇ।

ਇਹ ਵੀ ਧਿਆਨ 'ਚ ਰਹਿਣਾ ਚਾਹੀਦਾ ਹੈ ਕਿ ਚੋਣਾਂ ਮੌਕੇ ਜਦੋਂ ਖ਼ੁਰਾਕ ਸੁਰੱਖਿਆ ਬਿੱਲ ਤੇ ਵੱਖਰਾ ਤਿਲੰਗਾਨਾ ਬਣਾਉਣ ਵਰਗੇ ਮੁੱਦਿਆਂ ਨੂੰ ਧੂਮ-ਧੜੱਕੇ ਨਾਲ ਉਭਾਰਿਆ ਜਾ ਰਿਹਾ ਹੈ ਤਾਂ ਇਸ ਨੂੰ ਹੁਕਮਰਾਨਾਂ ਦੀਆਂ ਨੀਤੀਆਂ ਦੇ ਵੱਡੇ ਖ਼ਤਰਨਾਕ ਹਮਲੇ ਤੋਂ ਧਿਆਨ ਲਾਂਭੇ ਕਰਨ ਦਾ ਸਾਧਨ ਵੀ ਬਣਾਇਆ ਜਾ ਰਿਹਾ ਹੈ। ਹਾਲ ਹੀ ਵਿਚ ਸੰਚਾਰ ਖੇਤਰ ਵਿਚ 100 ਫ਼ੀ ਸਦੀ ਪੂੰਜੀਨਿਵੇਸ਼ ਦੀ ਖੁੱਲ੍ਹ ਦੇ ਕੇ ਵਿਦੇਸ਼ੀ ਕਾਰਪੋਰੇਟ ਸਰਮਾਏਦਾਰੀ ਦੇ ਬਣਾਏ ਜਾ ਰਹੇ ਮੁਕੰਮਲ ਗ਼ਲਬੇ, ਡਾਕਟਰੀ ਕੋਰਸਾਂ ਦੀ ਫ਼ੀਸ 'ਚ ਵੱਡੇ ਵਾਧੇ ਰਾਹੀਂ ਇਸ ਪੜ੍ਹਾਈ ਉੱਪਰ ਕੁਲੀਨ ਵਰਗ ਦੀ ਅਜਾਰੇਦਾਰੀ ਬਣਾਉਣ ਵਰਗੇ ਵੱਡੇ ਹਮਲੇ ਵਰਗੇ ਅਹਿਮ ਮੁੱਦੇ ਇਸ ਗਰਦ-ਗ਼ੁਬਾਰ ਵਿਚ ਸਹਿਜੇ ਹੀ ਅੱਖੋਂ ਓਹਲੇ ਹੋ ਰਹੇ ਹਨ।

ਆਰਥਿਕ ਤੇ ਸਮਾਜੀ-ਸੱਭਿਆਚਾਰਕ ਅਸਾਵੇਂਪਣ ਅਤੇ ਬੋਲੀ ਦੇ ਵਖਰੇਵਿਆਂ ਨੂੰ ਦੇਖਦਿਆਂ ਵੱਖਰੇ ਸੂਬਿਆਂ ਤੇ ਖੇਤਰੀ ਖ਼ੁਦਮੁਖ਼ਤਾਰੀ ਦੀ ਮੰਗ ਬਿਲਕੁਲ ਜਾਇਜ਼ ਤੇ ਜਮਹੂਰੀ ਹੈ; ਖ਼ਾਸ ਕਰ ਕੇ ਸੂਬਿਆਂ ਉੱਪਰ ਭਾਰਤ ਦੇ ਕੇਂਦਰੀ ਰਾਜ ਢਾਂਚੇ ਦੇ ਦਾਬੇ ਅਤੇ ਧੌਂਸ ਦੇ ਪ੍ਰਸੰਗ 'ਚ, ਪਰ ਇਹ ਯਾਦ ਰੱਖਣਾ ਹੋਵੇਗਾ ਕਿ ਮੁਲਕ ਦੇ ਮੌਜੂਦਾ ਸਿਆਸੀ ਢਾਂਚੇ ਦੇ ਅੰਦਰ ਅਜਿਹੇ ਛੋਟੇ ਸੂਬੇ ਅਤੇ ਖੇਤਰੀ ਖ਼ੁਦਮੁਖ਼ਤਾਰ ਖਿੱਤੇ ਬਣਾਏ ਜਾਣ ਨਾਲ ਉਥੇ ਉੱਭਰ ਰਹੀਆਂ ਕੌਮੀਅਤਾਂ ਅਤੇ ਨਸਲੀ-ਸੱਭਿਆਚਾਰਕ ਭਾਈਚਾਰਿਆਂ ਨੂੰ ਦਰਪੇਸ਼ ਕੁਲ ਸਮੱਸਿਆਵਾਂ ਦਾ ਹੱਲ ਆਪਣੇ ਆਪ ਨਹੀਂ ਹੋਣ ਲੱਗਿਆ।

ਬੁਨਿਆਦੀ ਸਵਾਲ ਇਹ ਹੈ ਕਿ ਕੀ ਮੌਜੂਦਾ ਸੱਤਾ, ਸਿਆਸਤ ਅਤੇ ਭਾਰੂ ਸਮਾਜੀ-ਸੱਭਿਆਚਾਰਕ ਧੜਿਆਂ ਦੇ ਰਵੱਈਏ 'ਚ ਮੂਲ ਬਦਲਾਅ ਲਿਆਉਣ ਦਾ ਸਾਧਨ ਬਣਦਾ ਬਣ ਸਕਦਾ ਹੈ? ਦਰਅਸਲ ਇਸ ਨਾਲ ਸਮੱਸਿਆਵਾਂ ਅੰਸ਼ਕ ਰੂਪ 'ਚ ਹੀ ਹੱਲ ਹੋ ਸਕਣਗੀਆਂ। ਅਸਲ ਹੱਲ ਇਨਕਲਾਬੀ ਬਦਲਾਅ ਦੇ ਜਾਨ ਹੂਲਵੇਂ ਅਮਲ ਰਾਹੀਂ ਮੌਜੂਦਾ ਰਾਜ ਢਾਂਚੇ ਤੋਂ ਨਿਜਾਤ ਹਾਸਲ ਕਰਨ ਅਤੇ ਇਸ ਦੀ ਥਾਂ ਖ਼ਰੇ ਜਮਹੂਰੀ ਸਿਆਸੀ ਅਮਲ ਦੇ ਪੱਕੇ ਪੈਰੀਂ ਹੋਣ ਨਾਲ ਹੀ ਸੰਭਵ ਹੈ। ਇਸ ਦੇ ਲਈ ਲਾਜ਼ਮੀ ਸ਼ਰਤ ਹੈ ਕਿ ਇਸ ਵਿਚ ਆਵਾਮ ਦੀ ਸਰਗਰਮ ਜਮਹੂਰੀ ਹਿੱਸੇਦਾਰੀ ਹੋਵੇ।

# ਨੀਮ ਹਕੀਮ ਤੇ ਨਿੰਮ ਹਕੀਮ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਜੇਠ-ਹਾੜ੍ਹ ਦੁੱਖੀਂ ਸਾਉਣ ਭਾਦੋਂ ਰੁੱਖੀਂ।

ਇਹ ਉਨ੍ਹਾਂ ਸਮਿਆਂ ਦੇ ਕਿਸੇ ਚੁਸਤ ਦੀ ਵਾਰਤਾ ਹੈ, ਜਦੋਂ ਪਿੰਡਾਂ ਵਿਚ ਬਿਜਲੀ ਦਾ ਨਾਂ-ਨਿਸ਼ਾਨ ਵੀ ਨਹੀਂ ਸੀ ਹੁੰਦਾ ਅਤੇ ਲੋਕੀਂ ਕਿਹਾ ਕਰਦੇ ਸਨ-ਜੇਠ-ਹਾੜ੍ਹ ਦੁੱਖੀਂ, ਸਾਉਣ ਭਾਦੋਂ ਰੁੱਖੀਂ। ਜੇਠ ਹਾੜ੍ਹ ਦੀਆਂ ਤਿੱਖੜ ਦੁਪਹਿਰਾਂ ਵੇਲੇ ਜਦੋਂ ਕਾਂ ਦੀ ਅੱਖ ਨਿਕਲਦੀ, ਤਾਂ ਲੋਕ ਕੱਚੇ ਕੋਠਿਆਂ ਦੀ ਠੰਢਕ ਮਾਣਦੇ। ਸਾਉਣ-ਭਾਦੋਂ ਪਿੱਪਲਾਂ ਬਰੋਟਿਆਂ ਜਾਂ ਹੋਰ ਛਾਂ-ਦਾਰ ਦਰੱਖਤਾਂ ਹੇਠ ਗੁਜ਼ਾਰੇ ਜਾਂਦੇ।

ਤਿੰਨ-ਚਾਰ ਕੱਚੇ ਕੋਠਿਆਂ ਦੇ ਬਾਹਰਵਾਰ ਸਾਡੇ ਖੁੱਲ੍ਹੇ ਵਿਹੜੇ ਵਿਚ ਬੜੀ ਭਾਰੀ ਨਿੰਮ ਹੁੰਦੀ ਸੀ। ਸਾਡੇ ਬਚਪਨ ਵੇਲੇ ਬੋਹੜ ਜਿੰਨਾ ਥਾਂ, ਘੇਰਨ ਵਾਲੇ ਨਿੰਮ ਦੇ ਇਸ ਦਰਖਤ ਬਾਰੇ ਨੱਬੇ ਸਾਲ ਨੂੰ ਢੁੱਕੀ ਸਾਡੀ ਦਾਦੀ ਦੱਸਦੀ ਹੁੰਦੀ ਸੀ ਕਿ ਪੁੱਤ ਜਦੋਂ ਮੈਂ ਮੁਕਲਾਵੇ ਆਈ ਸੀ ਤਾਂ ਇਹ ਨਿੰਮ ਮਸਾਂ ਦੋ-ਚਾਰ ਕੁ ਹੱਥ ਦੀ ਹੀ ਹੁੰਦੀ ਸੀ। ਕਹਿਣ ਨੂੰ ਤਾਂ ਇਹ ਨਿੰਮ 'ਸਾਡੀ ਆਪਣੀ' ਹੀ ਹੁੰਦੀ ਸੀ, ਪਰ ਕਿਸੇ ਹਦ ਤੱਕ ਹਉਮੈ ਹੰਕਾਰ ਤੋਂ ਰਹਿਤ ਉਨ੍ਹਾਂ ਭਲੇ ਸਮਿਆਂ ਵਿਚ ਸਾਡੇ ਆਂਢ-ਗੁਆਂਢ ਦੇ ਨਿਆਣੇ-ਸਿਆਣੇ ਸਭ ਇਸੇ ਨਿੰਮ ਦੀ ਠੰਢੀ ਛਾਂ ਮਾਣਦਿਆਂ ਹੁੰਮਸ ਤੋਂ ਛੁਟਕਾਰਾ ਪਾਉਂਦੇ। ਆਂਢੀਆਂ-ਗੁਆਂਢੀਆਂ ਦੇ ਆਏ ਹੋਏ ਪ੍ਰਾਹੁਣੇ ਵੀ ਸਾਡੀ ਨਿੰਮ ਥੱਲੇ ਹੀ ਬਿਰਾਜਦੇ। ਫਰਕ ਸਿਰਫ ਇਹੀ ਹੁੰਦਾ ਕਿ ਪ੍ਰਾਹੁਣਿਆਂ ਦੇ ਮੰਜਿਆਂ ਉਪਰ ਦਰੀਆਂ ਵਿਛਾਈਆਂ ਹੁੰਦੀਆਂ ਤੇ ਸਿਰ੍ਹਾਣੇ ਰੱਖੇ ਹੁੰਦੇ। ਪ੍ਰਛਾਵੇਂ ਢਲਣ 'ਤੇ ਮੰਜੇ ਇੱਧਰ-ਉਧਰ ਖਿੱਚ ਲਏ ਜਾਂਦੇ।

ਅਜਿਹੇ ਮੌਕਿਆਂ 'ਤੇ ਅਸੀਂ ਕਿਤੇ ਈ ਭਾਵੇਂ ਸੰਗੀ-ਸਾਥੀਆਂ ਨਾਲ ਗੋਲੇ ਜਾਂ ਗੁੱਲੀ-ਡੰਡਾ ਖੇਡਣ ਲੱਗ ਪੈਂਦੇ; ਨਹੀਂ ਤਾਂ ਇਥੇ ਹੋ ਰਹੇ ਮਜਮੇ ਵਿਚ ਕੰਨ ਅਤੇ ਅੱਖਾਂ ਗੱਡੀ ਰੱਖਦੇ। ਸਾਡੇ ਭਾਅ ਦਾ ਉਦੋਂ ਇਥੇ ਹੋਣ ਵਾਲੀਆਂ ਦਿਲਚਸਪ ਕਥਾ-ਕਹਾਣੀਆਂ ਹੀ ਟੀ.ਵੀ. ਦੇਖਣ ਵਾਂਗ ਹੁੰਦੀਆਂ ਸਨ। ਕਿਸੇ ਪ੍ਰਾਹੁਣੇ ਜਾਂ ਗੁਆਂਢੀ ਬਜ਼ੁਰਗ ਰਾਮ ਲੋਕ ਦੀਆਂ ਗੱਲਾਂ ਸਾਨੂੰ ਕੀਲ ਕੇ ਬਿਠਾ ਲੈਂਦੀਆਂ।

ਕੁਦਰਤ ਨਾਲ ਇਕ-ਮਿੱਕ ਹੋ ਕੇ ਜ਼ਿੰਦਗੀ ਗੁਜ਼ਾਰਨ ਵਾਲੇ ਅਜਿਹੇ ਇਕ ਮੌਕੇ ਰਵਾਂ-ਰਵੀਂ ਰੁਮਕਦੀ ਪੌਣ ਵਿਚ ਸਾਡੀ ਨਿੰਮ ਹੇਠ ਸਿਰਫ ਬੰਦੇ ਜਨਾਨੀਆਂ ਜਾਂ ਨਿੱਕੇ ਨਿਆਣੇ ਹੀ ਨਹੀਂ ਸਨ ਮੇਲਾ ਲਾਈ ਬੈਠੇ, ਸਗੋਂ ਹਰੀ ਕਚੂਰ ਸੰਘਣੀ ਨਿੰਮ ਉਪਰ ਲਾਲ ਚੁੰਝ ਵਾਲੇ ਤੋਤੇ ਵੀ ਆਪਣੀ ਰੱਟ ਲਾ ਰਹੇ ਸਨ। ਕਾਂਵਾਂ ਚਿੜੀਆਂ ਨੇ ਆਪਣੀ ਕੈਂ-ਕੈਂ, ਚੀਂ-ਚੀਂ ਦਾ ਰੌਲਾ ਪਾਇਆ ਹੋਇਆ ਸੀ। ਇਕ ਪਾਸੇ ਖੁਰਲੀ 'ਤੇ ਬੱਝੀਆਂ ਮੱਝਾਂ, ਕੱਟੀਆਂ-ਕੱਟੇ ਆਰਾਮ ਨਾਲ ਬੈਠੇ ਜੁਗਾਲੀ ਕਰ ਰਹੇ ਸਨ; ਜਿਵੇਂ ਉਹ ਵੀ ਨਿੰਮ ਥੱਲੇ ਬੈਠੇ ਜੀਆ-ਜੰਤ ਦਾ ਹੋ ਰਿਹਾ ਵਾਰਤਾਲਾਪ ਸੁਣਨ 'ਚ ਮਗਨ ਹੋਣ।

"ਓ ਬਈ ਤੁਆਨੂੰ ਪਤਾ ਐ ਕਿ 'ਗਰੇਜਾਂ ਨੇ ਪੰਜਾਬ 'ਚ ਰਾਜ ਕਰਨ ਦਾ ਫੈਸਲਾ ਕਾਹਤੇ ਕੀਤਾ ਸੀ?" ਡਾਕਟਰਾਂ ਕੋਲ ਜਾਣ ਦੀ ਥਾਂ ਦੇਸੀ ਦੁਆ-ਦਾਰੂ ਉਪਰ ਜ਼ਿਆਦਾ ਟੇਕ ਰੱਖਣ ਵਾਲੀ ਚੱਲ ਰਹੀ ਕਿਸੇ ਗੱਲ ਨੂੰ ਕੱਟਦਿਆਂ ਬੁੜ੍ਹੇ ਰਾਮ ਲੋਕ ਨੇ, ਨਿੰਮ ਵਾਲੇ ਮਜਮੇ ਵਿਚ ਆਪਣਾ ਇਹ ਸਵਾਲ ਠਾਹ ਕਰਦਾ ਲਾਠੀ ਵਾਂਗ ਮਾਰਿਆ! ਸਾਰਿਆਂ ਦਾ ਧਿਆਨ ਆਪਣੇ ਵੱਲ ਕੇਂਦ੍ਰਿਤ ਹੋਇਆ ਦੇਖ ਕੇ ਬੁੜ੍ਹਾ ਕਹਾਣੀ ਸੁਣਾਉਣ ਲੱਗ ਪਿਆ,

"ਓਹੀ ਰਣਜੀਤ ਸਿੰਘ ਦੀ ਮੌਤ ਮਗਰੋਂ ਇਕ ਗੋਰਾ ਪੰਜਾਬ 'ਚ ਸੈਰ ਕਰਨ ਆਇਆ...ਉਹ ਕਿਹੜਾ ਇਥੇ ਦਾ ਭੇਤੀ ਸੀ...ਉਹਨੇ ਰਸਤੇ ਨਾਲ ਲਗਦੇ ਸਰਵਾੜ ਦੇ ਬੂਝੇ 'ਚ ਹੱਥ ਮਾਰਿਆ, 'ਕੈਸਾ ਸੁੰਦਰ ਬੂਟਾ...!' ਲਉ ਜੀ! ਸੁੱਕੇ ਸਰਵਾੜ ਦੇ ਤੀਲ੍ਹੇ ਨਾਲ ਉਹਦੀਆਂ ਉਂਗਲਾਂ 'ਤੇ ਚੀਰਾ ਆ ਗਿਆ! ਲਉ ਜੀ, 'ਗਰੇਜ ਦਾ ਖੂਨ ਨਾਲ ਲਥਪਥ ਹੋਇਆ ਹੱਥ ਦੇਖ ਕੇ, ਨਾਲ ਤੁਰੇ ਹੋਏ ਸਾਡੇ ਵਰਗੇ ਪੰਜ-ਸੱਤ ਜਣੇ



ਗੋਰੇ ਵੱਲ ਅਹੁਲੇ। ਇਕ ਬੋਲਿਆ, 'ਲਾਟ ਸਾਬ੍ਹ, ਮੈਂ ਘਰੋਂ ਭੱਜ ਕੇ ਹਲਦੀ ਤੇਲ ਲਿਆਊਨਾਂ, ਜ਼ਖਮ 'ਤੇ ਬੰਨ੍ਹਣ ਨਾਲ ਛੇਤੀ 'ਰਾਮ ਆ ਜੂ!' ਦੂਜਾ ਬੋਲਿਆ, 'ਓ ਨਹੀਂ ਨਹੀਂ, ਸਾਬ੍ਹ ਆਪਣਾ ਥੁੱਕ ਲਾ ਲੈਣ ਜ਼ਖਮਾਂ 'ਤੇ!' ਤੀਜਾ ਆਪਣੀ ਪੱਗ ਦਾ ਲੜ ਪਾੜਦਾ ਹੋਇਆ ਕਹਿੰਦਾ, 'ਪਾਣੀ-ਪਨੱਪੜਾ ਬੰਨ੍ਹਿਆਂ ਹੀ ਇਹ ਜ਼ਖਮ ਸੁੱਕਣੈ... ਮੈਂ ਹੁਣੇ ਪਾਣੀ ਨਾਲ ਭਿਉਂ ਕੇ ਲਿਆਉਨਾ!' ਚੌਥਾ ਇਕ ਹੋਰ ਭੱਜਾ ਭੱਜਾ ਆ ਕੇ ਗੋਰੇ ਦੇ ਕੰਨ 'ਚ ਜ਼ਰਾ ਪਰਦੇ ਨਾਲ ਕਹਿੰਦਾ, 'ਸਾਬ੍ਹ ਬਹਾਦਰ! ਜ਼ਰਾ ਉਹਲੇ ਜਿਹੇ ਨੂੰ ਹੋ ਕੇ ਜ਼ਖਮ 'ਤੇ ਪਿਸ਼ਾਬ ਕਰ ਲਵੋ।' ਹੁਣ ਤੱਕ ਚੁੱਪ ਖੜ੍ਹੇ ਪੰਜਵੇਂ 'ਡਾਕਦਾਰ' ਨੇ ਗੱਲ ਹੀ ਮੁਕਾ 'ਤੀ... ਅਖੇ, ਕੁਸ਼ ਕਰਨ ਦੀ ਲੋੜ ਹੀ ਕੋਈ ਨ੍ਹੀਂ। ਜ਼ਖਮ ਖੁੱਲ੍ਹਾ ਈ ਛੱਡ ਦਿਉ, ਸ਼ਰਤੀਆ ਆਪੇ ਸੁੱਕ ਜਾਏਗਾ।

ਗੋਰੇ ਨੇ ਧੜਾ-ਧੜ ਡਾਕਟਰੀ ਨੁਸਖੇ ਸੁਣ ਕੇ ਹੈਰਾਨ ਹੁੰਦਿਆਂ ਸਾਰਿਆਂ ਨੂੰ ਪੁੱਛਿਆ ਕਿ ਤੁਸੀਂ ਸਭਨਾਂ ਨੇ ਹੀ ਹਿਕਮਤ ਦਾ ਇਲਮ ਪੜ੍ਹਿਆ ਹੋਇਐ? ਜਵਾਬ ਮਿਲਿਆ ਕਿ ਨਹੀਂ ਜੀ, ਏਨਾ ਕੁ ਦਵਾ-ਦਾਰੂ ਤਾਂ ਸਾਰੇ ਪੰਜਾਬੀ ਜਾਣਦੇ ਹੀ ਹੁੰਦੇ ਆ। ਕਹਿੰਦੇ, ਇਹ ਗੱਲ ਸੁਣ ਕੇ ਗੋਰੇ ਨੇ ਲੰਡਨ ਨੂੰ ਰਿਪੋਰਟ ਭੇਜ 'ਤੀ ਕਿ ਇਨ੍ਹਾਂ ਲੋਕਾਂ ਨੂੰ ਹਾਲੇ ਸੌ ਸਾਲ ਅਕਲ ਨਹੀਂ ਆ ਸਕਦੀ। ਉਦੋਂ ਤੱਕ ਇਨ੍ਹਾਂ 'ਤੇ ਬੇਖੌਫ ਹੋ ਕੇ ਰਾਜ ਕਰੋ।"

ਬਾਪੂ ਰਾਮ ਲੋਕ ਨੇ ਅਟੇ-ਸਟੇ ਜਿਹਾ ਹਿਸਾਬ ਲਾ ਕੇ 1849 ਤੋਂ 1947 ਤੱਕ ਦੇ ਸਮੇਂ ਨੂੰ ਸੌ ਸਾਲ ਦੀ ਉਕਤ 'ਭਵਿੱਖਵਾਣੀ' ਨਾਲ ਜੋੜ ਕੇ ਗੱਲ ਮੁਕਾਈ।

ਇਨ੍ਹਾਂ ਗੱਲਾਂ ਨੂੰ ਆਪਣੇ ਦੇਸੀ ਲੋਕਾਂ ਦੀ ਹੇਠੀ ਸਮਝ ਕੇ ਉਥੇ ਉਹਦੀ ਉਮਰ ਦਾ ਹੀ ਇਕ ਪ੍ਰਾਹੁਣਾ ਬੈਠਾ ਗੁੱਸਾ ਖਾ ਗਿਆ। ਰਾਮ ਲੋਕ ਦੀ ਸਾਰੀ ਕਹਾਣੀ ਨੂੰ ਮਨਘੜਤ ਤੇ ਬੇਬੁਨਿਆਦ ਕਰਾਰ ਦਿੰਦਿਆਂ ਕਿਸੇ ਬਾਹਰਲੇ ਪਿੰਡ ਤੋਂ ਆਏ ਹੋਏ ਉਸ ਪ੍ਰਾਹੁਣੇ ਨੇ ਦਵਾ-ਦਾਰੂ ਦੇ ਘਰੇਲੂ ਨੁਸਖਿਆਂ ਦੀ ਰੱਜ ਕੇ ਸ਼ੋਭਾ ਕੀਤੀ ਅਤੇ ਅੰਗਰੇਜ਼ੀ ਦੁਆਈਆਂ ਦੀ ਭੰਡੀ। ਆਪਣੇ ਵਿਚਾਰ ਦੀ ਪ੍ਰੋੜਤਾ ਹਿਤ ਉਸ ਨੇ ਪੌਰਾਣਿਕ ਸਾਖੀ ਛੋਹ ਲਈ। ਸਿਰ 'ਤੇ ਸੰਘਣੀ ਨਿੰਮ ਵੱਲ ਹੱਥ ਕਰ ਕੇ ਉਸ ਆਖਿਆ, "ਹੁਣ ਆਹ ਜਿਹੜੀ ਨਿੰਮ ਐ, ਇਹ ਸੌ ਬਿਮਾਰੀਆਂ ਦਾ ਇਕੋ ਦਾਰੂ ਐ। ਇਹਦਾ ਜ਼ਿਕਰ ਵੇਦਾਂ ਵਿਚ ਵੀ ਮਿਲਦਾ ਹੈ। ਇਹਦੀ ਛਿੱਲ, ਜੜ੍ਹ, ਫੁੱਲ, ਫਲ ਅਤੇ ਪੱਤੇ ਵੀ ਦਵਾਈਆਂ 'ਚ ਵਰਤੇ ਜਾਂਦੇ ਆ। ਇਹਦੇ ਪੱਤਿਆਂ ਵਿਚੋਂ ਸੂਰਜੀ ਰੌਸ਼ਨੀ ਲੰਘ ਕੇ, ਜਿਹਦੇ ਵੀ ਸਰੀਰ 'ਤੇ ਪੈਂਦੀ ਐ, ਉਸ ਦੀਆਂ ਸੈਆਂ ਬਿਮਾਰੀਆਂ ਉਡ ਜਾਂਦੀਆਂ। ਬਿਨਾ ਕੋਈ ਦੁਆਈ ਖਾਧੇ ਸਰੀਰ ਕੰਚਨ ਵਾਂਗ ਹੋ ਜਾਂਦੈ।

ਕਹਿੰਦੇ ਇਕ ਵਾਰ ਧਨੰਤਰ ਵੈਦ ਨੇ ਆਪਣੇ ਲਾਗੀ ਨੂੰ, ਆਪਣੀ ਧੀ ਵਾਸਤੇ ਲੜਕਾ ਦੇਖਣ ਲਈ ਕਿਤੇ ਦੂਰ ਇਲਾਕੇ ਦੇ ਪਿੰਡ ਭੇਜਿਆ। ਲੜਕੇ ਵਾਲਾ ਖਾਨਦਾਨ ਵੀ ਹਿਕਮਤ ਹੀ ਕਰਦਾ ਸੀ। ਧਨੰਤਰ ਨੇ ਮਨ ਵਿਚ ਕੋਈ ਸਕੀਮ ਸੋਚ ਕੇ ਲਾਗੀ ਨੂੰ ਕਿਹਾ ਕਿ ਭਾਈ ਤੂੰ ਸਫ਼ਰ ਦੌਰਾਨ ਸਿਰਫ ਪਿੱਪਲ ਥੱਲੇ ਹੀ ਆਰਾਮ ਕਰਨ ਬੈਠੀਂ, ਹੋਰ ਕਿਸੇ ਦਰੱਖਤ ਹੇਠ ਨਹੀਂ। ਧਨੰਤਰ ਦੇ ਕਹੇ ਅਨੁਸਾਰ ਲਾਗੀ ਅਜਿਹਾ ਹੀ ਕਰਦਾ ਗਿਆ। ਤੁਰਦਾ ਤੁਰਦਾ ਉਹ ਥੱਕ-ਹਾਰ ਭਾਵੇਂ ਜਾਂਦਾ, ਪਰ ਆਰਾਮ ਹਮੇਸ਼ਾ ਪਿੱਪਲ ਦੇਖ ਕੇ ਹੀ ਕਰਦਾ।

ਮੰਜ਼ਲ 'ਤੇ ਪਹੁੰਚਦਿਆਂ ਪਹੁੰਚਦਿਆਂ ਅਜੀਬ ਭਾਣਾ ਵਾਪਰ ਗਿਆ! ਲਾਗੀ ਦੀ ਸਾਰੀ ਦੇਹ 'ਤੇ ਕੋਹੜ ਫੁੱਟ ਪਿਆ। ਉਸ ਦਾ ਚਿਹਰਾ ਵੀ ਕਰੂਪ ਹੋ ਗਿਆ। ਦੁਨੀਆਂ-ਜਹਾਨ ਦੇ ਮੰਨੇ-ਪ੍ਰਮੰਨੇ ਧਨੰਤਰ ਵੈਦ ਦੇ ਲਾਗੀ ਦਾ ਇਹ ਭੈੜਾ ਹਾਲ ਦੇਖ ਕੇ ਲੜਕੇ ਦਾ ਬਾਪ ਬੜਾ ਹੈਰਾਨ ਹੋਇਆ, ਪਰ ਉਹ ਬੋਲਿਆ ਕੁਝ ਨਾ। ਇਕ ਦੋ ਦਿਨ ਰਹਿ ਕੇ ਗੱਲਾਂ-ਬਾਤਾਂ ਕਰਨ ਉਪਰੰਤ ਵਾਪਸ ਮੁੜਨ ਲੱਗੇ ਲਾਗੀ ਨੂੰ ਮੁੰਡੇ ਦੇ ਹਕੀਮ ਬਾਪ ਨੇ ਇਹ ਹਦਾਇਤ ਦਿੱਤੀ ਕਿ ਰਾਜਾ ਜੀ! ਰਾਹ ਵਿਚ ਤੁਸੀਂ ਹੋਰ ਕਿਤੇ ਵੀ ਨਹੀਂ ਬਹਿਣਾ, ਬੱਸ ਜਿੱਥੇ ਨਿੰਮ ਦਾ ਦਰਖਤ ਦਿਸੇ, ਉਹਦੇ ਥੱਲੇ ਹੀ ਟਿਕਾਣਾ ਕਰਨਾ।

ਲੰਬਾ ਸਫ਼ਰ ਮੁਕਾ ਕੇ ਲਾਗੀ ਮੁੜ ਆਪਣੇ ਮਾਲਕ ਧਨੰਤਰ ਕੋਲ ਪਹੁੰਚਿਆ ਤਾਂ ਉਸ ਦੀ ਦੇਹੀ ਬਿਲਕੁਲ ਕੁੰਗੂ ਵਰਗੀ ਹੋ ਚੁੱਕੀ ਸੀ। ਆਉਂਦਿਆਂ ਆਉਂਦਿਆਂ ਹੀ ਕੋਹੜ ਖਤਮ ਹੋ ਗਿਆ। ਧਨੰਤਰ ਵੈਦ ਨੇ ਹੈਰਾਨ ਹੁੰਦਿਆਂ ਲਾਗੀ ਨੂੰ ਸਫ਼ਰ ਦੌਰਾਨ ਵਾਪਰੀ ਕਿਸੇ ਤਬਦੀਲੀ ਬਾਰੇ ਪੁੱਛਿਆ। ਲਾਗੀ ਨੇ ਸਾਰੀ ਕਹਾਣੀ ਕਹਿ ਸੁਣਾਈ ਕਿ ਉਹ ਤਾਂ ਜਾਂਦਾ ਜਾਂਦਾ ਕੋਹੜੀ ਹੋ ਗਿਆ ਸੀ; ਲੇਕਿਨ ਜਦ ਉਸ ਨੇ ਲੜਕੇ ਦੇ ਬਾਪ ਵੱਲੋਂ ਨਿੰਮ ਥੱਲੇ ਬਹਿਣ ਵਾਲੀ ਨਸੀਹਤ, ਧਨੰਤਰ ਵੈਦ ਨੂੰ ਦੱਸੀ ਤਾਂ ਧਨੰਤਰ ਨੇ ਖੁਸ਼ ਹੁੰਦਿਆਂ ਆਪਣੀ ਬੇਟੀ ਦਾ ਰਿਸ਼ਤਾ ਉਸੇ ਖਾਨਦਾਨ ਵਿਚ ਕਰਨ ਦਾ ਪੱਕਾ ਫੈਸਲਾ ਕਰ ਲਿਆ।"

ਜਾਨ ਨੂੰ ਖਤਰਾ ਬਣਨ ਵਾਲਾ ਤਾਂ ਨੀਮ ਹਕੀਮ ਨੂੰ ਹੀ ਮੰਨਿਆ ਜਾਂਦਾ ਹੈ, ਪਰ ਆਪਣੇ ਵਿਹੜੇ ਵਿਚ ਖੜ੍ਹੇ ਉਸ ਨਿੰਮ ਹਕੀਮ ਦੀਆਂ ਇੱਥੇ ਕੀ ਕੀ ਸਿਫ਼ਤਾਂ ਲਿਖਾਂ! ਅਸੀਂ ਸਾਰੇ ਭੈਣ-ਭਰਾ ਉਸ ਨਿੰਮ ਥੱਲੇ ਜੰਮੇ-ਪਲੇ, ਖੇਡੇ-ਮੱਲ੍ਹੇ ਅਤੇ ਬਰਸਾਤਾਂ 'ਚ ਨਿੰਮ ਦੀਆਂ ਪੱਕੀਆਂ ਨਮੋਲੀਆਂ ਜੇਬਾਂ ਭਰ-ਭਰ ਖਾਂਦੇ ਰਹੇ। ਸੁਬ੍ਹਾ-ਸਵੇਰੇ ਨਿੰਮ ਦੀ ਹੀ ਦਾਤਣ ਕਰਦੇ। ਇਸੇ ਹਕੀਮ ਦੀ ਮਿਹਰ ਸਦਕਾ ਸਾਡੇ ਟੱਬਰ ਦੇ ਕਦੇ ਫੋੜੇ-ਫਿੰਸੀਆਂ ਤਾਂ ਕੀ, ਭਾਦੋਂ ਦੇ ਹੁੰਮਸ ਵਿਚ ਕਦੇ ਪਿੱਤ ਵੀ ਨਹੀਂ ਸੀ ਨਿਕਲੀ। ਬਰਸਾਤੀ ਦਿਨਾਂ ਵਿਚ ਪਸ਼ੂਆਂ ਨੂੰ ਮੱਖੀ-ਮੱਛਰ ਤੋਂ ਬਚਾਉਣ ਲਈ ਨਿੰਮ ਦੇ ਸੁੱਕੇ ਪੱਤਿਆਂ ਦੀ ਧੂਣੀ ਕਰਦੇ। ਇਸੇ ਨਿੰਮ ਦੇ ਮੋਟੇ ਟਾਹਣ ਨਾਲ ਸਾਡੇ ਪਿੰਡ ਦੀਆਂ ਕੁੜੀਆਂ ਹਰ ਸਾਉਣ ਵਿਚ ਪੀਂਘ ਪਾਉਂਦੀਆਂ ਹੁੰਦੀਆਂ ਸਨ।

ਸਾਡੇ ਟੱਬਰ ਦੀ ਤੰਦਰੁਸਤੀ ਦਾ ਜ਼ਾਮਨ ਨਿੰਮ ਦਾ ਇਹ ਰੁੱਖ ਸਾਥੋਂ ਉਦੋਂ ਖੁੱਸ ਗਿਆ ਜਦ ਅਸੀਂ 'ਘਰ' ਢਾਹ ਕੇ 'ਮਕਾਨ' ਬਣਾਉਣੇ ਸ਼ੁਰੂ ਕਰ ਦਿੱਤੇ। ਥਾਂ ਦੀ ਗਿਣਤੀ-ਮਿਣਤੀ ਕਰ ਕੇ ਪਹਿਲਾਂ ਉਸ ਨਿੰਮ ਦੀਆਂ ਜੜ੍ਹਾਂ ਵਿਚ ਹੀ ਆਰਾ ਫੇਰਿਆ ਗਿਆ। ਮੈਨੂੰ ਇਸੇ ਨਿੰਮ ਦੀ ਸਿਫਤ 'ਚ ਇਕ ਉਦਾਸ ਸ਼ੇਅਰ ਚੇਤੇ ਆਉਂਦਾ ਹੈ,

ਸੁਨਾ ਹੈ ਆਪਨੇ ਗਾਂਵ ਮੇਂ,  
ਰਹਾ ਨਾ ਅਬ ਵੋਹ ਨੀਮ।  
ਜਿਸ ਕੇ ਆਗੇ ਮਾਂਦ ਥੇ,  
ਸਾਰੇ ਵੈਦ ਹਕੀਮ।

## ਰੰਗਲੀ ਦੁਨੀਆਂ

ਦੁਖੀ ਮਹੱਲਾਂ ਵਿਚ ਵੀ ਕਈ,  
ਕੋਈ ਪਿਆ ਹਸਪਤਾਲੀਂ ਮਰਦਾ।  
ਇਸ ਰੰਗਲੀ ਦੁਨੀਆਂ ਤੋਂ  
ਜਾਣ ਨੂੰ ਜੀਅ ਨ੍ਹੀਂ ਕਿਸੇ ਦਾ ਕਰਦਾ।

ਕੋਈ ਬਣਕੇ ਨਾਢੂ ਖਾਂ,  
ਪੱਟਦਾ ਹੋਵੇ ਹਰ ਥਾਂ ਨੂਰੀ।  
ਸੱਪ ਤੋਂ ਡਰਦਾ ਹਰ ਕੋਈ ਏ  
ਹੋਵੇ ਕਿੰਨੀ ਖੁਦ 'ਚ ਦਲੇਰੀ।  
ਇੰਤਕਾਲ-ਵਸੀਅਤਾਂ ਨੂੰ  
ਬਾਬਾ ਐਨਕ ਲਾ ਲਾ ਪੜ੍ਹਦਾ।

ਮੱਤਾਂ ਦੇਵੇ ਦੂਜਿਆਂ ਨੂੰ,  
ਜਿਹਦੇ ਘਰ ਵਿਚ ਹੋਵਣ ਦਾਣੇ।  
ਸੌਖੇ ਨਹੀਂ ਔਖਿਆਂ ਪੈ ਜਾਣ,  
ਮੰਨਣੇ ਰੱਬ ਦੇ ਭਾਣੇ।  
ਸੁੱਖਾਂ ਸੁੱਖਦੇ ਬਚ ਜਾਈਏ,  
ਕਿਤੇ ਪਾਣੀ ਆ ਜਾਏ ਹੜ੍ਹ ਦਾ।

ਗੋਲੇ, ਬੰਬ, ਬੰਦੂਕਾਂ ਨੂੰ  
ਰੱਖਦੀਆਂ ਸਾਂਭ ਸਾਂਭ ਸਰਕਾਰਾਂ।  
ਖਬਰਾਂ ਦਿਨ ਚੜ੍ਹਦੇ ਨੂੰ,  
ਮੌਤਾਂ ਹੋਈ ਜਾਣ ਹਜ਼ਾਰਾਂ।  
ਨੇਤਾ ਖੇਡ ਸਿਆਸਤ ਰਹੇ,  
ਉਜਾੜਾ ਕਰ ਹੋਰਾਂ ਦੇ ਘਰ ਦਾ।

'ਰਾਜ' ਰੌਲਿਆਂ ਵਿਚ ਫਸ'ਗੇ  
ਰਾਗੀ ਜਥੇ ਕੁਲ ਗ੍ਰੰਥੀ।  
ਚੀਮਨੇ ਫਸਵੀਂ ਟੱਕਰ ਹੈ,  
ਸਰਬਸੰਮਤੀ ਦੀ ਸਰਪੰਚੀ।  
ਵਿਚ ਨਸ਼ੇ ਵਜ਼ੀਰੀਆਂ ਦੇ  
ਪਿਛਲੀ ਉਮਰੇ ਵੀ ਰਹੇ ਚੜ੍ਹਦਾ।  
ਇਹ ਰੰਗਲੀ ਦੁਨੀਆਂ ਤੋਂ  
ਜਾਣ ਨੂੰ ਜੀਅ ਨ੍ਹੀਂ ਕਿਸੇ ਦਾ ਕਰਦਾ।

-ਰਾਜ ਧਾਲੀਵਾਲ

## ਸੰਪਾਦਕ ਦੀ ਡਾਕ

### ਪੱਤਰਕਾਰੀ ਦਾ ਪਰਚਮ

'ਪੰਜਾਬ ਟਾਈਮਜ਼' ਦੇ 20 ਜੁਲਾਈ ਦੇ ਅੰਕ ਵਿਚ ਕਮਿੱਕਰ ਸਿੰਘ (ਹੇਵਰਡ) ਦੀ ਚਿੱਠੀ ਅਤੇ ਫਿਰ 3 ਅਗਸਤ ਵਾਲੇ ਅੰਕ ਵਿਚ ਭੁਪਿੰਦਰ ਪੰਧੇਰ (ਫਰਿਜ਼ਨੋ) ਦੀ ਚਿੱਠੀ ਵਿਚ ਪ੍ਰਗਟ ਕੀਤੇ ਵਿਚਾਰ ਸੱਚਮੁੱਚ ਵਿਚਾਰਨ ਵਾਲੇ ਹਨ। ਮੈਂ ਆਪ ਪੰਜਾਬ ਵਿਚ ਤਕਰੀਬਨ 30 ਸਾਲ ਪੱਤਰਕਾਰੀ ਕੀਤੀ ਹੈ ਅਤੇ ਹੁਣ 2 ਸਾਲ ਤੋਂ ਇੱਥੇ ਅਮਰੀਕਾ ਵਿਚ ਹਾਂ। ਮੈਂ ਹੈਰਾਨ ਹਾਂ ਅਤੇ ਪ੍ਰੇਸ਼ਾਨ ਵੀ, ਕਿ ਵਿਹੰਦਿਆਂ-ਵਿਹੰਦਿਆਂ ਪੱਤਰਕਾਰੀ ਅਸਲ ਮਕਸਦ ਦਾ ਪੱਲਾ ਛੱਡ ਕੇ ਹੋਰ ਹੀ ਪਟੜੀ ਉਤੇ ਜਾ ਚੜ੍ਹੀ ਹੈ। ਅਖਬਾਰੀ ਕਾਰੋਬਾਰੀਆਂ ਦੀਆਂ ਤਰਜੀਹਾਂ ਐਨੀ ਛੇਤੀ ਬਦਲ ਰਹੀਆਂ ਹਨ ਕਿ ਸਮਝ ਕੁਝ ਨਹੀਂ ਪੈ ਰਹੀ। ਜੀਹਦੇ ਨਾਲ ਵੀ ਦੁੱਖ ਫਰੋਲੋ, ਉਹ ਦਿਲ 'ਤੇ ਨਾ ਲਾਉਣ ਦੀ ਨਸੀਹਤ ਦੇ ਦਿੰਦਾ ਹੈ। ਇਨ੍ਹਾਂ ਦੋ ਚਿੱਠੀਆਂ ਵਿਚ ਤਾਂ ਸਿਰਫ ਸਾਧਾਂ-ਸੰਤਾਂ ਜਾਂ ਸਿਆਸੀ ਲੀਡਰਾਂ ਦੇ ਅਖਬਾਰਾਂ ਦੇ ਦਫਤਰਾਂ ਵਿਚ ਆਉਣ ਅਤੇ ਮਸ਼ਹੂਰੀ ਕਰਨ/ਕਰਵਾਉਣ ਦੀ ਹੀ ਗੱਲ ਹੋਈ ਹੈ, ਹੁਣ ਤਾਂ ਪੱਤਰਕਾਰਾਂ ਅਤੇ ਪੱਤਰਕਾਰੀ ਦਾ ਮੂੰਹ ਇੰਨਾ ਖੁੱਲ੍ਹ ਗਿਆ ਹੈ ਕਿ ਫਿਲਮਾਂ ਜਾਂ ਹੋਰ ਚੀਜ਼ਾਂ-ਵਸਤਾਂ ਦੀ ਮਸ਼ਹੂਰੀ ਲਈ ਉਚੇਚੇ ਤੌਰ 'ਤੇ ਅਖਬਾਰਾਂ ਦੇ ਦਫਤਰਾਂ ਦੇ ਗੇੜੇ ਪਲੈਨ ਕੀਤੇ ਜਾ ਰਹੇ ਹਨ। ਇਸ ਕੰਮ ਲਈ ਤਾਂ ਕੰਪਨੀਆਂ ਵੀ ਖੁੱਲ੍ਹ ਚੁੱਕੀਆਂ ਹਨ ਜੋ ਪੈਸੇ ਲੈ ਕੇ ਤੁਹਾਡਾ ਕੰਮ ਸੌਖਾ ਕਰ ਰਹੀਆਂ ਹਨ।

ਇਕੱਲੇ ਅਮਰੀਕਾ ਦੀ ਗੱਲ ਨਹੀਂ, ਪੰਜਾਬ ਦੀਆਂ ਕਹਿੰਦੀਆਂ-ਕਹਾਉਂਦੀਆਂ ਅਖਬਾਰਾਂ ਦੇ ਬੁੱਢੇ-ਠੇਰੇ ਮਾਲਕ, ਮੂੰਹਾਂ ਉਤੇ ਪੌਡਰ ਧੂੜ ਕੇ ਨਵੀਂ ਉਮਰ ਦੇ ਫਿਲਮੀ ਹੀਰੋ-ਹੀਰੋਇਨਾਂ ਨਾਲ ਫੋਟੋਆਂ ਖਿਚਵਾਉਂਦੇ ਹਨ। ਇਨ੍ਹਾਂ ਮਾਲਕਾਂ ਨੂੰ ਕੋਈ ਫਿਕਰ ਨਹੀਂ ਹੁੰਦਾ ਕਿ ਫਿਲਮ ਕੋਈ ਸੁਨੇਹਾ ਵੀ ਦੇ ਰਹੀ ਜਾਂ ਕਿ ਲੋਕਾਂ ਨੂੰ ਨਿਘਾਰ ਵੱਲ ਧੱਕ ਰਹੀ ਹੈ। ਦੂਜੇ ਦਿਨ ਇਨ੍ਹਾਂ ਫਿਲਮੀ ਫੁਕਰਿਆਂ ਦੀਆਂ ਰੰਗਦਾਰ ਫੋਟੋਆਂ, ਖਬਰਾਂ ਸਮੇਤ ਅਖਬਾਰ ਦੇ ਪਹਿਲੇ ਸਫੇ 'ਤੇ ਛਪਦੀਆਂ ਹਨ। ਜਾਪਦਾ ਹੈ, ਇਹੀ ਕਸਰ ਬਾਕੀ ਰਹਿੰਦੀ ਸੀ। ਅਖੌਤੀ ਬਾਬੇ ਪੈਸੇ ਦੇ ਕੇ ਆਪਣੀਆਂ ਖਬਰਾਂ ਤਾਂ ਪਹਿਲਾਂ ਹੀ ਪਹਿਲੇ ਸਫਿਆਂ ਉਤੇ ਲਗਵਾ ਹੀ ਰਹੇ ਹਨ। ਜੇ ਤੁਸੀਂ ਅਜਿਹੇ ਕੰਮਾਂ ਤੋਂ ਪਰਹੇਜ ਰੱਖਿਆ ਹੈ ਤਾਂ ਤੁਸੀਂ ਸ਼ਾਬਾਸ਼ ਦੇ ਹੱਕਦਾਰ ਹੋ। ਮੈਂ ਤੁਹਾਡੀ ਅਖਬਾਰ ਜੋ ਮੈਨੂੰ ਹੁਣ ਆਪਣੀ ਲੱਗਦੀ ਹੈ, ਲਗਾਤਾਰ ਦੇਖ ਰਿਹਾ ਹਾਂ। ਅਖਬਾਰ ਪੜ੍ਹ ਕੇ ਤਸੱਲੀ ਹੁੰਦੀ ਹੈ ਕਿ ਨਿਘਾਰ ਦੇ ਝੁੱਲ ਰਹੇ ਝੱਖੜ ਵਿਚ ਅਜੇ ਕੁਝ ਕੁ ਜਿੰਦੜੀਆਂ ਹੈਨ, ਜਿਹੜੀਆਂ ਮਿਸ਼ਨ ਵਾਲਾ ਚਿਰਾਗ ਬਾਲੀ ਰੱਖ ਰਹੀਆਂ ਹਨ। ਮੈਂ ਤਾਂ ਕਮਿੱਕਰ ਸਿੰਘ ਅਤੇ ਭੁਪਿੰਦਰ ਪੰਧੇਰ ਨੂੰ ਵੀ ਵਧਾਈ ਦਿੰਦਾ ਹਾਂ ਜਿਹੜੇ ਅਜਿਹੇ ਮੁੱਦਿਆਂ ਬਾਰੇ ਸਾਨੂੰ ਸਭ ਨੂੰ ਚੇਤਾ ਕਰਵਾ ਰਹੇ ਹਨ। ਅਜੇ ਮੈਂ ਸੰਕਟ ਜਿਹੇ ਵਿਚੋਂ ਲੰਘ ਰਿਹਾ ਹਾਂ। ਜੇ ਮਾੜਾ-ਮੋਟਾ ਸਾਹ ਆਇਆ ਤਾਂ ਮੈਂ ਵੀ ਕੁਝ ਲਿਖ ਕੇ ਛਪਣ ਲਈ ਭੇਜਾਂਗਾ।

-ਸੁਰਿੰਦਰ ਸਿੰਘ, ਨਿਊ ਯਾਰਕ

### ਪੰਜਾਬ ਟਾਈਮਜ਼ ਦਾ ਦਫਤਰ ਤੇ ਵੱਡੀਆਂ ਸ਼ਖਸੀਅਤਾਂ

ਸਾਡੇ ਪਾਠਕ ਕਮਿੱਕਰ ਸਿੰਘ ਅਤੇ ਭੁਪਿੰਦਰ ਪੰਧੇਰ ਦਾ ਸਵਾਲ ਆਪਣੇ-ਆਪ ਵਿਚ ਬੜਾ ਵਜ਼ਨ ਰੱਖਦਾ ਹੈ ਕਿ 'ਪੰਜਾਬ ਟਾਈਮਜ਼' ਦੇ ਦਫਤਰ ਵਿਚ ਕੋਈ ਵੱਡੀ ਸ਼ਖਸੀਅਤ ਕਿਉਂ ਨਹੀਂ ਪਹੁੰਚਦੀ। ਜੇ ਪਹੁੰਚਦੀ ਹੈ ਤਾਂ ਉਸ ਦੀਆਂ ਤਸਵੀਰਾਂ ਅਖਬਾਰ ਵਿਚ ਕਦੀ ਕਿਉਂ ਨਹੀਂ ਛਾਪੀਆਂ?

ਇਸ ਸਵਾਲ ਦੇ ਉਤਰ ਵਿਚ ਅਸੀਂ ਕਹਿਣਾ ਚਾਹਾਂਗੇ ਕਿ 'ਪੰਜਾਬ ਟਾਈਮਜ਼' ਦੇ ਦਫਤਰ ਵਿਚ ਸੱਚਮੁੱਚ ਹੀ, ਘੱਟ ਹੀ ਕਦੀ ਕੋਈ ਵੱਡੀ ਸ਼ਖਸੀਅਤ ਪਹੁੰਚੀ ਹੈ ਅਤੇ ਸਾਨੂੰ ਕਦੀ ਇਸ ਦੀ ਲੋੜ ਵੀ ਨਹੀਂ ਭਾਸੀ। ਜੇ ਕਦੀ ਕੋਈ ਸ਼ਖਸੀਅਤ ਪਹੁੰਚੀ ਵੀ ਹੈ ਤਾਂ ਪੱਤਰਕਾਰੀ ਦੇ ਕਾਇਦੇ ਨੂੰ ਮੁੱਖ ਰੱਖ ਕੇ ਅਸੀਂ ਅਜਿਹੀਆਂ ਤਸਵੀਰਾਂ ਛਾਪਣ ਤੋਂ ਸੰਕੋਚ ਹੀ ਕੀਤਾ ਹੈ। ਅਦਾਰਾ ਸਿਰਫ ਤੇ ਸਿਰਫ ਆਪਣੇ ਪਾਠਕਾਂ ਪ੍ਰਤੀ ਜਵਾਬਦੇਹ ਹੈ ਅਤੇ ਪਾਠਕ ਹੀ ਇਸ ਦੀ ਸਭ ਤੋਂ ਵੱਡੀ ਤਾਕਤ ਹਨ। ਇਸ ਰੋਸ਼ਨੀ ਵਿਚ ਸਾਨੂੰ ਇਸ ਗੱਲ ਦੀ ਕਦੀ ਲੋੜ ਹੀ ਨਹੀਂ ਭਾਸੀ ਕਿ ਕਿਸੇ ਸਿਆਸਤਦਾਨ, ਸੰਤ ਜਾਂ ਕਿਸੇ ਹੋਰ ਵੱਡੀ ਸ਼ਖਸੀਅਤ ਦੇ ਹੱਥਾਂ ਵਿਚ ਫੜੀ ਅਖਬਾਰ ਦੀਆਂ ਤਸਵੀਰਾਂ ਛਾਪੀਆਂ ਜਾਣ। ਸਾਨੂੰ ਇਹ ਵੀ ਭਰੋਸਾ ਹੈ ਕਿ 'ਪੰਜਾਬ ਟਾਈਮਜ਼' ਦੇ ਪਾਠਕ ਅਜਿਹੇ ਕਿਸੇ ਯਤਨ ਨੂੰ ਪਸੰਦ ਵੀ ਨਹੀਂ ਕਰਨਗੇ। ਉਮੀਦ ਹੈ, ਕਮਿੱਕਰ ਸਿੰਘ ਅਤੇ ਭੁਪਿੰਦਰ ਪੰਧੇਰ ਹੁਰਾਂ ਦੀ ਸ਼ੰਕਾ ਦੀ ਨਵਿਰਤੀ ਹੋ ਗਈ ਹੋਵੇਗੀ। -ਸੰਪਾਦਕ

# ਅਜੋਕੀ ਰਾਜਨੀਤੀ ਅਤੇ ਕ੍ਰਿਸ਼ਨ, ਕਾਹਨ, ਅਸ਼ੋਕ ਤੇ ਦੁਰਗਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਹਾਂਗ ਕਾਂਗ ਕਦੀ ਦੁਨੀਆਂ ਦੇ ਸਭ ਤੋਂ ਭ੍ਰਿਸ਼ਟ ਦੇਸ਼ਾਂ ਵਿਚ ਹੁੰਦਾ ਸੀ। ਅੱਜ ਈਮਾਨਦਾਰੀ ਵਾਲੇ ਦੇਸ਼ਾਂ ਵਿਚ ਸੰਸਾਰ ਵਿਚ ਅੱਠਵਾਂ ਗਿਣਿਆ ਜਾਂਦਾ ਹੈ, ਪਰ ਇਸ ਦਾ ਸਿਹਰਾ ਉਥੋਂ ਦੇ ਲੀਡਰਾਂ ਨੂੰ ਨਹੀਂ ਜਾਂਦਾ, ਲੋਕਾਂ ਨੂੰ ਜਾਂਦਾ ਹੈ, ਜਿਹੜੇ ਇੱਕ ਵਾਰੀ ਬਜ਼ਾਰਾਂ ਵਿਚ ਆ ਗਏ ਅਤੇ ਬੇਈਮਾਨੀ ਦੀ ਸਫ ਵਲ੍ਹੇਟ ਕੇ ਉਠੇ ਸਨ। ਅਸੀਂ ਕਿਉਂਕਿ ਅਜੇ ਤੱਕ ਚਰਚਾ ਕਰਦੇ ਹਾਂ, ਤੇ ਸਿਰਫ ਚਰਚਾ ਕਰਦੇ ਹਾਂ, ਇਸ ਲਈ ਸਾਡੇ ਦੇਸ਼ ਦੀ ਅਜੋਕੀ ਰਾਜਨੀਤੀ ਦੇ ਮੁਕਾਬਲੇ ਵਿਚ ਕ੍ਰਿਸ਼ਨ, ਕਾਹਨ, ਅਸ਼ੋਕ ਤੇ ਦੁਰਗਾ ਸ਼ਕਤੀ ਨਿਤਾਣੇ ਸਾਬਤ ਹੋ ਰਹੇ ਹਨ। ਸਾਰਾ ਕਸੂਰ ਰਾਜਸੀ ਆਗੂਆਂ ਦਾ ਨਾ ਕੱਢੀ ਜਾਈਏ, ਕੁਝ ਕਸੂਰ ਸਾਡਾ ਵੀ ਹੈ, ਜਿਹੜੇ ਅਜੇ ਤੱਕ ਚਰਚਾ ਤੋਂ ਅੱਗੇ ਨਹੀਂ ਵਧ ਸਕੇ ਤੇ ਸਿਰਫ ਚੁੰਝ-ਚਰਚਾ ਤੱਕ ਸੀਮਤ ਹੋ ਕੇ ਫਰਜ਼ ਦੀ ਪੂਰਤੀ ਹੋ ਗਈ ਮੰਨਣ ਦੀ ਤਸੱਲੀ ਕਰ ਲੈਂਦੇ ਹਾਂ।***

ਬਰਤਾਨੀਆ ਦੀ ਧਰਤੀ ਉਤੇ ਵਿਚਰਦਿਆਂ ਜਿਸ ਸਵਾਲ ਦਾ ਸਭ ਤੋਂ ਵੱਧ ਸਾਹਮਣਾ ਇਸ ਹਫਤੇ ਦੌਰਾਨ ਇਸ ਲੇਖਕ ਨੂੰ ਕਰਨਾ ਪਿਆ, ਉਹ ਉਤਰ ਪ੍ਰਦੇਸ਼ ਦੀ ਛੋਟੀ ਜਿਹੀ ਉਮਰ ਦੀ ਸਬ ਡਵੀਜ਼ਨ ਅਫਸਰ ਬੀਬੀ ਦੁਰਗਾ ਸ਼ਕਤੀ ਨਾਗਪਾਲ ਦੇ ਬਾਰੇ ਹੁੰਦਾ ਸੀ। ਹਰ ਕੋਈ ਜਾਣਨਾ ਚਾਹੁੰਦਾ ਸੀ ਕਿ ਰੇੜਕਾ ਕਿਸ ਗੱਲ ਦਾ ਹੈ ਤੇ ਜਾਂ ਫਿਰ ਇਹ ਕਿ ਉਸ ਕੁੜੀ ਦਾ ਹੁਣ ਬਣੇਗਾ ਕੀ? ਜਿਹੜੀ ਗੱਲ ਪਹਿਲੇ ਦਿਨ ਕਹੀ ਜਾ ਸਕਦੀ ਸੀ, ਉਹ ਭਾਰਤ ਦੇ ਸਭ ਤੋਂ ਵੱਡੇ ਰਾਜ ਦੇ ਛੋਟੀ ਉਮਰ ਦੇ ਮੁੱਖ ਮੰਤਰੀ ਅਖਿਲੇਸ਼ ਸਿੰਘ ਯਾਦਵ ਨੇ ਦੋ ਦਿਨ ਲੰਘਾ ਕੇ ਕਹੀ ਕਿ ਉਸ ਬੀਬੀ ਦੇ ਖਿਲਾਫ ਕਾਰਵਾਈ ਜਾਇਜ਼ ਸੀ। ਆਖਰ ਉਹ ਮੁਲਾਇਮ ਸਿੰਘ ਦਾ ਪੁੱਤਰ ਹੈ, ਜਿਹੜਾ ਸਾਰੀ ਉਮਰ ਹਰ ਗੱਲ ਰਾਜਨੀਤੀ ਦੀ ਤੱਕੜੀ ਨਾਲ ਤੋਲ ਕੇ ਤੇ ਉਸ ਬਾਰੇ ਇਹ ਸੋਚ ਕੇ ਬੋਲਦਾ ਰਿਹਾ ਹੈ ਕਿ ਇਸ ਨਾਲ ਲਾਭ ਕੀ ਹੋਵੇਗਾ ਤੇ ਨੁਕਸਾਨ ਕੀ? ਮੁਲਾਇਮ ਸਿੰਘ ਯਾਦਵ ਨੇ ਇੱਕ ਵਾਰ ਪਾਰਲੀਮੈਂਟ ਵਿਚ ਕਿਹਾ ਸੀ ਕਿ ਅਮਰ ਮਣੀ ਤ੍ਰਿਪਾਠੀ ਨਾਂ ਦੇ ਮੰਤਰੀ ਨੂੰ ਮਧੂਮਿਤਾ ਸ਼ੁਕਲਾ ਨਾਂ ਦੀ ਕੁੜੀ ਦੇ ਕਤਲ ਦੇ ਦੋਸ਼ ਵਿਚ ਫੜਿਆ ਕਿਉਂ ਨਹੀਂ ਜਾਂਦਾ, ਪਰ ਉਸੇ ਮੰਤਰੀ ਅਮਰ ਮਣੀ ਵੱਲੋਂ ਮੁਲਾਇਮ ਨਾਲ ਆ ਜੁੜਨ ਦੀ ਦਲ-ਬਦਲੀ ਮਗਰੋਂ ਕਹਿੰਦਾ ਸੀ ਕਿ ਉਸ ਨੇ ਦੇਸ਼ ਬਚਾ ਲਿਆ ਹੈ, ਹੁਣ ਉਸ ਦੇ ਖਿਲਾਫ ਕਾਰਵਾਈ ਦੀ ਲੋੜ ਨਹੀਂ। ਉਸੇ ਮੁਲਾਇਮ ਦਾ ਪੁੱਤਰ ਉਸ ਤੋਂ ਵੱਖਰੀ ਰਾਜਨੀਤੀ ਕਰਨ ਦੀ ਥਾਂ ਕਿਸੇ ਚੋਰ-ਲੁਟੇਰੇ ਲੀਡਰ ਦੇ ਪੱਖ ਵਿਚ ਕਿਸੇ ਈਮਾਨਦਾਰ ਕੁੜੀ ਦੇ ਖਿਲਾਫ ਪੈਂਤੜਾ ਨਾ ਲੈਂਦਾ ਤਾਂ ਹੋਰ ਕੀ ਕਰਦਾ?

ਅਫਸਰ ਕੁੜੀ ਦਾ ਨਾਂ ਦੁਰਗਾ ਸ਼ਕਤੀ ਹੈ, ਮਾਪਿਆਂ ਨੇ ਧਾਰਮਿਕ ਪੱਖੋਂ ਸੋਚ ਕੇ ਰੱਖਿਆ ਜਾਂ ਇਨਸਾਨੀ ਪੱਖ ਤੋਂ ਉਸ ਨੂੰ ਇੱਕ ਸ਼ਕਤੀ ਵਜੋਂ ਉਭਾਰਨ ਦਾ ਮਨੋਬਲ ਬਖਸ਼ਣ ਵਾਸਤੇ ਰੱਖਿਆ, ਇਹ ਤਾਂ ਪਤਾ ਨਹੀਂ, ਪਰ ਉਹ ਜਿਸ ਕੰਮ ਲਈ ਚਰਚਾ ਵਿਚ ਆਈ ਹੈ, ਉਸ ਨੇ ਉਸ ਨੂੰ ਇੱਕ



*ਅਖਿਲੇਸ਼ ਯਾਦਵ*

ਸ਼ਕਤੀ ਦੀ ਪ੍ਰਤੀਕ ਬਣਾ ਦਿੱਤਾ ਹੈ। ਉਸ ਨੇ ਰੇਤ ਮਾਫੀਆ ਤੇ ਹੋਰ ਮਾੜੇ ਧੰਦੇ ਕਰਦੇ ਲੋਕਾਂ ਦੇ ਖਿਲਾਫ ਆਪਣੇ ਸਰਕਾਰੀ ਫਰਜ਼ ਉਤੇ ਪਹਿਰਾ ਦਿੱਤਾ ਤੇ ਇਸ ਗੱਲ ਦੀ ਪ੍ਰਵਾਹ ਨਹੀਂ ਕੀਤੀ ਕਿ ਉਸ ਦੇ ਆਪਣੇ ਨਾਲ ਕੀ ਵਾਪਰੇਗਾ? ਲੋਕ ਉਸ ਦੇ ਕਿਰਦਾਰ ਤੋਂ ਖੁਸ਼ ਹਨ। ਉਂਜ ਭਾਰਤ ਵਿਚ ਲੋਕ ਸਿਰਫ ਖੁਸ਼ ਹੁੰਦੇ ਹਨ, ਇਸ ਤਰ੍ਹਾਂ ਦੇ ਫਰਜ਼ ਦੀ ਪੂਰਤੀ ਕਰਨ ਵਾਲੇ ਕਿਸੇ ਕਿਰਦਾਰ ਦੇ ਪੱਖ ਵਿਚ ਕਦੀ ਆਪ ਖੜੇ ਹੋਣ ਦੀ ਕੋਸ਼ਿਸ਼ ਨਹੀਂ ਕਰਦੇ, ਬਲਕਿ ਵੇਖਦੇ ਹਨ ਕਿ ਇਸ ਦਾ ਕੀ ਬਣਦਾ ਹੈ? ਉਤਰ ਪ੍ਰਦੇਸ਼ ਦੇ ਲੋਕ ਵੀ ਇਹੋ ਵੇਖ ਰਹੇ ਹਨ ਤੇ ਇਸ ਕਰ ਕੇ ਉਸ ਕੁੜੀ ਨਾਲ ਉਹੋ ਕੁਝ ਵਾਪਰਨਾ ਹੈ, ਜੋ ਇਸ ਦੇਸ਼ ਦੀ ਰਵਾਇਤ ਹੈ।

ਜੀ ਹਾਂ, ਇਹ ਇਸ ਦੇਸ਼ ਦੀ ਰਵਾਇਤ ਹੈ ਕਿ ਲੋਕ ਆਖਦੇ ਹਨ ਕਿ ਚੰਗਾ ਬੰਦਾ ਸੂਲੀ ਚੜ੍ਹ ਜਾਵੇ ਤਾਂ ਉਸ ਦੇ ਪੱਖ ਵਿਚ ਚਾਰ ਸ਼ਬਦ ਕਹਿ ਦੇਵਾਂਗੇ, ਉਸ ਦੇ ਨਾਲ ਖੜੋਣ ਦੀ ਮੂਰਖਤਾ ਨਹੀਂ ਕਰਾਂਗੇ। ਇਹੋ ਕਾਰਨ ਹੈ ਕਿ ਭਾਰਤ ਦੇ ਇਸ ਲੋਕਤੰਤਰੀ ਤਾਣੇ-ਬਾਣੇ ਵਿਚ ਵੱਖ ਵੱਖ ਰਾਜਾਂ ਵਿਚ ਵੱਖ ਵੱਖ ਤਰ੍ਹਾਂ ਦੀ ਰਾਜਨੀਤੀ ਦੇ ਅਧੀਨ ਈਮਾਨਦਾਰਾਂ ਨਾਲ ਉਹੋ ਕੁਝ ਵਾਪਰਦਾ ਰਹਿੰਦਾ ਹੈ, ਜਿਸ ਦੇ ਹੁਣ ਅਸੀਂ ਆਦੀ ਹੋਈ ਜਾਂਦੇ ਹਾਂ।

ਸਾਡੇ ਆਪਣੇ ਪੰਜਾਬ ਵਿਚ ਕੀ ਵਾਪਰਿਆ ਹੈ, ਕੀ ਇਹ ਵੀ ਚੇਤਾ ਕਰਵਾਉਣਾ ਪਵੇਗਾ? ਸਿੱਖਿਆ ਵਿਭਾਗ ਦਾ ਇੱਕ ਅਫਸਰ ਕ੍ਰਿਸ਼ਨ ਕੁਮਾਰ ਹੁੰਦਾ ਸੀ। ਉਦੋਂ ਦੇ ਸਿੱਖਿਆ ਮੰਤਰੀ ਨੇ ਕਾਨੂੰਨ ਦੀ ਕਿਤਾਬ ਪੇਪਰ-ਵੇਟ ਹੇਠ ਦੱਬ ਕੇ ਆਪਣੀ ਮਰਜ਼ੀ ਮੁਤਾਬਕ ਚਲਾਉਣਾ ਚਾਹਿਆ ਤਾਂ ਕ੍ਰਿਸ਼ਨ ਕੁਮਾਰ ਈਮਾਨ ਉਤੇ ਪਹਿਰਾ ਦੇਣ ਲੱਗ ਪਿਆ। ਵਿਚਾਰੇ ਨਾਲ ਹਮਦਰਦੀ ਕਈਆਂ ਨੇ ਵਿਖਾਈ, ਪਰ ਨਾਲ ਕੋਈ ਨਹੀਂ ਸੀ ਖੜੋਤਾ ਤੇ ਅੰਤ ਉਹ ਈਮਾਨਦਾਰ ਅਫਸਰ ਪੰਜਾਬ ਦੀ ਸੇਵਾ ਛੱਡ ਕੇ ਪ੍ਰਧਾਨ ਮੰਤਰੀ ਦਫਤਰ ਵਿਚ ਮਿਲੀ ਕੁਰਸੀ ਉਤੇ ਜਾ ਬੈਠਾ ਸੀ। ਕਿਹਾ ਜਾਂਦਾ ਹੈ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ, ਪਰ ਵੇਖਿਆ ਕਦੀ ਕਦੀ ਜਾਂਦਾ ਹੈ। ਪੰਜਾਬ ਦੇ ਲੋਕਾਂ ਨੇ ਇਤਿਹਾਸ ਵੀ ਦੁਹਰਾਇਆ ਜਾਂਦਾ ਵੇਖ ਲਿਆ, ਜਦੋਂ ਉਸੇ ਕੁਰਸੀ ਉਤੇ ਕਾਹਨ ਸਿੰਘ ਪੰਨੂ ਆ ਬੈਠਾ ਤੇ ਪਹਿਲੇ ਮੰਤਰੀ ਦੀ ਪਾਰਟੀ ਨੇ ਜਿਹੜਾ ਨਵਾਂ ਮੰਤਰੀ ਬਣਾਇਆ, ਉਸ ਨਾਲ ਉਨ੍ਹਾਂ ਹੀ ਗੱਲਾਂ ਤੋਂ ਰੇੜਕਾ ਪੈ ਗਿਆ। ਮਹਾਂਭਾਰਤ ਵਿਚ ਕ੍ਰਿਸ਼ਨ ਤੇ ਕਾਹਨ ਦੋਵੇਂ ਇੱਕੋ ਮਹਾਂਪੁਰਸ਼ ਦੇ ਦੋ ਨਾਂ ਹਨ, ਜਿਸ ਨੇ ਗੀਤਾ ਦਾ ਉਪਦੇਸ਼ ਦਿੰਦਿਆਂ ਆਖਿਆ ਸੀ ਕਿ ਫਰਜ਼ ਉਤੇ ਪਹਿਰਾ ਦੇਣ ਵੇਲੇ 'ਕਰਮ ਕੀਏ ਜਾ, ਫਲ ਕੀ ਚਿੰਤਾ ਮਤ ਕਰ।' ਪੰਜਾਬ ਵਿਚ ਜਿਹੜੀ ਕ੍ਰਿਸ਼ਨ ਨਾਲ ਹੋਈ ਸੀ, ਉਹੋ ਕਾਹਨ ਨਾਲ ਹੋ ਗਈ, ਬਲਕਿ ਵੱਧ ਹੋ ਗਈ। ਕ੍ਰਿਸ਼ਨ ਦੀ ਸਿਰਫ ਕੁਰਸੀ ਖੋਹੀ ਗਈ ਸੀ, ਕਾਹਨ ਨੂੰ ਜ਼ਲੀਲ ਕਰਨ ਦੀ ਘਟਨਾ ਵੀ ਹੋ ਗਈ। ਹੁਣ ਪੰਜਾਬ ਦੇ ਬਾਕੀ ਅਫਸਰਾਂ ਨੂੰ ਈਮਾਨ ਦਾ ਕੀੜਾ ਦੋ-ਚਾਰ ਸਾਲ ਤੰਗ ਨਹੀਂ ਕਰੇਗਾ।



ਦੁਰਗਾ ਸ਼ਕਤੀ

ਅਸੀਂ ਪੰਜਾਬ ਦੇ ਗਵਾਂਢੀ ਰਾਜ ਹਰਿਆਣੇ ਦੇ ਇੱਕ ਈਮਾਨਦਾਰ ਅਫਸਰ ਅਸ਼ੋਕ ਖੇਮਕਾ ਨਾਲ ਪਿਛਲੇ ਸਾਲਾਂ ਵਿਚ ਵਾਪਰਦੇ ਭਾਣੇ ਨੂੰ ਵੇਖਿਆ ਤੇ ਹਾਲੇ ਵੇਖ ਰਹੇ ਹਾਂ। ਪਿਛਲੇ ਸਾਲ ਉਹ ਉਦੋਂ ਚਰਚਾ ਵਿਚ ਆਇਆ ਸੀ, ਜਦੋਂ ਉਸ ਨੇ ਭਾਰਤ ਸਰਕਾਰ ਦਾ ਰਿਮੋਟ ਕੰਟਰੋਲ ਵਾਲਾ ਬਟਨ ਫੜੀ ਬੈਠੀ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਦੇ ਜ਼ਮੀਨੀ ਸੌਦਿਆਂ ਦੇ ਸੱਚ ਤੋਂ ਪਰਦਾ ਚੁੱਕ ਦਿੱਤਾ ਸੀ। ਸੋਨੀਆ ਗਾਂਧੀ ਦੀ ਪਾਰਟੀ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਅਸ਼ੋਕ ਖੇਮਕਾ ਦੀ ਕੁਰਸੀ ਛੁਡਾਈ ਤਾਂ ਇੱਕ ਦੂਸਰੇ ਸੱਚ ਤੋਂ ਪਰਦਾ ਚੁੱਕਿਆ ਗਿਆ ਕਿ ਇਸ ਈਮਾਨਦਾਰ ਅਫਸਰ ਦਾ ਬਾਈ ਸਾਲ ਦੀ ਨੌਕਰੀ ਵਿਚ ਚੁਤਾਲੀ ਵਾਰ ਤਬਾਦਲਾ ਹੋ ਗਿਆ ਹੈ। ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਉਸ ਦੇ ਹੱਕ ਵਿਚ ਮਗਰਮੱਛ ਵਾਲੇ ਹੰਝੂ ਵਗਾਏ ਤਾਂ ਤੀਸਰੇ ਸੱਚ ਤੋਂ ਪਰਦਾ ਚੁੱਕਿਆ ਗਿਆ ਕਿ ਚੌਟਾਲਾ ਦੇ ਪੰਜਾਂ ਸਾਲਾਂ ਦੇ ਰਾਜ ਵਿਚ ਵੀ ਉਸੇ ਅਫਸਰ ਦਾ ਨੌਂ ਵਾਰੀ ਤਬਾਦਲਾ ਕੀਤਾ ਗਿਆ ਸੀ। ਫਰਜ਼ ਉਤੇ ਪਹਿਰਾ ਦੇਣ ਕਾਰਨ ਇੱਕ ਵਾਰੀ ਉਸ ਅਫਸਰ ਨੂੰ ਇਹੋ ਜਿਹੀ ਸੀਟ ਦਿੱਤੀ ਗਈ ਕਿ ਘਰੋਂ ਦਫਤਰ ਤੱਕ ਤੁਰ ਕੇ ਆਉਣਾ ਪਿਆ, ਕਿਉਂਕਿ ਡਿਪਟੀ ਕਮਿਸ਼ਨਰ ਦੇ ਬਰਾਬਰ ਦੇ ਉਸ ਅਫਸਰ ਨੂੰ ਸਰਕਾਰੀ ਕਾਰ ਨਹੀਂ ਸੀ ਦਿੱਤੀ ਗਈ। ਜੋ ਪੰਜਾਬ ਵਿਚ ਕਾਹਨ ਤੇ ਕ੍ਰਿਸ਼ਨ ਨਾਲ ਹੋਇਆ ਸੀ, ਉਹੋ ਕੁਝ ਕਾਰਾਂ ਉਤੇ ਅਸ਼ੋਕ ਦਾ ਸਤੰਭ ਲਾ ਕੇ ਰਾਜ ਕਰਦੀ ਹਰਿਆਣੇ ਦੀ ਸਰਕਾਰ ਨੇ ਅਸ਼ੋਕ ਨਾਲ ਕਰ ਦਿੱਤਾ ਤੇ ਹੁਣ ਉਤਰ ਪ੍ਰਦੇਸ਼ ਵਿਚ ਦੁਰਗਾ ਸ਼ਕਤੀ ਦੀ ਵਾਰੀ ਆ ਗਈ ਹੈ।

ਇਨ੍ਹਾਂ ਘਟਨਾਵਾਂ ਦੇ ਹਰ ਗੇੜ ਵਿਚ ਇੱਕ ਪਾਰਟੀ-ਭਾਰਤੀ ਜਨਤਾ ਪਾਰਟੀ ਨੇ ਹਮੇਸ਼ਾ ਇਹ ਕਹਿਣ ਦਾ ਤਾਣ ਲਾਇਆ ਕਿ ਉਹ ਵੱਖਰੀ-ਨਿਆਰੀ ਪਾਰਟੀ ਹੈ ਤੇ ਇਸ ਤਰ੍ਹਾਂ ਦੇ ਹਰਬੇ ਨਹੀਂ ਵਰਤਦੀ। ਮਹਾਂਰਾਸ਼ਟਰ ਦੇ ਖੈਰਨਾਰ ਦਾ ਕਿੱਸਾ ਜਿਹੜੇ ਲੋਕ ਜਾਣਦੇ ਹਨ, ਉਹ ਪੰਜਾਬੀ ਦੀ ਉਹ ਕਹਾਵਤ ਸਮਝ ਸਕਦੇ ਹਨ ਕਿ ਊਠ ਨੂੰ ਪੁੱਛਿਆ ਸੀ ਕਿ ਉਸ ਨੂੰ ਚੜ੍ਹਾਈ ਚੰਗੀ ਲੱਗਦੀ ਹੈ ਕਿ ਉਤਰਾਈ, ਉਸ ਨੇ ਦੋਵਾਂ ਦਾ ਫਿੱਟੇ ਮੂੰਹ ਕਹਿ ਦਿੱਤਾ ਸੀ। ਜੀ ਆਰ ਖੈਰਨਾਰ ਨਾਂ ਦਾ ਅਫਸਰ ਮੁੰਬਈ ਨਗਰ ਪਾਲਿਕਾ ਦੇ ਅਕਾਊਂਟੈਂਟ ਵਜੋਂ ਨੌਕਰੀ ਸ਼ੁਰੂ ਕਰ ਕੇ ਡਿਪਟੀ ਕਮਿਸ਼ਨਰ ਦੀ ਕੁਰਸੀ ਤੱਕ ਚਲਾ ਗਿਆ। ਈਮਾਨਦਾਰ ਉਹ ਸਿਖਰਾਂ ਦਾ ਸੀ ਤੇ ਅੰਨਾ ਹਜ਼ਾਰੇ ਦਾ ਭਗਤ ਹੁੰਦਾ ਸੀ। ਕੁਝ ਸਮਾਂ ਪਾ ਕੇ ਉਸ ਦੀ ਅੰਨਾ ਹਜ਼ਾਰੇ ਬਾਰੇ ਵੀ ਇਹ ਰਾਇ ਬਣ ਗਈ ਕਿ ਅੰਨਾ ਚੁਣ ਕੇ ਨਿਸ਼ਾਨੇ ਫੁੰਡਦਾ ਹੈ ਤੇ ਕਈਆਂ ਨਾਲ ਸਾਂਝ ਦੇ ਕਾਰਨ ਲਿਹਾਜ ਵੀ ਕਰ ਜਾਂਦਾ ਹੈ, ਪਰ ਖੈਰਨਾਰ ਕਿਸੇ ਦਾ ਲਿਹਾਜ ਨਹੀਂ ਸੀ ਕਰਦਾ। ਕਾਂਗਰਸੀ ਆਗੂ ਸ਼ਰਦ ਪਵਾਰ ਦੇ ਮੁੱਖ ਮੰਤਰੀ ਹੁੰਦਿਆਂ ਉਸ ਦਾ ਰਗੜਾ ਕੱਢਿਆ ਜਾਣਾ ਸ਼ੁਰੂ ਹੋਇਆ, ਭਾਰਤੀ ਜਨਤਾ ਪਾਰਟੀ ਅਤੇ ਸ਼ਿਵ ਸੈਨਾ ਵਾਲਿਆਂ ਨੇ ਉਸ ਦਾ ਪੱਖ ਲਿਆ ਪਰ ਜਦੋਂ ਰਾਜ ਬਦਲ ਗਿਆ ਤੇ ਇਨ੍ਹਾਂ ਦੋਵਾਂ ਦੀ ਸਾਂਝੀ ਸਰਕਾਰ ਬਣ ਗਈ, ਮਹੀਨੇ ਛੇ ਨਹੀਂ ਸੀ ਨਿਕਲੇ ਕਿ ਇਹ ਵੀ ਖੈਰਨਾਰ ਦੇ ਪਿੱਛੇ ਪੈ ਗਏ। ਉਸ ਨੂੰ ਸਸਪੈਂਡ ਤਾਂ ਸ਼ਰਦ ਪਵਾਰ ਨੇ 1994 ਵਿਚ ਕੀਤਾ ਸੀ ਅਤੇ ਉਸ ਦੀ ਅਪੀਲ ਮੰਨ ਕੇ ਹਾਈ ਕੋਰਟ ਨੇ ਜਦੋਂ 1997 ਵਿਚ ਉਸ ਨੂੰ ਇਹ ਕਹਿ ਕੇ ਬਹਾਲ ਕੀਤਾ ਕਿ ਸਸਪੈਂਡ ਸਿਆਸੀ ਕਿੜ ਕੱਢਣ ਨੂੰ ਕੀਤਾ ਗਿਆ ਹੈ, ਉਦੋਂ ਰਾਜ ਕਰ ਰਹੀ ਭਾਜਪਾ-ਸ਼ਿਵ ਸੈਨਾ ਸਰਕਾਰ ਨੇ ਵੀ ਉਸ ਨੂੰ ਬਹਾਲ ਕਰਨ ਦਾ ਅਦਾਲਤ ਦਾ ਹੁਕਮ ਮੰਨਣ ਤੋਂ ਸਾਲ 2000 ਤੱਕ ਪਾਸਾ ਵੱਟੀ ਰੱਖਿਆ ਸੀ। ਕਾਰਨ ਇਹ ਸੀ ਕਿ ਇਹ ਬੰਦਾ ਬਹਾਲ ਵੀ ਕਰ ਦਿੱਤਾ ਤਾਂ ਇਸ ਨੇ ਆਪਣੇ ਆਦਰਸ਼ਾਂ ਤੋਂ ਥਿੜਕਣਾ ਨਹੀਂ, ਇਸ ਲਈ ਇਸ ਨੂੰ ਆਪਣੇ ਨਾਲ ਲਾਉਣ ਵਾਸਤੇ ਨਾ ਕੋਈ ਭਾਜਪਾ ਮੰਤਰੀ ਤਿਆਰ ਹੋ ਰਿਹਾ ਸੀ ਤੇ ਨਾ ਸ਼ਿਵ ਸੈਨਾ ਵਾਲਾ ਮੰਤਰੀ ਹੀ।

ਪੰਜਾਬ ਦੇ ਕ੍ਰਿਸ਼ਨ ਤੇ ਕਾਹਨ ਤੋਂ ਸ਼ੁਰੂ ਹੋ ਕੇ ਹਰਿਆਣੇ ਦੇ ਅਸ਼ੋਕ ਤੋਂ ਤੁਰਦੀ ਉਤਰ ਪ੍ਰਦੇਸ਼ ਦੀ ਦੁਰਗਾ ਸ਼ਕਤੀ ਤੱਕ ਪਹੁੰਚੀ ਇਸ ਰਵਾਇਤ ਦੀ ਸਾਰੇ ਦੇਸ਼ ਦੀ ਕਥਾ ਬਹੁਤ ਲੰਮੀ ਹੈ।

ਜਿਹੜੇ ਮਹਾਂਰਾਸ਼ਟਰ ਵਿਚ ਜੀ ਆਰ ਖੈਰਨਾਰ ਨਾਲ ਵਾਪਰੇ ਕਿੱਸੇ ਦੀ ਚਰਚਾ ਅਸੀਂ ਹੁਣੇ ਕੀਤੀ ਹੈ, ਉਸੇ ਰਾਜ ਵਿਚ ਅਰੁਣ ਭਾਟੀਆ ਦਾ ਕਿੱਸਾ ਵੀ ਚਰਚਿਤ ਹੈ। ਉਸ ਦੀ ਛੱਬੀ ਸਾਲ ਦੀ ਨੌਕਰੀ ਵਿਚ ਛੱਬੀ ਵਾਰੀ ਤਬਾਦਲਾ ਕੀਤਾ ਜਾਣ ਦਾ ਰਿਕਾਰਡ ਇਸ ਲਈ ਬਣ ਗਿਆ ਕਿ ਉਹ ਤਿਰੰਗੇ ਤੇ ਭਗਵੇਂ ਦੋਵੇਂ ਰੰਗਾਂ ਦੀ ਰਾਜਨੀਤੀ ਕਰਨ ਵਾਲੇ ਆਗੂਆਂ ਨੂੰ ਹਜ਼ਮ ਨਹੀਂ ਸੀ ਹੁੰਦਾ। ਬਿਹਾਰ ਵਿਚ ਇੱਕ ਈਮਾਨਦਾਰ ਪੁਲਿਸ ਅਫਸਰ ਮਨੋਜ ਨਾਥ ਨੂੰ ਹਰ ਸਰਕਾਰ ਦੇ ਅਧੀਨ ਬਿਸਤਰਾ ਬੰਨ੍ਹ ਕੇ ਰੱਖਣਾ ਪੈਂਦਾ ਰਿਹਾ ਤੇ ਕਈ ਵਾਰ ਉਸ ਨੂੰ ਆਪਣੇ ਤੋਂ ਜੂਨੀਅਰ ਅਫਸਰਾਂ ਦੇ ਹੇਠਲੀ ਕੁਰਸੀ ਉਤੇ ਬੈਠਣ ਨੂੰ ਮਜਬੂਰ ਕੀਤਾ ਗਿਆ। ਤਾਮਿਲਨਾਡੂ ਵਿਚ ਉਮਾ ਸ਼ੰਕਰ ਨਾਂ ਦਾ ਅਫਸਰ ਇਹ ਬਰਦਾਸ਼ਤ ਨਾ ਕਰ ਸਕਿਆ ਕਿ ਭ੍ਰਿਸ਼ਟਾਚਾਰ ਪਿੰਡਾਂ ਦੇ ਸਿਵਿਆਂ ਵਿਚ ਬਣਾਏ ਜਾ ਰਹੇ ਸ਼ੈਡਾਂ ਦੇ ਟੀਨਾਂ ਵਿਚੋਂ ਵੀ ਹੋਈ ਜਾਂਦਾ ਹੈ। ਉਸ ਨੇ ਇਸ ਦੀ ਜਾਂਚ ਦਾ ਉਹ ਕੰਮ ਸ਼ੁਰੂ ਕਰਵਾਇਆ, ਜਿਸ ਨਾਲ ਮੌਕੇ ਦੀ ਮੁੱਖ ਮੰਤਰੀ ਜੈਲਲਿਤਾ ਦਾ ਜਲੂਸ ਨਿਕਲ ਗਿਆ ਤੇ ਅਗਲੀ ਚੋਣ ਵਿਚ ਉਸ ਦੀ ਕੁਰਸੀ ਜਾਂਦੀ ਰਹੀ, ਪਰ ਜਦੋਂ ਉਸ ਦੇ ਵਿਰੋਧੀ ਕਰੁਣਾਨਿਧੀ ਨੂੰ ਮੁੱਖ ਮੰਤਰੀ ਬਣਨ ਦਾ ਮੌਕਾ ਮਿਲਿਆ, ਉਹ ਵੀ ਉਮਾ ਸ਼ੰਕਰ ਦੇ ਪਿੱਛੇ ਪੈ ਗਿਆ, ਕਿਉਂਕਿ ਉਮਾ ਸ਼ੰਕਰ ਉਸ ਦਾ 'ਰਾਜਾ ਬੇਟਾ' ਬਣ ਕੇ ਚੱਲਣ ਲਈ ਜ਼ਮੀਰ ਨਹੀਂ ਸੀ



*ਕਾਹਨ ਸਿੰਘ ਪੰਨੂ*

ਮਾਰ ਸਕਦਾ। ਆਂਧਰਾ ਪ੍ਰਦੇਸ਼ ਦੀ ਅਫਸਰ ਪੂਨਮ ਮਾਲਾਕੋਂਡਈਆ ਨੂੰ ਅਸੀਂ ਉਥੋਂ ਦੀ ਦੁਰਗਾ ਸ਼ਕਤੀ ਮੰਨ ਸਕਦੇ ਹਾਂ, ਜਿਸ ਨੇ ਛੋਟੀ ਉਮਰੇ ਛੇ ਸਾਲਾਂ ਦੀ ਨੌਕਰੀ 'ਚ 7 ਵਾਰ ਬਦਲੀ ਕਰਵਾ ਕੇ ਵੀ ਰਾਜਸੀ ਆਗੂਆਂ ਅੱਗੇ ਸਿਰ ਨਹੀਂ ਝੁਕਾਇਆ। ਉਸੇ ਆਂਧਰਾ ਪ੍ਰਦੇਸ਼ ਦਾ ਇੱਕ ਸੀਨੀਅਰ ਅਫਸਰ ਈਜ਼ ਸ਼ਰਮਾ ਆਪਣੀ 35 ਸਾਲ ਦੀ ਨੌਕਰੀ ਦੌਰਾਨ 26 ਵਾਰੀ ਤਬਾਦਲਾ ਹੋ ਜਾਣ ਦੇ ਬਾਵਜੂਦ ਆਪਣੇ ਈਮਾਨ 'ਤੇ ਪਹਿਰਾ ਦਿੰਦਾ ਰਿਹਾ। ਏਦਾਂ ਦੇ ਕਈ ਹੋਰ ਵੀ ਹਨ, ਜਿਹੜੇ ਈਮਾਨ ਤੋਂ ਨਹੀਂ ਸਨ ਡੋਲੇ।

ਬੜੀ ਲੰਮੀ ਕਹਾਣੀ ਹੈ ਉਨ੍ਹਾਂ ਲੋਕਾਂ ਦੀ, ਜਿਹੜੇ ਈਮਾਨ ਤੋਂ ਡੋਲਣ ਦੀ ਬਜਾਏ ਸੱਟਾਂ ਖਾਣ ਨੂੰ ਤਿਆਰ ਹੋ ਜਾਂਦੇ ਰਹੇ। ਅਕੀਦੇ ਉਤੇ ਪਹਿਰਾ ਦੇਣ ਵਾਲੇ ਇਨ੍ਹਾਂ ਲੋਕਾਂ ਵਿਚੋਂ ਕੁਝ ਆਪਣੀਆਂ ਜਾਨਾਂ ਵੀ ਗਵਾ ਗਏ। ਇਸ ਦੇ ਬਾਵਜੂਦ ਉਨ੍ਹਾਂ ਵਰਗੇ ਹੋਰ ਆ ਕੇ ਮੈਦਾਨ ਵਿਚ ਈਮਾਨ ਦਾ ਝੰਡਾ ਉਚਾ ਰੱਖਦੇ ਰਹੇ। ਉਨ੍ਹਾਂ ਦੇ ਆਪਣੇ ਹੀ ਕੁਝ ਸਾਥੀ ਇਸ ਕਿਰਦਾਰ ਨੂੰ ਸਮੁੰਦਰ ਵਿਚ ਰਹਿ ਕੇ ਮਗਰਮੱਛਾਂ ਨਾਲ ਵੈਰ ਪਾਉਣ ਵਾਲੀ ਮੂਰਖਤਾ ਮੰਨ ਕੇ ਆਪ ਵੀ ਸੰਭਲ ਕੇ ਡੰਗ ਸਹਾਰਦੇ ਹੋਏ ਇਨ੍ਹਾਂ ਨੂੰ ਦਿਨ ਕੱਟਣ ਨੂੰ ਕਹਿੰਦੇ ਰਹੇ, ਪਰ ਇਹ ਏਦਾਂ ਨਹੀਂ ਕਰ ਸਕੇ। ਏਦਾਂ ਦੇ ਲੋਕਾਂ ਨਾਲ ਜ਼ਿਆਦਤੀ ਜਦੋਂ ਹੁੰਦੀ ਹੈ ਤਾਂ ਈਮਾਨਦਾਰੀ ਦਾ ਜਨਾਜ਼ਾ ਵੀ ਨਾਲ ਹੀ ਨਿਕਲ ਜਾਂਦਾ ਹੈ। ਸਾਡੇ ਲੋਕ ਈਮਾਨਦਾਰੀ ਦੀ ਚਰਚਾ ਕਰਦੇ ਹਨ, ਇਸ ਦਾ ਜਨਾਜ਼ਾ ਨਿਕਲਦਾ ਵੇਖ ਕੇ ਕਦੀ-ਕਦੀ ਹਾਅ ਦਾ ਨਾਹਰਾ ਵੀ ਮਾਰ ਲੈਂਦੇ ਹਨ, ਪਰ ਇਸ ਤੋਂ ਅੱਗੇ ਨਹੀਂ ਤੁਰਦੇ। ਹਾਂਗ ਕਾਂਗ ਕਦੀ ਦੁਨੀਆਂ ਦੇ ਸਭ ਤੋਂ ਭ੍ਰਿਸ਼ਟ ਦੇਸ਼ਾਂ ਵਿਚ ਹੁੰਦਾ ਸੀ। ਅੱਜ ਈਮਾਨਦਾਰੀ ਵਾਲੇ ਦੇਸ਼ਾਂ ਵਿਚ ਸੰਸਾਰ ਵਿਚ ਅੱਠਵਾਂ ਗਿਣਿਆ ਜਾਂਦਾ ਹੈ, ਪਰ ਇਸ ਦਾ ਸਿਹਰਾ ਉਥੋਂ ਦੇ ਲੀਡਰਾਂ ਨੂੰ ਨਹੀਂ ਜਾਂਦਾ, ਲੋਕਾਂ ਨੂੰ ਜਾਂਦਾ ਹੈ, ਜਿਹੜੇ ਇੱਕ ਵਾਰੀ ਬਜ਼ਾਰਾਂ ਵਿਚ ਆ ਗਏ ਅਤੇ ਬੇਈਮਾਨੀ ਦੀ ਸਫ ਵਲ੍ਹੇਟ ਕੇ ਉਠੇ ਸਨ। ਅਸੀਂ ਕਿਉਂਕਿ ਅਜੇ ਤੱਕ ਚਰਚਾ ਕਰਦੇ ਹਾਂ, ਤੇ ਸਿਰਫ ਚਰਚਾ ਕਰਦੇ ਹਾਂ, ਇਸ ਲਈ ਸਾਡੇ ਦੇਸ਼ ਦੀ ਅਜੋਕੀ ਰਾਜਨੀਤੀ ਦੇ ਮੁਕਾਬਲੇ ਵਿਚ ਕ੍ਰਿਸ਼ਨ, ਕਾਹਨ, ਅਸ਼ੋਕ ਤੇ ਦੁਰਗਾ ਸ਼ਕਤੀ ਨਿਤਾਣੇ ਸਾਬਤ ਹੋ ਰਹੇ ਹਨ। ਸਾਰਾ ਕਸੂਰ ਰਾਜਸੀ ਆਗੂਆਂ ਦਾ ਨਾ ਕੱਢੀ ਜਾਈਏ, ਕੁਝ ਕਸੂਰ ਸਾਡਾ ਵੀ ਹੈ, ਜਿਹੜੇ ਅਜੇ ਤੱਕ ਚਰਚਾ ਤੋਂ ਅੱਗੇ ਨਹੀਂ ਵਧ ਸਕੇ ਤੇ ਸਿਰਫ ਚੁੰਝ-ਚਰਚਾ ਤੱਕ ਸੀਮਤ ਹੋ ਕੇ ਫਰਜ਼ ਦੀ ਪੂਰਤੀ ਹੋ ਗਈ ਮੰਨਣ ਦੀ ਤਸੱਲੀ ਕਰ ਲੈਂਦੇ ਹਾਂ।

**Store For Sale**

**Convenience store for sale in Bay Town, TX, 4500 sq feet beer, wine, fast food, kitchen (to go) potential to add as pizza (eat or delivery), money order, Western Union, check cashing etc. additional 500 sq feet land available.**

**Asking price $389,000.00 with property.**

**For more info. Call, Lakhvinder Mroke**

**Ph: 281-515-0255**

**ਕਨਵੀਨੀਐਂਸ ਸਟੋਰ ਵਿਕਾਊ ਹੈ**

ਬੇਅ ਟਾਊਨ, ਟੈਕਸਸ ਵਿਚ ਕਨਵੀਨੀਐਂਸ ਸਟੋਰ ਪ੍ਰਾਪਰਟੀ ਸਮੇਤ ਵਿਕਾਊ ਹੈ। ਬੀਅਰ, ਵਾਈਨ, ਫਾਸਟ ਫੂਡ, ਕਿਚਨ, ਪੀਜ਼ਾ (ਖਾਓ ਜਾਂ ਡਿਲਿਵਰੀ ਕਰਵਾਓ), ਮਨੀ ਆਰਡਰ, ਵੈਸਟਰਨ ਯੂਨੀਅਨ, ਚੈਕ ਕੈਸ਼ਿੰਗ ਆਦਿ ਦਾ ਬਿਜਨਸ ਵਧਾਉਣ ਦੀ ਸੰਭਾਵਨਾ। 500 ਵਰਗ ਫੁੱਟ ਹੋਰ ਜ਼ਮੀਨ ਉਪਲਬਧ।

ਕੀਮਤ: 389,000 ਡਾਲਰ

ਹੋਰ ਜਾਣਕਾਰੀ ਲਈ ਸੰਪਰਕ ਕਰੋ, ਲਖਵਿੰਦਰ ਮਰੋਕ

**ਫੋਨ:281-515-0255**

# ਪੰਜਾਬ ਸਰਕਾਰ ਅਫਸਰਾਂ ਨੂੰ ਦੇਵੇਗੀ ਭਾੜੇ ਦੀਆਂ ਕਾਰਾਂ

**ਚੰਡੀਗੜ੍ਹ:** ਖਰਚੇ ਘਟਾਉਣ ਵਿਚ ਜੁਟੀ ਪੰਜਾਬ ਸਰਕਾਰ ਨੇ ਹੁਣ ਇਕ ਨਵੀਂ ਜੁਗਤ ਲੜਾਉਣ ਦਾ ਫੈਸਲਾ ਕੀਤਾ ਹੈ ਜਿਸ ਤਹਿਤ ਅਫ਼ਸਰਸ਼ਾਹੀ ਨੂੰ ਸਰਕਾਰੀ ਕਾਰਾਂ ਦੀ ਥਾਂ ਭਾੜੇ ਦੀਆਂ ਕਾਰਾਂ ਦਿੱਤੀਆਂ ਜਾਣਗੀਆਂ। ਮੁੱਖ ਸਕੱਤਰ ਰਾਕੇਸ਼ ਸਿੰਘ ਦੀ ਅਗਵਾਈ ਹੇਠ ਮੁਢਲੇ ਤੌਰ ‘ਤੇ ਵਿਭਾਗਾਂ ਦੇ ਮੁਖੀਆਂ ਤੇ ਵਿਸ਼ੇਸ਼ ਸਕੱਤਰ ਪੱਧਰ ਤੱਕ ਦੇ ਅਧਿਕਾਰੀਆਂ ਨੂੰ ਸਰਕਾਰੀ ਕਾਰਾਂ ਦੀ ਥਾਂ ਭਾੜੇ ਦੀਆਂ ਕਾਰਾਂ ਦੇਣ ਦੀ ਨੀਤੀ ਤਿਆਰ ਕੀਤੀ ਹੈ। ਇਸ ਨੀਤੀ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਸਿਰੇ ਚਾੜ੍ਹਨ ਦੀ ਹਰੀ ਝੰਡੀ ਦੇ ਦਿੱਤੀ ਹੈ।

ਵਿੱਤ ਵਿਭਾਗ ਦੇ ਸੂਤਰਾਂ ਮੁਤਾਬਕ ਸਰਕਾਰ ਵੱਲੋਂ ਚੰਡੀਗੜ੍ਹ ਵਿਚ ਅਫਸਰਾਂ ਵੱਲੋਂ ਵਰਤੇ ਜਾਂਦੇ ਵਾਹਨਾਂ ਦੇ ਤੇਲ ‘ਤੇ ਸਾਲਾਨਾ ਮੁਰੰਮਤ ‘ਤੇ 150 ਤੋਂ 200 ਕਰੋੜ ਦੇ ਦਰਮਿਆਨ ਖਰਚ ਕੀਤਾ ਜਾਂਦਾ ਹੈ। ਸੂਬਾ ਸਰਕਾਰ ਵੱਲੋਂ ਜੇਕਰ ਭਾੜੇ ਦੀਆਂ ਕਾਰਾਂ ਦੀ ਯੋਜਨਾ ਅਪਣਾ ਲਈ ਜਾਂਦੀ ਹੈ ਤਾਂ ਇਹ ਖਰਚਾ 100 ਕਰੋੜ ਰੁਪਏ ਤੋਂ ਵੀ ਘੱਟ ਹੋਣ ਦਾ ਅਨੁਮਾਨ ਹੈ। ਇਸੇ ਯੋਜਨਾ ਤਹਿਤ ਮੰਤਰੀਆਂ ਦੇ ਪਾਰਲੀਮਾਨੀ ਸਕੱਤਰਾਂ ਨੂੰ ਨਿੱਜੀ ਗੱਡੀਆਂ ਦੀ

**ਖਰਚਾ ਘਟਾਉਣ ਦਾ ਇਕ ਹੋਰ ਚਾਰਾ**




ਵਰਤੋਂ ਦੇ ਅਧਿਕਾਰ ਦੇ ਦਿੱਤੇ ਹਨ।

ਚੰਡੀਗੜ੍ਹ ਵਿਚ ਤਾਇਨਾਤ ਸਿਵਲ ਅਫ਼ਸਰਾਂ ਵੱਲੋਂ ਵਰਤੇ ਜਾਂਦੇ ਵਾਹਨਾਂ ਦੀ ਗਿਣਤੀ ਮਹਿਜ਼ 100 ਹੈ ਜਦੋਂਕਿ ਫੀਲਡ ਵਿਚ ਵਾਹਨਾਂ ਦੀ ਗਿਣਤੀ ਤਕਰੀਬਨ 4000 ਮੰਨੀ ਜਾਂਦੀ ਹੈ। ਇਨ੍ਹਾਂ ਵਿਚ ਪੁਲਿਸ ਦੇ ਵਾਹਨਾਂ ਦੀ ਗਿਣਤੀ ਹੀ ਤਕਰੀਬਨ 3000 ਦੱਸੀ ਗਈ ਹੈ। ਪੰਜਾਬ ਮੰਤਰੀ ਮੰਡਲ ਵੱਲੋਂ ਸਾਲ 2012 ਦੌਰਾਨ ਮੁੱਖ ਸਕੱਤਰ ਨੂੰ ਸਰਕਾਰੀ ਵਾਹਨਾਂ ਦੀ ਵਰਤੋਂ ਘੱਟ ਕਰਨ ਤੇ ਨਵੇਂ ਵਾਹਨ ਖਰੀਦਣ ‘ਤੇ ਪਾਬੰਦੀ ਲਾਉਣ ਲਈ ਰਿਪੋਰਟ ਤਿਆਰ ਕਰਨ ਲਈ ਕਿਹਾ ਗਿਆ ਸੀ।

ਮੁੱਖ ਸਕੱਤਰ ਵੱਲੋਂ ਵਿੱਤ ਤੇ ਟਰਾਂਸਪੋਰਟ ਵਿਭਾਗ ਨਾਲ ਲਗਾਤਾਰ ਮੀਟਿੰਗਾਂ ਤੋਂ ਬਾਅਦ ਹੇਠਲੇ ਪੱਧਰ ਦੇ ਅਧਿਕਾਰੀਆਂ ਨੂੰ ਭਾੜੇ ਦੀਆਂ ਕਾਰਾਂ ਦੇਣ ਦੀ ਯੋਜਨਾ ਤਿਆਰ ਕੀਤੀ ਹੈ। ਵਿਭਾਗਾਂ ਦੇ ਮੁਖੀਆਂ, ਵਿਸ਼ੇਸ਼ ਸਕੱਤਰ ਪੱਧਰ ਤੱਕ ਦੇ ਆਈ.ਏ.ਐਸ ਅਧਿਕਾਰੀਆਂ ਤੇ ਪੀ.ਸੀ.ਐਸ ਅਫਸਰਾਂ ਨੂੰ ਟੈਕਸੀਆਂ ਦੇਣ ਦੀ ਯੋਜਨਾ ਹੈ। ਇਸ ਰਿਪੋਰਟ ਵਿਚ ਇਹ ਵੀ ਹਵਾਲਾ ਦਿੱਤਾ ਗਿਆ ਹੈ ਕਿ ਆਮਦਨ ਕਰ ਵਿਭਾਗ ਵੱਲੋਂ ਵੱਡੇ ਅਧਿਕਾਰੀਆਂ ਨੂੰ ਵੀ ਭਾੜੇ ਦੀਆਂ ਕਾਰਾਂ ਦਿੱਤੀਆਂ ਜਾਂਦੀਆਂ ਹਨ।

ਇਸ ਲਈ ਸਰਕਾਰ ਨੂੰ ਵੀ ਆਮਦਨ ਕਰ ਵਿਭਾਗ ਵਾਲੀ ਨੀਤੀ ਅਪਣਾਉਣੀ ਚਾਹੀਦੀ ਹੈ। ਸਰਕਾਰ ਦਾ ਮੰਨਣਾ ਹੈ ਕਿ ਭਾੜੇ ਦੀਆਂ ਕਾਰਾਂ ਸਸਤੀਆਂ ਹੀ ਨਹੀਂ ਪੈਣਗੀਆਂ ਸਗੋਂ ਡਰਾਈਵਰਾਂ ਦੀ ਤਨਖਾਹ ਦੀ ਸਿੱਧੀ ਬਚਤ ਹੋਵੇਗੀ। ਸਰਕਾਰ ਨੂੰ ਇਕ ਡਰਾਈਵਰ ਔਸਤਨ 50 ਹਜ਼ਾਰ ਰੁਪਏ ਮਹੀਨੇ ਵਿਚ ਪੈਂਦਾ ਹੈ ਜਦੋਂਕਿ ਭਾੜੇ ਦੀ ਕਾਰ ਦਾ ਡਰਾਈਵਰ 10 ਤੋਂ 15 ਹਜ਼ਾਰ ਰੁਪਏ ਤੱਕ ਨੌਕਰੀ ਕਰਦਾ ਹੈ। ਬੋਰਡਾਂ ਦੇ ਨਿਗਮਾਂ ਵੱਲੋਂ ਤਾਂ ਕਾਰਾਂ ਦੀ ਬਹੁਤ ਜ਼ਿਆਦਾ ਦੁਰਵਰਤੋਂ ਕੀਤੀ ਜਾਂਦੀ ਹੈ।

ਇਹ ਵੀ ਜ਼ਿਕਰਯੋਗ ਹੈ ਕਿ ਬੋਰਡਾਂ ਤੇ ਨਿਗਮਾਂ ਦੇ ਵਾਹਨਾਂ ਦੀ ਵਰਤੋਂ ਹੇਠਲੇ ਅਧਿਕਾਰੀਆਂ ਦੇ ਨਾਂ ‘ਤੇ ਸੀਨੀਅਰ ਅਧਿਕਾਰੀਆਂ ਜਾਂ ਮੰਤਰੀਆਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਹੀ ਕੀਤੀ ਜਾਂਦੀ ਹੈ। ਬੋਰਡ ਤੇ ਨਿਗਮ ਤਾਂ ਘਾਟੇ ਵਿਚ ਹਨ ਪਰ ਚੇਅਰਮੈਨਾਂ ਤੇ ਮੈਨੇਜਿੰਗ ਡਾਇਰੈਕਟਰਾਂ ਕੋਲ ਮਹਿੰਗੀਆਂ ਕਾਰਾਂ ਦੀ ਸਹੂਲਤ ਹੈ। ਸਰਕਾਰ ਨੂੰ ਹਰ ਸਾਲ ਤਕਰੀਬਨ 50 ਵਾਹਨ ਖਰੀਦਣੇ ਪੈਂਦੇ ਹਨ। ਵਿੱਤੀ ਕਮਿਸ਼ਨਰ ਮਾਲ ਦੇ ਕੋਟੇ ਦੀਆਂ ਕਾਰਾਂ ਵਿਚ ਪਿਛਲੇ ਸਾਲ ਹੀ ਸਰਕਾਰ ਨੇ ਤਿੰਨ ਹੌਂਡਾ ਸਿਟੀ ਕਾਰਾਂ ਖਰੀਦੀਆਂ ਸਨ। ਇਕ ਕਾਰ ਮਸਾਂ ਹੀ ਛੇ ਕੁ ਸਾਲ ਤੱਕ ਚਲਦੀ ਹੈ।

ਮੁੱਖ ਸਕੱਤਰ ਰੈਂਕ ਵਿੱਤੀ ਕਮਿਸ਼ਨਰ ਤੱਕ ਦੇ ਅਧਿਕਾਰੀਆਂ ਨੂੰ ਤਾਂ ਸਰਕਾਰ ਨੇ 10 ਤੋਂ 15 ਲੱਖ ਰੁਪਏ ਤੱਕ ਦੀਆਂ ਕਾਰਾਂ ਦੀ ਸਹੂਲਤ ਦਿੱਤੀ ਹੋਈ ਹੈ। ਮੰਤਰੀਆਂ ਤੇ ਮੁੱਖ ਪਾਰਲੀਮਾਨੀ ਸਕੱਤਰਾਂ ਲਈ ਕਾਰਾਂ ਟਰਾਂਸਪੋਰਟ ਵਿਭਾਗ ਵੱਲੋਂ ਖਰੀਦੀਆਂ ਜਾਂਦੀਆਂ ਹਨ। ਪੁਲਿਸ ਅਫਸਰਾਂ ਤੇ ਸੁਰੱਖਿਆ ਵਾਹਨਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਪੰਜਾਬ ਦੇ ਬਜਟ ਵਿਚ ਪੁਲਿਸ ਦੀਆਂ ਗੱਡੀਆਂ ਵਿਚ ਇਕ ਸਾਲ ਦੌਰਾਨ 50 ਕਰੋੜ ਰੁਪਏ ਦਾ ਸਿਰਫ਼ ਤੇਲ ਫੂਕਣ ਦਾ ਬੰਦੋਬਸਤ ਕੀਤਾ ਹੈ।

ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਪੁਲਿਸ ਦੇ ਖਰਚੇ ਨੂੰ ਨੱਥ ਪਾਉਣਾ ਵੱਸ ਤੋਂ ਬਾਹਰ ਹੈ। ਕੇਂਦਰ ਸਰਕਾਰ ਵੱਲੋਂ ਆਧੁਨਿਕੀਕਰਨ ਲਈ ਭੇਜੀ ਜਾਂਦੀ ਗਰਾਂਟ ਵਿਚੋਂ ਵੀ ਪੁਲਿਸ ਮਹਿੰਗੀਆਂ ਕਾਰਾਂ ਦੀ ਹੀ ਖਰੀਦ ਕਰਦੀ ਹੈ।

ਪੰਜਾਬ ਸਰਕਾਰ ਦੇ ਮੁੱਖ ਸਕੱਤਰ ਰਾਕੇਸ਼ ਸਿੰਘ ਨੇ ਕਿਹਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਿਰਦੇਸ਼ਾਂ ‘ਤੇ ਅਫ਼ਸਰਾਂ ਨੂੰ ਭਾੜੇ ਦੀਆਂ ਕਾਰਾਂ ਦੇਣ ਦੀ ਯੋਜਨਾ ਬਣਾਈ ਗਈ ਹੈ। ਇਸ ਲਈ ਆਮਦਨ ਕਰ ਵਿਭਾਗ ਦੀ ਤਰਜ਼ ‘ਤੇ ਬਾਕਾਇਦਾ ਨੀਤੀ ਬਣਾਈ ਜਾ ਰਹੀ ਹੈ। ਮੰਤਰੀ ਮੰਡਲ ਦੀ ਪ੍ਰਵਾਨਗੀ ਤੋਂ ਬਾਅਦ ਕੁਝ ਮਹੀਨਿਆਂ ਤੱਕ ਇਹ ਨੀਤੀ ਲਾਗੂ ਕਰ ਦਿੱਤੀ ਜਾਵੇਗੀ।

# ਅਕਾਲੀਆਂ ਤੇ ਕਾਂਗਰਸੀਆਂ ਵੱਲੋਂ ਦਲਿਤ ਵੋਟਰਾਂ ‘ਤੇ ਡੋਰੇ

**ਚੰਡੀਗੜ੍ਹ:** ਅਗਾਮੀ ਲੋਕ ਸਭਾ ਚੋਣ ਨੂੰ ਵੇਖਦੇ ਹੋਏ ਪੰਜਾਬ ਦੀਆਂ ਦੋਵਾਂ ਪ੍ਰਮੁੱਖ ਸਿਆਸੀ ਧਿਰਾਂ ਅਕਾਲੀ ਦਲ ਤੇ ਕਾਂਗਰਸ ਨੇ ਦਲਿਤ ਵੋਟਰਾਂ ਨੂੰ ਆਪਣਾ ਮੋਹ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਜਿਥੇ ਕਾਂਗਰਸ ਦਲਿਤਾਂ ਅੰਦਰ ਆਪਣੇ ਖੁੱਸੇ ਵੱਕਾਰ ਨੂੰ ਮੁੜ ਬਹਾਲ ਕਰਨ ਦੇ ਯਤਨ ਵਿਚ ਹੈ, ਉਥੇ ਅਕਾਲੀ ਦਲ ਵੱਲੋਂ ਪਹਿਲੀ ਵਾਰ ਦਲਿਤ ਵਸੋਂ ਦੇ ਵੱਡੇ ਹਿੱਸੇ ਦੇ ਜਿੱਤੇ ਭਰੋਸੇ ਨੂੰ ਹੋਰ ਮਜ਼ਬੂਤ ਕਰਨ ਲਈ ਸਰਗਰਮੀ ਕੀਤੀ ਜਾ ਰਹੀ ਹੈ।

ਪੰਜਾਬ ਵਿਚ ਇਸ ਸਮੇਂ ਤਕਰੀਬਨ 40 ਫੀਸਦੀ ਦਲਿਤ ਵੋਟਰ ਹਨ। ਪਿਛਲੀ ਵਿਧਾਨ ਸਭਾ ਵਿਚ ਕਾਂਗਰਸ ਦੇ ਚਿੱਤ ਹੋਣ ਦਾ ਵੱਡਾ ਕਾਰਨ ਵੀ ਇਹੀ ਸਮਝਿਆ ਜਾਂਦਾ ਹੈ ਕਿ ਉਹ ਆਪਣੇ ਦਲਿਤ ਵੋਟ ਬੈਂਕ ਦਾ ਭਰੋਸਾ ਗਵਾ ਚੁੱਕੀ ਸੀ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਪਿਛਲੇ ਹਫ਼ਤੇ ਦੇਸ਼ ਅੰਦਰ ਦਲਿਤ ਉਭਾਰ ਪੈਦਾ ਕਰਨ ਤੇ ਬਹੁਜਨ ਸਮਾਜ ਪਾਰਟੀ ਖੜ੍ਹੀ ਕਰਕੇ ਰਾਜਨੀਤੀ ਅੰਦਰ ਨਵੇਂ ਸਮੀਕਰਨ ਪੈਦਾ ਕਰਨ ਵਾਲੇ ਸਵਰਗੀ ਬਾਬੂ ਕਾਂਸ਼ੀ ਰਾਮ ਦੇ ਪਰਿਵਾਰ ਨੂੰ ਮਿਲਣ ਉਨ੍ਹਾਂ ਦੇ ਜੱਦੀ ਪਿੰਡ ਗਏ ਤੇ ਪਰਿਵਾਰ ਨਾਲ ਸਨੇਹ ਦਾ ਪ੍ਰਗਟਾਵਾ ਕੀਤਾ। ਸੂਤਰਾਂ ਅਨੁਸਾਰ ਪਰਿਵਾਰ ਵੱਲੋਂ ਵੀ ਉਨ੍ਹਾਂ ਦਾ ਸੁਆਗਤ ਕੀਤਾ ਗਿਆ।

ਇਸ ਤਰ੍ਹਾਂ ਸ. ਬਾਜਵਾ ਗਿੱਦੜਬਾਹਾ ਹਲਕੇ ਦੇ ਇਕ ਪਿੰਡ ਵਿਚ ਗਰੀਬ ਦਲਿਤ ਪਰਿਵਾਰ ਦੇ ਘਰ ਬੈਠ ਕੇ ਖਾਣਾ ਵੀ ਖਾ ਕੇ ਆਏ।

ਪੰਜਾਬ ਦੇ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਵੀ ਕੁਝ ਦਿਨ ਪਹਿਲਾਂ ਬਸਪਾ ਦੇ ਸੀਨੀਅਰ ਆਗੂ ਸ. ਮਾਨ ਸਿੰਘ ਮਨਹੇੜਾ ਦੀ ਬਰਸੀ ਸਮਾਗਮ ਵਿਚ ਵਿਸ਼ੇਸ਼ ਤੌਰ ‘ਤੇ ਸ਼ਾਮਲ ਹੋਏ। ਸ. ਮਨਹੇੜਾ ਦੀ ਪਤਨੀ ਹੁਣ ਅਕਾਲੀ ਦਲ ਵਿਚ ਸ਼ਾਮਲ ਹੋ ਚੁੱਕੀ ਹੈ। ਦੋਵਾਂ ਹੀ ਪਾਰਟੀਆਂ ਦੇ ਆਗੂ ਸਿਰਫ ਦਲਿਤਾਂ ਦੀਆਂ ਗੱਲਾਂ ਹੀ ਨਹੀਂ ਕਰਦੇ ਸਗੋਂ ਉਹ ਬਹੁਜਨ ਸਮਾਜ ਪਾਰਟੀ ਦੇ ਦਲਿਤਾਂ ਵਿਚਲੇ ਆਧਾਰ ਨੂੰ ਵਰਤਣ ਲਈ ਬਸਪਾ ਦੇ ਅਹਿਮ ਪਰਿਵਾਰਾਂ ਨਾਲ ਆਪਣਾ ਸਨੇਹ ਜਤਾ ਰਹੇ ਹਨ।

ਜ਼ਿਕਰਯੋਗ ਹੈ ਕਿ ਵਿਧਾਨ ਸਭਾ ਦੀ ਲੰਘੀ ਚੋਣ ਵਿਚ ਪੰਜਾਬ ਦੇ ਕੁੱਲ 34 ਰਾਖਵੇਂ ਹਲਕਿਆਂ ਵਿਚੋਂ 20 ਵਿਧਾਇਕ ਇਕੱਲੇ ਅਕਾਲੀ ਦਲ ਦੇ ਬਣੇ ਹਨ। ਕਾਂਗਰਸ ਨੂੰ 11 ਤੇ ਭਾਜਪਾ ਦੇ ਹਿੱਸੇ ਤਿੰਨ ਆਏ ਹਨ। ਪਹਿਲਾਂ ਹੁੰਦੀਆਂ ਰਹੀਆਂ ਚੋਣਾਂ ਵਿਚ ਰਾਖਵੇਂ ਹਲਕਿਆਂ ਨੂੰ ਕਾਂਗਰਸ ਆਪਣੇ ਲਈ ਹੀ ਰਾਖਵੇਂ ਸਮਝਦੀ ਰਹੀ ਹੈ। ਅਕਾਲੀ ਆਗੂਆਂ ਅੰਦਰ ਇਸ ਗੱਲ ਦਾ ਸ਼ਿੱਦਤ ਨਾਲ ਅਹਿਸਾਸ ਹੈ ਕਿ ਉਹ ਪੰਜਾਬ ਦੇ ਰਾਜਸੀ ਪਿੜ ਵਿਚ ਆਪਣਾ ਜੇਤੂ ਮਾਰਚ ਤਾਂ ਹੀ ਕਾਇਮ ਰੱਖ ਸਕਦੇ ਹਨ ਜੇਕਰ ਦਲਿਤ ਵਰਗ ਦੇ ਲੋਕ ਉਸ ਨਾਲ ਜੁੜੇ ਰਹਿਣਗੇ।

# ਪੰਜਾਬ ਸਰਕਾਰ ਦੇ ਆਦਰਸ਼ ਸਕੂਲ ਵੀ ਦਮ ਤੋੜਨ ਲੱਗੇ

**ਚੰਡੀਗੜ੍ਹ:** ਪੰਜਾਬ ਦੇ ਗਰੀਬ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਦੇ ਮਕਸਦ ਨਾਲ ਪੰਜਾਬ ਸਰਕਾਰ ਵੱਲੋਂ ਦਿਹਾਤੀ ਖੇਤਰ ਵਿਚ ਖੋਲ੍ਹੇ ਆਦਰਸ਼ ਸਕੂਲਾਂ ਵਿਚ ਇਸ ਸਮੇਂ ਬੇਨਿਯਮੀਆਂ ਦਾ ਬੋਲਬਾਲਾ ਹੈ। ਇਸ ਦੇ ਚੱਲਦੇ ਇਨ੍ਹਾਂ ਸਕੂਲਾਂ ਵਿਚ ਪੜ੍ਹਦੇ ਤਕਰੀਬਨ 30 ਹਜ਼ਾਰ ਵਿਦਿਆਰਥੀਆਂ ਤੇ 300 ਅਧਿਆਪਕਾਂ ਦਾ ਭਵਿੱਖ ਖਤਰੇ ਵਿਚ ਹੈ।

ਵਿਦਿਆਰਥੀਆਂ ਦੇ ਮਾਪਿਆਂ ਤੇ ਅਧਿਆਪਕਾਂ ਨੇ ਇਥੇ ਸੂਚਨਾ ਦੇ ਅਧਿਕਾਰ ਤਹਿਤ ਹਾਸਲ ਕੀਤੀ ਜਾਣਕਾਰੀ ਤੇ ਆਡਿਟ ਰਿਪੋਰਟਾਂ ਨਸ਼ਰ ਕਰਦਿਆਂ ਦੋਸ਼ ਲਾਇਆ ਕਿ ਪ੍ਰਬੰਧਕਾਂ ਵੱਲੋਂ ਭਾਰੀ ਬੇਨਿਯਮੀਆਂ ਕਾਰਨ ਸਕੂਲਾਂ ਨੂੰ ਜਿੰਦਰੇ ਲੱਗਣ ਦੇ ਆਸਾਰ ਬਣ ਗਏ ਹਨ। ਮਾਪਿਆਂ ਵੱਲੋਂ ਇਹ ਮਾਮਲਾ ਹਾਈ ਕੋਰਟ ਵਿਚ ਲਿਜਾਣ ਤੋਂ ਬਾਅਦ ਅਦਾਲਤ ਨੇ ਡਾਇਰੈਕਟਰ ਜਨਰਲ ਸਕੂਲ (ਡੀ.ਜੀ.ਐਸ.ਈ) ਤੋਂ ਇਨ੍ਹਾਂ ਸਕੂਲਾਂ ਦੀ ਕਾਰਗੁਜ਼ਾਰੀ ਦੀ ਰਿਪੋਰਟ ਦੋ ਮਹੀਨਿਆਂ ਵਿਚ ਤਲਬ ਕਰ ਲਈ ਹੈ।

ਉਧਰ, ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਸੰਕੇਤ ਦਿੱਤੇ ਹਨ ਕਿ ਛੇਤੀ ਹੀ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਇਨ੍ਹਾਂ ਪ੍ਰਭਾਵਿਤ ਆਦਰਸ਼ ਸਕੂਲਾਂ ਦਾ ਦੌਰਾ ਕਰਕੇ ਸੱਚ ਉਜਾਗਰ ਕਰਨਗੇ। ਪਿਛਲੇ ਸਮੇਂ ਤੋਂ ਕਈ ਆਦਰਸ਼ ਸਕੂਲਾਂ ਨੂੰ ਤਾਲੇ ਲੱਗਣ ਕਾਰਨ ਅਧਿਆਪਕਾਂ ਵੱਲੋਂ ਰੋਸ ਵਜੋਂ ਜਮਾਤਾਂ ਸੜਕਾਂ ਉਪਰ ਲਾਈਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਪੰਜਾਬ ਐਜੂਕੇਸ਼ਨਲ ਡਿਵੈਲਪਮੈਂਟ ਬੋਰਡ (ਪੀ.ਈ.ਬੀ) ਵੱਲੋਂ ਪੀ.ਪੀ.ਪੀ ਫਾਰਮੂਲੇ ਤਹਿਤ ਪ੍ਰਾਈਵੇਟ ਅਦਾਰਿਆਂ ਦੇ ਸਹਿਯੋਗ ਨਾਲ ਇਹ ਸਕੂਲ ਚਲਾਏ ਜਾ ਰਹੇ ਹਨ। ਇਸ ਬੋਰਡ ਦੇ ਚੇਅਰਮੈਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹਨ।

**ਹਾਈ ਕੋਰਟ ਵੱਲੋਂ ਰਿਪੋਰਟ ਤਲਬ**



ਇਨ੍ਹਾਂ ਸਕੂਲਾਂ ਨੂੰ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਮੁਫ਼ਤ ਜ਼ਮੀਨਾਂ ਮੁਹੱਈਆ ਕੀਤੀਆਂ ਹਨ ਤੇ ਸਕੂਲਾਂ ਦੀ ਉਸਾਰੀ ਤੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਸਰਕਾਰ ਤੇ ਪ੍ਰਾਈਵੇਟ ਅਦਾਰੇ ਵੱਲੋਂ ਸਾਂਝੇ ਤੌਰ ‘ਤੇ ਕੀਤਾ ਜਾਂਦਾ ਹੈ। ਸਾਰੇ ਵਰਗਾਂ ਵੱਲੋਂ ਸਾਂਝੇ ਤੌਰ ‘ਤੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਹਰਦਾਸਾ ਦੇ ਆਦਰਸ਼ ਸਕੂਲ ਦੀ ਆਡਿਟ ਰਿਪੋਰਟ ਜਨਤਕ ਕਰਦਿਆਂ ਦੋਸ਼ ਲਾਇਆ ਕਿ ਬਾਬਾ ਈਸ਼ਰ ਸਿੰਘ ਐਜੂਕੇਸ਼ਨ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਇਸ ਸਕੂਲ ਵਿਚ ਅਧਿਆਪਕਾਂ ਨੂੰ ਬੈਂਕ ਖਾਤਿਆਂ ਰਾਹੀਂ 8.35 ਲੱਖ ਰੁਪਏ ਤਨਖਾਹ ਦਿੱਤੀ ਗਈ ਹੈ ਜਦਕਿ ਫਕੈਲਟੀ ਡਿਵੈਲਪਮੈਂਟ ਪ੍ਰੋਗਰਾਮ ਤੇ ਲੈਪਟਾਪ ਦੇ ਖਰਚੇ ਦੀ ਆੜ ਹੇਠ ਹਰ ਮਹੀਨੇ ਅਧਿਆਪਕਾਂ ਕੋਲੋਂ ਪੰਜ ਹਜ਼ਾਰ ਰੁਪਏ ਨਗਦ ਰੂਪ ਵਿਚ ਵਾਪਸ ਲਏ ਜਾਂਦੇ ਹਨ।

ਇਸੇ ਦੌਰਾਨ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਾਂਗਰਸੀ ਆਗੂ ਸੁਖਪਾਲ ਖਹਿਰਾ ਵੱਲੋਂ ਆਦਰਸ਼ ਸਕੂਲਾਂ ਬਾਰੇ ਕੈਗ ਕੋਲੋਂ ਆਡਿਟ ਕਰਵਾਏ ਜਾਣ ਦੀ ਮੰਗ ਨੂੰ ਹਾਸੋਹੀਣਾ ਕਰਾਰ ਦਿੰਦਿਆਂ ਕਿਹਾ ਕਿ ਪੰਜਾਬ ਸਿੱਖਿਆ ਦੇ ਖੇਤਰ ਵਿਚ ਪਹਿਲੇ ਸਥਾਨ ‘ਤੇ ਆ ਗਿਆ ਹੈ। ਖਹਿਰਾ ਆਪਣੀ ਆਦਤ ਮੁਤਾਬਕ ਝੂਠ ਬੋਲਣ ਲਈ ਮਜਬੂਰ ਹਨ ਜਦਕਿ ਸਚਾਈ ਇਹ ਹੈ ਕਿ ਕੁੱਲ 41 ਆਦਰਸ਼ ਸਕੂਲ ਸਫਲਤਾਪੂਰਵਕ ਚੱਲ ਰਹੇ ਹਨ।

# ਪੰਜਾਬ ਵਿਚ ਸਿਹਤ ਸਹੂਲਤਾਂ ਦਾ ਨਿਕਲਿਆ ਜਨਾਜ਼ਾ

**ਚੰਡੀਗੜ੍ਹ:** ਪੰਜਾਬ ਸਰਕਾਰ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਬਾਰੇ ਕਿੰਨੀ ਗੰਭੀਰ ਹੈ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਸੂਬੇ ਦੇ ਤਕਰੀਬਨ ਇਕ ਹਜ਼ਾਰ ਸਰਕਾਰੀ ਸਿਹਤ ਕੇਂਦਰ ਖਸਤਾ ਹਾਲ ਇਮਾਰਤਾਂ ਵਿਚ ਚੱਲ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਵੱਲੋਂ ਲੰਘੇ ਵਿੱਤੀ ਸਾਲ ਦੌਰਾਨ ਕੌਮੀ ਪੇਂਡੂ ਸਿਹਤ ਮਿਸ਼ਨ ਤਹਿਤ ਰਾਜ ਨੂੰ ਸਿਹਤ ਸੇਵਾਵਾਂ ਬੇਹਤਰ ਬਣਾਉਣ ਲਈ 430 ਕਰੋੜ ਰੁਪਏ ਦਿੱਤੇ ਗਏ ਸਨ ਪਰ ਸੂਬੇ ਵਿਚ ਸਿਹਤ ਕੇਂਦਰਾਂ ਦੀ ਮਾੜੀ ਹਾਲਤ ਪੰਜਾਬ ਸਰਕਾਰ ਨੂੰ ਸ਼ੱਕ ਦੇ ਘੇਰੇ ਵਿਚ ਲਿਆ ਖੜ੍ਹਾ ਕਰਦੀ ਹੈ।

ਪੇਂਡੂ ਸਿਹਤ ਮਿਸ਼ਨ ਦੀ ਇਕ ਰਿਪੋਰਟ ਮੁਤਾਬਕ ਰਾਜ ਦੇ ਕੁੱਲ 2117 ਸਰਕਾਰੀ ਸਬ ਸੈਂਟਰਾਂ ਤੇ ਪ੍ਰਾਇਮਰੀ ਹੈਲਥ ਸੈਂਟਰਾਂ ਵਿਚੋਂ 984 ਦੀਆਂ ਇਮਾਰਤਾਂ ਦੀ ਹਾਲਤ ਮਾੜੀ ਹੈ ਤੇ ਬਾਕੀ 1133 ਦੀ ਹਾਲਤ ਠੀਕ ਠਾਕ ਦੱਸੀ ਗਈ ਹੈ। ਇਸ ਤਰ੍ਹਾਂ 46 ਫੀਸਦੀ ਸਰਕਾਰੀ ਹਸਪਤਾਲ ਖਸਤਾ ਇਮਾਰਤਾਂ ਵਿਚ ਚੱਲ ਰਹੇ ਹਨ। ਰਿਪੋਰਟ ਵਿਚ ਹੋਰ ਤਕਰੀਬਨ 634 ਹਸਪਤਾਲਾਂ ਨੂੰ ਚੰਗੀ

**ਬਹੁਤੇ ਸਿਹਤ ਕੇਂਦਰਾਂ ਦੀਆਂ ਇਮਾਰਤਾਂ ਖਸਤਾ ਹਾਲ**



ਹਾਲਤ ਵਿਚ ਦੱਸਿਆ ਗਿਆ ਹੈ। ਖਸਤਾ ਹਾਲ ਇਮਾਰਤਾਂ ਵਿਚੋਂ ਬਹੁਤਿਆਂ ਦੀਆਂ ਛੱਤਾਂ ਚੋਅ ਰਹੀਆਂ ਹਨ ਜਦੋਂਕਿ ਬਾਕੀਆਂ ਵਿਚੋਂ ਕਿਸੇ ਦੀਆਂ ਤਾਕੀਆਂ ਟੁੱਟ ਚੁੱਕੀਆਂ ਹਨ ਤੇ ਕਿਸੇ ਨੂੰ ਬੰਦ ਕਰਨ ਲਈ ਦਰਵਾਜ਼ਾ ਨਹੀਂ ਹੈ।

ਇਨ੍ਹਾਂ ਵਿਚ ਉਹ ਹਸਪਤਾਲ ਵੀ ਸ਼ਾਮਲ ਹਨ ਜਿਨ੍ਹਾਂ ਵਿਚ ਮਰੀਜ਼ਾਂ ਦੀ ਸਹੂਲਤ ਲਈ ਪਖਾਨੇ ਨਹੀਂ ਬਣਾਏ ਗਏ ਹਨ। ਸਰਵੇ ਵਿਚ ਸ਼ਾਮਲ ਕਰਨ ਤੋਂ 17 ਹਸਪਤਾਲ ਬਾਹਰ ਰਹਿ ਗਏ ਹਨ ਤੇ ਗਿਆਰ੍ਹਾਂ ਹੋਰਾਂ ਦੀਆਂ ਇਮਾਰਤਾਂ ਵਿਚ ਮਰੀਜ਼ ਦਾਖਲ ਨਹੀਂ ਕੀਤੇ ਜਾ ਰਹੇ ਹਨ। ਇਨ੍ਹਾਂ ਹਸਪਤਾਲਾਂ ਵਿਚ ਸਿਹਤ ਵਿਭਾਗ ਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਅਧੀਨ ਚਲ ਰਹੇ ਹਸਪਤਾਲ ਸ਼ਾਮਲ ਕੀਤੇ ਗਏ ਹਨ।

ਅੰਮ੍ਰਿਤਸਰ ਜ਼ਿਲ੍ਹੇ ਦੇ 55 ਸਬ ਸੈਂਟਰਾਂ ਦੀ ਹਾਲਤ ਮਾੜੀ ਹੈ ਜਦੋਂਕਿ 86 ਤਸੱਲੀਬਖ਼ਸ਼ ਇਮਾਰਤਾਂ ਵਿਚ ਚੱਲ ਰਹੇ ਹਨ। ਤਰਨਤਾਰਨ ਵਿਚ 64 ਦੀ ਹਾਲਤ ਖਸਤਾ ਤੇ 45 ਦੀਆਂ ਇਮਾਰਤਾਂ ਠੀਕ-ਠਾਕ ਦੱਸੀਆਂ ਗਈਆਂ ਹਨ। ਬਠਿੰਡਾ ਜ਼ਿਲ੍ਹੇ ਦੇ ਖਸਤਾ ਹਾਲ ਇਮਾਰਤਾਂ ਵਿਚ 35, ਬਰਨਾਲਾ ਦੇ 19, ਫਰੀਦਕੋਟ ਦੇ 22, ਫਤਿਹਗੜ੍ਹ ਸਾਹਿਬ ਦੇ 10, ਫਿਰੋਜ਼ਪੁਰ ਦੇ 98, ਗੁਰਦਾਸਪੁਰ ਦੇ 39, ਹੁਸ਼ਿਆਰਪੁਰ ਦੇ 125, ਜਲੰਧਰ ਦੇ 63, ਕਪੂਰਥਲਾ ਦੇ 26, ਮਾਨਸਾ ਦੇ 35, ਮੋਗਾ ਦੇ 30, ਮੁਹਾਲੀ ਦੇ 4, ਮੁਕਤਸਰ ਦੇ 60, ਸ਼ਹੀਦ ਭਗਤ ਸਿੰਘ ਨਗਰ ਦੇ 17, ਰੋਪੜ ਦੇ ਚਾਰ ਤੇ ਸੰਗਰੂਰ ਦੇ 57 ਸਬ ਸੈਂਟਰ ਚੱਲ ਰਹੇ ਹਨ।

ਤਸੱਲੀਬਖ਼ਸ਼ ਇਮਾਰਤਾਂ ਵਾਲੇ ਹਸਪਤਾਲਾਂ ਵਿਚ ਬਠਿੰਡਾ ਜ਼ਿਲ੍ਹੇ ਵਿਚ 38, ਬਰਨਾਲਾ ਦੇ 21, ਫਰੀਦਕੋਟ ਦੇ 38, ਫਤਿਹਗੜ੍ਹ ਸਾਹਿਬ ਦੇ 23, ਫਿਰੋਜ਼ਪੁਰ ਦੇ 98, ਗੁਰਦਾਸਪੁਰ ਦੇ 39, ਹੁਸ਼ਿਆਰਪੁਰ ਦੇ 125, ਜਲੰਧਰ ਦੇ 63, ਕਪੂਰਥਲਾ ਦੇ 39, ਲੁਧਿਆਣਾ ਦੇ 55, ਮਾਨਸਾ ਦੇ 43, ਮੋਗਾ ਦੇ 52, ਮੁਹਾਲੀ ਦੇ 30, ਮੁਕਤਸਰ ਦੇ 11, ਸ਼ਹੀਦ ਭਗਤ ਸਿੰਘ ਨਗਰ ਦੇ 31, ਪਟਿਆਲਾ ਦੇ 18, ਰੋਪੜ ਦੇ 27 ਅਤੇ ਸੰਗਰੂਰ ਦੇ 71 ਸਬ ਸੈਂਟਰ ਚੱਲ ਰਹੇ ਹਨ।

ਚੰਗੀ ਹਾਲਤ ਵਿਚ ਸਿਰਫ਼ 123 ਪ੍ਰਾਇਮਰੀ ਹੈਲਥ ਸੈਂਟਰ ਹੀ ਚੱਲ ਰਹੇ ਹਨ। ਦਿਲਚਸਪ ਗੱਲ ਇਹ ਹੈ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਕਪੂਰਥਲਾ ਤੇ ਤਰਨਤਾਰਨ ਵਿਚ ਕਿਸੇ ਵੀ ਪ੍ਰਾਇਮਰੀ ਹੈਲਥ ਸੈਂਟਰ ਦੀ ਹਾਲਤ ਮਾੜੀ ਨਹੀਂ ਦੱਸੀ ਗਈ ਹੈ। ਸਬ ਸੈਂਟਰਾਂ ਦੀ ਹਾਲਤ ਪੱਖੋਂ ਵੀ ਮੁਹਾਲੀ ਇਕ ਨੰਬਰ ‘ਤੇ ਹੈ। ਮਿਸ਼ਨ ਦੇ ਡਾਇਰੈਕਟਰ ਹੁਸਨ ਲਾਲ ਆਈ.ਏ.ਐਸ ਦਾ ਕਹਿਣਾ ਹੈ ਕਿ ਖਸਤਾ ਹਾਲ ਹਸਪਤਾਲਾਂ ਦੀਆਂ ਇਮਾਰਤਾਂ ਦੀ ਮੁਰੰਮਤ ਲਈ 350 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।






ਗੁਰਦੁਆਰਾ ਸੈਨ ਹੋਜ਼ੇ ਵਿਖੇ ਬੱਚਿਆਂ ਲਈ ਇਕ ਗੁਰਮਤਿ ਕੈਂਪ ਲਾਇਆ ਗਿਆ। ਇਸ ਕੈਂਪ ਦੌਰਾਨ ਬੱਚਿਆਂ ਨੂੰ ਗੁਰਬਾਣੀ ਗਿਆਨ, ਕੀਰਤਨ ਵਿਦਿਆ, ਸਿੱਖ ਇਤਿਹਾਸ ਅਤੇ ਸਿੱਖ ਸਭਿਆਚਾਰ ਬਾਰੇ ਜਾਣਕਾਰੀ ਮੁਹੱਈਆ ਕੀਤੀ ਗਈ। ਬੱਚਿਆਂ ਨੇ ਇਸ ਕੈਂਪ ਵਿਚ ਬੜੀ ਦਿਲਚਸਪੀ ਨਾਲ ਹਿੱਸਾ ਲਿਆ। ਇਸ ਕੈਂਪ ਦੀਆਂ ਕੁਝ ਤਸਵੀਰਾਂ







M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments

Treatments & Prevention of Gum Diseases New Patients & Children Welcome

510-794-7058

WWW.DRNIJJAR.COM

(Across From Washigton Hospital & Bart)
1895 Mowry Ave. Ste 104 Fremont



American
Travel & Tours

Lowest Air Fares

To India, Australia, New Zealand, Canada, London or any where in the world.

ਸੈਨ ਫਰਾਂਸਿਸਕੋ ਤੋਂ ਦਿੱਲੀ
$1150





ਇੰਡੀਆ ਲਈ ਟਿਕਟ ਵਾਸਤੇ ਸੰਪਰਕ ਕਰੋ, ਡਿੰਪਲ
530-312-3422

Contact Us For:
Indian Passport Renewal
Dual Citizenship
India Visa OCI Application
India Tour Packages
Passport Photos
China Visa

IATAN

1-888-737-9289
Ph: 916-737-9287
Fax: 916-451-8656
e-mail: dimple.americantravel@yahoo.com

Head Office: 5246 Fruitridge Road, Sacramento, CA 95820



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਅਸ਼ੋਕ ਭੌਰਾ ਦੀਆਂ ਪੁਸਤਕਾਂ ਦਾ ਰਿਲੀਜ਼ ਸਮਾਗਮ ਯਾਦਗਾਰੀ ਹੋ ਨਿਬੜਿਆ



**ਯੂਨੀਅਨ ਸਿਟੀ:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਅਤੇ ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ ਵੱਲੋਂ ਇਥੇ ਰਾਜਾ ਸਵੀਟਸ ਵਿਚ ਕਰਵਾਏ ਗਏ ਇਕ ਸਮਾਗਮ ਦੌਰਾਨ ਕਾਲਮਨਵੀਸ ਐਸ. ਅਸ਼ੋਕ ਭੌਰਾ ਦੀਆਂ ਚਾਰ ਨਵੀਆਂ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ। ਕਰੀਬ ਪੰਜ ਘੰਟੇ ਚੱਲੇ ਇਸ ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਭੌਰਾ, ਜਸਵੰਤ ਸਿੰਘ ਕੰਵਲ, ਨਰਿੰਦਰ ਸਿੰਘ ਕਪੂਰ ਤੇ ਬਲਵੰਤ ਗਾਰਗੀ ਵਾਂਗ ਪਾਠਕਾਂ ਨੂੰ ਆਪਣੀ ਲਿਖਤ ਦੇ ਅੰਤ ਤੱਕ ਉਂਗਲੀ ਫੜ ਕੇ ਨਾਲ ਤੋਰੀ ਰੱਖਦਾ ਹੈ।

ਇਸ ਮੌਕੇ ਅਸ਼ੋਕ ਭੌਰਾ ਦੀਆਂ ਚਾਰ ਪੁਸਤਕਾਂ 'ਨੈਣ ਨਕਸ਼', 'ਪੰਜਾਬ ਦੇ ਲੋਕ ਸਾਜ਼', ਕਾਵਿ ਵਿਅੰਗ 'ਅਗਨਬਾਣ' ਅਤੇ ਅਮਰੀਕੀ ਰਾਸ਼ਟਰਪਤੀਆਂ ਬਾਰੇ 'ਜਾਰਜ ਵਾਸ਼ਿੰਗਟਨ ਤੋਂ ਓਬਾਮਾ ਤੱਕ' ਰਿਲੀਜ਼ ਹੋਈਆਂ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ 'ਵਿਪਸਾਅ' ਦੇ ਚੇਅਰਮੈਨ ਸੁਖਵਿੰਦਰ ਕੰਬੋਜ, ਸਾਹਿਤ ਸਭਾ ਦੇ ਪ੍ਰਧਾਨ ਦਿਲ ਨਿੱਝਰ, ਇੰਡੋ ਯੂ.ਐਸ. ਡਾਇਲਾਗ ਦੇ ਸੰਪਾਦਕ ਕੁਲਦੀਪ ਸਿੰਘ ਧਾਲੀਵਾਲ, ਪੰਜਾਬੀ ਗੀਤਕਾਰ ਮੰਚ ਦੇ ਪ੍ਰਧਾਨ ਮੱਖਣ ਲੁਹਾਰ, ਰੇਡੀਓ ਚੜ੍ਹਦੀ ਕਲਾ ਦੇ ਸੰਚਾਲਕ ਗੁਰਚਰਨ ਸਿੰਘ ਮਾਨ ਤੇ ਸੁੱਚਾ ਰਾਮ ਭਾਰਟਾ ਬੈਠੇ। ਮੰਚ ਸੰਚਾਲਨ ਸ਼ਾਇਰ ਹਰਜਿੰਦਰ ਕੰਗ ਨੇ ਕੀਤਾ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਪੱਤਰਕਾਰ ਨੀਟਾ ਮਾਛੀਕੇ ਨੇ 'ਜੀ ਆਇਆਂ ਨੂੰ' ਆਖਿਆ। ਮਰਹੂਮ ਗਾਇਕ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਅਸ਼ੋਕ ਭੌਰਾ ਨਾਲ ਆਪਣੇ ਪਿਤਾ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਅੱਖਾਂ ਸੇਜਲ ਕਰ ਦਿੱਤੀਆਂ। ਜਸਪਾਲ ਸੈਣੀ ਨੇ ਕਿਹਾ ਕਿ ਅਸ਼ੋਕ ਆਪਣੀ ਲਿਖਤ ਵਿਚ ਜਦੋਂ ਖਾਸ ਸ਼ਬਦਾਂ ਨਾਲ ਵਿਚਾਰ ਪੇਸ਼ ਕਰਦਾ ਹੈ ਤਾਂ ਸਾਧਾਰਨ ਪਾਠਕ ਵੀ ਲਿਖਤ ਪੜ੍ਹਨ ਲਈ ਮਜਬੂਰ ਹੋ ਜਾਂਦਾ ਹੈ। ਰੇਡੀਓ ਚੜ੍ਹਦੀ ਕਲਾ ਦੇ ਲਖਬੀਰ ਸਿੰਘ ਪਟਵਾਰੀ ਨੇ ਕਿਹਾ ਕਿ ਉਹ ਨਾ ਸਿਰਫ਼ ਚੰਗਾ ਲਿਖਦਾ ਹੈ, ਸਗੋਂ ਆਲ ਇੰਡੀਆ ਰੇਡੀਓ ਜਲੰਧਰ ਦੂਰਦਰਸ਼ਨ ਦੇ ਤਜਰਬੇ ਸਦਕਾ ਬੋਲਦਾ ਵੀ ਬਹੁਤ ਵਧੀਆ ਹੈ। ਜਦੋਂ ਦਾ ਉਹ ਰੇਡੀਓ ਚੜ੍ਹਦੀ ਕਲਾ ਨਾਲ ਜੁੜਿਆ ਹੈ, ਉਹਨੂੰ ਸੁਣਨ ਵਾਲੇ ਸਰੋਤਿਆਂ ਦੀ ਗਿਣਤੀ ਵਧੀ ਹੈ।

ਸ. ਗੁਰਚਰਨ ਸਿੰਘ ਮਾਨ ਨੇ ਕਿਹਾ ਕਿ ਅਸ਼ੋਕ ਦਾ ਸੁਭਾਅ ਆਪਣੀਆਂ ਰਚਨਾਵਾਂ ਵਰਗਾ ਹੀ ਹੈ ਤੇ ਬੜਾ ਮਿਲਣਸਾਰ ਹੈ। ਭਗਵੰਤ ਮਾਨ ਨਾਲ ਲੰਬਾ ਸਮਾਂ ਸਹਿਯੋਗੀ ਕਾਮੇਡੀਅਨ ਰਹੇ ਜਗਤਾਰ ਜੱਗੀ ਨੇ ਦੱਸਿਆ ਕਿ ਪੰਜਾਬੀ ਗਾਇਕੀ ਤੇ ਅਸ਼ੋਕ ਭੌਰਾ ਨੂੰ ਅਲੱਗ ਕਰ ਕੇ ਨਹੀਂ ਦੇਖਿਆ ਜਾ ਸਕਦਾ। ਦਰਜਨਾਂ ਗਾਇਕ ਉਹਦੇ ਸਾਹਮਣੇ ਸਟਾਰ ਬਣੇ। ਉਸ ਨੇ ਢਾਡੀਆਂ, ਕਵੀਸ਼ਰਾਂ, ਲੋਕ ਸਾਜ਼ਾਂ ਤੇ ਸੰਗੀਤਕਾਰਾਂ ਬਾਰੇ ਵੀ ਨਿਰੰਤਰ ਲਿਖਿਆ ਹੈ। ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਦਿਲ ਨਿੱਝਰ ਨੇ ਕਿਹਾ ਕਿ ਸਭਾ ਅਸ਼ੋਕ ਦੀਆਂ ਪੁਸਤਕਾਂ ਰਿਲੀਜ਼ ਕਰਵਾ ਕੇ ਮਾਣ ਮਹਿਸੂਸ ਕਰ ਰਹੀ ਹੈ। ਗੀਤਕਾਰ ਮੰਚ ਦੇ ਪ੍ਰਧਾਨ ਮੱਖਣ ਲੁਹਾਰ ਨੇ ਕਿਹਾ ਕਿ ਗੁਣ-ਔਗੁਣ ਹਰ ਇਨਸਾਨ ਅੰਦਰ ਧੁੱਪ ਛਾਂ ਵਾਂਗ ਹੁੰਦੇ ਹਨ ਪਰ ਅਸ਼ੋਕ ਕਾਵਿ ਰਚਨਾ ਚੰਗੀ ਕਰ ਰਿਹਾ ਹੈ।

ਪੰਜਾਬ ਲੋਕ ਰੰਗ ਦੇ ਸੰਚਾਲਕ ਤੇ ਲੋਕ ਨਾਚਾਂ ਦੇ ਪੇਸ਼ਕਾਰ ਨਾਟਕਕਾਰ ਸੁਰਿੰਦਰ ਧਨੋਆ ਨੇ ਕਿਹਾ ਕਿ ਭੌਰਾ ਸ਼ਬਦਾਂ ਦਾ ਜਾਦੂਗਰ ਤਾਂ ਹੈ ਹੀ, ਉਸ ਨੇ ਬਾਕੀ ਪੁਸਤਕਾਂ ਦੇ ਨਾਲ 'ਜਿਹੜੇ ਮੁਲਕ ਦਾ ਖਾਈਏ' ਦੇ ਕਥਨ ਨੂੰ ਸੱਚ ਕਰਦਿਆਂ ਅਮਰੀਕੀ ਰਾਸ਼ਟਰਪਤੀਆਂ ਬਾਰੇ ਲਿਖ ਕੇ ਅਮਰੀਕਾ ਵਸਦੇ ਪੰਜਾਬੀ ਬੱਚਿਆਂ ਲਈ ਸਾਂਭਣਯੋਗ ਪੁਸਤਕ 'ਜਾਰਜ ਵਾਸ਼ਿੰਗਟਨ ਤੋਂ ਓਬਾਮਾ ਤੱਕ' ਲਿਖ ਕੇ ਮਾਅਰਕੇ ਦਾ ਕੰਮ ਕੀਤਾ ਹੈ। ਛੰਦਬੰਦੀ ਦੇ ਵਿਧੀ ਵਿਧਾਨ ਨੂੰ ਕਾਇਮ ਰੱਖਦਿਆਂ ਉਸ ਨੇ 'ਅਗਨਬਾਣ' ਜ਼ਰੀਏ ਦਿਸ਼ਾ ਦੇਣ ਵਾਲੀ ਕਾਵਿ-ਰਚਨਾ ਨੂੰ ਜਨਮ ਦਿੱਤਾ। ਨਾਲੇ ਜਿਸ ਬੰਦੇ ਦੇ ਸਕੈਚ ਬਣਨ ਲੱਗ ਪੈਣ ਤਾਂ ਸਮਝੋ ਉਹ ਕਾਮਯਾਬ ਹੈ।

'ਪੰਜਾਬ ਟਾਈਮਜ਼' ਦੇ ਸਥਾਈ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਨੇ ਕਿਹਾ ਕਿ ਅਸ਼ੋਕ ਭੌਰੇ ਦੀ ਹਰ ਰਚਨਾ ਖੂਬਸੂਰਤ ਬੱਚੇ ਵਰਗੀ ਹੁੰਦੀ ਹੈ। ਹੁਣ ਉਸ ਨੇ ਚਾਰ ਮਿਆਰੀ ਪੁਸਤਕਾਂ ਦੇ ਕੇ ਲਗਦਾ ਹੈ ਕਿ ਪੰਜਾਬੀ ਸਹਿਤ ਲਈ ਦੋ ਜੌੜੇ ਜੰਮ ਦਿੱਤੇ ਹਨ। ਗਾਇਕਾਂ ਬਾਰੇ ਪਿਛਲੇ ਕੁਝ ਅਰਸੇ ਤੋਂ ਲਿਖਣ ਵਾਲੇ ਜਗਤਾਰ ਗਿੱਲ ਨੇ ਕਿਹਾ ਕਿ 'ਨੈਣ ਨਕਸ਼' ਬਾਰੇ ਕਹਾਣੀਕਾਰ ਪ੍ਰੋ. ਵਰਿਆਮ ਸੰਧੂ ਦਾ 'ਕਮਾਲ ਦਾ ਲਿਖਣਾ' ਹੁਣ ਕੋਈ ਸ਼ੱਕ ਨਹੀਂ ਛੱਡਦਾ ਕਿ ਅਸ਼ੋਕ ਸਮਰੱਥ ਲੇਖਕ ਹੈ। ਅਸ਼ੋਕ ਭੌਰੇ ਨੂੰ ਲੰਬੇ ਅਰਸੇ ਤੋਂ ਜਾਣਦੇ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਅਸ਼ੋਕ, 'ਅਜੀਤ' ਤੇ ਬਰਜਿੰਦਰ ਸਿੰਘ ਹਮਦਰਦ ਦੀ ਦੇਣ ਹੈ ਤੇ 'ਪੰਜਾਬ ਟਾਈਮਜ਼', 'ਇੰਡੋ-ਕੈਨੇਡੀਅਨ ਟਾਈਮਜ਼' ਜ਼ਰੀਏ ਜੋ ਉਸ ਨੇ ਲਿਖਿਆ ਹੈ, ਉਹਨੂੰ ਪਾਠਕ ਜੇ ਪੜ੍ਹਨ ਲਈ ਉਤਾਵਲੇ ਹਨ ਤਾਂ ਬਿਨਾਂ ਸ਼ੱਕ ਉਹਦੀਆਂ ਲਿਖਤਾਂ ਉਦੇਸ਼ ਭਰਪੂਰ ਹਨ। ਪੱਤਰਕਾਰ ਹੁਸਨ ਲੜੋਆ ਨੇ ਕਿਹਾ ਕਿ ਸਾਨੂੰ ਦੋਹਾਂ ਨੂੰ ਮਾਣ ਹੈ ਕਿ ਅਸੀਂ ਅਜੀਤ 'ਚੋਂ ਆਏ ਹਾਂ ਤੇ ਅਸ਼ੋਕ ਮੇਰਾ ਵੱਡਾ ਭਰਾ ਹੈ। ਹੋਰ ਬੁਲਾਰਿਆਂ-ਪੰਜਾਬੀ ਸਾਹਿਤ ਸਭਾ ਦੇ ਸਾਬਕਾ ਪ੍ਰਧਾਨ ਤਾਰਾ ਸਿੰਘ ਸਾਗਰ, ਕਾਲਮਨਵੀਸ ਮੇਜਰ ਕੁਲਾਰ, ਪ੍ਰੋ. ਸੁਰਜੀਤ ਸਿੰਘ ਨੰਨੂਆ, ਗੁਰਮੀਤ ਸਿੰਘ ਬਰਸਾਲ, ਮਹਿੰਦਰ ਸਿੰਘ ਘੱਗ ਆਦਿ ਨੇ ਵੀ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਅਸ਼ੋਕ ਕੋਲ ਲਿਖਣ ਦਾ ਵੱਡਾ ਗੁਣ ਹੈ ਤੇ ਉਹ ਆਪਣੇ ਗੁਣਾਂ ਕਰ ਕੇ ਹੀ ਸਾਹਿਤਕ, ਸੰਗੀਤਕ ਤੇ ਸਭਿਆਚਾਰਕ ਹਲਕਿਆਂ ਵਿਚ ਸਤਿਕਾਰਿਆ ਜਾ ਰਿਹਾ ਹੈ। ਚਾਰੇ ਪੁਸਤਕਾਂ ਪੰਜਾਬੀ ਸਾਹਿਤ ਲਈ ਸਾਧਾਰਨ ਨਹੀਂ ਹਨ, ਪਰ 'ਲੋਕ ਸਾਜ਼' ਪੁਸਤਕ ਲਿਖ ਕੇ ਅਸ਼ੋਕ ਨੂੰ ਸ਼ਾਇਦ ਖੁਦ ਵੀ ਨਹੀਂ ਪਤਾ ਕਿ ਉਹ ਕੀ ਤੇ ਕਿੱਡਾ ਵੱਡਾ ਕੰਮ ਕਰ ਗਿਆ ਹੈ।

ਅੱਜ-ਕੱਲ ਅਮਰੀਕਾ ਦੇ ਦੌਰੇ 'ਤੇ ਆਈ ਸੂਫੀ ਗਾਇਕਾ ਡਾ. ਮਮਤਾ ਜੋਸ਼ੀ ਨੇ ਉਚੇਚੇ ਤੌਰ 'ਤੇ ਇਸ ਪੁਸਤਕ ਰਿਲੀਜ਼ ਸਮਾਗਮ ਵਿਚ ਆਪਣੇ ਪਤੀ ਚੇਤਨ ਜੋਸ਼ੀ ਅਤੇ ਪ੍ਰੋਮੋਟਰ ਡਾ. ਹਰਮੇਸ਼ ਕੁਮਾਰ ਨਾਲ ਸ਼ਿਰਕਤ ਕੀਤੀ। ਯਾਦ ਰਹੇ ਕਿ ਡਾ. ਜੋਸ਼ੀ ਨੇ ਅਸ਼ੋਕ ਭੌਰਾ ਦੀਆਂ ਲਿਖੀਆਂ 'ਦੁਨੀਆਂ ਤੋਂ ਬੰਦੇ ਬਲਵਾਨ ਤੁਰ ਜਾਂਦੇ ਹਨ' ਵਰਗੀਆਂ ਰਚਨਾਵਾਂ ਗਾਈਆਂ ਹਨ। ਇਸ ਮੌਕੇ ਗਾਇਕ ਅਕਾਸ਼ਦੀਪ, ਜਤਿੰਦਰ ਜਰਗੀਆ ਤੇ ਸੁਖਦੇਵ ਸਾਹਿਲ ਨੇ ਅਸ਼ੋਕ ਭੌਰਾ ਦੀ ਪੁਸਤਕ 'ਅਗਨਬਾਣ' ਵਿਚੋਂ ਰਚਨਾਵਾਂ ਦਾ ਗਾਇਨ ਕੀਤਾ। ਗਾਇਕਾ ਸੁਨੀਤਾ ਭੱਟੀ ਨੇ ਵੀ ਉਚੇਚੇ ਤੌਰ 'ਤੇ ਪਹੁੰਚ ਕੇ ਗੀਤ ਪੇਸ਼ ਕੀਤੇ। ਆਖਰੀ ਦੌਰ ਦੀ ਸੰਗੀਤਕ ਮਹਿਫਲ ਦਾ ਮੰਚ ਸੰਚਾਲਨ ਆਸ਼ਾ ਸ਼ਰਮਾ ਨੇ 'ਅਗਨਬਾਣ' ਵਿਚੋਂ ਹੀ ਸ਼ੇਅਰ ਪੇਸ਼ ਕਰਦਿਆਂ ਕੀਤਾ ਅਤੇ ਕਿਹਾ ਕਿ ਅਸ਼ੋਕ ਭੌਰਾ ਉਹਦੇ ਲਈ ਸਤਿਕਾਰ ਭਰਿਆ ਨਾਂ ਹੈ ਤੇ ਉਸ ਨੇ ਉਸ ਨੂੰ ਲੱਭ ਕੇ ਸ਼ੌਂਕੀ ਮੇਲੇ ਅਤੇ ਫਿਰ ਪ੍ਰੋ. ਮੋਹਨ ਸਿੰਘ ਮੇਲੇ ਤੋਂ ਇਥੇ ਤੱਕ ਪਹੁੰਚਾਇਆ ਹੈ। ਰਾਜਾ ਸਵੀਟਸ ਦੇ ਮੱਖਣ ਬੈਂਸ ਵੱਲੋਂ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ।

ਇਸ ਸਮਾਗਮ ਵਿਚ ਸਾਹਿਤਕਾਰਾਂ ਤੇ ਸਹਿਤ ਪ੍ਰੇਮੀਆਂ ਤੋਂ ਸਿਵਾ ਵੱਡੀ ਗਿਣਤੀ ਵਿਚ ਕੈਲੀਫੋਰਨੀਆ ਦੀਆਂ ਨਾਮੀ ਹਸਤੀਆਂ ਸ਼ਾਮਲ ਸਨ। ਇਨ੍ਹਾਂ ਵਿਚ ਗਜ਼ਲਗੋ ਕੁਲਵਿੰਦਰ, ਮੇਜਰ ਭੁਪਿੰਦਰ ਸਿੰਘ ਕਲੇਰ, ਚੋਪੜਾ, ਬੀਬੀ ਗੁਰਮੀਤ ਕੌਰ ਛੀਨਾ, ਮਾਸਟਰ ਜਸਵੰਤ ਸਿੰਘ ਸੰਧੂ, ਧਰਮਿੰਦਰ ਦੇ ਮਿੱਤਰ ਸੁਰਜੀਤ ਸੰਧੂ, ਯੂਨਾਈਟਿਡ ਸਪੋਰਟਸ ਕਲੱਬ ਤੋਂ ਅਮੋਲਕ ਸਿੰਘ ਗਾਖਲ ਤੇ ਗੁਰਦਾਵਰ ਸਿੰਘ ਮਾਨ, ਜਸਵਿੰਦਰ ਕੌਰ ਧਨੋਆ, ਸਰਗਮ ਟੀ.ਵੀ. ਤੋਂ ਵਰਿੰਦਰ ਉਭੀ, ਸੁਨੀਤਾ ਚੋਪੜਾ, ਮਾਸਟਰ ਮਹਿੰਦਰ ਸਿੰਘ ਝਿੰਗੜ, ਕਮਲਜੀਤ ਸਿੰਘ ਮੱਖਣ, ਅਮਰਜੀਤ ਦਾਊਧਰ, ਅਕਾਲਦੀਪ ਕੌਰ, ਇੰਦਰਜੀਤ ਗਰੇਵਾਲ, ਵਿਨੋਦ ਕੁਮਾਰ ਚੁੰਬਰ, ਮਹਿੰਗਾ ਸਿੰਘ ਸਰਪੰਚ, ਰੇਸ਼ਮ ਸਿੰਘ ਸਿੱਧੂ, ਹਰਜੀਤ ਸਿੰਘ ਸੁਮਨ, ਬਲਵਿੰਦਰ ਕੌਰ ਸੁਮਨ, ਮਾਸਟਰ ਹਰਦਿਆਲ ਸਰੋਏ, ਅਸ਼ੋਕ ਭੌਰਾ ਦੀ ਪਤਨੀ ਕਸ਼ਮੀਰ ਕੌਰ, ਬੇਟੇ-ਮਨਵੀਰ ਤੇ ਅਨਮੋਲ, ਗੀਤਕਾਰ ਕਾਕਾ ਧਾਲੀਵਾਲ, ਸ਼ਾਇਰ ਸੁੱਖੀ ਧਾਲੀਵਾਲ ਆਦਿ ਸ਼ਾਮਲ ਸਨ। ਆਖਰ ਵਿਚ ਧੰਨਵਾਦੀ ਸ਼ਬਦ ਗੁਰਚਰਨ ਸਿੰਘ ਮਾਨ ਨੇ ਆਖੇ।







## ਟਾਊਨ ਮੀਟਿੰਗ 'ਚ ਫਾਇਰਿੰਗ; ਤਿੰਨ ਮੌਤਾਂ

**ਰੌਸ ਟਾਊਨਸ਼ਿਪ, ਪੈਨਸਿਲਵੈਨੀਆ:** ਉੱਤਰ ਪੂਰਬੀ ਪੈਨਸਿਲਵੈਨੀਆ ਵਿਚ ਇਕ ਮੀਟਿੰਗ ਦੌਰਾਨ ਮਿਉਂਸਪਲ ਕਮੇਟੀ ਦੀ ਇਮਾਰਤ 'ਚ ਗੋਲੀਆਂ ਚਲਾਉਣ ਮਗਰੋਂ ਇਕ ਵਿਅਕਤੀ ਨੇ ਕਮਰੇ 'ਚ ਵੜ ਕੇ ਤਿੰਨ ਜਣੇ ਮਾਰ ਦਿੱਤੇ। ਉਹ ਫਾਇਰਿੰਗ 'ਚ ਹੋਰ ਵੀ ਨੁਕਸਾਨ ਕਰ ਸਕਦਾ ਸੀ, ਪਰ ਇਕ ਅਫਸਰ ਨੇ ਉਸ ਨੂੰ ਕਾਬੂ ਕਰ ਲਿਆ ਤੇ ਉਸੇ ਦੀ ਬੰਦੂਕ ਨਾਲ ਉਸ ਦੇ ਗੋਲੀ ਮਾਰੀ।

ਰੌਸ ਟਾਊਨਸ਼ਿਪ ਦੀ ਮਾਸਿਕ ਮੀਟਿੰਗ ਜੋ 7.30 ਵਜੇ ਸ਼ਾਮੀਂ ਹੋਣੀ ਸੀ, ਤੋਂ ਕੁਝ ਸਮਾਂ ਪਹਿਲਾਂ ਇਹ ਫਾਇਰਿੰਗ ਸ਼ੁਰੂ ਹੋ ਗਈ ਜਿਸ 'ਚ ਦੋ ਲੋਕ ਜ਼ਖ਼ਮੀ ਵੀ ਹੋਏ। ਮੁਨਰੋ ਕਾਊਂਟੀ ਐਮਰਜੈਂਸੀ ਮੈਨੇਜਮੈਂਟ ਦੇ ਡਾਇਰੈਕਟਰ ਗੁਏ ਮਿੱਲਰ ਨੇ ਦੱਸਿਆ ਕਿ ਹਮਲਾਵਰ ਨੂੰ ਫੜਿਆ ਗਿਆ। ਇਸੇ ਦੌਰਾਨ ਲੇਹਿੰਗਟਨ ਦੀ ਪੁਲੀਸ ਨੇ ਤਿੰਨ ਮੌਤਾਂ ਵੀ ਪੁਸ਼ਟੀ ਕੀਤੀ ਹੈ ਤੇ ਦੱਸਿਆ ਕਿ ਹਮਲਾਵਰ 59 ਸਾਲਾ ਰੌਕਨ ਕਿਓਵੈੱਲ ਦਾ ਟਾਊਨਸ਼ਿਪ ਦੇ ਅਧਿਕਾਰੀਆਂ ਨਾਲ ਝਗੜਾ ਚੱਲ ਰਿਹਾ ਸੀ, ਜੋ ਉਸ ਦੀ ਜਾਇਦਾਦ ਬਾਰੇ ਸੀ। ਜਦੋਂ ਇਹ ਘਟਨਾ ਵਾਪਰੀ, ਮੀਟਿੰਗ 'ਚ 15 ਤੋਂ 18 ਵਾਸੀ ਤੇ ਟਾਊਨ ਅਧਿਕਾਰੀ ਸ਼ਾਮਲ ਸਨ।

COMMERCIAL GRADE
SECURITY SOLUTIONS




MORE THAN SECURITY

- LICENCE PLATE READER
- BILL READER
- LONG RANGE
- CASH REGISTER INTERFACE
- HD SERIES CAMERAS

SPECIAL OFFER 4 CAMERAS WITH 4 CH DVR LED MONITOR INCLUDED $1349 +Tax

SPECIAL OFFER 8 CAMERAS INSTALLATION INCLUDED LED MONITOR INCLUDED $2349 +Tax

SPECIAL OFFER 12 CAMERAS INSTALLATION INCLUDED LED MONITOR INCLUDED $3749 +Tax

Vista CCTV TECHNOLOGY

Buy Online : www.ezchase.com
Email : commvision@sbcglobal.net

Call Sukhpal
661-586-5080



## The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



**Anu Peshawaria**
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW

*Divorce *Annulment
*International Custody

INCORPORATIONS

*International Contracts, Mergers
*Attorney Supreme Court of India

*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

"I take your accident personally"

Free initial consultation. No fee if no recovery.

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information
www.markcohenlaw.com or call us at 510.792.4008

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

ਬਾਬੂ ਰਜਬ ਅਲੀ ਖਾਨ (10 ਅਗਸਤ 1894-6 ਮਈ 1979) ਦਾ ਜਨਮ ਮੀਆਂ ਧਮਾਲੀ ਖਾਨ ਅਤੇ ਜਿਉਣੀ ਦੇ ਘਰ ਪਿੰਡ ਸਾਹੋਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਨੇ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ (ਓਵਰਸੀਅਰੀ) ਪਾਸ ਕੀਤਾ ਅਤੇ ਸਿੰਜਾਈ ਵਿਭਾਗ ਵਿਚ ਨੌਕਰੀ ਕਰ ਲਈ, ਪਰ ਆਪਣੇ ਗਾਉਣ ਦੇ ਇਸ਼ਕ ਕਰ ਕੇ 1940 ਵਿਚ ਨੌਕਰੀ ਛੱਡ ਦਿੱਤੀ। 1947 ਦੀ ਵੰਡ ਵੇਲੇ ਉਨ੍ਹਾਂ ਨੂੰ ਪਾਕਿਸਤਾਨ ਜਾਣਾ ਪਿਆ, ਪਰ ਕਵੀਸ਼ਰ ਦਾ ਦਿਲ ਮਾਲਵੇ ਦੇ ਪਿੰਡਾਂ ਵਿਚ ਹੀ ਰਿਹਾ। ਲਹਿੰਦੇ ਪੰਜਾਬ ਵਿਚ ਉਨ੍ਹਾਂ ਨੂੰ ਓਕਾੜਾ ਜ਼ਿਲ੍ਹੇ ਵਿਚ ਚੱਕ ਨੂੰਬਰ 32/2 ਵਿਖੇ ਜ਼ਮੀਨ ਅਲਾਟ ਹੋਈ। ਉਹ ਕਵੀਸ਼ਰੀ ਦੇ ਬਾਦਸ਼ਾਹ ਵਜੋਂ ਮਸ਼ਹੂਰ ਹਨ। ਉਨ੍ਹਾਂ ਦਰਜਨਾਂ ਕਿੱਸੇ ਅਤੇ ਅਨੇਕਾਂ ਕਵਿਤਾਵਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ, ਖਾਸ ਕਰ ਮਾਲਵੇ ਦੀ ਰੂਹ ਝਲਕਦੀ ਹੈ। ਉਨ੍ਹਾਂ ਦਾ ਚਾਚਾ ਹਾਜੀ ਰਤਨ ਵੀ ਵਧੀਆ ਕਵੀਸ਼ਰ ਸੀ। ਉਨ੍ਹਾਂ ਦੇ ਜਨਮ ਦਿਨ (10 ਅਗਸਤ) ਮੌਕੇ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਦੀ ਕਵਿਤਾ ਲੜੀਵਾਰ ਛਾਪ ਰਹੇ ਹਾਂ। ਇਹ ਕਵਿਤਾ ਸਵੈ-ਜੀਵਨੀ ਵਿਚ ਹੈ। -ਸੰਪਾਦਕ

ਬਾਬੂ ਰਜਬ ਅਲੀ ਦੇ ਰੰਗ



# ਆਵੇ ਵਤਨ ਪਿਆਰਾ ਚੇਤੇ

### ਤਰਜ਼ ਅਮੋਲਕ

ਮੰਨ ਲਈ ਜੋ ਕਰਦਾ ਰੱਬ ਪਾਕਿ ਐ।
ਆਉਂਦੀ ਯਾਦ ਵਤਨ ਦੀ ਖ਼ਾਕ ਐ।
ਟੁੱਟ ਫੁੱਟ ਟੁਕੜੇ ਬਣ ਗਏ ਦਿਲ ਦੇ।
ਹਾਏ! ਮੈਂ ਭੁੱਜ ਗਿਆ ਵਾਂਗੂੰ ਖਿੱਲ ਦੇ।
ਭੜਥਾ ਬਣ ਗਈ ਦੇਹੀ ਐ।
ਵਿਛੜੇ ਯਾਰ ਪਿਆਰੇ,
ਬਣੀ ਮੁਸੀਬਤ ਕੇਹੀ ਐ?

ਜਾਂਦੇ ਲੋਕ ਨਗਰ ਦੇ ਰਸ ਬੂ।
ਪਿੰਡ ਦੀ ਪਾਉਣ ਫੁੱਲਾਂ ਦੀ ਖ਼ਸ਼ਬੂ।
ਹੋ ਗਿਆ ਜਿਗਰ ਫਾੜੀਉਂ-ਫਾੜੀ।
ਵੱਢਦੀ ਚੱਕ ਚਿੰਤਾ ਬਘਿਆੜੀ,
ਹੱਡੀਆਂ ਸਿੱਟੀਆਂ ਚੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ,
ਜਦ ਖਿੱਚ ਪਾਉਣ ਮੁਹੱਬਤਾਂ ਜੀ।

ਸੋਹਣੀਏ 'ਸਾਹੋ' ਪਿੰਡ ਦੀਏ ਵੀਹੇ।
ਬਚਪਨ ਦੇ ਵਿਚ ਪੜ੍ਹੇ 'ਬੰਬੀਹੇ'।
ਚੂਰੀ ਖੁਆ ਮਾਂ ਪਾਤੇ ਰਸਤੇ।
ਚੱਕ ਲਏ ਕਲਮ ਦਵਾਤਾਂ ਬਸਤੇ।
ਸ਼ੇਰ, ਨਿਰੰਜਣ, ਮਹਿੰਗੇ ਨੇ।
ਭੁੱਲਦੀਆਂ ਨਾ ਭਰਜਾਈਆਂ,
ਪਾਈਆਂ ਘੁੰਬਰਾਂ ਲਹਿੰਗੇ ਨੇ।

ਪੰਜ ਪਾਸ ਕਰ ਕੇ ਤੁਰ ਗਏ ਮੋਗੇ।
ਮਾਪਿਆਂ ਜਿਉਂਦਿਆਂ ਤੋਂ ਸੁੱਖ ਭੋਗੇ।
ਪੈਸੇ ਖਾ ਮਠਿਆਈਆਂ ਬਚਦੇ।
ਵੇਂਹਦੇ ਸ਼ਹਿਰ ਸੜਕ ਪਰ ਨਚਦੇ,
ਠੁੰਮ੍ਹ ਠੁੰਮ੍ਹ ਚਕਦੇ ਪੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ,
ਜਦ ਖਿੱਚ ਪਾਉਣ ਮੁਹੱਬਤਾਂ ਜੀ।

ਕਰ ਐਂਟਰੈਂਸ ਪਾਸ ਸਕੂਲੋਂ।
ਓਵਰਸੀਅਰ ਬਣੇਂ ਰਸੂਲੋਂ।
ਜ਼ਿਲ੍ਹੇ ਪਸ਼ੌਰ ਨਹਿਰ ਵਿਚ ਭਰਤੀ।
ਦੌਲਤ ਪਾਣੀ ਵਾਂਗੂੰ ਵਰਤੀ।
ਬਹੁਤ ਬਹਾਰਾਂ ਮਾਣੀਆਂ।
ਸੁਰਖ਼ ਮਖ਼ਮਲਾਂ ਵਰਗੇ,
ਫਿਰਨ ਪਠਾਣ ਪਠਾਣੀਆਂ।

ਬਦਲੇ ਜਗਰਾਵਾਂ ਕੋਲੇ 'ਖਾੜੇ'।
ਵਰ੍ਹਦੀਆਂ ਕਣੀਆਂ ਰੂਪ ਦੀਆਂ 'ਤਿਹਾੜੇ'।
ਅਫ਼ਲਾਤੂਨ ਵਰਗੀਆਂ ਅਕਲਾਂ।
ਗੱਭਰੂ ਮੁਟਿਆਰਾਂ ਪਰ ਸ਼ਕਲਾਂ,
ਸੋਹਣੀ ਬਣ ਗਈ ਛੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ,
ਜਦ ਖਿੱਚ ਪਾਉਣ ਮੁਹੱਬਤਾਂ ਜੀ।

ਜਬ ਜੰਗ ਕਰਦੇ ਬਿਰਟਸ਼-ਜਰਮਣ।
'ਬਸਰੇ' ਵਗ ਗਿਆ ਮਾਂ ਦਾ ਸਰਬਣ।
ਮੁਲਕ ਉਹ ਕੋਹਾਂ ਕਾਫ਼ਾਂ ਤੋਂ ਨੇੜੇ।
ਮਾਰੇ ਸਬਜ਼ ਸ਼ਹਿਰ ਵੱਲ ਗੇੜੇ,
ਵਹਾਂ ਟਿਕਾਣੇ ਪਰੀਆਂ ਦੇ।
ਅਜਬ ਨਜ਼ਾਰੇ ਦੇਖੇ,
ਰੱਬ ਦੀਆਂ ਕਾਰਾਗਰੀਆਂ ਦੇ।

ਮੁੜ ਪਿਆ ਵੇਖਣ ਪਿੰਡ ਦੀਆਂ ਗਲੀਆਂ।
ਪਿੰਡ ਦੀਆਂ ਮਿੱਟੀਆਂ, ਖੰਡ ਦੀਆਂ ਡਲੀਆਂ।
ਬਾਂਕੇ ਗੱਭਰੂ ਦਿਲ ਨੂੰ ਮੋਹਣੇ।
ਬਿਲਡਿੰਗ ਨਿਊਯਾਰਕ ਤੋਂ ਸੋਹਣੇ,
ਰਹੇ ਚੁਬਾਰੇ ਫੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ,
ਜਦ ਖਿੱਚ ਪਾਉਣ ਮੁਹੱਬਤਾਂ ਜੀ।
ਮੁਕਤਸਰ, ਢਿੱਪਾਂ ਵਾਲੀ, ਮਹਾਂ ਵੱਧਰ।
ਨੀਤਾਂ ਸਾਫ਼, ਦਿਲਾਂ ਦੇ ਪੱਧਰ।
ਲੋਗ ਐ ਇਨ ਨਗਰਾਂ ਦੇ ਦਾਤੇ।
ਮਾਘੀ ਨ੍ਹਾਉਣ 'ਤੇ ਬੋਹਲ ਲੁਟਾ ਤੇ।
ਦਾਣੇ ਪੀਹਣ ਮਸ਼ੀਨਾਂ ਤੇ।
ਬਚੜੇ ਜਿਉਣ ਸਦਾ ਸੁਖ ਮਾਣਨ,
ਬਣ ਗਿਆ ਸੁਰਗ ਜ਼ਮੀਨਾਂ ਤੇ।

ਖ਼ੁਸ਼ੀਆਂ ਕਰਨ ਦੀਵਾਨ ਲਗਾਉਂਦੇ।
ਛੈਣੇ ਵਜਦੇ ਸ਼ਬਦ ਸੁਣਾਉਂਦੇ।
ਆਉਂਦੇ ਪਰਚਾਰਕ ਤੇ ਢਾਡੀ,
ਤੜਕੇ ਉੱਠ ਕੇ ਧੋਂਦੇ ਬਾਡੀ,
ਸ਼ਾਇਰ ਸੁਣਾਉਂਦੇ ਕਬਤਾਂ ਜੀ।
ਆਵੇ ਵਤਨ ਪਿਆਰਾ ਚੇਤੇ,
ਜਦ ਖਿੱਚ ਪਾਉਣ ਮੁਹੱਬਤਾਂ ਜੀ।

ਆ ਗਏ ਬਦਲ ਮੁਕਤਸਰੋਂ 'ਢਹਿਪਈ'।
ਬਾਗ਼ੀਂ ਬੁਲਬੁਲ ਕਰੇ ਚਹਿਚਹਿ ਪਈ।
ਵੇਖੇ ਕੋਟ ਫ਼ਰੀਦ ਦੁਸਹਿਰੇ।
ਹੋਵਣ ਲਗਦੇ ਫ਼ੈਰ ਦੁਪਹਿਰੇ,
ਤੋਪਚੀ ਤੋਪ ਚਲਾਵਣ ਜੀ।
ਪਾਪ ਕਰਿਉ ਨਾ, ਪਾਪੀ,
ਹਰ ਸਾਲ ਸੜਦਾ ਰਾਵਣ ਜੀ।

ਆ ਗਏ 'ਕੈਰੇ' ਬੜੀ ਆਬਾਦੀ,
ਚਾਹਾਂ ਪੀ ਕੇ ਗੁੱਡਣ ਕਮਾਦੀ।
ਲਾ ਲਏ ਖੇਤ-ਖੇਤ ਵਿਚ ਕੂੰਏਂ,
ਖੰਡ ਦੀਆਂ ਡਲੀਆਂ ਨਿਕਲਣ ਧੂੰਏਂ,
ਖਾਂਡ ਬਣਾਉਂਦੇ ਸਭ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ,
ਜਦ ਖਿੱਚ ਪਾਉਣ ਮੁਹੱਬਤਾਂ ਜੀ।

ਫੇਰ ਮੈਨੂੰ 'ਚੱਕ' ਦਾ ਸੈਕਸ਼ਨ ਦੇ ਗੇ।
ਜੱਗੂ ਰਾਮਣ ਜਾਂਦੇ ਬੇਗੇ।
ਸੋਹਣੇ ਮਿਰਜ਼ੇ ਵਰਗੇ ਲਾੜੇ,
ਬੱਬਰ ਮਾਰ ਸੰਗੀਨਾਂ ਪਾੜੇ,
ਚੜ੍ਹ ਕੇ 'ਚੱਕ' ਨੂੰ ਜਾਣਾ ਸੀ।
ਪੁਲਸੀਆਂ ਵਰਗੀ ਬਿਰਜਸ,
ਮੇਰਾ ਖਾਖੀ ਬਾਣਾ ਸੀ।

ਜਾਂ ਮੈਂ ਆਉਂਦੇ ਵੇਖੇ ਜਮ ਜਹੇ ।
ਮੇਰੇ ਉਖੜੇ ਫਿਰਦੇ ਦਮ ਜਹੇ।
ਦੂਰੋਂ ਵੇਖ ਮੈਂ ਦੇ ਗਿਆ ਤੀੜਾਂ।
ਮੇਰੀਆਂ ਪੈਂਦੀਆਂ ਜਾਣ ਪਦੀੜਾਂ,
ਉਡਦੀ ਜਾਂਦੀ ਗੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ,
ਜਦ ਖਿੱਚ ਪਾਉਣ ਮੁਹੱਬਤਾਂ ਜੀ।

'ਸੀਤੋ', 'ਬਿਸ਼ਨਪੁਰੇ', 'ਸੁਖਚੈਨ' ਐ।
ਏਧਰ ਮਿਰਗ ਜ਼ਿਆਦਾ ਰਹਿਣ ਐ।
ਮੁਛਦੇ ਫਿਰਦੇ ਹਾੜ੍ਹੀ ਸਾਉਣੀ।
ਹੀਰਿਆਂ ਹਰਨਾਂ ਜਿਹਾਂ ਦੀ ਛਾਉਣੀ।
ਹੈ ਵਿਚ ਖੁੱਲ੍ਹੀਆਂ ਰੋਹੀਆਂ ਦੇ।
ਵੜਨ ਨਾ ਦੇਣ ਸ਼ਿਕਾਰੀ,
ਬਾਰਾਂ ਪਿੰਡ ਬਿਸ਼ਨੋਈਆਂ ਦੇ।

'ਤਿਹੁਣੇ', 'ਰਾਇਕੇ', 'ਮਾਹੂਆਣੇ'।
'ਬਾਦਲ', 'ਖੁੱਡੀਆਂ', 'ਅਬੁਲ-ਖੁਰਾਣੇ',
ਕੁੱਲ ਸਰਦਾਰ ਨਵਾਬਾਂ ਵਰਗੇ,
ਕੋਠੇ ਨਰਮਿਆਂ ਦੇ ਨਾਲ ਭਰ ਗੇ,
ਇਨ ਪਰ ਰਾਜ਼ੀ ਰੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ,
ਜਦ ਖਿੱਚ ਪਾਉਣ ਮੁਹੱਬਤਾਂ ਜੀ।

ਬੈਠਾ 'ਬਾਜਕ', 'ਲੰਬੀ', 'ਸਹੁਜਾਂ'।
'ਜੰਘੀਰਾਣੇ' ਲੈ ਲੀਆਂ ਮੌਜਾਂ।
'ਝੁੰਬਾ', 'ਗਿਦੜਵਾਹਾ' ਤੇ 'ਚੁੱਘੇ'।
'ਬਾਬੂ ਰਜਬ ਅਲੀ' ਹੋਸ ਗਏ ਉੱਘੇ।
ਮੇਲੇ ਵੇਖ ਬਠਿੰਡੇ ਜੀ।
ਖਾੜੇ ਫ਼ਤਹਿ, ਅਜ਼ੀਜ਼ ਲਗਾਉਂਦੇ,
ਜੈਸੇ ਟੀਕਣ ਬਿੰਡੇ ਜੀ।

ਸੁਣ ਜਗਮੇਲ, ਬਸੰਤ ਪਿਆਰਿਉ।
ਪਰ ਜਿੰਦ ਰੱਬ ਦੇ ਨਾਂ 'ਤੇ ਵਾਰਿਉ।
ਪੈਂਦਾ ਸੁੱਤਾ ਜਾਗ ਨਸੀਬਾ।
ਜਾਂਦਾ ਕਿਸਮਤ ਦੇ ਨਾਲ ਬੀਬਾ,
ਜਨਮ ਅਮੋਲਕ ਲੱਭ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ,
ਜਦ ਖਿੱਚ ਪਾਉਣ ਮੁਹੱਬਤਾਂ ਜੀ।

***

'ਬਸਰੇ' ਵਗ ਗਿਆ ਮਾਂ ਦਾ ਸਰਬਣ।



ਬਸਰਾ 1936

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਅਗਸਤ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-77



ਰੂਪ-ਮਤੀ ਇਕ ਚੋਗ ਖਿਲਾਰੀ ਚੁਗਣੇ ਆਇਆ ਮੋਰ,
ਸ਼ਾਇਦ ਸਿਖਣੀ ਚਾਹ ਰਹੀ ਏ ਮੋਰਾਂ ਵਾਲੀ ਤੋਰ!

## ਕੈਪਸ਼ਨ ਮੁਕਾਬਲਾ-75



ਲਿਆ ਨਗੌਰੋਂ ਪਾਲੇ ਸ਼ੌਕ ਨਾਲ,
ਖਰਖਰਾ ਖੂਬ ਘਸਾਇਆ।
ਆਪਣੇ ਢਿੱਡ ਨੂੰ ਦੇ ਕੇ ਗੰਢਾਂ,
ਇਨ੍ਹਾਂ ਦੇ ਢਿੱਡ ਪਾਇਆ।
ਉਡ ਜਾਣਗੇ ਵਿਚ ਹਵਾ ਦੇ,
ਖੁਰ ਨਹੀਂ ਲਾਉਂਦੇ ਥੱਲੇ।
ਵਿਚ ਮੈਦਾਨ ਦੇ ਪੁੱਟਣ ਧੂੜਾਂ,
ਹੋ ਜਾਊ ਬੱਲੇ ਬੱਲੇ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਪੁੱਤ ਜੱਟਾਂ ਦੇ ਹੋ ਗਏ ਵਿਹਲੇ
ਪਾਲੇ ਸ਼ੌਕ ਅਵੱਲੇ।
ਪੁੱਤਾਂ ਵਾਂਗੂੰ ਪਾਲ ਕੇ ਵੱਛੇ
ਦੌੜਾਂ ਲਾਵਣ ਚੱਲੇ।

ਨਸ਼ਿਆਂ ਵਾਲੇ ਲਾ ਕੇ ਟੀਕੇ
ਛੱਡੋ ਮੁਕਾਬਲੇ 'ਚ ਲਿਜਾਣਾ।
ਜ਼ੁਲਮ ਨਾ ਹੋਵੇ ਬੇਜ਼ੁਬਾਨਾਂ 'ਤੇ
ਜੇ ਹੋ ਜਾਏ ਕਿਸਾਨ ਸਿਆਣਾ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

ਸਭ ਸ੍ਰਿਸ਼ਟੀ 'ਤੇ ਰਾਜ ਹੈ ਕਰਦਾ
ਬੰਦਾ ਬੜਾ ਸ਼ੈਤਾਨ।
ਬਲਦ ਸਜਾ ਕੇ ਮੇਲਿਆਂ ਦੇ ਵਿਚ
ਦੌੜਿਆ ਫਿਰੇ ਕਿਸਾਨ।
ਬਲਦ, ਸ਼ੇਰ, ਊਠ ਤੇ ਹਾਥੀ
ਸਭ ਨੂੰ ਨੱਥਾਂ ਪਾਵੇ।
ਵੇਖ ਵੇਖ (ਸੁਰਜੀਤ) ਬੰਦੇ ਨੂੰ
ਰੱਬ ਵੀ ਪਿਆ ਘਬਰਾਵੇ।
*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

ਸ਼ਾਹਾਂ ਬੈਂਕਾਂ ਦਾ ਕਰਜਾ
ਖਾ ਗਏ ਜ਼ਰ-ਜ਼ਮੀਨਾਂ।
ਸ਼ਹਿਰੀਕਰਨ ਦੇ ਨਾਅਰੇ ਅੱਗੇ
ਸੁੰਗੜ ਗਈਆਂ ਜ਼ਮੀਨਾਂ।
ਰਹਿੰਦੀ ਕਸਰ ਕਰ'ਤੀ ਪੂਰੀ
ਖੇਤੀ ਦੀਆਂ ਮਸ਼ੀਨਾਂ।
ਨਵਾਬਾਂ ਵਾਲੇ ਸ਼ੌਕ ਪਾਲ ਲਏ
ਵਿਹਲੜ ਤੇ ਸ਼ੌਕੀਨਾਂ।
ਚੋਭ ਚੋਭ ਆਰਾਂ ਪਿੰਡੇ 'ਤੇ
ਭਜਾਣ ਪਸ਼ੂਆਂ ਨੂੰ ਵਾਂਗ ਮਸ਼ੀਨਾਂ।
*-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ*

## ਚੀਨ ਵਿਚ ਬਣੇਗਾ ਸਭ ਤੋਂ ਉਚਾ ਹਵਾਈ ਅੱਡਾ

**ਪੇਇਚਿੰਗ:** ਚੀਨ ਵੱਲੋਂ ਤਿੱਬਤ ਵਿਚ ਦੁਨੀਆਂ ਦਾ ਸਭ ਤੋਂ ਉਚਾਈ 'ਤੇ ਸਿਵਲ ਹਵਾਈ ਅੱਡਾ ਬਣਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਇਸੇ ਇਲਾਕੇ ਵਿਚ ਬਣਿਆ ਬੰਗਦਾ ਹਵਾਈ ਅੱਡਾ ਹੁਣ ਤਕ ਸਭ ਤੋਂ ਉਚਾਈ 'ਤੇ ਹੈ। ਤਿੱਬਤ ਖੁਦਮੁਖਤਾਰ ਇਲਾਕੇ ਦੇ ਹਾਰਜ਼ੀ ਵਿਚ 4,411 ਮੀਟਰ ਦੀ ਉਚਾਈ 'ਤੇ ਦਾਓਚੇਂਗ ਯਾਦਿੰਗ ਹਵਾਈ ਅੱਡਾ ਬਣ ਰਿਹਾ ਹੈ। ਬੰਗਦਾ ਹਵਾਈ ਅੱਡਾ 4,334 ਮੀਟਰ ਦੀ ਉਚਾਈ 'ਤੇ ਹੈ। ਚੀਨ ਹੁਣ ਤਕ ਤਿੱਬਤ ਵਿਚ ਪੰਜ ਹਵਾਈ ਅੱਡੇ ਉਸਾਰ ਚੁੱਕਿਆ ਹੈ।

## ਪਾਕਿਸਤਾਨ ਵਿਚ ਨਹੀਂ ਹਟੇਗੀ ਯੂ-ਟਿਊਬ ਤੋਂ ਪਾਬੰਦੀ

**ਪਿਸ਼ਾਵਰ:** ਪਾਕਿਸਤਾਨ ਸਰਕਾਰ ਨੇ ਪਿਸ਼ਾਵਰ ਹਾਈ ਕੋਰਟ ਨੂੰ ਦੱਸਿਆ ਹੈ ਕਿ ਉਹ ਉਦੋਂ ਤੱਕ ਯੂ-ਟਿਊਬ 'ਤੇ ਪਾਬੰਦੀ ਜਾਰੀ ਰੱਖੇਗੀ ਜਦੋਂ ਤੱਕ ਇਸ ਉਪਰ ਇਸਲਾਮ ਵਿਰੋਧੀ ਪ੍ਰਚਾਰ ਨੂੰ ਪੱਕੇ ਤੌਰ 'ਤੇ ਰੋਕਣ ਲਈ ਢੁਕਵਾਂ ਪ੍ਰਬੰਧ ਨਹੀਂ ਬਣ ਜਾਂਦਾ।

ਸੰਘੀ ਸੂਚਨਾ ਤਕਨੀਕੀ ਮੰਤਰਾਲੇ ਨੇ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਕੋਲ ਬੀਤੇ ਦਿਨ ਆਪਣੀ ਸਥਿਤੀ ਸਪਸ਼ਟ ਕੀਤੀ। ਦੇਸ਼ ਵਿਚ ਇਕ ਸਾਲ ਤੋਂ ਯੂ-ਟਿਊਬ 'ਤੇ ਪਾਬੰਦੀ ਹੈ ਤੇ ਇਸ ਖ਼ਿਲਾਫ਼ ਇਕ ਵਕੀਲ ਮੁਹੀਬੁੱਲਾ ਕਾਕਾਖੇਲ ਨੇ ਪਟੀਸ਼ਨ ਪਾਈ ਹੋਈ ਹੈ।

# ਬੀਬੀ ਸੁਰਿੰਦਰ ਕੌਰ ਦਾ ਸਿਦਕ ਅਤੇ ਸਿਰੜ

ਸਿੱਖ ਇਤਿਹਾਸ ਵਿਚ ਗੁਰੂ ਸਾਹਿਬਾਨ ਨੇ ਇਸਤਰੀ ਜਾਤੀ ਨੂੰ ਬੜਾ ਮਾਣ ਬਖਸ਼ਿਆ ਅਤੇ ਲਲਕਾਰ ਕੇ ਆਖਿਆ, "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥" ਇਤਿਹਾਸ ਗਵਾਹ ਹੈ ਕਿ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਏ ਚਾਲੀ ਸਿੰਘਾਂ ਦਾ ਸੰਸਕਾਰ ਬੀਬੀ ਹਰਸਰਨ ਕੌਰ ਨੇ ਆਪਣੇ ਹੱਥੀਂ ਕੀਤਾ। ਜਮਰੌਦ ਦੇ ਕਿਲੇ ਨੂੰ ਕਾਬਲ ਦੇ ਪੈਂਤੀ ਹਜ਼ਾਰ ਪਠਾਣਾਂ ਨੇ ਘੇਰਾ ਪਾ ਲਿਆ। ਬੀਬੀ ਸ਼ਰਨ ਕੌਰ ਨੇ ਜਮਰੌਦ ਦੇ ਕਿਲੇ ਵਿਚੋਂ ਜਾ ਕੇ ਬਾਲਾ ਸਰ ਦੇ ਕਿਲੇ ਵਿਚ ਹਰੀ ਸਿੰਘ ਨਲੂਏ ਨੂੰ ਸੁਨੇਹਾ ਦਿੱਤਾ।

ਇਸੇ ਤਰ੍ਹਾਂ ਦੀ ਮਿਸਾਲ ਭਾਈ ਸਤਵੰਤ ਸਿੰਘ ਦੀ ਮੰਗੇਤਰ ਬੀਬੀ ਸੁਰਿੰਦਰ ਕੌਰ ਦੀ ਹੈ। ਬੀਬੀ ਸੁਰਿੰਦਰ ਕੌਰ ਭਾਈ ਸਤਵੰਤ ਸਿੰਘ ਨਾਲ ਮੁਲਾਕਾਤ ਕਰਨ ਵਾਸਤੇ ਤਿਹਾੜ ਜੇਲ੍ਹ ਵਿਚ ਗਏ। ਭਾਈ ਸਤਵੰਤ ਸਿੰਘ ਨੇ ਆਖਿਆ, "ਮੈਂ ਤੇਰੇ ਨਾਲ ਧੋਖਾ ਨਹੀਂ ਕਰਨਾ, ਹਰਿਮੰਦਰ ਸਾਹਿਬ ਦਾ ਬਦਲਾ ਲਿਆ ਹੈ। ਮੈਨੂੰ ਫ਼ਾਂਸੀ ਹੋ ਜਾਣੀ ਹੈ। ਤੂੰ ਵਿਆਹ ਕਰਵਾ ਕੇ ਜ਼ਿੰਦਗੀ ਦਾ ਸਫ਼ਰ ਪੂਰਾ ਕਰ ਲਈਂ।" ਬੀਬੀ ਸੁਰਿੰਦਰ ਕੌਰ ਨੇ ਆਖਿਆ, "ਮੈਂ ਤੁਹਾਡੀ ਹਾਂ, ਸਾਰੀ ਜ਼ਿੰਦਗੀ ਤੁਹਾਡੀ ਹੀ ਰਹਿਣਾ ਹੈ।" ਕੁਝ ਸਮੇਂ ਬਾਅਦ ਬੀਬੀ ਸੁਰਿੰਦਰ ਕੌਰ ਦੇ ਬਾਪੂ, ਬੀਬੀ ਅਤੇ ਬਾਪੂ ਤਰਲੋਕ ਸਿੰਘ ਤੇ ਮਾਤਾ ਪਿਆਰ ਕੌਰ ਨੇ ਸਲਾਹ ਕਰ ਕੇ ਬੀਬੀ ਸੁਰਿੰਦਰ ਕੌਰ ਦਾ ਅਨੰਦ ਕਾਰਜ ਭਾਈ ਸਤਵੰਤ ਸਿੰਘ ਦੇ ਛੋਟੇ ਭਾਈ ਸਰਬਣ ਸਿੰਘ ਨਾਲ ਕਰਨ ਵਾਸਤੇ ਫੈਸਲਾ ਕਰ ਲਿਆ। ਬੀਬੀ ਸੁਰਿੰਦਰ ਕੌਰ ਆਪਣੇ ਫੈਸਲੇ 'ਤੇ ਅਟੱਲ ਰਹੇ। ਕੋਈ ਗੱਲ ਨਾ ਬਣਦੀ ਦੇਖ ਕੇ ਦੋਵੇਂ ਪਰਿਵਾਰ ਭਾਈ ਮੋਹਕਮ ਸਿੰਘ ਨੂੰ ਨਾਲ ਲੈ ਕੇ ਅਕਾਲ ਤਖ਼ਤ 'ਤੇ ਚਲੇ ਗਏ। ਉਥੇ ਪੰਜ ਸਿੰਘ ਸਾਹਿਬਾਨ ਕਿਸੇ ਪੰਥਕ ਮਸਲੇ 'ਤੇ ਵਿਚਾਰ ਕਰ ਰਹੇ ਸਨ। ਭਾਈ ਮੋਹਕਮ ਸਿੰਘ ਨੇ ਆਖਿਆ ਕਿ ਸਿੰਘ ਸਾਹਿਬਾਨ ਜੀਓ! ਇਹ ਪਰਿਵਾਰਕ ਮਸਲਾ ਵੀ ਹੈ ਅਤੇ ਪੰਥਕ ਮਾਸਲਾ ਵੀ। ਇਸ ਨੂੰ ਗੁਰਮਤਿ ਦੀ ਰੋਸ਼ਨੀ ਵਿਚ ਹੱਲ ਕਰ ਦਿਓ।

ਸਿੰਘ ਸਾਹਿਬਾਨ ਨੇ ਦੋਹਾਂ ਪਰਿਵਾਰਾਂ ਦੀ ਗੱਲ ਸੁਣ ਕੇ ਬੀਬੀ ਸੁਰਿੰਦਰ ਕੌਰ ਨੂੰ ਆਖਿਆ ਭਾਈ ਸਤਵੰਤ ਸਿੰਘ ਨੂੰ ਫ਼ਾਂਸੀ ਹੋ ਜਾਣੀ ਹੈ ਅਤੇ ਦੂਸਰਾ ਤੁਸੀਂ ਕਿਹੜਾ ਭਾਈ ਸਤਵੰਤ ਸਿੰਘ ਨਾਲ



ਬੀਬੀ ਸੁਰਿੰਦਰ ਕੌਰ

ਅਨੰਦ ਕਾਰਜ ਕਰਵਾਇਆ ਹੈ। ਤੁਸੀਂ ਰਹਿਣਾ ਵੀ ਬਾਪੂ ਤਰਲੋਕ ਸਿੰਘ ਦੇ ਘਰ ਹੀ ਹੈ। ਇਸ ਕਰਕੇ ਤੁਸੀਂ ਭਾਈ ਸਰਬਣ ਸਿੰਘ ਨਾਲ ਅਨੰਦ ਕਾਰਜ ਕਰਵਾ ਲਵੋ। ਬੀਬੀ ਸੁਰਿੰਦਰ ਕੌਰ ਨੇ ਆਖਿਆ-ਸਿੰਘ ਸਹਿਬਾਨ ਜੀਓ। ਮੈਂ ਤੁਹਾਡਾ ਸਤਿਕਾਰ ਕਰਦੀ ਹਾਂ। ਮੈਂ ਆਪਣਾ ਪੱਖ ਵੀ ਦਸਣਾ ਚਾਹੁੰਦੀ ਹਾਂ। ਮੈਂ ਸਤਵੰਤ ਸਿੰਘ ਦੀ ਮੰਗੇਤਰ ਹਾਂ ਅਤੇ ਵਿਆਹ ਸਰਬਣ ਸਿੰਘ ਨਾਲ ਕਰਵਾ ਲਵਾਂ। ਕੱਲ੍ਹ ਨੂੰ ਸੜਕ ਤੇ ਤੁਰੀ ਜਾਂਦੀ ਹੋਵਾਂ, ਲੋਕ ਆਖਣਗੇ ਮੰਗਣਾ ਤਾਂ ਸਤਵੰਤ ਸਿੰਘ ਨਾਲ ਕਰਵਾ ਲਿਆ ਅਤੇ ਵਿਆਹ ਸਰਬਣ ਸਿੰਘ ਨਾਲ ਕਰਵਾ ਲਿਆ। ਤਾਂ ਫ਼ਿਰ ਉਨ੍ਹਾਂ ਨੂੰ ਕੀ ਜੁਆਬ ਦਿਆਂਗੀ ਮੈਨੂੰ ਆਪਣੀ ਜ਼ਿੰਦਗੀ ਦਾ ਸਫ਼ਰ ਪੂਰਾ ਕਰਨ ਦਿੱਤਾ ਜਾਵੇ। ਪੰਜਾਂ ਸਿੰਘਾਂ ਨੇ ਆਖਿਆ ਬੀਬੀ ਧੰਨ ਤੂੰ, ਧੰਨ ਤੇਰਾ ਸਿਰੜ ਅਤੇ ਸਿਦਕ। ਅਸੀਂ ਇਸ ਮਾਮਲੇ ਵਿਚ ਕੁਝ ਨਹੀਂ ਕਰ ਸਕਦੇ। ਪਰ ਅੱਜ ਸਿੱਖ ਧਰਮ ਤੋਂ ਦੂਰ ਗਈਆਂ ਕੁਝ ਬੀਬੀਆਂ ਦਿਨ ਦਿਹਾੜੇ ਬਾਬਿਆਂ ਨਾਲ ਭੱਜਦੀਆਂ ਸਮੇਂ ਨੇ ਅੱਖੀ ਵੇਖੀਆਂ ਹਨ। ਇਕ ਬਾਬਾ ਸਿੰਘਾਪੁਰ ਦੇ ਚਾਂਗੀ ਏਅਰ ਪੋਰਟ ਤੋਂ ਇਕ ਬੀਬੀ ਨੂੰ ਭਜਾ ਕੇ ਲੈ ਚੱਲਿਆ ਸੀ। ਮਸਾਂ ਹੀ ਮੋੜ ਕੇ ਲਿਆਂਦੀ।

ਇਕ ਹੋਰ ਬਾਬਾ ਦਿਨ ਦਿਹਾੜੇ ਸਾਡੇ ਇਲਾਕੇ ਵਿਚ ਇਕ ਬੀਬੀ ਨੂੰ ਭਜਾ ਕੇ ਲੈ ਗਿਆ। ਕੈਲੀਫੋਰਨੀਆ ਦੇ ਇਕ ਬਹੁਤ ਵੱਡੇ ਗੁਰੂ ਘਰ ਵਿਚ ਦਿਨ ਦਿਹਾੜੇ ਇਕ ਬਾਬਾ ਕਿਸੇ ਬੀਬੀ ਨੂੰ ਪਿਆਰ ਕਰਦਾ ਵੀ ਸਮੇਂ ਨੇ ਵੇਖਿਆ ਪਰ ਪ੍ਰਬੰਧਕਾਂ ਨੇ ਆਖਿਆ ਕਿ ਇਹ ਸਾਡਾ ਪੋਪ ਹੈ।

ਹਿੰਦੂਆਂ ਦੇ ਇਤਿਹਾਸ ਵਿਚ ਰਾਵਣ ਸੀਤਾ ਨੂੰ ਭਜਾ ਕੇ ਲੈ ਗਿਆ। ਦੁਨੀਆਵੀ ਪੱਖ ਤੋਂ ਉਹ ਸੋਨੇ ਦੀ ਲੰਕਾ ਦਾ ਮਾਲਕ ਸੀ। ਅਮੀਰ ਸੀ ਅਤੇ ਸੰਤ ਸਿੰਘ ਜੀ ਮਸਕੀਨ ਦੇ ਬਚਨ ਅਨੁਸਾਰ ਰਾਵਣ ਨੂੰ ਚਾਰ ਵੇਦਾਂ ਦਾ ਗਿਆਨ ਸੀ। ਪਰ ਗੁਰੂ ਸਾਹਿਬ ਨੇ ਬਾਣੀ ਅੰਦਰ ਲਲਕਾਰ ਕੇ ਆਖਿਆ, "ਮੂਰਖ ਰਾਵਣਿ ਕਿਆ ਲੈ ਗਇਆ।" ਚਾਰਾਂ ਵੇਦਾਂ ਦੇ ਪਾਠੀ ਨੂੰ ਮੂਰਖ ਆਖਿਆ ਹੈ। ਅੰਗਰੇਜ਼ਾਂ ਨੇ 98 ਸਾਲ ਪੰਜਾਬ ਦੀ ਧਰਤੀ 'ਤੇ ਰਾਜ ਕੀਤਾ। ਮਹੰਤ ਨਰੈਣ ਦਾਸ ਨੇ ਇਕ ਗ਼ਲਤੀ ਕੀਤੀ। ਹਰੇਕ ਸਾਲ ਫ਼ਰਵਰੀ ਮਹੀਨੇ ਵਿਚ ਨਨਕਾਣਾ ਸਾਹਿਬ ਦਾ ਸਾਕਾ ਮਨਾ ਕੇ ਉਸ ਨੂੰ ਯਾਦ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਵਿਚ ਅਨੇਕਾਂ ਰਾਵਣ ਬੈਠੇ ਹਨ। ਇਨ੍ਹਾਂ ਰਾਵਣਾਂ ਤੋਂ ਖਾਲਸੇ ਪੰਥ ਨੂੰ ਸੁਚੇਤ ਰਹਿਣ ਦੀ ਲੋੜ ਹੈ ਅਤੇ ਬੀਬੀਆਂ ਨੂੰ ਬੀਬੀ ਸੁਰਿੰਦਰ ਕੌਰ ਦੇ ਸਿਰੜ ਅਤੇ ਸਿਦਕ ਤੋਂ ਸੇਧ ਲੈਣ ਦੀ ਲੋੜ ਹੈ। ਇਖਲਾਕ ਤੋਂ ਗਿਰੀਆਂ ਤਹਿਜੀਬਾਂ ਨੇ ਕਦੇ ਵੀ ਪਰਤ ਕੇ ਨਹੀਂ ਵੇਖਿਆ। ਗੁਰੂ ਸਾਹਿਬ ਨੇ ਇਸਤਰੀ ਜਾਤੀ ਨੂੰ ਜੋ ਮਾਣ ਬਖਸ਼ਿਆ। ਉਹ ਮਾਣ ਸਤਿਕਾਰ ਸਾਂਭਣ ਦੀ ਲੋੜ ਹੈ।

*-ਅਮਰੀਕਾ ਸਿੰਘ ਮਨਟੀਕਾ*
*ਫੋਨ: 209-231-1893*

# ਲਹੌਰੀਆ ਖਿਲਾਫ ਅਜੇ ਪੇਸ਼ ਨਹੀਂ ਹੋਈ ਅਸਲ ਫਾਈਲ

**ਖੰਨਾ:** ਤਿਹਾੜ ਜੇਲ੍ਹ ਵਿਚ ਸਜ਼ਾ ਭੁਗਤ ਰਹੇ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੈਂਬਰ ਦਿਆ ਸਿੰਘ ਲਹੌਰੀਆ ਨੂੰ ਇਥੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਸ. ਲਹੌਰੀਆ ਖ਼ਿਲਾਫ਼ 5 ਮਈ, 1987 ਨੂੰ ਬੈਂਕ ਆਫ ਇੰਡੀਆ ਦੀ ਖੰਨਾ ਸ਼ਾਖ਼ਾ ਵਿਚ ਹੋਈ ਡਕੈਤੀ ਸਬੰਧੀ ਕੇਸ ਚੱਲ ਰਿਹਾ ਹੈ। ਇਸ ਕੇਸ ਵਿਚ ਉਸ ਨੂੰ ਪਹਿਲਾਂ ਬਰੀ ਕੀਤਾ ਗਿਆ ਸੀ ਪਰ ਸਰਕਾਰ ਵੱਲੋਂ ਦੁਬਾਰਾ ਅਪੀਲ ਕਰਨ 'ਤੇ ਇਹ ਕੇਸ ਫਰਵਰੀ 2012 ਵਿਚ ਮੁੜ ਸ਼ੁਰੂ ਕੀਤਾ ਗਿਆ ਹੈ।

ਭਾਵੇਂ ਸਰਕਾਰ ਵੱਲੋਂ ਅਪੀਲ ਕਰ ਦਿੱਤੀ ਗਈ ਹੈ ਪਰ ਅਦਾਲਤ ਵਿਚ ਕੇਸ ਦੀ ਅਸਲ ਫ਼ਾਈਲ ਹੀ ਨਹੀਂ ਪੇਸ਼ ਕੀਤੀ ਜਾ ਰਹੀ। ਇਸ ਕਾਰਨ ਇਸ ਕੇਸ ਦੀਆਂ ਵਾਰ-ਵਾਰ ਤਰੀਕਾਂ ਪੈ ਰਹੀਆਂ ਹਨ। ਦਇਆ ਸਿੰਘ ਲਹੌਰੀਆ ਪਹਿਲਾਂ ਹੀ ਸੰਸਦ ਮੈਂਬਰ ਰਾਮ ਨਿਵਾਸ ਮਿਰਧਾਂ ਦੇ ਬੇਟੇ ਦੇ ਅਗਵਾ ਕੇਸ ਵਿਚ ਤਿਹਾੜ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਉਨ੍ਹਾਂ ਉਸ ਦੇ ਵਕੀਲ ਜਗਮੋਹਨ ਸਿੰਘ ਨੇ ਸ਼ੱਕ ਜ਼ਾਹਰ ਕੀਤਾ ਕਿ ਬੈਂਕ ਡਕੈਤੀ ਸਬੰਧੀ ਸਰਕਾਰੀ ਰਿਕਾਰਡ ਵਿਚੋਂ ਫਾਈਲ ਗੁੰਮ ਹੋ ਸਕਦੀ ਹੈ ਤੇ 26 ਸਾਲ ਪਹਿਲਾਂ ਵਾਪਰੀ ਇਸ ਘਟਨਾ ਵਿਚ ਸਾਰੇ ਗਵਾਹਾਂ ਨੂੰ ਮੁੜ ਲੱਭਣਾ ਮੁਸ਼ਕਲ ਹੋ ਰਿਹਾ ਹੈ।

ਦੂਜੇ ਪਾਸੇ ਸਰਕਾਰ ਲਹੌਰੀਆ ਨੂੰ ਦਿੱਲੀ ਤਿਹਾੜ ਜੇਲ੍ਹ ਤੋਂ ਖੰਨਾ ਵਿਖੇ ਪੇਸ਼ੀ 'ਤੇ ਲਿਆਉਣ ਸਮੇਂ ਲੱਖਾਂ ਰੁਪਏ ਖ਼ਰਚ ਕਰ ਰਹੀ ਹੈ। ਪਿਛਲੀ ਪੇਸ਼ੀ 'ਤੇ ਵਕੀਲ ਨੇ ਅਦਾਲਤ ਵਿਚ ਅਰਜ਼ੀ ਦਿੱਤੀ ਸੀ ਕਿ ਦਇਆ ਸਿੰਘ ਦੀ 85 ਸਾਲਾ ਮਾਂ ਪਿੰਡ ਕਸਵਾ ਪਰਾਲ ਜ਼ਿਲ੍ਹਾ ਸੰਗਰੂਰ ਵਿਚ ਰਹਿੰਦੀ ਹੈ। ਉਹ ਬਿਮਾਰ ਚੱਲ ਰਹੀ ਹੈ ਤੇ ਇਸ ਲਈ ਉਸ ਨੂੰ ਸ. ਲਹੌਰੀਆ ਨਾਲ ਮਿਲਾਇਆ ਜਾਵੇ ਪਰ ਇਸ ਬਾਰੇ ਅਜੇ ਕੋਈ ਫੈਸਲਾ ਨਹੀਂ ਹੋਇਆ। ਅਦਾਲਤ ਨੇ ਅਗਲੀ ਪੇਸ਼ੀ 12 ਅਗਸਤ ਦੀ ਪਾਈ ਹੈ।

# ਡੇਰਾ ਕਾਂਡ: ਸੰਤ ਦਾਦੂਵਾਲ ਸਣੇ 15 ਖਿਲਾਫ ਦੋਸ਼ ਤੈਅ

**ਸਿਰਸਾ:** ਜ਼ਿਲ੍ਹੇ ਦੇ ਪਿੰਡ ਘੁਕਿਆਂਵਾਲੀ ਵਿਚ ਜੁਲਾਈ 2007 ਵਿਚ ਡੇਰਾ ਸਿਰਸਾ ਤੇ ਸਿੱਖ ਸੰਗਤ ਵਿਚਾਲੇ ਹੋਏ ਝਗੜੇ ਦੇ ਮਾਮਲੇ ਵਿਚ ਪੰਥਕ ਸੇਵਾ ਲਹਿਰ ਦੇ ਮੁਖੀ ਤੇ ਗੁਰਦੁਆਰਾ ਗੁਰੂ ਗ੍ਰੰਥਸਰ ਸਾਹਿਬ ਦਾਦੂ ਦੇ ਮੁੱਖ ਸੇਵਾਦਾਰ ਸੰਤ ਬਲਜੀਤ ਸਿੰਘ ਦਾਦੂਵਾਲ, ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਖਾਲਸਾ, ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰਕਾਸ਼ ਸਿੰਘ ਸਾਹੂਵਾਲਾ ਤੇ ਗੁਰਦੁਆਰਾ ਦਸਵੀਂ ਪਾਤਸ਼ਾਹੀ ਦੇ ਮੈਨੇਜਰ ਸ਼ੇਰ ਸਿੰਘ ਸਮੇਤ 15 ਵਿਅਕਤੀਆਂ ਖ਼ਿਲਾਫ਼ ਅਦਾਲਤ ਨੇ ਦੋਸ਼ ਤੈਅ ਕਰ ਦਿੱਤੇ ਹਨ।

ਹਾਸਲ ਵੇਰਵੇ ਮੁਤਾਬਕ 16 ਜੁਲਾਈ, 2007 ਨੂੰ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦਾ ਪਿੰਡ ਘੁਕਿਆਂਵਾਲੀ ਦੇ ਡੇਰਾ ਸਿਰਸਾ ਆਉਣ ਦਾ ਪ੍ਰੋਗਰਾਮ ਸੀ। ਇਸ ਮੌਕੇ ਪਿੰਡ ਦੇ ਪ੍ਰੇਮੀਆਂ ਨੇ ਨਾਮ ਚਰਚਾ ਕਰਨ ਦਾ ਫੈਸਲਾ ਕੀਤਾ ਹੋਇਆ ਸੀ। ਡੇਰਾ ਮੁਖੀ ਪਿੰਡ ਪੁੱਜੇ ਤਾਂ ਪ੍ਰੇਮੀਆਂ ਵੱਲੋਂ ਨਾਮ ਚਰਚਾ ਸ਼ੁਰੂ ਕੀਤੀ ਤੇ ਕੁਝ ਲੋਕਾਂ ਨੇ ਇਸ ਦਾ ਵਿਰੋਧ ਕੀਤਾ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਾਇਮ ਕੀਤੀ ਗਈ ਅਮਨ ਕਮੇਟੀ ਨੇ ਵੀ ਮੌਕੇ 'ਤੇ ਪਹੁੰਚ ਕੇ ਦੋਵਾਂ ਧਿਰਾਂ ਨੂੰ ਸ਼ਾਂਤੀ ਦੀ ਅਪੀਲ ਕੀਤੀ ਪਰ ਇਸ ਦੇ ਬਾਵਜੂਦ ਡੇਰਾ ਪ੍ਰੇਮੀਆਂ ਤੇ ਸਿੱਖ ਸੰਗਤ ਵਿਚਾਲੇ ਝੜਪ ਹੋ ਗਈ ਜਿਸ ਵਿਚ ਦੋਵਾਂ ਧਿਰਾਂ ਦੇ ਚਾਰ-ਪੰਜ ਵਿਅਕਤੀ ਜ਼ਖ਼ਮੀ ਹੋ ਗਏ।

ਘਟਨਾ ਦੀ ਸੂਚਨਾ ਮਿਲਣ ਉਤੇ ਵੱਡੀ ਗਿਣਤੀ ਪੁਲਿਸ ਜਵਾਨ ਵੀ ਪਿੰਡ ਵਿਚ ਪੁੱਜੇ। ਇਸ ਦੌਰਾਨ ਪਿੰਡ ਤਿਲੋਕੇਵਾਲਾ ਦੇ ਗੁਰਦੁਆਰਾ ਨਿਰਮਲਸਰ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਮੀਤ ਸਿੰਘ, ਸੰਤ ਸਮਾਜ ਦੀ 15 ਮੈਂਬਰੀ ਐਕਸ਼ਨ ਕਮੇਟੀ ਦੇ ਮੈਂਬਰ ਅਤੇ ਗੁਰਦੁਆਰਾ ਦਾਦੂ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਬਲਜੀਤ ਸਿੰਘ ਖਾਲਸਾ, ਸੰਤ ਦੀਦਾਰ ਸਿੰਘ ਰੋੜੀ, ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਖਾਲਸਾ ਤੇ ਗੁਰਦੁਆਰਾ ਪਾਤਸ਼ਾਹੀ ਦਸਵੀਂ ਸਿਰਸਾ ਦੀ ਲੋਕਲ ਕਮੇਟੀ ਦੇ ਪ੍ਰਧਾਨ ਪ੍ਰਕਾਸ਼ ਸਿੰਘ ਸਾਹੂਵਾਲਾ ਤੇ ਹੋਰ ਕਈ ਸਿੱਖ ਆਗੂ ਵੀ ਪਿੰਡ 'ਚ ਪਹੁੰਚ ਗਏ। ਜਦੋਂ ਡੇਰਾ ਮੁਖੀ ਦਾ ਕਾਫ਼ਲਾ ਜਾਣ ਲੱਗਾ ਤਾਂ ਫੇਰ ਡੇਰਾ ਪ੍ਰੇਮੀਆਂ ਤੇ ਸਿੱਖ ਸੰਗਤ ਵਿਚਾਲੇ ਝੜਪ ਹੋ ਗਈ। ਇਸੇ ਦੌਰਾਨ ਪੁਲਿਸ ਨੇ ਅਥਰੂ ਗੈਸ ਦੇ ਗੋਲੇ ਛੱਡੇ ਜਿਸ ਉਪਰੰਤ ਭੀੜ ਖਿੰਡ ਗਈ।

**Philips-66 Truck Stop Convenience Store**

***For Lease to Own***

**11 Pumps, 30 Truck Parkings**
**Diesel & Gas With Restaurant, Liquor, Lottery**
*Good Profit Margin*
**Prime Location (4 States Traffic Area on State Hwy 71/I-44 in Missouri)**

**Also available commercial bulding (SCF), partially rented in Mohali, India**
**Commercial plot in business growing area (in Walmart, Home Office area)**

Serious Parties Only, Please.

**Contact: 417-825-7602**

Email:shaanmann5@gmail.com

**Global Multi Services**

**1950 E. Miner Ave., Stockton, CA 95205**

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ**
**ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ**



**ਇਸ ਮਹੀਨੇ ਸਪੈਸ਼ਲ ਆਫਰ**

**2 steer tire Michellin 22.5 lp for 1150.00 including wheel balancing.**



***Repair Shop***

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

**ਫੋਨ: 209-547-9210**
**ਫੈਕਸ: 209-547-9211**

**ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop**

**ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ**

***Registration Services***

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

**ਫੋਨ: 209-982-9996 ਫੈਕਸ: 209-982-9997**

**e-mail: globalmultiservices123@yahoo.com**

# ਨੇਪਾਲ ਵਿਚ ਬਾਬੇ ਨਾਨਕ ਦੇ ਨਾਂ ਹੀ ਰਹੇਗੀ ਜ਼ਮੀਨ

**ਚੰਡੀਗੜ੍ਹ:** ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਚ ਉਥੋਂ ਦੇ ਇਕ ਰਾਜੇ ਵੱਲੋਂ ਗੁਰੂ ਨਾਨਕ ਦੇਵ ਦੇ ਨਾਂ ਕਰਾਈ ਗਈ ਜ਼ਮੀਨ ਦਾ ਕਬਜ਼ਾ ਤੇ ਮਾਲਕੀ ਗੁਰਦੁਆਰਾ ਨਾਨਕ ਮੱਠ ਦੇ ਨਾਂ ਰਹਿਣ ਦੀ ਆਸ ਬੱਝ ਗਈ ਹੈ। ਫਿਲਹਾਲ ਇਸ ਜ਼ਮੀਨ ਦੇ ਵਿਵਾਦ 'ਤੇ ਨੇਪਾਲ ਦੀ ਸੁਪਰੀਮ ਕੋਰਟ ਵੱਲੋਂ ਸਟੇਅ ਦੇ ਹੁਕਮ ਕੀਤੇ ਹੋਏ ਹਨ। ਕਦੇ ਇਹ ਜ਼ਮੀਨ ਦੋ ਸੌ ਏਕੜ ਸੀ, ਹੁਣ ਇਹ ਪੰਜ ਏਕੜ ਹੀ ਬਚੀ ਹੈ।

ਗੁਰੂ ਨਾਨਕ ਦੇਵ ਤੀਜੀ ਉਦਾਸੀ ਦੌਰਾਨ ਜਦੋਂ ਤਿੱਬਤ ਤੋਂ ਵਾਪਸ ਪਰਤ ਰਹੇ ਸਨ ਤਾਂ ਨੇਪਾਲ ਠਹਿਰਾਓ ਦੌਰਾਨ ਉਦੋਂ ਦੇ ਰਾਜਾ ਜੈ ਪ੍ਰਕਾਸ਼ ਮੱਲਾ ਨੇ ਉਨ੍ਹਾਂ ਦੇ ਨਾਂ ਦੋ ਸੌ ਏਕੜ ਜ਼ਮੀਨ ਦਾਨ ਵਜੋਂ ਕਰਾਈ ਸੀ। ਦਰਿਆ ਬਿਸ਼ਨੂੰਮਤੀ ਦੇ ਕੰਢੇ ਪੈਂਦੀ ਇਸ ਜ਼ਮੀਨ ਵਿਚ ਪੁਰਾਤਨ ਗੁਰਦੁਆਰਾ ਨਾਨਕ ਮੱਠ ਵੀ ਮੌਜੂਦ ਹੈ ਜਿਸ ਦੀ ਸੰਭਾਲ ਮਹੰਤ ਸੰਪਰਦਾ ਦੇ ਇਕੱਤੀਵੇਂ ਮਹੰਤ ਨਿਮਮੁਨੀ ਉਦਾਸੀ ਦੇ ਹਵਾਲੇ ਹੈ। ਇਥੇ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸਰੂਪ ਹਨ ਜਿਸ ਵਿਚੋਂ ਇਕ ਬੀੜ ਹੱਥ ਲਿਖਤ ਵੀ ਹੈ ਪਰ ਇਨ੍ਹਾਂ ਦਾ ਪ੍ਰਕਾਸ਼ ਨਹੀ ਹੁੰਦਾ।




*ਖੂਹੀ 'ਤੇ ਉਕਰੀ ਪੰਜਾਬੀ ਅਤੇ (ਸੱਜੇ) ਇਕ ਟੱਲ ਦਿਖਾ ਰਹੇ ਐਸ.ਪੀ.ਸਿੰਘ ਓਬਰਾਏ ਜਿਸ ਉਤੇ ਵੀ ਪੰਜਾਬੀ ਉਕਰੀ ਹੋਈ ਹੈ।*

ਇਸ ਇਤਿਹਾਸਕ ਅਸਥਾਨ ਪ੍ਰਤੀ ਸ਼ਰਧਾ ਵਜੋਂ ਮੋਹ ਰੱਖ ਰਹੇ ਉਘੇ ਵਪਾਰੀ ਤੇ ਪਰਵਾਸੀ ਭਾਰਤੀ ਐਸ.ਪੀ.ਸਿੰਘ ਓਬਰਾਏ ਮੁਤਾਬਕ ਮਹੰਤਾਂ ਨੂੰ ਪੰਜਾਬੀ ਦਾ ਗਿਆਨ ਨਾ ਹੋਣ ਕਾਰਨ ਪਵਿੱਤਰ ਸਰੂਪ ਪ੍ਰਕਾਸ਼ ਤੋਂ ਵਿਹੂਣੇ ਹਨ। ਇਸ ਤੋਂ ਇਲਾਵਾ ਨੇਪਾਲ ਦੀ ਧਾਰਮਿਕ ਅਸਥਾਨਾਂ ਦੀ ਪੈਰਵੀ ਹਿੱਤ ਗਠਿਤ ਸੰਸਥਾ 'ਕਾਠਮੰਡੂ ਗੁੱਠੀ' ਨੇ ਸਾਲ 2009 ਤੋਂ ਇਸ ਗੁਰਦੁਆਰੇ ਦੀ ਬਚੀ ਪੰਜ ਏਕੜ ਜ਼ਮੀਨ ਨੂੰ 36 ਸਾਲ ਲਈ ਵਪਾਰਕ ਮਕਸਦ ਲਈ ਲੀਜ਼ 'ਤੇ ਨਿਲਾਮ ਕਰਨ ਦਾ ਫੈਸਲਾ ਕਰ ਲਿਆ ਸੀ ਪਰ ਸ. ਓਬਰਾਏ ਤੇ ਨੇਪਾਲ ਦੇ ਵਸਨੀਕ ਸਿੱਖ ਆਗੂ ਪ੍ਰੀਤਮ ਸਿੰਘ ਦੀ ਦਖ਼ਲਅੰਦਾਜ਼ੀ ਸਦਕਾ ਲੀਜ਼ ਦੇ ਮਾਮਲੇ 'ਤੇ ਨੇਪਾਲ ਦੀ ਸੁਪਰੀਮ ਕੋਰਟ ਵੱਲੋਂ ਪਿਛਲੇ ਸਾਲ ਸਟੇਅ ਦੇ ਦਿੱਤੀ ਗਈ ਸੀ।

ਸ. ਓਬਰਾਏ ਨੇ ਦੱਸਿਆ ਕਿ ਜਦੋਂ ਉਹ ਸੁਪਰੀਮ ਕੋਰਟ ਦੇ ਕੇਸ ਦੀ ਤਿਆਰੀ ਲਈ ਜ਼ਮੀਨ ਦੇ ਦਸਤਾਵੇਜ਼ਾਂ ਦੀ ਛਾਣਬੀਣ ਕਰਨ ਲੱਗੇ ਤਾਂ ਇਸ ਗੱਲ ਦਾ ਭੇਤ ਖੁੱਲ੍ਹਿਆ ਕਿ ਗੁਰੂ ਨਾਨਕ ਦੇਵ ਜੀ ਦੇ ਨਾਂ ਤਾਂ ਪੰਜ ਏਕੜ ਦੀ ਬਜਾਏ ਤਕਰੀਬਨ ਦੋ ਸੌ ਏਕੜ ਜ਼ਮੀਨ ਬੋਲ ਰਹੀ ਹੈ। ਇਸ ਵੇਲੇ ਦੋ ਸੌ ਏਕੜ ਵਿਚੋਂ 195 ਏਕੜ ਜ਼ਮੀਨ ਵਿਚ ਰਿਹਾਇਸ਼ੀ ਤੇ ਵਪਾਰਕ ਅਦਾਰੇ ਸਥਾਪਤ ਹੋਣ ਨਾਲ ਇਹ ਭੋਂਇ ਰਾਜਧਾਨੀ ਦਾ ਹਿੱਸਾ ਬਣ ਚੁੱਕੀ ਹੈ। ਰਾਜੇ ਵੱਲੋਂ ਇਹ ਜ਼ਮੀਨ ਸਤਿਸੰਗ ਤੇ ਹਰਿਆਵਲ ਦੇ ਮਕਸਦ ਵਜੋਂ ਦਾਨ ਕੀਤੀ ਦੱਸੀ ਜਾਂਦੀ ਹੈ। ਪੰਜ ਸੌ ਸਾਲ ਪਹਿਲਾਂ ਪਹਿਲੀ ਪਾਤਸ਼ਾਹੀ ਨੂੰ ਦਾਨ ਹੋਈ ਇਸ ਜ਼ਮੀਨ ਦੇ ਭਾਲੇ ਗਏ ਦਸਤਾਵੇਜ਼ਾਂ 'ਤੇ ਰਾਜੇ ਦੇ ਪੁੱਤਰ ਦੇ ਬਕਾਇਦਾ ਗਵਾਹੀ ਵਜੋਂ ਦਸਤਖ਼ਤ ਵੀ ਦਰਜ ਹਨ।

ਸ. ਓਬਰਾਏ ਜਿਨ੍ਹਾਂ ਨੂੰ ਕੁਝ ਦਿਨ ਪਹਿਲਾਂ ਨੇਪਾਲ ਵਿਚ ਸਥਿਤ ਭਾਰਤੀ ਰਾਜਦੂਤ ਵੱਲੋਂ ਨੇਪਾਲ ਦਾ ਰਜਿਸਟਰਡ ਕਾਰਡ ਜਾਰੀ ਕਰ ਦਿੱਤਾ ਗਿਆ ਹੈ, ਨੇ ਦੱਸਿਆ ਕਿ ਗੁਰਦੁਆਰੇ ਦੀ ਬਚੀ ਪੰਜ ਏਕੜ ਜ਼ਮੀਨ ਸੰਭਾਲਣ ਦੀ ਚਾਰਾਜੋਈ ਵਾਸਤੇ ਨੇਪਾਲ ਦੇ ਤਤਕਾਲੀਨ ਪ੍ਰਧਾਨ ਮੰਤਰੀ ਸ੍ਰੀ ਭੱਟਾ ਰਾਏ ਨਾਲ ਰਾਬਤਾ ਬਣਾਇਆ ਗਿਆ ਸੀ, ਉਨ੍ਹਾਂ ਜਿੱਥੇ ਭਰੋਸਾ ਦਿੱਤਾ ਸੀ ਕਿ ਗੁਰਦੁਆਰੇ ਦੀ ਜ਼ਮੀਨ ਵਿਚੋਂ ਇਕ ਇੰਚ ਵੀ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ, ਉਥੇ ਗੁੱਠੀ ਸੰਸਥਾ ਨੂੰ ਜ਼ਮੀਨ ਤੇ ਸਥਾਪਤ ਗੁਰਦੁਆਰੇ ਦੇ ਇਤਿਹਾਸ ਤੇ ਧਾਰਮਿਕ ਪੱਖ ਤੋਂ ਰਿਪੋਰਟ ਵੀ ਮੰਗ ਲਈ ਸੀ।

ਇਸ 'ਤੇ ਗੁੱਠੀ ਵੱਲੋਂ ਇਸ ਸਰਵੇ ਲਈ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਗਈ ਸੀ ਜਿਸ ਵਿਚ ਤਤਕਾਲੀਨ ਪ੍ਰਧਾਨ ਮੰਤਰੀ ਭੱਟਾ ਰਾਏ ਦੀ ਪਤਨੀ ਤੇ ਨਾਨਕ ਮੱਠ ਇਲਾਕੇ ਤੋਂ ਮੈਂਬਰ ਪਾਰਲੀਮੈਂਟ ਹੀਸਿਲਾ ਯਾਮਨੀ ਵੀ ਸ਼ਾਮਲ ਹਨ। ਸ. ਓਬਰਾਏ ਮੁਤਾਬਕ ਗੁੱਠੀ ਵੱਲੋਂ ਸਰਵੇ ਰਿਪੋਰਟ ਕਰੀਬ ਮੁਕੰਮਲ ਕਰ ਲਈ ਹੈ ਤੇ ਜਲਦੀ ਹੀ ਇਹ ਨੇਪਾਲ ਸਰਕਾਰ ਦੇ ਸਪੁਰਦ ਕਰ ਦਿੱਤੀ ਜਾਵੇਗੀ। ਉਨ੍ਹਾਂ ਦਾ ਕਹਿਣਾ ਸੀ ਕਿ ਸਰਵੇ ਕਮੇਟੀ ਇਸ ਗੱਲੋਂ ਇਕਮਤ ਹੈ ਕਿ ਗੁਰਦੁਆਰੇ ਦੀ ਪੰਜ ਏਕੜ ਜ਼ਮੀਨ ਵਾਕਈ ਬਾਬੇ ਨਾਨਕ ਦੇ ਨਾਂ ਹੈ। ਗੁਰਦੁਆਰਿਆਂ ਤੇ ਜ਼ਮੀਨਾਂ ਦੀ ਸੰਭਾਲ ਤੇ ਪੰਥਕ ਮਰਿਯਾਦਾ ਲਈ ਨੇਪਾਲ ਦੇ ਸਿੱਖਾਂ ਵੱਲੋਂ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਨਾਮੀ ਸੰਸਥਾ ਰਜਿਸਟਰਡ ਕਰਵਾ ਲਈ ਗਈ ਹੈ। ਨੇਪਾਲ ਸਰਕਾਰ ਦੇ ਅਧਿਕਾਰਤ ਪੱਤਰ ਮਿਲਣ ਦੇ ਤੁਰੰਤ ਬਾਅਦ ਟਰੱਸਟ ਆਪਣੇ ਮਕਸਦ ਵਿਚ ਡਟ ਜਾਵੇਗਾ।

### ਇਤਿਹਾਸਕ ਨਿਸ਼ਾਨੀਆਂ ਲੱਭੀਆਂ

ਬਾਬੇ ਨਾਨਕ ਦੇ ਨਾਂ ਵਾਲੀ ਜ਼ਮੀਨ ਦੇ ਇਕ ਵੱਖਰੇ ਟੁੱਕੜੇ ਵਿਚ ਪੁਰਾਤਨ ਖੂਹੀ ਵੀ ਜੋ ਲੱਭੀ ਸੀ, ਉਸ ਦੇ ਦੇ ਅੰਦਰ ਗੁਰਮੁਖੀ ਲਿਪੀ ਵਿਚ ਬਾਬੇ ਨਾਨਕ ਦੀ ਬਾਣੀ ਉਕਰੀ ਹੋਈ ਹੈ। ਮਹੰਤਾਂ ਅਨੁਸਾਰ ਇਹ ਖੂਹੀ ਵੀ ਬਾਬੇ ਨਾਨਕ ਦੀ ਨੇਪਾਲ ਫੇਰੀ ਮੌਕੇ ਲੰਗਰ ਪ੍ਰਥਾ ਲਈ ਖੁਦਵਾਈ ਗਈ ਸੀ। ਉਂਜ ਖੂਹੀ ਵਿਚ ਬਾਣੀ ਵਾਲੇ ਉਕਰੇ ਪੱਥਰ ਨੂੰ ਬਾਹਰ ਫਿੱਟ ਕਰ ਦਿੱਤਾ ਗਿਆ ਹੈ ਤਾਂ ਕਿ ਸੰਗਤਾਂ ਅਸਾਨੀ ਨਾਲ ਦਰਸ਼ਨ ਕਰ ਸਕਣ।

ਇਸ ਤੋਂ ਇਲਾਵਾ ਇਥੇ ਲੰਗਰ ਦੇ ਪੁਰਾਤਨ ਭਾਂਡਿਆਂ ਦਾ ਭੰਡਾਰ ਵੀ ਮਿਲਿਆ ਹੈ ਜਿਨ੍ਹਾਂ 'ਤੇ ਵੀ ਪੰਜਾਬੀ ਉਕਰੀ ਹੋਈ ਹੈ। ਕੁਝ ਪੁਰਾਤਨ ਟੱਲਾਂ ਤੇ ਟੱਲੀਆਂ 'ਤੇ ਗੁਰਮੁਖੀ 'ਚ ਬਾਣੀ ਅੰਕਿਤ ਮਿਲੀ ਹੈ। ਗੁਰਮੁਖੀ ਲਿਪੀ ਵਿਚ ਗੁਰਬਾਣੀ ਦੇ ਉਕਰੇ ਸ਼ਬਦਾਂ ਤੋਂ ਜ਼ਾਹਿਰ ਹੈ ਕਿ ਕਦੇ ਪੰਜਾਬੀ ਨੇਪਾਲ ਵਿਚ ਵੀ ਪ੍ਰਚਲਿਤ ਸੀ ਤੇ ਇਸ ਦਾ ਪਿਛੋਕੜ ਬੜਾ ਅਮੀਰ ਹੈ।

## ਜਨਰਲ ਬਰਾੜ 'ਤੇ ਹਮਲੇ ਲਈ ਤਿੰਨ ਸਿੱਖ ਦੋਸ਼ੀ ਕਰਾਰ



**ਲੰਡਨ:** ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ 'ਤੇ ਹਮਲਾ ਕਰਨ ਵਾਲੇ ਤਿੰਨ ਸਿੱਖਾਂ ਨੂੰ ਬਰਤਾਨੀਆ ਦੀ ਸਾਊਥਵਾਰਕ ਕਰਾਊਨ ਕੋਰਟ (ਸੀਪੀਐਸ) ਨੇ ਦੋਸ਼ੀ ਕਰਾਰ ਦੇ ਦਿੱਤਾ। ਜਨਰਲ ਬਰਾੜ ਨੇ ਅਪਰੇਸ਼ਨ ਨੀਲਾ ਤਾਰਾ ਦੌਰਾ ਭਾਰਤੀ ਫੌਜ ਦੀ ਅਗਵਾਈ ਕੀਤੀ ਸੀ। ਉਨਾਂ 'ਤੇ ਪਿਛਲੇ ਸਾਲ ਸਤੰਬਰ ਮਹੀਨੇ ਲੰਡਨ ਦੀ ਔਕਸਫੋਰਡ ਸਟਰੀਟ ਵਿਚ ਹਮਲਾ ਕੀਤਾ ਗਿਆ ਸੀ।

ਅਦਾਲਤ ਨੇ ਇਸ ਘਾਤਕ ਹਮਲੇ ਦੇ ਦੋਸ਼ ਵਿੱਚ ਮਨਦੀਪ ਸੰਧੂ, ਦਿਲਬਾਗ ਸਿੰਘ ਤੇ ਹਰਜੀਤ ਕੌਰ ਨੂੰ ਦੋਸ਼ੀ ਕਰਾਰ ਦੇ ਦਿੱਤਾ। ਇਸ ਕੇਸ ਵਿਚ ਇਕ ਹੋਰ ਮੁਲਜ਼ਮ ਬਰਜਿੰਦਰ ਸਿੰਘ ਸੰਘਾ ਪਹਿਲਾਂ ਹੀ ਦੋਸ਼ ਕਬੂਲ ਕਰ ਚੁੱਕਾ ਹੈ। ਉਸ ਨੂੰ ਵੀ ਬਾਕੀ ਤਿੰਨਾਂ ਦੋਸ਼ੀਆਂ ਦੇ ਨਾਲ ਅਦਾਲਤ ਵੱਲੋਂ ਸਤੰਬਰ ਮਹੀਨੇ ਸਜ਼ਾ ਸੁਣਾਈ ਜਾਵੇਗੀ। ਸਜ਼ਾ ਲਈ ਤਰੀਕ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ।

ਸੀਪੀਐਸ (ਬਰਤਾਨਵੀ ਸਰਕਾਰ ਦੀ ਮੁਕੱਦਮੇ ਲੜਨ ਵਾਲੀ ਸੇਵਾ) ਦੇ ਤਰਜਮਾਨ ਮਾਰੀ ਰੀਡ ਨੇ ਅਦਾਲਤੀ ਫੈਸਲੇ ਬਾਰੇ ਕਿਹਾ ਕਿ ਜਨਰਲ ਬਰਾੜ ਉਤੇ ਲੰਡਨ ਦੇ ਵੈਸਟ ਐਂਡ ਇਲਾਕੇ ਵਿਚ ਕੀਤਾ ਗਿਆ ਹਿੰਸਕ ਹਮਲਾ ਜਾਨਲੇਵਾ ਸੀ। ਇਹ ਹਮਲਾ ਮਿੱਥ ਕੇ ਕੀਤਾ ਗਿਆ। ਬਰਾੜ ਜੋੜੇ ਨੂੰ ਹਮਲੇ ਦਾ ਨਿਸ਼ਾਨਾ ਬਣਾਇਆ ਗਿਆ। ਸੰਧੂ ਤੇ ਦਿਲਬਾਗ ਸਿੰਘ ਨੇ 78 ਸਾਲਾ ਬਰਾੜ ਨੂੰ ਢਾਹ ਲਿਆ ਤੇ ਸੰਘਾ ਨੇ ਉਨਾਂ ਦੀ ਗਰਦਨ 'ਤੇ ਚਾਕੂ ਨਾਲ ਵਾਰ ਕੀਤਾ।

## ਅੰਮ੍ਰਿਤਸਰ ਤੋਂ ਬਰਮਿੰਘਮ ਲਈ ਉਡਾਣ ਮੁੜ ਸ਼ੁਰੂ

**ਅੰਮ੍ਰਿਤਸਰ:** ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ ਦੇ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ ਦਾ ਹਵਾਈ ਸੰਪਰਕ ਉਸ ਵੇਲੇ ਮੁੜ ਬਰਮਿੰਘਮ (ਇੰਗਲੈਂਡ) ਨਾਲ ਜੁੜ ਗਿਆ ਜਦੋਂ ਇਥੋਂ ਏਅਰ ਇੰਡੀਆ ਹਵਾਈ ਕੰਪਨੀ ਦੀ ਨਵੀਂ ਉਡਾਣ ਅੰਮ੍ਰਿਤਸਰ-ਦਿੱਲੀ-ਬਰਮਿੰਘਮ ਸਵੇਰੇ 220 ਯਾਤਰੂਆਂ ਨੂੰ ਲੈ ਕੇ ਦਿੱਲੀ ਤੇ ਬਰਮਿੰਘਮ ਲਈ ਰਵਾਨਾ ਹੋਈ। ਹਵਾਈ ਅੱਡੇ ਦੇ ਡਾਇਰੈਕਟਰ ਸੁਨੀਲ ਦੱਤ ਨੇ ਦੱਸਿਆ ਕਿ ਏਅਰ ਇੰਡੀਆ ਦੇ ਜਹਾਜ਼ ਡਰੀਮ ਲਾਈਨਰ ਏ.ਆਈ.461 ਵਿਚ ਅੰਮ੍ਰਿਤਸਰ ਤੋਂ 220 ਯਾਤਰੀ ਸਵਾਰ ਹੋਏ ਜਿਨਾਂ ਵਿਚ 129 ਯਾਤਰੀ ਸਿੱਧੇ ਬਰਮਿੰਘਮ ਜਾਣ ਵਾਲੇ ਸਨ। ਉਨ੍ਹਾਂ ਦੱਸਿਆ ਕਿ ਇਹ ਉਡਾਣ ਕਰੀਬ ਇਕ ਘੰਟੇ ਤੋਂ ਵੱਧ ਸਮਾਂ ਦਿੱਲੀ ਵਿਖੇ ਠਹਿਰਾਅ ਕਰਨ ਮਗਰੋਂ ਬਰਮਿੰਘਮ ਲਈ ਰਵਾਨਾ ਹੋਈ ਤੇ ਸ਼ਾਮ ਨੂੰ ਛੇ ਵਜੇ ਬਰਮਿੰਘਮ ਪੁੱਜੀ। ਉਨਾਂ ਆਸ ਪ੍ਰਗਟਾਈ ਕਿ ਇਸ ਨਵੀਂ ਕੌਮਾਂਤਰੀ ਉਡਾਣ ਦੇ ਸ਼ੁਰੂ ਹੋਣ ਨਾਲ ਹਵਾਈ ਅੱਡੇ ਨੂੰ ਕਾਫੀ ਲਾਭ ਮਿਲੇਗਾ ਤੇ ਆਰਥਿਕ ਮਦਦ ਵੀ ਮਿਲੇਗੀ। ਦੱਸਣਯੋਗ ਹੈ ਕਿ ਕਈ ਕੌਮਾਂਤਰੀ ਹਵਾਈ ਉਡਾਣਾਂ ਦੇ ਬੰਦ ਹੋਣ ਕਾਰਨ ਇਹ ਹਵਾਈ ਅੱਡਾ ਲਗਪਗ 50 ਕਰੋੜ ਰੁਪਏ ਸਾਲਾਨਾ ਘਾਟੇ ਵਿਚ ਚੱਲ ਰਿਹਾ ਹੈ।

## ਆਹਲੂਵਾਲੀਆ 'ਤੇ ਹਮਲਾ ਕਰਨ ਵਾਲੇ ਨੂੰ 12 ਸਾਲ ਕੈਦ

**ਪਟਿਆਲਾ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਸਿੱਖ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਡਾ. ਜਸਬੀਰ ਸਿੰਘ ਆਹਲੂਵਾਲੀਆ 'ਤੇ ਕਾਤਲਾਨਾ ਹਮਲੇ ਦੇ ਦੋਸ਼ ਵਿਚ ਮੁਲਜ਼ਮ ਜ਼ੋਰਾ ਸਿੰਘ ਨੂੰ 12 ਸਾਲਾਂ ਦੀ ਕੈਦ ਤੇ ਦੋ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਡਾ. ਆਹਲੂਵਾਲੀਆ 'ਤੇ ਇਕ ਅਗਸਤ, 2011 ਨੂੰ ਯੂਨੀਵਰਸਿਟੀ ਕੈਂਪਸ ਵਿਚ ਰਿਵਾਲਵਰ ਨਾਲ ਹਮਲਾ ਕੀਤਾ ਗਿਆ ਸੀ ਜਿਸ ਵਿਚ ਉਹ ਗੰਭੀਰ ਜ਼ਖ਼ਮੀ ਹੋ ਗਏ ਸਨ।

ਜ਼ਿਲ੍ਹਾ ਸੈਸ਼ਨ ਜੱਜ ਕੁਲਦੀਪ ਸਿੰਘ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਜੁਰਮਾਨਾ ਨਾ ਭਰਨ 'ਤੇ ਨੌਂ ਮਹੀਨੇ ਲਈ ਹੋਰ ਕੈਦ ਭੁਗਤਣੀ ਪਵੇਗੀ। ਜ਼ੋਰਾ ਸਿੰਘ ਨੂੰ ਭਾਰਤੀ ਦੰਡ ਵਿਧਾਨ ਦੀ ਧਾਰਾ 307 ਤੇ ਅਰਮਜ਼ ਐਕਟ 1959 ਤਹਿਤ ਦੋਸ਼ੀ ਕਰਾਰ ਦਿੱਤਾ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਇਕ ਆਗੂ ਦੀ ਸਿਫਾਰਸ਼ ਦੇ ਬਾਵਜੂਦ ਆਪਣੀ ਰਿਸ਼ਤੇਦਾਰ ਨੂੰ ਦਾਖਲਾ ਨਾ ਦਿੱਤੇ ਜਾਣ ਤੋਂ ਗੁੱਸੇ ਵਿਚ ਆ ਕੇ ਜ਼ੋਰਾ ਸਿੰਘ ਨੇ ਡਾ. ਆਹਲੂਵਾਲੀਆ 'ਤੇ ਹਮਲਾ ਕੀਤਾ ਸੀ। ਅਦਾਲਤੀ ਕਾਰਵਾਈ ਦੌਰਾਨ ਜ਼ੋਰਾ ਸਿੰਘ ਨੇ ਹਮਲਾ ਕਰਨ ਤੋਂ ਇਨਕਾਰ ਕੀਤਾ ਸੀ। ਕਾਰਵਾਈ ਦੌਰਾਨ ਯੂਨੀਵਰਸਿਟੀ ਦੇ ਕਿਸੇ ਵੀ ਮੁਲਾਜ਼ਮ ਜਾਂ ਅਫਸਰ ਨੇ ਉਸ ਦੀ ਸ਼ਨਾਖਤ ਨਹੀਂ ਕੀਤੀ ਸੀ।

## ਤਰਨ ਤਾਰਨੀ ਭਰਾਵਾਂ ਨੇ ਬਣਾਇਆ ਰਿਕਾਰਡ



*ਸਨਮਾਨ ਹਾਸਲ ਕਰ ਰਹੇ ਕੰਵਲਜੀਤ ਸਿੰਘ ਪ੍ਰਿੰਸ ਅਤੇ ਗੁਰਿੰਦਰ ਸਿੰਘ ਲਾਡੀ।*

**ਤਰਨ ਤਾਰਨ:** ਦੇਸ਼-ਵਿਦੇਸ਼ ਵਿਚ ਗਤਕੇ ਰਾਹੀਂ ਤਰਨ ਤਾਰਨ ਦਾ ਨਾਂ ਰੌਸ਼ਨ ਕਰਨ ਵਾਲੀ ਬੀਰ ਖਾਲਸਾ ਗਤਕਾ ਦਲ ਦੀ ਟੀਮ ਨੇ ਪਿਛਲੇ ਦਿਨੀਂ ਤੁਰਕੀ ਵਿਚ ਹੋਏ ਗਿੰਨੀਜ਼ ਵਰਲਡ ਰਿਕਾਰਡ ਮੁਕਾਬਲੇ ਵਿਚ ਹਿੱਸਾ ਲੈ ਕੇ ਨਵਾਂ ਕੀਰਤੀਮਾਨ ਸਥਾਪਤ ਕਰਦਿਆਂ ਆਪਣੀ ਟੀਮ ਦਾ ਦੂਸਰੀ ਵਾਰ ਨਾਂ ਗਿੰਨੀਜ਼ ਵਰਲਡ ਰਿਕਾਰਡ ਵਿਚ ਸ਼ਾਮਲ ਕਰ ਲਿਆ ਹੈ।

ਤੁਰਕੀ ਵਿਖੇ ਹੋਏ ਇਸ ਮੁਕਾਬਲੇ ਵਿਚ ਭਾਰਤ ਵਿਚੋਂ ਸਿਰਫ ਬੀਰ ਖਾਲਸਾ ਗਤਕਾ ਦਲ ਦੀ ਟੀਮ ਨੂੰ ਨਵਾਂ ਰਿਕਾਰਡ ਬਣਾਉਣ ਲਈ ਸੱਦਿਆ ਗਿਆ ਸੀ।

ਇਨ੍ਹਾਂ ਮੁਕਾਬਲਿਆਂ ਵਿਚ ਤੁਰਕੀ ਵਿਚ ਸ਼ਾਮਲ ਹੋ ਕੇ ਦੋ ਭਰਾਵਾਂ ਕੰਵਲਜੀਤ ਸਿੰਘ ਪ੍ਰਿੰਸ ਨੇ ਗੁਰਿੰਦਰ ਸਿੰਘ ਲਾਡੀ ਦੇ ਸਿਰ ਉਪਰ 65 ਨਾਰੀਅਲ ਬੇਸਬਾਲ ਨਾਲ ਤੋੜ ਕੇ ਇਕ ਨਵਾਂ ਵਿਸ਼ਵ ਰਿਕਾਰਡ ਬਣਾਇਆ ਹੈ। ਗਿੰਨੀਜ਼ ਵਰਲਡ ਰਿਕਾਰਡਜ਼ ਲਿਮਟਿਡ ਦੇ ਸੀਨੀਅਰ ਵਾਈਸ ਪ੍ਰੈਜੀਡੈਂਟ ਮਿਸਟਰ ਮਾਰਕੋ ਫਰਾਈਗਟੀ ਨੇ ਦੋਵਾਂ ਭਰਾਵਾਂ ਨੂੰ ਨਵਾਂ ਰਿਕਾਰਡ ਬਣਾਉਣ 'ਤੇ ਮੈਡਲ ਤੇ ਸਰਟੀਫਿਕੇਟ ਜਾਰੀ ਕੀਤਾ। ਬੀਰ ਖਾਲਸਾ ਗਤਕਾ ਦਲ ਦੀ ਟੀਮ ਦੇ ਮੁਖੀ ਕੰਵਲਜੀਤ ਸਿੰਘ ਅਨੁਸਾਰ ਤੁਰਕੀ ਵਿਚ ਹੋਏ ਗਿੰਨੀਜ਼ ਵਰਲਡ ਰਿਕਾਰਡ ਮੁਕਾਬਲੇ ਵਿਚ ਭਾਰਤ ਵਿਚੋਂ ਸਿਰਫ ਉਨ੍ਹਾਂ ਦੀ ਟੀਮ ਨੂੰ ਹੀ ਸ਼ਾਮਲ ਕੀਤਾ ਗਿਆ ਸੀ। ਪਹਿਲਾਂ ਇਹ ਰਿਕਾਰਡ ਇੰਗਲੈਂਡ ਦੇ ਪੀਟਰ ਨਾਮਕ ਵਿਅਕਤੀ ਦੇ ਨਾਂ ਸੀ ਜਿਸ ਨੇ ਸਿਰ ਉਪਰ ਰੱਖ ਕੇ 41 ਨਾਰੀਅਲ ਬੇਸਬਾਲ ਨਾਲ ਤੋੜੇ ਸਨ। ਪਿਛਲੇ ਸਾਲ ਇਟਲੀ ਵਿਖੇ ਹੋਏ ਗਿੰਨੀਜ਼ ਵਰਲਡ ਰਿਕਾਰਡ ਮੁਕਾਬਲੇ ਵਿਚ ਬੀਰ ਖਾਲਸਾ ਗਤਕਾ ਦਲ ਵੱਲੋਂ ਹੀ ਕੰਵਲਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ 57 ਨਾਰੀਅਲ ਬੇਸਬਾਲ ਨਾਲ ਤੋੜੇ ਸਨ।


Listen for free:
1. Punjabi Radio USA LIVE!
2. Gurbani Radio
3. Non-Stop Punjabi Songs
4. Non-Stop Hindi Songs
ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200
Punjabi Radio USA
Gurbani Radio
Non-Stop Punjabi
Non-Stop Hindi
ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org
ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com
DOWNLOAD THE NEW FREE IPHONE and ANDROID APP (Search for "Punjabi Radio USA" in App store and Google Play)


KHALSA
INSURANCE AGENCY, INC.
STARTING A NEW OR HAVE AN EXISTING TRUCKING BUSINESS?
LONG HAUL OR LOCAL TRUCKING
» General Liability
» Auto Liability
» Bobtail Liability (Non-Trucking)
» Cargo
» Physical Damage
» Work - Comp
Call now for the LOWEST PRICES!
408-272-2500
www.KHALSAINSURANCE.com
3750 McKee Rd Suite A , San Jose, CA 95127
Call to check our lowest rates for Auto • Home • Health • Life. You won't believe It.
Licensed in: Alabama • Arkansas • Arizona • California • Colorado • Connecticut • DC • Georgia
Florida • Idaho • Iowa • Indiana • Illinois • Kansas • Louisiana • Maryland • Mississippi • Michigan
Minnesota • Nevada • New Jersey • New York • New Mexico • Oregon • Ohio • Oklahoma
Pennsylvania • Texas • Utah • Virginia • Vermont • Washington • Wisconsin
Khalsa Insurance Agency, Inc. CA LICENSE #0F89805

# ਭਾਰਤ ਵਿਚ 20 ਹੋਰ ਸੂਬਿਆਂ ਲਈ ਚੱਲ ਰਹੇ ਹਨ ਘੋਲ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰਾਲੇ ਕੋਲ ਇਸ ਵੇਲੇ ਦੇਸ਼ ਭਰ ਵਿਚੋਂ ਵੀਹ ਤੋਂ ਵੱਧ ਨਵੇਂ ਰਾਜ ਬਣਾਉਣ ਲਈ ਮੰਗਾਂ ਪੁੱਜੀਆਂ ਹੋਈਆਂ ਹਨ ਤੇ ਜੇਕਰ ਇਹ ਸਾਰੀਆਂ ਮੰਗਾਂ ਮੰਨ ਲਈਆਂ ਜਾਣ ਤਾਂ ਭਾਰਤ ਦੇ ਸੂਬਿਆਂ ਦੀ ਗਿਣਤੀ 50 ਤੋਂ ਵੱਧ ਹੋ ਜਾਵੇਗੀ। ਜੇਕਰ ਮਨੀਪੁਰ ਵਿਚ ਕੁਕੀਲੈਂਡ ਲਈ ਆਵਾਜ਼ ਉੱਠ ਰਹੀ ਹੈ ਤਾਂ ਤਾਮਿਲਨਾਡੂ ਵਿਚ ਕੋਂਗੂ ਨਾਇਡੂ ਲਈ ਸੰਘਰਸ਼ ਜਾਰੀ ਹੈ। ਇਸੇ ਤਰ੍ਹਾਂ ਬੰਗਾਲ ਵਿਚੋਂ ਕਮਾਤਾਪੁਰ ਤੇ ਕਰਨਾਟਕ ਵਿਚੋਂ ਟੂਲੂ ਨਾਇਡੂ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ।

ਉੱਤਰ ਪ੍ਰਦੇਸ਼ ਵਿਚ ਜਦੋਂ ਮਾਇਆਵਤੀ ਦੀ ਅਗਵਾਈ ਵਿਚ ਬਸਪਾ ਦੀ ਹਕੂਮਤ ਸੀ, ਉਦੋਂ ਇਸ ਰਾਜ ਵਿਚੋਂ ਚਾਰ ਨਵੇਂ ਸੂਬੇ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਗਈ ਸੀ। ਇਸ ਤੋਂ ਇਲਾਵਾ ਹੋਰ ਕਿਸੇ ਵੀ ਸੂਬੇ ਨੇ ਆਪਣੇ ਵਿਚੋਂ ਕੋਈ ਹੋਰ ਸੂਬਾ ਬਣਾਉਣ ਲਈ ਤਜਵੀਜ਼ ਜਾਂ ਸਿਫਾਰਸ਼ ਨਹੀਂ ਕੀਤੀ। ਅਜਿਹਾ ਨਾ ਕਰਨ ਦੇ ਬਾਵਜੂਦ ਵੱਖਰੇ ਰਾਜਾਂ ਦੀ ਮੰਗ ਜ਼ੋਰਾਂ 'ਤੇ ਹੈ।



ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਮੁਤਾਬਕ ਉਨ੍ਹਾਂ ਕੋਲ ਵੱਖ-ਵੱਖ ਸੰਗਠਨਾਂ ਜਾਂ ਵਿਅਕਤੀਗਤ ਤੌਰ 'ਤੇ ਕਈ ਸਾਲਾਂ ਤੋਂ ਵੱਖਰੇ ਰਾਜ ਬਣਾਉਣ ਦੀਆਂ ਮੰਗਾਂ ਪੁੱਜ ਰਹੀਆਂ ਹਨ। ਉੱਤਰ ਪ੍ਰਦੇਸ਼ ਨੂੰ ਤੋੜ ਕੇ ਉਸ ਵਿਚੋਂ ਅਵਧ ਪ੍ਰਦੇਸ਼, ਪੂਰਵਾਂਚਲ, ਬੁੰਦੇਲਖੰਡ ਤੇ ਪੱਛਮੀਆਂਚਲ ਜਾਂ ਹਰਿਤ ਪ੍ਰਦੇਸ਼ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼ ਦੀਆਂ ਆਗਰਾ ਤੇ ਅਲੀਗੜ੍ਹ ਡਿਵੀਜ਼ਨਾਂ, ਰਾਜਸਥਾਨ ਦੇ ਭਰਤਪੁਰ ਤੇ ਮੱਧ ਪ੍ਰਦੇਸ਼ ਦੇ ਗਵਾਲੀਅਰ ਜ਼ਿਲ੍ਹਿਆਂ ਨੂੰ ਮਿਲਾ ਕੇ ਬਰਜ ਪ੍ਰਦੇਸ਼ ਬਣਾਉਣ ਦੀ ਵੀ ਮੰਗ ਹੈ।

ਪੂਰਬੀ ਉੱਤਰ ਪ੍ਰਦੇਸ਼, ਬਿਹਾਰ ਤੇ ਛੱਤੀਸਗੜ੍ਹ ਦੇ ਇਲਾਕਿਆਂ ਵਿਚੋਂ ਭੋਜਪੁਰ ਨਾਮਕ ਸੂਬਾ ਬਣਾਉਣ ਦਾ ਮੁੱਦਾ ਗ੍ਰਹਿ ਮੰਤਰਾਲੇ ਕੋਲ ਹੈ। ਇਸ ਤੋਂ ਇਲਾਵਾ ਮਹਾਂਰਾਸ਼ਟਰ ਦੇ ਵਿਦਰਭ ਨੂੰ ਵੀ ਵੱਖਰਾ ਰਾਜ ਬਣਾਉਣ ਦੀ ਮੰਗ ਕਾਫੀ ਪੁਰਾਣੀ ਹੈ। ਪੱਛਮੀ ਬੰਗਾਲ ਵਿਚੋਂ ਗੋਰਖਾਲੈਂਡ ਬਣਾਉਣ ਦੀ ਮੰਗ ਕਾਫੀ ਪੁਰਾਣੀ ਹੈ ਤੇ ਜ਼ੋਰਦਾਰ ਢੰਗ ਨਾਲ ਉਠਾਈ ਜਾ ਰਹੀ ਹੈ। ਪੱਛਮੀ ਅਸਾਮ ਵਿਚੋਂ ਬੋਡੋ ਬਹੁਤਾਤ ਵਾਲੇ ਇਲਾਕੇ ਨੂੰ ਤੋੜ ਕੇ ਬੋਡੋਲੈਂਡ ਤੇ ਕਰਬੀ ਅੰਗਲੌਂਗ ਸੂਬਾ ਬਣਾਉਣ ਦੀ ਮੰਗ ਕੇਂਦਰ ਕੋਲ ਹੈ।

ਬਿਹਾਰ ਤੇ ਝਾਰਖੰਡ ਦੇ ਮੈਥਿਲੀ ਭਾਸ਼ਾਈ ਇਲਾਕਿਆਂ ਵਿਚੋਂ ਮਿਥਲਾਂਚਲ ਤੇ ਗੁਜਰਾਤ ਵਿਚੋਂ ਸੌਰਾਸ਼ਟਰ ਬਣਾਉਣ ਦੀ ਮੰਗ ਵੀ ਅਰਸੇ ਤੋਂ ਉੱਠ ਰਹੀ ਹੈ। ਅਸਾਮ ਤੇ ਨਾਗਾਲੈਂਡ ਦੇ ਇਲਾਕਿਆਂ ਵਿਚੋਂ ਦੀਮਾਲੈਂਡ ਬਣਾਉਣ ਦੀ ਮੰਗ ਵੀ ਇਸ ਵੇਲੇ ਜ਼ੋਰ 'ਤੇ ਹੈ। ਦੱਖਣ ਪੱਛਮੀ ਤਾਮਿਲਨਾਡੂ, ਦੱਖਣ ਪੂਰਬੀ ਕਰਨਾਟਕ ਤੇ ਪੂਰਬੀ ਕੇਰਲਾ ਵਿਚੋਂ ਕੁਝ ਇਲਾਕੇ ਤੋੜ ਕੇ ਕੋਂਗੂ ਨਾਇਡੂ ਬਣਾਉਣ ਦੀ ਮੰਗ ਵੀ ਕੇਂਦਰ ਕੋਲ ਪੁੱਜੀ ਹੋਈ ਹੈ। ਕਰਨਾਟਕ ਦੇ ਕੂਰਗ ਖੇਤਰ ਨੂੰ ਵੀ ਵੱਖਰਾ ਰਾਜ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ।

ਉੜੀਸਾ ਦੇ ਕੁਝ ਜ਼ਿਲ੍ਹਿਆਂ, ਝਾਰਖੰਡ ਤੇ ਛੱਤੀਸਗੜ੍ਹ ਦੇ ਲੈ ਕੇ ਕੋਸਲਰਾਜ ਬਾਰੇ ਮੰਗ ਵੀ ਹੈ। ਕਰਨਾਟਕ ਤੇ ਕੇਰਲ ਦੀ ਸਰਹੱਦ ਵਿਚਾਲੇ ਟੂਲੂਨਾਇਡੂ ਬਣਾਉਣ ਬਾਰੇ ਵੀ ਅਰਜ਼ੀ ਗ੍ਰਹਿ ਮੰਤਰਾਲੇ ਕੋਲ ਹੈ। ਮਨੀਪੁਰ ਵਿਚ ਕੁਕੀਲੈਂਡ ਤੇ ਕੋਂਕਣ ਸੂਬਿਆਂ ਤੋਂ ਇਲਾਵਾ ਪੱਛਮੀ ਬੰਗਾਲ ਵਿਚੋਂ ਕਾਮਤਪੁਰ ਸੂਬਾ ਬਣਾਉਣ ਦੀ ਮੰਗ ਵੀ ਕਤਾਰ ਵਿਚ ਹੈ। ਮੇਘਾਲਿਆ ਦੇ ਗਾਰੋ ਇਲਾਕੇ ਦੇ ਲੋਕ ਨਵਾਂ ਸੂਬਾ ਗਾਰੋਲੈਂਡ ਤੇ ਪੂਰਬੀ ਨਾਗਾਲੈਂਡ ਬਣਾਉਣ ਦੀ ਮੰਗ ਹੈ। ਲੱਦਾਖ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਦਾ ਦਰਜਾ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਹੁਣ ਤੱਕ ਭਾਰਤ ਦੇ 28 ਰਾਜ ਤੇ ਸੱਤ ਕੇਂਦਰੀ ਸ਼ਾਸਤ ਪ੍ਰਦੇਸ਼ ਹਨ। ਤਿਲੰਗਾਨਾ 29ਵਾਂ ਰਾਜ ਹੋਵੇਗਾ।

# ਬੱਚੇ ਦੇ ਹਤਿਆਰੇ ਪੋਲਿਸ਼ ਜੋੜੇ ਨੂੰ 30 ਸਾਲ ਕੈਦ

**ਲੰਡਨ:** ਪੋਲੈਂਡ ਦੀ ਇਕ ਔਰਤ ਤੇ ਉਸ ਦੇ ਪ੍ਰੇਮੀ ਨੂੰ ਇਥੋਂ ਦੀ ਇਕ ਅਦਾਲਤ ਨੇ 30 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਸ ਔਰਤ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਆਪਣੇ ਚਾਰ ਸਾਲਾ ਬੱਚੇ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਬੱਚੇ ਨੂੰ ਮਾਰਨ ਤੋਂ ਪਹਿਲਾਂ ਉਸ ਨੂੰ ਕਈ ਦਿਨ ਭੁੱਖਾ ਰੱਖਿਆ ਗਿਆ। ਅਦਾਲਤ ਨੇ ਇਸ ਨੂੰ ਬਰਤਾਨੀਆ ਦੇ ਇਤਿਹਾਸ ਦਾ ਖ਼ੌਫਨਾਕ ਕੇਸ ਕਰਾਰ ਦਿੰਦਿਆਂ ਦੋਵਾਂ ਨੂੰ ਇਹ ਸਜ਼ਾ ਸੁਣਾਈ।

ਪੁਲਿਸ ਨੇ ਦੱਸਿਆ ਕਿ ਲੜਕੇ ਦੀ ਮਾਂ ਮੈਗਡੇਲੇਨਾ ਲੁਜ਼ਾਕ ਤੇ ਉਸ ਦੇ ਪ੍ਰੇਮੀ ਮੈਰੀਉਜ਼ ਕਰੇਜ਼ੋਲੇਕ ਨੇ ਡੇਨੀਅਲ ਪੇਲਕਾ ਨੂੰ ਛੇ ਮਹੀਨੇ ਤੱਕ ਬੇਹੱਦ ਤਸੀਹੇ ਦਿੱਤੇ। ਉਸ ਨੂੰ ਕਦੇ ਪਾਣੀ ਵਿਚ ਡੁਬੋ ਦਿੱਤਾ ਜਾਂਦਾ ਤੇ ਕਦੇ ਇਕੱਲੇ ਨੂੰ ਕਮਰੇ ਵਿਚ ਬੰਦ ਕਰ ਦਿੱਤਾ ਜਾਂਦਾ। ਉਹ ਉਸ ਨੂੰ ਖਾਣਾ ਦੇਣ ਦੀ ਥਾਂ ਸਿਰਫ ਨਮਕ ਹੀ ਚਟਣ ਲਈ ਦਿੰਦੇ ਰਹੇ ਤੇ ਅਖੀਰ ਉਸ ਨੂੰ ਸਿਰ ਵਿਚ ਸੱਟਾਂ ਮਾਰ ਦਿੱਤੀਆਂ ਗਈਆਂ ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਹ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਡੇਨੀਅਨ ਦੇ ਮਤਰੇਏ ਪਿਓ ਬਾਰੇ ਕਈ ਸਵਾਲ ਵੀ ਉੱਠੇ ਸਨ। ਉਸ ਨੂੰ ਬਰਤਾਨੀਆ ਵਿਚ ਤਿੰਨ ਵਾਰ ਜੇਲ੍ਹ ਹੋ ਚੁੱਕੀ ਸੀ ਪਰ ਫਿਰ ਵੀ ਉਸ ਨੂੰ ਦੇਸ਼ ਵਿਚੋਂ ਕੱਢ ਕੇ ਪੋਲੈਂਡ ਕਿਉਂ ਨਹੀਂ ਭੇਜਿਆ ਗਿਆ। ਇਸ ਤਰ੍ਹਾਂ ਡੇਨੀਅਲ ਦੇ ਸਕੂਲ ਪ੍ਰਬੰਧਕਾਂ ਜਾਂ ਕੋਵੈਂਟਰੀ ਦੇ ਸੋਸ਼ਲ ਸਰਵਿਸ ਵਿਭਾਗ ਦੇ ਧਿਆਨ ਵਿਚ ਇਹ ਗੱਲ ਕਿਉਂ ਨਹੀਂ ਆਈ ਕਿ



ਬੱਚੇ ਨੂੰ ਤਸੀਹੇ ਦਿੱਤੇ ਜਾ ਰਹੇ ਹਨ।

ਬਰਮਿੰਘਮ ਕਰਾਊਨ ਕੋਰਟ ਵਿਚ ਇਸ ਕੇਸ ਦੀ ਸੁਣਵਾਈ ਜੱਜ ਲੌਰਾ ਕੌਕਸ ਨੇ ਕੀਤੀ। ਉਨ੍ਹਾਂ ਇਸ ਨੂੰ ਜ਼ੁਲਮ ਤੇ ਅੱਤਿਆਚਾਰ ਦਾ ਅਣਕਿਆਸਿਆ ਮਾਮਲਾ ਕਰਾਰ ਦਿੰਦਿਆਂ ਜੋੜੇ ਨੂੰ ਸਜ਼ਾ ਸੁਣਾਈ। ਉਨ੍ਹਾਂ ਦੋਵਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਘੱਟੋ-ਘੱਟ 30 ਸਾਲ ਜੇਲ੍ਹ ਵਿਚ ਰੱਖਿਆ ਜਾਵੇ ਤੇ ਉਸ ਤੋਂ ਬਾਅਦ ਹੀ ਇਨ੍ਹਾਂ ਦੀ ਰਿਹਾਈ ਬਾਰੇ ਵਿਚਾਰ ਕੀਤਾ ਜਾਵੇ।

ਪੁਲਿਸ ਅਨੁਸਾਰ ਇਹ ਜੋੜਾ ਨਸ਼ਿਆਂ ਦਾ ਆਦੀ ਸੀ ਤੇ ਇਹ 2006 ਵਿਚ ਪੋਲੈਂਡ ਤੋਂ ਬਰਤਾਨੀਆ ਆਏ ਸਨ। ਇਹ ਦੋਵੇਂ ਇਕ ਦੂਜੇ ਨੂੰ ਬੱਚੇ ਦੀ ਮੌਤ ਲਈ ਜ਼ਿੰਮੇਵਾਰ ਦੱਸਦੇ ਹਨ। ਅਦਾਲਤ ਨੇ ਜਦੋਂ ਇਸ ਕੇਸ ਦਾ ਫੈਸਲਾ ਸੁਣਾਇਆ ਤਾਂ ਜਿਊਰੀ ਮੈਂਬਰਾਂ ਵਿਚੋਂ ਇਕ ਦੀਆਂ ਅੱਖਾਂ ਵਿਚ ਹੰਝੂ ਆ ਗਏ ਪਰ ਦੋਸ਼ੀਆਂ ਦੇ ਚਿਹਰੇ 'ਤੇ ਪਛਤਾਵੇ ਦਾ ਕੋਈ ਚਿੰਨ੍ਹ ਨਹੀਂ ਸੀ। ਉਹ ਸਿੱਧਾ ਜੱਜ ਵੱਲ ਵੇਖਦੇ ਤੇ ਫੈਸਲਾ ਸੁਣਦੇ ਰਹੇ।

# ਕਸ਼ਮੀਰ ਮਾਮਲੇ ਵਿਚ ਅਮਰੀਕਾ ਕੋਈ ਦਖਲਅੰਦਾਜ਼ੀ ਨਹੀਂ ਕਰੇਗਾ: ਕੇਰੀ

**ਇਸਲਾਮਾਬਾਦ:** ਅਮਰੀਕਾ ਦੇ ਵਿਦੇਸ਼ ਮੰਤਰੀ ਜੌਹਨ ਕੈਰੀ ਨੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਦੱਸਿਆ ਹੈ ਕਿ ਕਸ਼ਮੀਰ ਮੁੱਦੇ 'ਤੇ ਅਮਰੀਕੀ ਨੀਤੀ ਵਿਚ ਕੋਈ ਤਬਦੀਲੀ ਨਹੀਂ ਹੋਈ ਹੈ, ਹਾਲਾਂਕਿ ਦੋਵੇਂ ਦੇਸ਼ ਰਣਨੀਤਕ ਗੱਲਬਾਤ ਸ਼ੁਰੂ ਕਰਨ ਲਈ ਸਹਿਮਤ ਹੋਏ ਹਨ। ਹਾਲ ਹੀ ਵਿਚ ਕੈਰੀ ਵੱਲੋਂ ਵਿਦੇਸ਼ ਮੰਤਰੀ ਵਜੋਂ ਕੀਤੇ ਪਹਿਲੇ ਪਾਕਿਸਤਾਨ ਦੇ ਦੌਰੇ ਬਾਰੇ ਪ੍ਰਮੁਖ ਅੰਗਰੇਜ਼ੀ ਅਖ਼ਬਾਰ ਨੇ ਬਣਾਈ ਸੁਰਖੀ ਵਿਚ ਕਿਹਾ ਹੈ ਕਿ ਕੈਰੀ ਨੇ ਕਸ਼ਮੀਰ ਬਾਰੇ ਦਖਲਅੰਦਾਜ਼ੀ ਨੂੰ ਨਾਕਾਰ ਦਿੱਤਾ ਹੈ।

ਅਖ਼ਬਾਰ ਦੀ ਰਿਪੋਰਟ ਅਨੁਸਾਰ ਸ੍ਰੀ ਕੈਰੀ ਨਾਲ ਆਏ ਸੀਨੀਅਰ ਅਮਰੀਕੀ ਅਧਿਕਾਰੀਆਂ ਨੇ ਇਸਲਾਮਾਬਾਦ ਵਿਚ ਉਤਰਨ ਤੋਂ ਕੁਝ ਪਲ ਪਹਿਲਾਂ ਕਿਹਾ ਕਿ ਓਬਾਮਾ ਪ੍ਰਸ਼ਾਸਨ ਕਸ਼ਮੀਰ ਮੁੱਦੇ 'ਤੇ ਭਾਰਤ ਤੇ ਪਾਕਿਸਤਾਨ ਵਿਚਾਲੇ ਗੱਲਬਾਤ ਲਈ ਵਿਚੋਲੇ ਦੀ ਤਲਾਸ਼ ਵਿਚ ਨਹੀਂ ਹੈ। ਰਿਪੋਰਟ ਵਿਚ ਅਮਰੀਕੀ ਵਿਦੇਸ਼ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਕਸ਼ਮੀਰ ਬਾਰੇ ਵਸ਼ਿੰਗਟਨ ਦੀ ਨੀਤੀ ਵਿਚ ਕੋਈ ਤਬਦੀਲੀ ਨਹੀਂ ਹੋਈ ਹੈ।

ਅਮਰੀਕਾ ਦੇ ਵਿਦੇਸ਼ ਮੰਤਰੀ ਨੇ ਕਿਹਾ ਹੈ ਕਿ ਉਨ੍ਹਾਂ ਦਾ ਮੁਲਕ ਤਾਲਿਬਾਨ ਖ਼ਿਲਾਫ਼ ਲੜਾਈ ਜਾਰੀ ਰੱਖੇਗਾ ਤੇ ਨਾਲ ਹੀ ਅਫ਼ਗਾਨ ਸਮੱਸਿਆ ਦਾ ਸਿਆਸੀ ਹੱਲ ਵੀ ਚਾਹੁੰਦਾ ਹੈ। ਉਨ੍ਹਾਂ ਡਰੋਨ ਹਮਲਿਆਂ ਬਾਰੇ ਪਾਕਿਸਤਾਨ ਦੇ ਫਿਕਰਾਂ ਨੂੰ ਮੂਲੋਂ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਗੱਲਬਾਤ ਤੇ ਫੌਜੀ ਰਣਨੀਤੀ (ਅਤਿਵਾਦ ਖ਼ਿਲਾਫ਼) ਜਾਰੀ ਰਹੇਗੀ। ਉਨ੍ਹਾਂ ਪਾਕਿਸਤਾਨ ਨੂੰ ਇਹ ਵਾਅਦਾ ਨਹੀਂ ਕੀਤਾ ਕਿ ਅਮਰੀਕਾ ਉਸ ਦੀ ਧਰਤੀ 'ਤੇ ਡਰੋਨ ਹਮਲੇ ਨਹੀਂ ਕਰੇਗਾ। ਨਾਲ ਹੀ ਕਿਹਾ ਕਿ ਇਨ੍ਹਾਂ ਹਮਲਿਆਂ ਨਾਲ ਪਾਕਿਸਤਾਨ ਦੀ ਪ੍ਰਭੂਸੱਤਾ ਦੀ ਉਲੰਘਣਾ ਨਹੀਂ ਹੁੰਦੀ।

ਸ੍ਰੀ ਕੈਰੀ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਹੈ ਕਿ ਪਾਕਿ ਵੱਲੋਂ ਪ੍ਰਭੂਸੱਤਾ ਦਾ ਮੁੱਦਾ ਹਰ ਵਾਰ ਚੁੱਕਿਆ ਜਾਂਦਾ ਹੈ ਪਰ ਅਲ-ਕਾਇਦਾ ਵੀ ਤਾਂ ਇਸ ਮੁਲਕ ਦੀ ਪ੍ਰਭੂਸੱਤਾ ਦੀ ਉਲੰਘਣਾ ਕਰ ਰਿਹਾ ਹੈ। ਉਹ ਮਸੀਤਾਂ 'ਤੇ ਹਮਲੇ ਕਰਕੇ ਆਮ ਲੋਕਾਂ ਨੂੰ ਮਾਰ ਰਹੀ ਹੈ। ਪਿੰਡਾਂ, ਬਾਜ਼ਾਰਾਂ ਤੇ ਸ਼ਹਿਰਾਂ ਵਿਚ ਧਮਾਕੇ ਕਰ ਰਹੀ ਹੈ। ਡਰੋਨ ਹਮਲੇ ਅਮਰੀਕਾ-ਪਾਕਿ ਵਿਚਾਲੇ ਸਾਂਝ ਦਾ ਅਨਿੱਖੜਵਾਂ ਅੰਗ ਹੈ।

# ਗੁਜਰਾਤ ਦੇ ਵਿਦਿਆਰਥੀਆਂ ਤੋਂ ਪ੍ਰੇਰਿਤ ਸੀ ਜੇ.ਪੀ. ਅੰਦੋਲਨ

**ਨਵੀਂ ਦਿੱਲੀ:** ਗੁਜਰਾਤ ਵਿਚ ਚਿਮਨਭਾਈ ਪਟੇਲ ਸਰਕਾਰ ਖ਼ਿਲਾਫ਼ ਚੱਲੀ ਵਿਦਿਆਰਥੀ ਲਹਿਰ ਨੇ 70ਵਿਆਂ ਵਿਚ ਜੈਪ੍ਰਕਾਸ਼ ਨਰਾਇਣ ਦੇ ਬਿਹਾਰ ਅੰਦੋਲਨ 'ਤੇ ਗਹਿਰਾ ਪ੍ਰਭਾਵ ਪਾਇਆ ਸੀ ਜਿਸ ਤੋਂ ਤ੍ਰਭਕੀ ਸਰਕਾਰ ਨੂੰ ਐਮਰਜੈਂਸੀ ਲਾਗੂ ਕਰਨੀ ਪਈ ਸੀ। ਜੈਪ੍ਰਕਾਸ਼ ਨੇ ਗੁਜਰਾਤ ਦੇ ਨੌਜਵਾਨਾਂ ਵਿਚ ਉਹ ਚਿਣਗ ਦੇਖੀ ਸੀ ਜੋ ਉਨ੍ਹਾਂ ਨੂੰ ਪੂਰਬੀ ਸੂਬੇ ਵਿਚ ਕ੍ਰਾਂਤੀ ਦੀ ਜਾਗ ਲਾ ਸਕਦੀ ਸੀ ਤੇ ਅੱਗੇ ਚੱਲ ਕੇ ਇਸ ਲਹਿਰ ਨੇ ਤਕਰੀਬਨ ਸਮੁੱਚੇ ਦੇਸ਼ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਸੀ।

ਉਸ ਵੇਲੇ ਦੇ ਗ੍ਰਹਿ ਮੰਤਰੀ ਬ੍ਰਹਮਾਨੰਦ ਰੈਡੀ ਵੱਲੋਂ 21 ਜੁਲਾਈ, 1975 ਨੂੰ ਰਾਜ ਸਭਾ ਵਿਚ 26 ਜੂਨ ਦੇ ਐਮਰਜੈਂਸੀ ਦੇ ਐਲਾਨ ਦੇ ਮਤੇ ਬਾਰੇ ਦਿੱਤੇ ਭਾਸ਼ਣ ਵਿਚ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਸੀ ਕਿ ਕਿਵੇਂ ਵਿਦਿਆਰਥੀ ਲਹਿਰ ਤੋਂ ਜੈ ਪ੍ਰਕਾਸ਼ ਨੂੰ ਉਤਸ਼ਾਹ ਮਿਲਿਆ ਸੀ। ਸ੍ਰੀ ਰੈਡੀ ਨੇ 'ਐਵਰੀਮੈਨਜ਼ ਵੀਕਲੀ' ਵਿਚ 3 ਜੁਲਾਈ, 1974 ਨੂੰ ਜੈਪ੍ਰਕਾਸ਼ ਵੱਲੋਂ ਦਿੱਤੇ ਗਏ ਬਿਆਨ ਦਾ ਵੀ ਹਵਾਲਾ ਦਿੱਤਾ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਕਈ ਸਾਲਾਂ ਤੋਂ ਉਹ ਰਸਤੇ ਦੀ ਭਾਲ ਕਰ ਰਿਹਾ ਸੀ।

ਦਰਅਸਲ ਉਸ ਦੇ ਉਦੇਸ਼ ਕਦੇ ਵੀ ਨਹੀਂ ਬਦਲੇ ਪਰ ਉਹ ਇਨ੍ਹਾਂ ਦੀ ਪ੍ਰਾਪਤੀ ਲਈ ਸਹੀ ਮਾਰਗ ਦੀ ਭਾਲ ਕਰ ਰਿਹਾ ਸੀ। ਦੋ ਸਾਲ ਆਮ ਸਹਿਮਤੀ ਦੀ ਰਾਜਨੀਤੀ ਦੇ ਲੇਖੇ ਲਾ ਦਿੱਤੇ ਜਿਸ ਦਾ ਕੋਈ ਫਾਇਦਾ ਨਾ ਹੋਇਆ। ਫੇਰ ਲੋਕਾਂ ਦੀ



ਮਦਦ ਨਾਲ ਸਿਆਸੀ ਤਬਦੀਲੀ ਲਿਆਉਣ ਲਈ ਗੁਜਰਾਤ ਦੇ ਵਿਦਿਆਰਥੀਆਂ ਨੂੰ ਦੇਖਿਆ ਤੇ ਉਹ ਜਾਣਦਾ ਸੀ ਕਿ ਇਹ ਸਹੀ ਰਾਹ ਹੈ। ਇਹ ਭਾਸ਼ਣ ਐਮਰਜੈਂਸੀ ਕਾਲ ਦੀਆਂ ਉਨ੍ਹਾਂ ਰਿਪੋਰਟਾਂ ਦਾ ਹਿੱਸਾ ਹੈ ਜੋ ਹੁਣੇ ਜਿਹੇ ਨੈਸ਼ਨਲ ਆਰਕਾਈਵਜ਼ ਆਫ ਇੰਡੀਆ ਤੋਂ ਪ੍ਰਾਪਤ ਕੀਤੀਆਂ ਗਈਆਂ ਹਨ।

11 ਜੁਲਾਈ, 1975 ਦੀ ਇਕ ਸੱਤ ਪੰਨਿਆਂ ਦੀ ਰਿਪੋਰਟ ਜਿਸ 'ਤੇ ਇੰਟੈਲੀਜੈਂਸ ਬਿਊਰੋ ਦੀ ਮੋਹਰ ਲੱਗੀ ਹੋਈ ਹੈ, ਵਿਚ ਸ਼ਾਮਲ ਇਕ ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਗੁਜਰਾਤ ਅੰਦੋਲਨ ਦਾ ਬਿਹਾਰ ਲਹਿਰ 'ਤੇ ਪ੍ਰਭਾਵ ਪੈ ਸਕਦਾ ਹੈ। ਜੇ.ਪੀ. ਦੀ ਅਗਵਾਈ ਹੇਠ ਬਿਹਾਰ ਲਹਿਰ ਨੇ ਸੰਪੂਰਨ ਕ੍ਰਾਂਤੀ ਦਾ ਰੂਪ ਧਾਰ ਲਿਆ ਤੇ ਇਸ ਦੀ ਫੌਰੀ ਮੰਗ ਰਾਜ ਵਿਚ ਗਫ਼ੂਰ ਮੰਤਰੀ ਮੰਡਲ ਦੇ ਅਸਤੀਫੇ ਦੀ ਸੀ ਜੋ ਅੱਗੇ ਚੱਲ ਕੇ ਇੰਦਰਾ ਗਾਂਧੀ ਸਰਕਾਰ ਦੀ ਬਰਖ਼ਾਸਤਗੀ ਤਕ ਪੁੱਜ ਗਈ ਸੀ। ਖਾਣੇ ਦੇ ਪੈਸਿਆਂ ਵਿਚ ਭਾਰੀ ਵਾਧੇ ਦੇ ਮੁੱਦੇ 'ਤੇ 19-20 ਦਸੰਬਰ 1973 ਨੂੰ ਭੜਕਿਆ ਵਿਦਿਆਰਥੀ ਰੋਹ ਹਿੰਸਕ ਰੂਪ ਲੈ ਗਿਆ ਤੇ ਅਹਿਮਦਾਬਾਦ, ਸੂਰਤ, ਬੜੌਦਾ ਤੇ ਰਾਜਕੋਟ ਵਿਚ ਕਈ ਦਿਨ ਗੜਬੜ ਜਾਰੀ ਰਹੀ ਤੇ 27 ਜਨਵਰੀ 1974 ਨੂੰ ਉਥੇ ਫੌਜ ਤਾਇਨਾਤ ਕਰਨੀ ਪਈ ਸੀ।

# ਭਾਰਤੀ ਖੁਰਾਕੀ ਪਦਾਰਥਾਂ 'ਤੇ ਅਮਰੀਕਾ ਕੱਸੇਗਾ ਸ਼ਿਕੰਜਾ

**ਵਾਸ਼ਿੰਗਟਨ:** ਅਮਰੀਕੀ ਮਾਰਕਿਟ ਵਿਚ ਦਾਖ਼ਲ ਹੋਣ ਦੀਆਂ ਚਾਹਵਾਨ ਭਾਰਤੀ ਖੁਰਾਕ ਕੰਪਨੀਆਂ ਨੂੰ ਛੇਤੀ ਹੀ ਸਖ਼ਤ ਨਿਗਰਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਅਮਰੀਕਾ ਦੀ ਸਿਹਤ ਨਿਗਰਾਨ ਏਜੰਸੀ ਐਫ.ਡੀ.ਏ. ਨੇ 'ਨਿਊ ਫੌਰੇਨ ਸਪਲਾਇਰ ਵੈਰੀਫਿਕੇਸ਼ਨ' ਪ੍ਰੋਗਰਾਮ ਦੀ ਤਜਵੀਜ਼ ਪੇਸ਼ ਕੀਤੀ ਹੈ। ਇਹ ਨਵੇਂ ਨਿਯਮ ਸਾਰੀਆਂ ਵਿਦੇਸ਼ੀ ਖੁਰਾਕ ਕੰਪਨੀਆਂ 'ਤੇ ਲਾਗੂ ਹੋਣਗੇ ਜੋ ਅਮਰੀਕਾ ਵਿਚ ਬੰਦਿਆਂ ਤੇ ਪਸ਼ੂਆਂ ਲਈ ਖੁਰਕ ਪਦਾਰਥ ਸਪਲਾਈ ਕਰਦੀਆਂ ਹਨ।

ਵਿਦੇਸ਼ੀ ਕੰਪਨੀਆਂ ਵੱਲੋਂ ਸਪਲਾਈ ਕੀਤੀਆਂ ਜਾਣ ਵਾਲੀਆਂ ਵਸਤੂਆਂ ਨੂੰ ਐਫਡੀਏ (ਫੂਡ ਤੇ ਡਰੱਗ ਐਡਮਨਿਸਟਰੇਸ਼ਨ) ਦੀ ਜਾਂਚ ਵਿਚੋਂ ਲੰਘਣਾ ਪਵੇਗਾ। ਅਮਰੀਕਾ ਵਿਚ ਬਰਾਮਦ ਖੁਰਾਕ ਪਦਾਰਥਾਂ ਦੀ 15 ਫੀਸਦੀ ਖਪਤ ਹੁੰਦੀ ਹੈ। ਤਾਜ਼ੀਆਂ ਸਬਜ਼ੀਆਂ ਵਿਚ ਖਪਤ ਦਾ ਇਹ ਅੰਕੜਾ 20 ਫੀਸਦੀ ਤੇ ਤਾਜ਼ੇ ਫਲਾਂ ਵਿਚ 50 ਫੀਸਦੀ ਤਕ ਚਲਾ ਜਾਂਦਾ ਹੈ। ਐਫ.ਡੀ.ਏ. ਮੁਤਾਬਕ ਅਮਰੀਕਾ ਦਾ ਭਾਰਤ ਦੂਜਾ ਸਭ ਤੋਂ ਵੱਡਾ ਡਰੱਗ ਬਰਾਮਦਕਾਰ ਤੇ ਸੱਤਵਾਂ ਖੁਰਕ ਪਦਾਰਥ ਬਰਾਮਦਕਾਰ ਹੈ।



ਬਰਾਮਦ ਕੀਤੇ ਜਾਂਦੇ ਫਲਾਂ, ਸਬਜ਼ੀਆਂ ਤੇ ਹੋਰ ਵਸਤੂਆਂ ਤੋਂ ਦੇਸ਼ ਵਿਚ ਖੁਰਕ ਸਬੰਧੀ ਬੀਮਾਰੀਆਂ ਫੈਲ ਰਹੀਆਂ ਹਨ। ਇਸ ਲਈ ਦੇਸ਼ ਵਾਸੀਆਂ ਦੀ ਸਿਹਤ ਸੁਰੱਖਿਆ ਲਈ ਬਰਾਮਦ ਖੁਰਕੀ ਪਦਾਰਥਾਂ 'ਤੇ ਸਖ਼ਤ ਨਿਯਮ ਲਾਗੂ ਕੀਤੇ ਜਾ ਰਹੇ ਹਨ। ਭਾਵੇਂ ਐਫ.ਡੀ.ਏ. ਨੇ ਘਰੇਲੂ ਤੇ ਬਰਾਮਦ ਖੁਰਾਕ ਪਦਾਰਥ ਲਈ ਇਕੋ ਜਿਹੇ ਨਿਯਮ ਬਣਾਏ ਹਨ ਪਰ ਨਿਗਰਾਨ ਅਧਿਕਾਰੀਆਂ ਵੱਲੋਂ ਵਿਦੇਸ਼ੀ ਤੇ ਘਰੇਲੂ ਖਾਧ ਪਦਾਰਥਾਂ ਦੀ ਜਾਂਚ ਲਈ ਵੱਖ-ਵੱਖ ਪੈਮਾਨੇ ਅਪਣਾਏ ਜਾਂਦੇ ਹਨ।

## ਸੁਰਿੰਦਰ ਨੀਰ ਦੀ 'ਮਾਇਆ' ਬਨਾਮ ਜ਼ਿੰਦਗੀ ਦਾ ਜਸ਼ਨ (1)

# ਜ਼ਿੰਦਗੀ ਦੇ ਅਰਥਾਂ ਦੀ ਅਮੁੱਕ-ਅਟੁੱਟ ਤਲਾਸ਼

*ਜੰਮੂ ਵੱਸਦੀ ਪੰਜਾਬੀ ਸਾਹਿਤਕਾਰ ਸੁਰਿੰਦਰ ਨੀਰ ਦੇ ਵੱਡ-ਆਕਾਰੀ ਨਾਵਲ 'ਮਾਇਆ' ਨੇ ਪੰਜਾਬੀ ਸਾਹਿਤ ਜਗਤ ਵਿਚ ਚੋਖੀ ਹਲਚਲ ਪੈਦਾ ਕੀਤੀ ਹੈ। ਹਰ ਬੁੱਧੀਜੀਵੀ ਅਤੇ ਪਾਠਕ ਨੇ ਇਸ ਨਾਵਲ ਦੇ ਟੈਕਸਟ ਦੇ ਵੱਖ-ਵੱਖ ਅਰਥ ਸਿਰਜਣ ਦਾ ਯਤਨ ਕੀਤਾ ਹੈ। ਸਾਹਿਤ ਜਗਤ ਵਿਚ ਚਿਰਾਂ ਬਾਅਦ ਅਜਿਹੀ ਰਚਨਾ ਸਾਹਮਣੇ ਆਈ ਹੈ ਜਿਸ ਬਾਰੇ ਇਸ ਤਰ੍ਹਾਂ ਦੀ ਚਰਚਾ ਅਰੰਭ ਹੋਈ ਹੈ। ਮੋਟੇ ਤੌਰ 'ਤੇ ਤਾਂ ਇਸ ਰਚਨਾ ਦਾ ਸਵਾਗਤ ਹੀ ਹੋਇਆ ਹੈ, ਪਰ ਕੁਝ ਪਾਠਕਾਂ/ਬੁੱਧੀਜੀਵੀਆਂ ਨੇ ਇਸ ਨਾਵਲ ਦੀ ਤਿੱਖੀ ਨੁਕਤਾਚੀਨੀ ਵੀ ਕੀਤੀ ਹੈ। ਇਸ ਨਾਵਲ ਬਾਰੇ 'ਪੰਜਾਬ ਟਾਈਮਜ਼' ਦੇ ਖੈਰ-ਖਵਾਹ ਅਤੇ ਮਿੱਤਰ ਗੁਰਦਿਆਲ ਸਿੰਘ ਬੱਲ ਨੇ ਲੰਮਾ ਲੇਖ ਲਿਖਿਆ ਹੈ। ਇਹ ਲੇਖ ਨਿਰਾ-ਪੁਰਾ ਇਸ ਨਾਵਲ ਬਾਰੇ ਹੀ ਨਹੀਂ, ਬਲਕਿ ਇਸ ਵਿਚ ਸੰਸਾਰ ਸਾਹਿਤ ਦੀਆਂ ਉਹ ਗੱਲਾਂ ਸਾਂਝੀਆਂ ਕੀਤੀਆਂ ਗਈਆਂ ਹਨ ਜਿਹੜੀਆਂ ਜ਼ਿੰਦਗੀ ਨੂੰ ਸਮਝਣ/ਸਮਝਾਉਣ ਲਈ ਕਹਿੰਦੇ-ਕਹਾਉਂਦੇ ਲੇਖਕਾਂ ਨੇ ਵੱਖ-ਵੱਖ ਸਮਿਆਂ ਵਿਚ ਆਪਣੀਆਂ ਲਿਖਤਾਂ ਦਾ ਹਿੱਸਾ ਬਣਾਈਆਂ ਸਨ। -ਸੰਪਾਦਕ*

ਸੁਰਿੰਦਰ ਨੀਰ ਵਧਾਈ ਦੀ ਹੱਕਦਾਰ ਹੈ। ਉਸ ਨੇ ਜ਼ਿੰਦਗੀ ਦੇ ਅਰਥਾਂ ਦੀ ਸਾਹਸੀ ਤਲਾਸ਼ ਜਾਂ ਐਨਕੁਐਰੀ 'ਤੇ ਆਧਾਰਤ ਪੰਜਾਬੀ ਭਾਸ਼ਾ 'ਚ ਪਹਿਲਾ ਪ੍ਰਮਾਣਿਕ ਨਾਵਲ 'ਮਾਇਆ' ਲਿਖ ਦਿੱਤਾ ਹੈ ਜਿਸ ਨੂੰ ਹੁਣ ਕਿਸੇ ਮਿੱਤਰ ਪਿਆਰੇ ਅਜ਼ੀਜ਼ ਨੂੰ ਫਖਰ ਨਾਲ ਤੋਹਫੇ ਵਜੋਂ ਦਿੱਤਾ ਜਾ ਸਕਦਾ ਹੈ। ਸੁਰਿੰਦਰ ਨੇ ਨਾਵਲ ਦੀ ਨਾਇਕਾ ਬਲਬੀਰ ਦੀ ਆਪਣੀ ਹੋਂਦ ਦੇ ਅਰਥਾਂ ਦੀ ਤਲਾਸ਼ ਨੂੰ ਜਿਸ ਭਾਵਪੂਰਤ ਅਤੇ ਸ਼ਿੱਦਤ ਭਰੇ ਅੰਦਾਜ਼ ਵਿਚ ਬਿਆਨ ਕੀਤਾ ਹੈ, ਉਹ ਕਮਾਲ ਹੈ। ਪੜ੍ਹਦਿਆਂ ਪੜ੍ਹਦਿਆਂ ਰੂਹ ਨਸ਼ਿਆ ਜਾਂਦੀ ਹੈ। ਅੰਤਰ ਆਤਮਾ ਦਾ ਕੁੰਚਨ ਇਸ਼ਨਾਨ ਹੋ ਜਾਂਦਾ ਹੈ। ਬਲਬੀਰ ਦੇ ਸਫਰ ਵਿਚ ਖੂਬਸੂਰਤ ਪਲਾਂ ਦੇ ਨਾਲ-ਨਾਲ ਕਦਮ-ਕਦਮ 'ਤੇ ਦੁੱਖ ਅਤੇ ਹਾਦਸੇ ਇੰਨੀ ਤੇਜ਼ੀ ਨਾਲ ਚਲੇ ਆਉਂਦੇ ਹਨ ਕਿ ਮਨ ਕਿਸੇ ਤਕੜੀ ਦਹਿਸ਼ਤ ਦੀ ਗ੍ਰਿਫਤ ਵਿਚ ਵਾਰ-ਵਾਰ ਆਉਂਦਾ ਅਤੇ ਨਿਕਲਦਾ ਚਲਾ ਜਾਂਦਾ ਹੈ।



'ਮਾਇਆ' ਪੜ੍ਹਨ ਉਪਰੰਤ ਤੁਰੰਤ ਬਾਅਦ ਮਨ ਅੰਦਰ ਸਵਾਲ ਉਠਦਾ ਹੈ ਕਿ ਨਾਵਲ ਦੀ ਨਾਇਕਾ ਬਲਬੀਰ ਭਲਾ ਕੀ ਚਾਹੁੰਦੀ ਹੈ? ਚੜ੍ਹਦੀ ਜਵਾਨੀ ਵਿਚ ਉਸ ਨੂੰ ਚਾਹੁਣ ਵਾਲਾ ਅਤੇ ਉਸ ਨੂੰ ਸਤਿਕਾਰ ਦੇਣ ਵਾਲਾ, ਗਗਨ ਨਾਂ ਦਾ ਅਜਿਹਾ ਸਾਥੀ ਮਿਲ ਗਿਆ ਸੀ ਜੋ ਉਸ ਉਮਰ ਦੀ ਹਰ ਕੁੜੀ ਦੇ ਖੁਆਬਾਂ ਦਾ ਸ਼ਹਿਜ਼ਾਦਾ ਹੁੰਦਾ ਹੈ; ਪਰ ਉਹ ਵਿਆਹ ਕਰਨ ਦੀ ਉਸ ਦੀ ਪੇਸ਼ਕਸ਼ ਠੁਕਰਾ ਕੇ ਨਾ ਕੇਵਲ ਉਸ ਦੀ ਮਾਤਾ ਗਿਆਨ ਕੌਰ ਦੀ ਹਉਂ ਨੂੰ ਹੀ ਪੰਕਚਰ ਕਰਦੀ ਹੈ ਅਤੇ ਆਪਣੇ ਮਾਣਮੱਤੇ ਬਾਪ ਦੇ ਗਰੂਰ 'ਤੇ ਸੱਟ ਮਾਰਦੀ ਹੈ, ਬਲਕਿ ਦੋ-ਤਿੰਨ ਪਰਿਵਾਰਾਂ ਨੂੰ ਬਰਬਾਦੀ ਦੀ ਰਾਹ ਵੱਲ ਵੀ ਧੱਕ ਦਿੰਦੀ ਹੈ। ਬਲਬੀਰ ਦੀਆਂ ਰੁਚੀਆਂ ਕਲਾਤਮਿਕ ਹਨ; ਉਹ ਚਿੱਤਰਕਾਰ ਬਣਨਾ ਚਾਹੁੰਦੀ ਹੈ। ਗਗਨ ਦੀ ਮਾਂ ਨੂੰ ਉਸ ਦੀਆਂ ਇਸ ਕਿਸਮ ਦੀਆਂ ਰੀਝਾਂ ਕਤਈ ਮਨਜ਼ੂਰ ਨਹੀਂ। ਬਲਬੀਰ ਘਰੋਂ ਭੱਜਦੀ ਹੈ; ਵਾਰ-ਵਾਰ ਧੋਖੇ ਖਾਂਦੀ ਹੈ, ਪਰ ਉਹ ਆਪਣਾ ਸਿਰੜ ਨਹੀਂ ਛੱਡਦੀ। ਉਹ ਕਾਮਯਾਬੀ ਦੀਆਂ ਸਿਖਰਾਂ ਛੂਹ ਲੈਂਦੀ ਹੈ; ਭਾਰਤ ਦੀ ਮਹਾਨ ਚਿੱਤਰਕਾਰ ਵਜੋਂ ਆਪਣਾ ਲੋਹਾ ਮੰਨਵਾ ਲੈਂਦੀ ਹੈ, ਪਰ ਅਖੀਰ ਵਿਚ ਕੀ ਉਸ ਦੀ ਰੂਹ ਨੂੰ ਰੱਜ ਆ ਗਿਆ ਹੈ? ਕੀ ਉਸ ਨੂੰ ਮੰਜ਼ਿਲ ਮਿਲ ਗਈ ਹੈ? ਇਸ ਕਿਸਮ ਦੇ ਸਵਾਲ ਮਨ ਅੰਦਰ ਨਿਰੰਤਰ ਉਭਰਨ ਲੱਗ ਪੈਂਦੇ ਹਨ ਅਤੇ ਇਹੋ ਲੇਖਿਕਾ ਦੀ ਵੱਡੀ ਕਾਮਯਾਬੀ ਹੈ।

'ਮਾਇਆ' ਵਿਚੋਂ ਲੰਘਦਿਆਂ ਮੈਨੂੰ ਆਪਣੇ ਮਿੱਤਰ ਪਿਆਰੇ ਨਰਿੰਦਰ ਭੁੱਲਰ ਦੀ ਯਾਦ ਇਕ ਵਾਰ ਨਹੀਂ, ਹਜ਼ਾਰ ਵਾਰ ਆਈ। ਉਹ ਜਿਉਂਦਾ ਹੁੰਦਾ ਤਾਂ ਉਹਨੇ ਟੇਢਾ ਸਵਾਲ ਜ਼ਰੂਰ ਪਾ ਦੇਣਾ ਸੀ, ਕਿ ਨਾਵਲ ਦੀ ਨਾਇਕਾ ਬਲਬੀਰ ਨੂੰ ਅਜਿਹੇ ਪੰਗਿਆਂ 'ਚ ਪੈਣ ਦੀ ਐਡੀ ਵੀ ਭਲਾ ਕੀ ਲੋੜ ਸੀ? ਚੰਗਾ ਨਹੀਂ ਸੀ ਕਿ ਉਹ ਅੰਗਰੇਜ਼ੀ ਦੀ ਐਮ.ਏ. ਕਰਦੀ; ਭੱਜ-ਨੱਠ ਕਰ ਕੇ ਕਿਸੇ ਕਾਲਜ ਵਿਚ ਨੌਕਰੀ ਮਿਲ ਹੀ ਜਾਣੀ ਸੀ; ਬਲਬੀਰ ਪਰੀਆਂ ਵਰਗੀ ਸੁੰਦਰ ਸੀ; ਪੁੱਜ ਕੇ ਸੁਚੱਜੀ ਸੀ; ਹੰਸਾਂ ਵਰਗੇ ਦੋ ਉਸ ਦੇ ਪੁੱਤਰ ਹੋ ਜਾਣੇ ਸਨ; ਇਕ ਆਸਟਰੇਲੀਆ 'ਚ ਜਾ ਕੇ ਡਾਕਟਰੀ ਪਾਸ ਕਰਦਾ; ਦੂਜੇ ਨੇ ਨਿਊਜ਼ੀਲੈਂਡ ਤੋਂ ਇੰਜੀਨੀਅਰਿੰਗ ਦੀ ਡਿਗਰੀ ਲੈ ਲੈਣੀ ਸੀ; ਰਿਟਾਇਰਮੈਂਟ ਪਿੱਛੋਂ ਮਹਿਲਾਂ ਵਰਗਾ ਘਰ ਬਣਾ ਕੇ ਸਵੇਰੇ ਸੁਖਮਨੀ ਸਾਹਿਬ ਅਤੇ ਸ਼ਾਮ ਨੂੰ ਸੌਣ ਤੋਂ ਪਹਿਲਾਂ ਰਹਿਰਾਸ ਸਾਹਿਬ ਪਾਠ ਕਰ ਕੇ ਕਿਹੜੀ ਘੱਟ ਤਸੱਲੀ ਹੋਇਆ ਕਰਨੀ ਸੀ?

ਨਰਿੰਦਰ ਭੁੱਲਰ ਦੇ ਅਜਿਹੇ ਸੰਭਾਵੀ ਸਵਾਲ ਮਨ ਵਿਚ ਆਉਣ ਦਾ ਵੀ ਕਾਰਨ ਹੈ। ਸਾਲ 2007 ਵਿਚ ਅਮਰੀਕਾ ਪੁੱਜਣ ਤੋਂ ਪਹਿਲੇ 5-6 ਮਹੀਨਿਆਂ ਵਿਚ ਉਸ ਨੇ ਆਪਣੀ ਕਿਸੇ ਯੋਜਨਾ ਤਹਿਤ 'ਲੋਲਿਤਾ', 'ਲੇਡੀ ਚੈਟਰਲੀ'ਜ਼ ਲਵਰ' ਅਤੇ 'ਅੱਨਾ ਕਾਰੇਨਿਨਾ' ਨਾਂ ਦੇ ਤਿੰਨ ਵਚਿੱਤਰ ਨਾਵਲ ਪੜ੍ਹੇ ਸਨ। ਉਹਨੇ 'ਅੱਨਾ ਕਾਰੇਨਿਨਾ' ਪੜ੍ਹਿਆ ਤਾਂ ਅਗਲੀ ਸ਼ਾਮ ਮੈਨੂੰ ਮਿਲਣ ਆ ਗਿਆ। ਮਹਾਨ ਟਾਲਸਟਾਇ ਨੇ 'ਅੱਨਾ ਕਾਰੇਨਿਨਾ' ਵਿਚ ਦੁਨੀਆਂ ਦੀ ਸਭ ਤੋਂ ਹੁਸੀਨ ਅਤੇ ਰਹੱਸਮਈ ਜਾਦੂਈ ਸ਼ਖਸੀਅਤ ਵਾਲੀ ਡਾਢੀ ਵੇਗਮਤੀ ਨਾਇਕਾ ਦੀ ਸਿਰਜਣਾ ਕੀਤੀ ਹੈ। ਨਰਿੰਦਰ ਅੱਨਾ ਕਾਰੇਨਿਨਾ ਦੇ ਆਪਣੇ ਮਹਿਬੂਬ ਵਰੋਂਸਕੀ ਦੇ ਸਿਰ ਚੜ੍ਹ ਕੇ ਰੇਲ ਗੱਡੀ ਅੱਗੇ ਛਾਲ ਮਾਰ ਕੇ ਕੀਤੀ ਆਤਮ-ਹੱਤਿਆ ਅਤੇ ਮੁਹੱਬਤ ਦੀ ਉਸ ਵਚਿੱਤਰ ਗਾਥਾ ਦੇ ਅਜਿਹੇ ਭਿਆਨਕ ਤਰਾਸਦਿਕ ਅੰਤ ਨੂੰ ਪੜ੍ਹਦਿਆਂ ਧੁਰ ਅੰਦਰ ਤੱਕ ਹਿੱਲਿਆ ਹੋਇਆ ਸੀ। ਨਰਿੰਦਰ ਦਾ ਸਵਾਲ ਇਹ ਸੀ ਕਿ ਅੱਨਾ ਵਰਗੀ ਸੁਘੜ ਔਰਤ ਨੇ ਬੜੀ ਹੀ ਸਤਿਕਾਰਤ ਪਦਵੀ 'ਤੇ ਲੱਗੇ ਹੋਏ ਸੰਤ ਸੁਭਾਅ ਪਤੀ ਕਾਊਂਟ ਕਾਰੇਨੀਨ ਅਤੇ ਸਿਰੋਜ ਵਰਗੇ ਆਪਣੇ ਸੋਨੇ ਵਰਗੇ ਮਸੂਮ ਪੁੱਤਰ ਨੂੰ ਛੱਡ ਕੇ ਅੰਨ੍ਹੇ ਖੂਹ ਵਿਚ ਛਾਲ ਕਿਉਂ ਤੇ ਕਿਵੇਂ ਮਾਰ ਦਿੱਤੀ? ਉਸ ਨੂੰ ਬਾਹੋਂ ਫੜ ਕੇ ਸਮਝਾਉਣ ਵਾਲਾ ਕੋਈ ਨਾਸੇਹ ਕਿਉਂ ਨਾ ਟੱਕਰਿਆ! ਨਾਵਲ ਮੇਰਾ ਵੀ ਇਕ ਵਾਰੀ ਨਹੀਂ, ਸਗੋਂ ਦੋ ਵਾਰੀ ਪੜ੍ਹਿਆ ਹੋਇਆ ਸੀ, ਬਲਕਿ ਪਿਛਲੇ 40 ਵਰ੍ਹਿਆਂ ਤੋਂ ਮੈਂ ਤਾਂ ਆਪਣੇ ਯਾਰਾਂ ਮਿੱਤਰਾਂ ਨੂੰ ਲਗਾਤਾਰ ਹੀ ਇਹ ਕਹਿੰਦਾ ਆ ਰਿਹਾ ਹਾਂ ਕਿ ਜਿਸ ਕਿਸੇ ਨੇ ਵੀ ਇਨਸਾਨ ਦੀ ਜੂਨੇ ਪੈ ਕੇ, ਪੜ੍ਹਨਾ ਲਿਖਣਾ ਸਿੱਖ ਲੈਣ ਦੇ ਬਾਵਜੂਦ 'ਜੰਗ ਤੇ ਅਮਨ' ਜਾਂ 'ਅੱਨਾ ਕਾਰੇਨਿਨਾ' ਨਹੀਂ ਪੜ੍ਹੇ, ਉਹ ਸ਼ਖਸ ਸਿਰੇ ਦਾ ਬਦਕਿਸਮਤ ਹੈ। ਨਰਿੰਦਰ ਖਹਿੜੇ ਪਿਆ ਹੋਇਆ ਸੀ ਅਤੇ ਮੈਨੂੰ ਸਿੱਧਾ ਜਵਾਬ ਕੋਈ ਸੁੱਝ ਨਹੀਂ ਰਿਹਾ ਸੀ। ਹਾਰ ਕੇ ਮੈਂ ਉਸ ਨੂੰ ਇਹ ਕਿਹਾ ਕਿ ਦੁਨੀਆਂ ਵਿਚ ਇਕ ਤੋਂ ਵਧ ਕੇ ਇਕ ਖੂਬਸੂਰਤ ਅਜੂਬੇ ਬਥੇਰੇ ਬਣੇ ਹੋਏ ਹਨ, ਪਰ ਉਨ੍ਹਾਂ ਵਿਚੋਂ ਕੋਈ ਵੀ ਤਾਜ ਮਹਿਲ ਦਾ ਬਦਲ ਭਲਾ ਹੋ ਸਕਦਾ ਸੀ! ਨਰਿੰਦਰ ਨੂੰ ਮੈਂ ਪੁੱਛਿਆ ਕਿ ਅੱਨਾ ਕਾਰੇਨਿਨਾ ਦੀ ਸਿਰਜਣਾ ਕੀ ਆਪਣੀ ਤਰ੍ਹਾਂ ਨਾਲ ਤਾਜ ਮਹੱਲ ਵਰਗਾ ਹੀ, ਰਹਿੰਦੀ ਦੁਨੀਆਂ ਤੱਕ ਅਚੰਭਿਤ ਕਰਦਾ ਰਹਿਣ ਵਾਲਾ ਜਲਵਾ ਖੜ੍ਹਾ ਕਰਨ ਵਰਗੀ ਗੱਲ ਨਹੀਂ ਸੀ! ਜੇ ਟਾਲਸਟਾਏ ਅੱਨਾ ਕੋਲੋਂ ਉਹ ਕੌਤਿਕ ਨਾ ਕਰਵਾਉਂਦਾ, ਤਾਂ ਕੀ ਇਹ ਸੰਭਵ ਹੋ ਸਕਦਾ ਸੀ? ਦਰਅਸਲ ਮੇਰਾ ਵਿਸ਼ਵਾਸ ਇਹ ਹੈ ਕਿ ਮਨੁੱਖੀ ਇਤਿਹਾਸ ਅੰਦਰ ਹਰ ਕਲਾਕਾਰ ਜਾਂ ਸਿਰਜਣਾਤਮਕ ਲਿਖਾਰੀ ਨੇ ਆਪਣੀਆਂ ਕਿਰਤਾਂ ਵਿਚ ਅੱਜ ਤੱਕ ਇਨਸਾਨੀ ਹਸਤੀ ਦੇ ਭਾਂਤ-ਸੁਭਾਂਤੇ ਜਜ਼ਬਾਤ ਦੀ ਇੰਤਹਾ ਨੂੰ ਆਸ਼ਕਾਰ ਕਰਨ ਦੀ ਹੀ ਕੋਸ਼ਿਸ਼ ਕੀਤੀ ਹੈ। 'ਮਹਾਂਭਾਰਤ' ਅਤੇ 'ਰਮਾਇਣ' ਜਾਂ 'ਇਲੀਅਡ' ਅਤੇ 'ਉਡੀਸੀ' ਵਰਗੇ ਮਹਾਂਕਾਵਿ ਵੀ ਇਸ ਤੋਂ ਬਾਹਰ ਨਹੀਂ ਹਨ। 'ਮਹਾਂਭਾਰਤ' ਬਾਰੇ ਤਾਂ ਕਿਹਾ ਜਾ ਸਕਦਾ ਹੈ ਕਿ ਸਾਰਾ ਗ੍ਰੰਥ ਹੀ ਵਚਿੱਤਰ ਘਟਨਾਵਾਂ ਅਤੇ ਹਵਾਲਿਆਂ ਨਾਲ ਭਰਿਆ ਪਿਆ ਹੈ, ਪਰ ਵਚਿੱਤਰ ਪ੍ਰਸੰਗਾਂ ਦੀ ਸਿਖਰ ਉਸ ਸਮੇਂ ਆਉਂਦੀ ਹੈ ਜਦੋਂ ਭਗਵਾਨ ਕ੍ਰਿਸ਼ਨ ਦੇ ਖੁਦ, ਵੀਰ ਕਰਨ ਅੱਗੇ ਪਾਂਡੋਆਂ ਦਾ ਸਭ ਤੋਂ ਵੱਡਾ ਭਰਾ ਜਾਂ ਕੁੰਤੀ ਪੁੱਤਰ ਹੋਣ ਦਾ ਰਹੱਸ ਉਜਾਗਰ ਕਰ ਦੇਣ ਦੇ ਬਾਵਜੂਦ, ਕੇਹੇ ਸ਼ਾਨਾਮਤੇ ਅੰਦਾਜ਼ ਵਿਚ ਬਗੈਰ ਇਕ ਲਫਜ਼ ਵੀ ਮੂੰਹੋਂ ਬੋਲਿਆਂ ਉਹ ਯੋਧਾ, ਦੁਰਯੋਧਨ ਦਾ ਸਾਥ ਛੱਡਣ ਬਾਰੇ ਸੋਚਣ ਤੋਂ ਵੀ ਨਾਂਹ ਕਰ ਦਿੰਦਾ ਹੈ। ਕਰਨ ਅਤੇ ਦੁਰਯੋਧਨ ਦੋਸਤੀ ਦੇ ਜਿਸ ਕੋਡ ਵਿਚ ਬੱਝੇ ਹੋਏ ਹਨ, ਉਸ ਵਿਚ ਰੱਬ ਛੱਡ ਕੇ ਰੱਬ ਦਾ ਪਿਉ ਵੀ ਆ ਜਾਵੇ, ਕਰਨ ਵਰਗੀ ਸ਼ਖਸੀਅਤ ਲਈ ਪਿੱਛੇ ਹਟਣਾ ਸੰਭਵ ਨਹੀਂ ਹੈ।




ਨਾਵਲ 'ਮਾਇਆ' ਦਾ ਮੱਥਾ

***'ਮਾਇਆ' ਪੜ੍ਹਨ ਉਪਰੰਤ ਤੁਰੰਤ ਬਾਅਦ ਮਨ ਅੰਦਰ ਸਵਾਲ ਉਠਦਾ ਹੈ ਕਿ ਨਾਵਲ ਦੀ ਨਾਇਕਾ ਬਲਬੀਰ ਭਲਾ ਕੀ ਚਾਹੁੰਦੀ ਹੈ? ਉਹ ਘਰੋਂ ਭੱਜਦੀ ਹੈ; ਵਾਰ-ਵਾਰ ਧੋਖੇ ਖਾਂਦੀ ਹੈ, ਪਰ ਉਹ ਆਪਣਾ ਸਿਰੜ ਨਹੀਂ ਛੱਡਦੀ। ਅਖੀਰ ਵਿਚ, ਕੀ ਉਸ ਦੀ ਰੂਹ ਨੂੰ ਰੱਜ ਆ ਗਿਆ ਹੈ? ਕੀ ਉਸ ਨੂੰ ਮੰਜ਼ਿਲ ਮਿਲ ਗਈ ਹੈ? ਇਸ ਕਿਸਮ ਦੇ ਸਵਾਲ ਮਨ ਅੰਦਰ ਨਿਰੰਤਰ ਉਭਰਨ ਲੱਗ ਪੈਂਦੇ ਹਨ ਅਤੇ ਇਹੋ ਲੇਖਿਕਾ ਦੀ ਸਭ ਤੋਂ ਵੱਡੀ ਕਾਮਯਾਬੀ ਹੈ।***



ਰਚਨਾਕਾਰ ਸੁਰਿੰਦਰ ਨੀਰ

'ਮਾਇਆ' ਨਾਵਲ ਬਾਰੇ ਗੱਲ ਕਰਦਿਆਂ ਪੰਨਾ 516 ਉਪਰ ਜਦੋਂ ਬਲਬੀਰ ਆਪਣੇ ਬਚਪਨ ਦੇ ਅਜ਼ੀਜ਼ ਸਾਹਿਬਜੀਤ ਨੂੰ ਇਹ ਕਹਿੰਦਿਆਂ ਮੁਖਾਤਬ ਹੁੰਦੀ ਹੈ- "ਮੈਨੂੰ...ਬੱਚਾ...ਦੇ ਦੇ...ਸਾਹਿਬ! ਪਲੀਜ਼! ਮੇਰੇ ਅੰਦਰ ਪਹਿਲੀ ਵਾਰ ਬੱਚੇ ਦੀ ਚਾਹਤ ਜਾਗੀ ਹੈ। ਮੈਂ ਤੇਰਾ ਬੀਜ ਆਪਣੀ ਕੁੱਖ 'ਚ ਪੁੰਗਰਦੇ ਅਤੇ ਫੈਲਦੇ ਮਹਿਸੂਸ ਕਰਨਾ ਚਾਹੁੰਦੀ ਹਾਂ" ਵਾਲੀਆਂ ਸਤਰਾਂ ਜਦੋਂ ਮੈਂ ਪੜ੍ਹ ਰਿਹਾ ਸਾਂ ਤਾਂ ਮੈਨੂੰ ਕਾਊਂਟ ਵਰੋਂਸਕੀ ਜਾਂ ਅੱਨਾ ਵਰਗੀਆਂ ਤਾਕਤਵਰ ਸ਼ਖਸੀਅਤਾਂ ਦੇ ਪਹਿਲੀ ਮਿਲਣੀ 'ਤੇ ਇਕ-ਦੂਜੇ ਦੀਆਂ ਨਜ਼ਰਾਂ ਤੋਂ ਡੰਗੇ ਜਾਣ ਦੇ ਪਲ ਦੀ ਖੂਬਸੂਰਤੀ ਦੀ ਇੰਤਹਾ ਵਰਗਾ ਕੋਈ ਅਹਿਸਾਸ ਤਾਂ ਮਹਿਸੂਸ ਹੋ ਹੀ ਰਿਹਾ ਸੀ। ਨਾਲ ਹੀ ਕ੍ਰਿਸ਼ਨ ਭਗਵਾਨ ਅਤੇ ਮਹਾਂਵੀਰ ਕਰਨ ਦੇ 'ਸੰਵਾਦ' ਵਾਲੀਆਂ ਮਹਾਂਭਾਰਤ ਦੀ ਮਹਾਨ ਕਥਾ ਦੇ ਅਦਭੁਤ ਦ੍ਰਿਸ਼ ਦੀਆਂ ਸ਼ਾਨਾਂ ਵੀ ਚੇਤਿਆਂ ਵਿਚ ਉਭਰੀਆਂ ਜਾ ਰਹੀਆਂ ਸਨ।

ਵੈਸੇ ਤਾਂ ਡੀ.ਐਚ. ਲਾਰੰਸ ਦਾ ਹਰ ਨਾਵਲ ਹੀ ਕਮਾਲ ਹੈ, ਪਰ 'ਲੇਡੀ ਚੈਟਰਲੀ'ਜ਼ ਲਵਰ' ਵਿਚ ਜਿਸ ਸ਼ਿਦਤ ਅਤੇ ਭਾਸ਼ਾ ਦੇ ਜਿਸ ਸੰਜਮ ਨਾਲ ਵਿਆਹ ਤੋਂ ਬਾਹਰੇ ਸਬੰਧਾਂ ਵਾਲੀ ਇਸ ਕਥਾ ਵਿਚ ਲਾਰੰਸ ਦੋਵਾਂ ਪ੍ਰੇਮੀਆਂ ਦੀ ਕਾਮ-ਕ੍ਰੀੜਾ ਬਿਆਨ ਕਰਦਾ ਹੈ, ਉਹ ਕਮਾਲ ਹੈ। ਜ਼ਿੰਦਗੀ ਦੇ ਕਿਸੇ ਵੀ ਮੁਕਾਮ 'ਤੇ ਪੜ੍ਹੇ ਨਾਵਲ ਦੇ ਉਨ੍ਹਾਂ ਹਿੱਸਿਆਂ ਦਾ ਜਾਦੂਮਈ ਬਿਆਨ ਬੰਦੇ ਦੀ ਰੂਹ ਦੇ ਧੁਰ ਅੰਦਰ ਆਪਣੀ ਛਾਪ ਛੱਡ ਜਾਂਦਾ ਹੈ। 'ਮਾਇਆ' ਵਿਚ ਜਿਸ ਸੰਜਮ ਅਤੇ 'ਰੀਝ' ਨਾਲ ਸੁਰਿੰਦਰ ਨੀਰ ਨੇ ਬਲਬੀਰ ਅਤੇ ਸਾਹਿਬਜੀਤ ਦੇ ਬੱਚਾ ਪੈਦਾ ਕਰਨ ਦਾ ਐਕਸਪੀਰੀਐਂਸ ਚਿਤਰਿਆ ਹੈ, ਉਹ ਬਹੁਤ ਪਵਿੱਤਰ ਵੀ ਹੈ ਅਤੇ ਹੁਸੀਨ ਵੀ। ਸ਼ੁਕਰ ਹੈ ਕਿ ਸਾਡੀ ਪੰਜਾਬੀ ਜ਼ੁਬਾਨ ਵਿਚ ਵੀ ਆਖਰ ਇਨਸਾਨੀ ਜ਼ਿੰਦਗੀ ਦੇ ਇਸ ਸਭ ਤੋਂ ਸੋਹਣੇ ਕੇਂਦਰੀ ਅੱਯਾਮ ਨੂੰ ਉਤਨੇ ਹੀ ਸੁੰਦਰ ਸ਼ਬਦਾਂ ਵਿਚ ਚਿਤਰਨ ਦਾ ਸਾਹਸ ਕੀਤਾ ਗਿਆ ਹੈ।

ਮਨੁੱਖੀ ਜਜ਼ਬਾਤ ਦੀ ਵਿਆਕਰਨ ਨੂੰ ਸਮਝਣ ਦੀ ਗੱਲ ਜੇ ਸ਼ੁਰੂ ਹੋ ਹੀ ਗਈ ਹੈ ਤਾਂ ਮੇਰਾ ਜੀਅ ਕਰਦਾ ਹੈ ਕਿ ਪਾਠਕਾਂ ਨਾਲ ਪ੍ਰਾਚੀਨ ਯੂਨਾਨੀ ਨਾਟਕਕਾਰ ਯੂਰੀਪੀਡਸ ਦੇ 'ਫੀਦਰਾ' ਨਾਂ ਦੇ ਨਾਟਕ ਬਾਰੇ ਵੀ ਗੱਲ ਕਰ ਲਈ ਜਾਵੇ; ਤੇ ਇਸ ਬਾਰੇ ਵੀ ਕਿ ਫੀਦਰਾ ਆਪਣੇ ਪਤੀ ਦੀ ਬੇਵਫਾਈ ਦਾ ਬਦਲਾ ਲੈਣ ਲਈ ਆਪਣੇ ਦੋ ਮਸੂਮ ਬੱਚਿਆਂ ਨੂੰ ਜਦੋਂ ਗਲਾ ਘੁੱਟ ਕੇ ਮਾਰ ਦਿੰਦੀ ਹੈ, ਤਾਂ ਅਜਿਹੇ ਭਿਆਨਕ ਕਾਰੇ ਦੇ ਬਾਵਜੂਦ ਭਲਾ ਦਰਸ਼ਕ ਉਸ ਨੂੰ ਤ੍ਰਿਸਕਾਰ ਦੀ ਭਾਵਨਾ ਨਾਲ ਕਿਉਂ ਨਹੀਂ ਵੇਖਦੇ? ਉਂਜ ਬਿਹਤਰ ਰਹੇਗਾ ਕਿ ਪਹਿਲਾਂ ਐਮਲੀ ਬਰੋਂਟੇ ਦੇ ਸ਼ਾਹਕਾਰ 'ਵੂਦਰਿੰਗ ਹਾਈਟਸ' ਬਾਰੇ ਚਰਚਾ ਕਰ ਲਈ ਜਾਵੇ। 'ਵੂਦਰਿੰਗ ਹਾਈਟਸ' ਨਾਵਲ ਦੀ ਨਾਇਕਾ ਕੈਥੀ, ਹੈੱਥਕਲਿੱਫ ਪ੍ਰਤੀ ਅੰਨ੍ਹੀ ਮੁਹੱਬਤ ਦੀ ਆਪਣੀ ਅੰਤਰ-ਆਤਮਾ ਦੀ ਕਾਲਿੰਗ ਪ੍ਰਤੀ ਉਸੇ ਸ਼ਿੱਦਤ ਅਤੇ ਸੁਹਿਰਦਤਾ ਨਾਲ ਪ੍ਰਤੀਬੱਧ ਹੈ ਜਿਸ ਤਰ੍ਹਾਂ ਬਲਬੀਰ ਪੇਂਟਿੰਗ ਦੀ ਕਲਾ ਰਾਹੀਂ ਆਪਣੀ ਆਤਮਾ ਦੇ ਹੁਸਨ ਨੂੰ ਅਭਿਵਿਅਕਤ ਕਰਨ ਦੀ ਲੋੜ ਪ੍ਰਤੀ ਹੈ। ਐਮਲੀ ਬਰੌਂਟੇ ਨੇ 1847 ਵਿਚ ਇਹ ਕਹਾਣੀ ਲਿਖੀ ਸੀ ਅਤੇ 1848 ਵਿਚ ਜਦੋਂ ਕਾਰਲ ਮਾਰਕਸ ਕਮਿਊਨਿਸਟ ਮੈਨੀਫੈਸਟੋ ਲਿਖ ਰਿਹਾ ਸੀ, ਉਹ ਮਰੀ ਤਾਂ ਉਸ ਦੀ ਉਮਰ ਅਜੇ 30 ਸਾਲ ਵੀ ਪੂਰੀ ਨਹੀਂ ਸੀ। ਨਾਵਲ ਦੀ ਕਹਾਣੀ ਵਿਚ ਨਾਇਕਾ ਕੈਥੀ ਬਚਪਨ ਵਿਚ ਹੀ ਆਪਣੇ ਪਿਤਾ ਅਰਨਸ਼ਾਅ ਵਲੋਂ ਤਰਸ ਕਰ ਕੇ ਘਰ ਲਿਆਂਦੇ ਹੈਥਕਲਿੱਫ ਨਾਂ ਦੇ ਅਨਾਥ, ਕਾਲੇ ਕਲੂਟੇ ਬੱਚੇ ਨਾਲ ਅਤਿਅੰਤ ਭਿਆਨਕ ਮੁਹੱਬਤ ਦੇ ਜਜ਼ਬੇ ਵਿਚ ਬੱਝ ਜਾਂਦੀ ਹੈ ਪਰ ਉਸ ਨੂੰ ਹਾਲਾਤ ਦੀ ਮਜਬੂਰੀਵਸ ਵਿਆਹ 'ਵੂਦਰਿੰਗ ਹਾਈਟਸ' ਦੇ ਨੇੜੇ ਹੀ 'ਥਰੈਸ਼ਕਰੋਸ ਗਰੇਂਜ' ਫਾਰਮ ਹਾਊਸ ਵਿਚਲੇ ਲਿੰਟਨ ਨਾਂ ਦੇ ਸਰਦਾਰਾਂ ਦੇ ਮੁੰਡੇ ਨਾਲ ਕਰਾਉਣਾ ਪੈ ਜਾਂਦਾ ਹੈ। ਕਮਾਲ ਇਹ ਹੈ ਕਿ ਲਿੰਟਨ ਵੀ ਕੈਥੀ ਨੂੰ ਬੇਹੱਦ ਮੁਹੱਬਤ ਕਰਦਾ ਹੈ। ਉਸ ਦੇ ਮਨ ਅੰਦਰ ਕੈਥੀ ਪ੍ਰਤੀ ਬੇਹੱਦ ਸਤਿਕਾਰ ਵੀ ਹੈ, ਪਰ ਕੈਥੀ ਹੈ ਕਿ ਹੈੱਥਕਲਿੱਫ ਵਰਗੇ ਕਾਲੇ ਭੂਤ ਦੀ ਯਾਦ ਇਕ ਪਲ ਲਈ ਵੀ ਨਹੀਂ ਭੁੱਲਦੀ। ਉਸ ਦਾ ਇਹ ਜਜ਼ਬਾ ਹੀ ਉਸ ਦੀ ਜਾਨ ਦਾ ਖੌਅ ਬਣ ਜਾਂਦਾ ਹੈ ਅਤੇ ਨਤੀਜੇ ਵਜੋਂ ਕੈਥੀ ਦੀ ਜਾਨ ਤਾਂ ਜਾਂਦੀ ਹੀ ਜਾਂਦੀ ਹੈ- ਜਿਸ ਕਿਸਮ ਦੀ ਬਰਬਾਦੀ ਅਤੇ ਬਦਲੇ ਦੀ ਅੱਗ ਦਾ ਸ਼ਿਕਾਰ ਦੋਵੇਂ ਪਰਿਵਾਰ ਹੁੰਦੇ ਹਨ, ਉਹਦੀ ਕਹਾਣੀ ਇਕ ਵਾਰੀ ਪੜ੍ਹ ਲੈਣ ਤੋਂ ਬਾਅਦ ਫਿਰ ਉਮਰ ਭਰ ਚੇਤੇ ਆਉਂਦਿਆਂ ਹੀ ਆਦਮੀ ਨੂੰ ਕੱਚੀਆਂ ਤਰੇਲੀਆਂ ਆਉਂਦੀਆਂ ਰਹਿੰਦੀਆਂ ਹਨ।

ਮੇਰੀ ਜਾਚੇ ਕੈਥੀ ਵੀ ਬਲਬੀਰ ਦੀ ਭੈਣ ਹੀ ਸੀ। ਇਹ ਵੱਖਰੀ ਗੱਲ ਹੈ ਕਿ ਉਸ ਦੀ ਆਤਮਾ ਦੀ ਤਲਾਸ਼ ਦਾ ਦੁਖਾਂਤ ਐਮਲੀ ਬਰੌਂਟੇ ਨੇ ਮੂਲੋਂ ਹੀ ਵੱਖਰੀ ਤਰ੍ਹਾਂ ਉਜਾਗਰ ਕੀਤਾ ਹੈ।

ਕੈਥੀ ਤੋਂ ਬਾਅਦ ਮਨ ਅੰਦਰ ਸਾਡੇ ਇਸ ਮਹਾਂਕਾਵਿਕ ਨਾਵਲ ਦੀ ਨਾਇਕਾ ਬਲਬੀਰ ਦੇ ਇਕ ਹੋਰ 'ਰੂਹਾਨੀ ਭਾਈ' ਵਿਨਸੈਂਟ ਵਾਨਗੌਗ ਦੀ ਯਾਦ ਆਉਣੀ ਸ਼ੁਰੂ ਹੋ ਗਈ ਹੈ। 1850-55 ਦੇ ਆਸਪਾਸ ਹਾਲੈਂਡ ਦੇ ਜ਼ੁੰਕਰੇ ਨਾਂ ਦੇ ਕਿਸੇ ਦੁਰੇਡੇ ਕਸਬੇ ਵਿਚ ਜਨਮ ਲੈਣ ਵਾਲੇ ਦੁਨੀਆਂ ਦੇ ਇਸ ਮਹਾਨ ਚਿਤਰਕਾਰ ਨੂੰ ਜ਼ਿੰਦਗੀ ਭਰ ਉਨ੍ਹਾਂ ਸਮਿਆਂ ਦੇ ਕਲਾ ਜਗਤ ਵਿਚ ਕੋਈ ਸਵੀਕ੍ਰਿਤੀ ਨਾ ਮਿਲੀ। ਉਹ ਕੇਵਲ 34 ਕੁ ਵਰ੍ਹਿਆਂ ਦੀ ਛੋਟੀ ਉਮਰ ਵਿਚ ਹੀ ਆਤਮ-ਹੱਤਿਆ ਕਰ ਗਿਆ, ਪਰ ਹਰ ਤਰ੍ਹਾਂ ਦੇ ਦੁੱਖਾਂ ਅਤੇ ਭੁੱਖਾਂ ਨਾਲ ਜੂਝਦਿਆਂ ਜ਼ਿੰਦਗੀ ਦੇ ਅਰਥਾਂ ਦੀ ਤਲਾਸ਼ ਜਿਸ ਜਜ਼ਬੇ ਅਤੇ ਸ਼ਿੱਦਤ ਨਾਲ ਉਸ ਨੇ ਜਾਰੀ ਰੱਖੀ- ਇਰਵਿੰਗ ਸਟੋਨ ਨਾਂ ਦੇ ਨਾਵਲਕਾਰ ਨੇ ਸਾਲ 1934 ਵਿਚ ਉਸ ਨੂੰ 'ਲਸਟ ਫਾਰ ਲਾਈਫ' ਸਿਰਲੇਖ ਹੇਠਲੇ ਨਾਵਲ ਵਿਚ ਉਤਾਰ ਕੇ ਵਾਨਗੌਗ ਦੇ ਮਹਾਤਮ ਨੂੰ ਦੁਨੀਆਂ ਭਰ ਦੇ ਕਲਾ ਪ੍ਰੇਮੀਆਂ ਅੱਗੇ ਹਮੇਸ਼ਾ ਹਮੇਸ਼ਾ ਲਈ ਉਜਾਗਰ ਕਰ ਦਿੱਤਾ।

ਸੁਰਿੰਦਰ ਨੀਰ ਦੀ ਕਥਾ ਵਿਚ ਨਾਵਲ ਦੀ ਨਾਇਕਾ ਬਲਬੀਰ ਅਤੇ ਸਾਹਿਬਜੀਤ ਦੇ ਰਿਸ਼ਤੇ ਦੀ ਅਹਿਮੀਅਤ ਤਾਂ ਹੈ ਹੀ, ਬਲਬੀਰ ਵਲੋਂ ਆਪਣੇ ਤੋਂ ਛੋਟੀ ਉਮਰ ਦੇ ਆਪ ਦੀ ਪਿਆਰੀ ਮਿੱਤਰ ਸਪਰਸ਼ ਦੇ ਭਾਈ ਸਾਹਿਬਜੀਤ ਨਾਲ ਪਹਿਲੇ ਤੁਆਰਫ 'ਤੇ ਬੜੀ ਹੀ ਅਪਣੱਤ ਨਾਲ ਜਿਸ ਕਿਸਮ ਦਾ ਪਹਿਲਾ ਚੁੰਮਣ ਦਿੱਤਾ ਜਾਂਦਾ ਹੈ, ਉਸ ਦੀ ਰਹੱਸਮਈ ਪਵਿੱਤਰਤਾ ਅਤੇ ਸਦੀਵੀ ਜਾਦੂਈ ਪ੍ਰਭਾਵ ਦਾ ਜ਼ਿਕਰ ਨਾਵਲ ਦੇ ਸਾਰੇ ਵਿਸ਼ਾਲ ਕਥਾਨਕ ਉਪਰ ਹੀ ਫੈਲਿਆ ਹੋਇਆ ਹੈ।

'ਮਾਇਆ' ਦੇ ਪੰਨਾ 123 ਉਪਰ ਇਸ ਹੁਸੀਨ ਇਤਫਾਕ ਨੂੰ ਸੁਰਿੰਦਰ ਨੀਰ ਇੰਜ ਬਿਆਨ ਕਰਦੀ ਹੈ: ਬਿੱਲੀ ਸਪਰਸ਼ ਦੀ ਸਹੇਲੀ ਸੀ। ਸਾਰੇ ਘਰਦਿਆਂ ਨੂੰ ਮਿਲਣ ਬਾਅਦ ਸਪੀ ਨੇ ਜਦ ਸਾਹਿਬ ਨਾਲ ਮਿਲਾਇਆ, ਉਸ ਨੂੰ ਦੱਸਿਆ ਕਿ ਇਹ ਮੇਰਾ ਛੋਟਾ ਜਿਹਾ ਲਾਡਲਾ ਵੀਰ ਹੈ ਤਾਂ ਬਿੱਲੀ ਨੇ ਉਸ ਦੀਆਂ ਗੱਲ੍ਹਾਂ ਨੂੰ ਛੂੰਹਦਿਆਂ ਪਿਆਰ ਨਾਲ ਚੁੰਮੀ ਲੈ ਲਈ ਸੀ।... ... ਕਾਫੀ ਸਮਾਂ ਬਾਅਦ ਸਾਹਿਬ ਨੇ ਇਕ ਦਮ ਆਪਣੀਆਂ ਗੱਲ੍ਹਾਂ 'ਤੇ ਹੱਥ ਰੱਖ ਦਿੱਤੇ। ਉਸ ਦੇ ਚੁੰਮਣ ਦੇ ਸੇਕ ਨਾਲ ਹੁਣ ਵੀ ਉਸ ਦੀਆਂ ਗੱਲ੍ਹਾਂ ਭਖ ਉਠੀਆਂ ਸਨ।...

ਤੇ ਫਿਰ ਪੰਨਾ 518 ਉਪਰ ਸਾਹਿਬਜੀਤ ਦੀ ਪਤਨੀ ਸੂਖਮ ਲਈ ਜਦੋਂ ਬੱਚਾ ਪੈਦਾ ਕਰਨ ਦੀ ਗੱਲ ਚੱਲਦੀ ਹੈ ਤਾਂ ਇਕ ਜਗ੍ਹਾ 'ਤੇ ਸਾਹਿਬਜੀਤ ਬਲਬੀਰ ਨੂੰ ਪੁੱਛਦਾ ਹੈ ਕਿ

"ਤੂੰ ਵੀ ਮੈਨੂੰ ਮੁਹੱਬਤ ਕਰਦੀ ਰਹੀ ਹੈਂ?"

"ਬਹੁਤ ... ਬੇਹੱਦ ... ਬੇਇੰਤਹਾ ... ਉਦੋਂ ਤੋਂ ਹੀ ਜਦੋਂ ਤੂੰ ਅਜੇ ਬੱਚਾ ਸੀ। ਤੇਰੇ ਬਰਥਡੇ ਵਾਲੇ ਦਿਨ ਮੈਂ ਤੇਰੇ ਮੱਥੇ 'ਤੇ ਚੁੰਮਣ ਦਿੱਤਾ ਸੀ।"

ਤੇ ਫਿਰ ਸਾਹਿਬਜੀਤ ਅਤੇ ਤਾਬਿੰਦਾ ਰਾਣੀ ਖੇਤ ਕਲਾ ਮੇਲੇ 'ਤੇ ਜਦੋਂ ਮਾਇਆ ਨੂੰ ਮਿਲਣ ਜਾਂਦੇ ਹਨ ਤਾਂ ਨਾਵਲ ਦੇ ਪੰਨਾ 457 ਉਪਰ

(ਬਾਕੀ ਸਫਾ 33 ਉਤੇ)

ਗੁਰਦਿਆਲ ਸਿੰਘ ਬੱਲ

# ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ

ਮੇਰੀ ਜਪੁਜੀ ਸਾਹਿਬ ਬਾਰੇ ਪੁਸਤਕ ਪੜ੍ਹਨ ਉਪਰੰਤ ਇਕ ਸੱਜਣ ਨੇ ਫੋਨ ਕਰ ਕੇ ਪ੍ਰਸ਼ੰਸਾ ਕੀਤੀ ਤੇ ਪੁਛਿਆ, "ਜੀ ਤੁਸੀਂ ਹੋਮਿਓਪੈਥੀ ਵਾਲੇ ਸਮਰਾਓ ਹੋ ਜਾਂ ਕੋਈ ਹੋਰ?" "ਹੋਰ ਕਾਹਨੂੰ, ਜੀ ਮੈਂ ਓਹੀਓ ਹਾਂ।" ਮੈਂ ਉਤਰ ਦਿਤਾ। ਉਸ ਨੇ ਕਿਹਾ, "ਡਾਕਟਰ ਸਾਹਿਬ, ਹੋਮਿਓਪੈਥੀ ਤੇ ਜਪੁਜੀ ਸਾਹਿਬ ਦਾ ਕੀ ਮੇਲ?" ਮੈਨੂੰ ਲੱਗਿਆ ਜਿਵੇਂ ਉਸ ਨੂੰ ਮੇਰੀ ਦੋ ਵਿਭਿੰਨ ਵਿਸ਼ਿਆਂ ਵਿਚ ਦਿਲਚਸਪੀ ਨਾਲ ਅਚੰਭਾ ਹੋ ਰਿਹਾ ਹੋਵੇ ਤੇ ਉਹ ਪੁੱਛ ਰਿਹਾ ਹੋਵੇ ਕਿ ਮੈਂ ਇਨ੍ਹਾਂ ਦੋਹਾਂ ਨਾਲ ਇਨਸਾਫ ਕਿਵੇਂ ਕਰਦਾ ਹਾਂ? ਮੈਂ ਕਿਹਾ, "ਜੀ ਮੇਰਾ ਅਸਲ ਵਿਸ਼ਾ ਤਾਂ ਰਾਜਨੀਤੀ ਵਿਗਿਆਨ ਹੈ ਪਰ ਜ਼ਿੰਦਗੀ ਦੇ ਸਭ ਵਿਸ਼ੇ ਮੇਰੇ ਆਪਣੇ ਹੀ ਹਨ।" ਸੁਣ ਕੇ ਸੱਜਣ ਕਹਿਣ ਲਗਿਆ, "ਪਰ ਧਰਮ ਤਾਂ ਬਿਲਕੁਲ ਵਖਰਾ ਵਿਸ਼ਾ ਹੈ। ਕੀ ਇਸ ਪਾਸੇ ਝੁਕਾਅ ਕਿਸੇ ਸੰਤ ਮਹਾਂਪੁਰਸ਼ ਦੇ ਪ੍ਰਭਾਵ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-991-4249

ਹੇਠ ਹੋਇਆ?" "ਜੀ ਨਹੀਂ। ਮੇਰਾ ਕਿਸੇ ਸੰਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।" ਮੇਰਾ ਜੁਆਬ ਸੀ।

ਸੱਜਣ ਮੈਨੂੰ ਸਮਝਾਉਂਦਿਆਂ ਕਹਿਣ ਲੱਗਿਆ, "ਸੰਤਾਂ ਨਾਲ ਲੈਣਾ-ਦੇਣਾ ਰਖਣਾ ਵੀ ਕੋਈ ਮੇਹਣੇ ਵਾਲਾ ਕੰਮ ਨਹੀਂ। ਉਹ ਤਾਂ ਮੁਕਤੀ ਦਾ ਹੀ ਰਸਤਾ ਦੱਸਦੇ ਹਨ।" ਇਹ ਸੁਣ ਕੇ ਮੈਨੂੰ ਲਗਿਆ ਕਿ ਗੱਲ ਕਸੂਤੇ ਪਾਸੇ ਚਲ ਪਈ ਹੈ ਤੇ ਇਸ ਨੂੰ ਉਥੇ ਹੀ ਰੋਕਿਆ ਜਾਵੇ। ਪਰ ਫਿਰ ਮਨ ਵਿਚ ਆਇਆ ਕਿ ਕੁਰਾਹੇ ਪਈ ਗੱਲ ਨੂੰ ਰਾਹੇ ਪਾ ਕੇ ਹੀ ਛੱਡਿਆ ਜਾਵੇ। ਉਸ ਦੇ ਵਿਚਾਰਾਂ ਦੀ ਤਾਈਦ ਕਰਦਿਆਂ ਮੈਂ ਕਿਹਾ, "ਭਾਈ ਸਾਹਿਬ, ਮੁਕਤੀ ਵਾਲੇ ਸੰਤਾਂ ਦੀ ਤਾਂ ਮੈਨੂੰ ਹਮੇਸ਼ਾ ਭਾਲ ਰਹਿੰਦੀ ਹੈ ਤੇ ਕਈ ਤਾਂ ਮੈਨੂੰ ਲੱਭ ਵੀ ਗਏ ਹਨ।" "ਕਿਹੜੇ ਭਲਾ?" ਸੱਜਣ ਨੇ ਉਤਸੁਕਤਾ ਨਾਲ ਪੁੱਛਿਆ। "ਵੀਰ ਜੀਓ, ਮੇਰੇ ਸੰਤਾਂ ਦੀ ਚਾਲ ਬੜੀ ਨਿਰਾਲੀ ਹੈ। ਉਹ ਕਿਤੇ ਦੂਰ ਨਹੀਂ, ਸਾਡੇ ਦੁਆਲੇ ਹੀ ਰਹਿੰਦੇ ਹਨ ਤੇ ਸਾਦੇ ਬਾਣੇ ਵਿਚ ਖਿਲੰਦਿਆਂ ਪਿਲੰਦਿਆਂ ਹੀ ਸਹੀ ਮਾਰਗ ਦਸਦੇ ਹਨ। ਜਾਣਨਾ ਚਾਹੋਗੇ ਉਨ੍ਹਾਂ ਬਾਰੇ?" ਮੈਂ ਬੋਲਿਆ। "ਜ਼ਰੂਰ! ਜ਼ਰੂਰ!!" ਉਹ ਗਰਮਜੋਸ਼ੀ ਨਾਲ ਬੋਲਿਆ। ਮੈਨੂੰ ਕੁਝ ਸੱਚੇ ਪ੍ਰਸੰਗ ਯਾਦ ਆਏ ਜਿਨ੍ਹਾਂ 'ਚੋਂ ਇਕ ਮੈਂ ਉਸ ਨੂੰ ਸੁਣਾਇਆ। ਇਸ ਨੂੰ ਬਿਨਾਂ ਨਾਂ ਥਾਂ ਬਦਲੇ ਇਥੇ ਪੇਸ਼ ਕਰ ਰਿਹਾ ਹਾਂ।

ਸੰਨ 1973 ਦੀ ਗੱਲ ਹੈ। ਉਦੋਂ ਮੈਂ ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਵਿਚ ਹਿਸਟਰੀ ਦਾ ਲੈਕਚਰਾਰ ਸਾਂ ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਘੇਰੇ ਵਿਚ ਪੈਂਦਾ ਸੀ। ਉਸ ਸਾਲ ਇਸ ਯੂਨੀਵਰਸਿਟੀ ਦੇ ਹਿਸਟਰੀ ਵਿਭਾਗ ਵਿਚ ਇਕ ਸਮਰ-ਇੰਸਟੀਚਿਊਟ ਲਗਣਾ ਸੀ ਜਿਸ ਵਿਚ ਉਤਰੀ ਭਾਰਤ ਦੇ ਕਈ ਕਾਲਜਾਂ ਦੇ ਹਿਸਟਰੀ ਅਧਿਆਪਕਾਂ ਨੇ ਭਾਗ ਲੈਣਾ ਸੀ। ਸਾਡਾ ਕਾਲਜ ਯੂਨੀਵਰਸਿਟੀ ਅਧੀਨ ਹੋਣ ਕਰਕੇ ਮੈਨੂੰ ਵੀ ਹਿਸਟਰੀ ਵਿਭਾਗ ਦੇ ਮੁਖੀ ਡਾ. ਜੇ ਐਸ ਗਰੇਵਾਲ ਵਲੋਂ ਇਸ ਵਿਚ ਸ਼ਾਮਲ ਹੋਣ ਦਾ ਸੱਦਾ-ਪੱਤਰ ਆਇਆ। ਤੀਹ ਦਿਨਾਂ ਦਾ ਇਹ ਇੰਸਟੀਚਿਊਟ ਪਹਿਲੀ ਜੂਨ ਤੋਂ ਚਾਲੂ ਹੋਣਾ ਸੀ ਤੇ ਡਾ. ਗਰੇਵਾਲ ਹੀ ਇਸ ਦੇ ਡਾਇਰੈਕਟਰ ਸਨ।

ਮੈਂ ਡਾ. ਜੇ ਐਸ ਗਰੇਵਾਲ ਬਾਰੇ ਕਾਫੀ ਕੁਝ ਪੜ੍ਹਿਆ ਸੁਣਿਆ ਹੋਇਆ ਸੀ। ਉਹ ਪੰਜਾਬ ਦੇ ਇਤਿਹਾਸ ਦੇ ਨਾਮਾਵਰ ਵਿਦਵਾਨ ਸਨ ਤੇ ਉਸ ਵੇਲੇ ਦੇ ਉਭਰਦੇ ਇਤਿਹਾਸਕਾਰਾਂ ਵਿਚੋਂ ਸਭ ਤੋਂ ਸਿਰਕੱਢ ਸਨ। ਉਨ੍ਹਾਂ ਦਿਨਾਂ ਵਿਚ ਉਨ੍ਹਾਂ ਦੀ ਪੁਸਤਕ 'ਇਤਿਹਾਸ ਵਿਚ ਗੁਰੂ ਨਾਨਕ' ਦੀ ਬਹੁਤ ਚਰਚਾ ਸੀ। ਗੁਰਦੁਆਰਾ ਸੁਖਚੈਨਆਣਾ ਸਾਹਿਬ ਦਾ ਇਤਿਹਾਸ ਲਿਖਣ ਵੇਲੇ ਮੈਂ ਉਨ੍ਹਾਂ ਦੀਆਂ ਲਿਖਤਾਂ ਦਾ ਬਹੁਤ ਸਹਾਰਾ ਲਿਆ ਸੀ ਤੇ ਉਨ੍ਹਾਂ ਦੀ ਇਤਿਹਾਸਕਾਰੀ ਦਾ ਮੈਂ ਦਿਲੋਂ ਪ੍ਰਸ਼ੰਸਕ ਸਾਂ। ਮੇਰੇ ਇਕ ਪੂਜਨੀਕ ਅਧਿਆਪਕ ਨੇ ਉਨ੍ਹਾਂ ਦੀ ਤਾਰੀਫ ਕਰਦਿਆਂ ਇਕ ਵਾਰ ਕਿਹਾ ਸੀ, "ਜੇ ਜੀਵਨ ਵਿਚ ਕਦੇ ਪੀ ਐਚ ਡੀ ਕਰੇਂ ਤਾਂ ਕੇਵਲ ਡਾ. ਗਰੇਵਾਲ ਨਾਲ ਕਰੀਂ। ਉਸ ਜਿਹਾ ਵਿਦਵਾਨ ਸਾਰੇ ਪੰਜਾਬ ਵਿਚ ਨਹੀਂ।" ਉਨ੍ਹਾਂ ਨੇ ਇਸ ਕੰਮ ਲਈ ਮੈਨੂੰ ਡਾ. ਗਰੇਵਾਲ ਕੋਲ ਆਪ ਲੈ ਕੇ ਚਲਣ ਦਾ ਵਾਅਦਾ ਕੀਤਾ ਸੀ। ਇਸ ਦੇ ਬਾਵਜੂਦ ਮੈਂ ਹਾਲੇ ਡਾ. ਗਰੇਵਾਲ ਨੂੰ ਕਦੇ ਮਿਲਿਆ ਨਹੀਂ ਸਾਂ।

ਸੋ ਇਸ ਵਿਦਵਾਨ ਇਤਿਹਾਸਕਾਰ ਨੂੰ ਮਿਲਣ ਦੇ ਉਤਸ਼ਾਹ ਨਾਲ ਮੈਂ 31 ਮਈ ਨੂੰ ਅੰਮ੍ਰਿਤਸਰ ਨੂੰ ਰਵਾਨਾ ਹੋ ਗਿਆ। ਕਿਉਂਕਿ ਇੰਸਟੀਚਿਊਟ ਦਾ ਉਦਘਾਟਨ ਅਗਲੇ ਦਿਨ ਸਵੇਰੇ 10 ਵਜੇ ਹੋਣਾ ਸੀ ਇਸ ਲਈ ਸਮੂਹ ਮਹਿਮਾਨ ਅਧਿਆਪਕਾਂ ਨੂੰ ਇਕ ਦਿਨ ਪਹਿਲਾਂ ਪਹੁੰਚਣ ਲਈ ਹੀ ਸਦਿਆ ਗਿਆ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣੀ ਨੂੰ ਹਾਲੇ ਚਾਰ ਕੁ ਸਾਲ ਹੀ ਹੋਏ ਸਨ। ਇਸ ਲਈ ਬਹੁਤੇ ਵਿਭਾਗ ਅਧ-ਬਣੀਆਂ ਇਮਾਰਤਾਂ ਵਿਚ ਹੀ ਚਲ ਰਹੇ ਸਨ। ਹਿਸਟਰੀ ਵਿਭਾਗ ਇਕ ਹੋਸਟਲ ਦੀ ਦੂਜੀ ਮੰਜ਼ਿਲ 'ਤੇ ਸਥਿਤ ਸੀ।

ਜਦੋਂ ਮੈਂ ਉਥੇ ਪਹੁੰਚਿਆ ਦੁਪਹਿਰ ਦੇ ਦੋ ਵਜੇ ਸਨ ਤੇ ਕੜਕਦੀ ਧੁੱਪ ਪੈ ਰਹੀ ਸੀ। ਲਾਲ ਇੱਟਾਂ ਦੇ ਹੋਸਟਲ ਦੀਆ ਪੌੜੀਆਂ ਚੜਦਿਆਂ ਕਪੜੇ ਪਸੀਨੇ ਨਾਲ ਤਰ ਹੋ ਗਏ। ਵਿਦਿਆਰਥੀਆਂ ਨੂੰ ਛੁੱਟੀਆਂ ਹੋਣ ਕਰ ਕੇ ਕਿਧਰੇ ਕੋਈ ਚਹਿਲ-ਪਹਿਲ ਨਹੀਂ ਸੀ। ਵਿਭਾਗ ਦੇ ਆਲੇ-ਦੁਆਲੇ ਵੀ ਕੋਈ ਬੰਦਾ ਨਜ਼ਰ ਨਹੀਂ ਸੀ ਆ ਰਿਹਾ। ਚੁਫੇਰੇ ਸੁੰਨ ਸਾਨ ਛਾਈ ਹੋਈ ਸੀ। ਦਫਤਰ ਵਿਚ ਵੀ ਕੇਵਲ ਦੋ ਕਲਰਕ ਤੇ ਇਕ ਸੇਵਾਦਾਰ ਹੀ ਬੈਠੇ ਨਜ਼ਰ ਆਏ। ਇਹ ਸਭ ਕੁਝ ਵੇਖ ਮੈਨੂੰ ਸਮਾਗਮ ਦਾ ਕੰਮ ਢਿੱਲਾ ਲਗਿਆ। ਮੇਰੇ ਸਭ ਅਰਮਾਨ ਠੰਡੇ ਹੁੰਦੇ ਦਿਖਾਈ ਦੇਣ ਲਗੇ ਤੇ ਮੈਨੂੰ ਬੀਵੀ ਬੱਚਿਆਂ ਨੂੰ ਘਰੇ ਇਕਲੇ ਛੱਡ ਉਥੇ ਪਹੁੰਚਣਾ ਵੀ ਬੇਕਾਰ ਲੱਗਿਆ। ਮੇਰੇ ਅਫਸੋਸ ਦੀ ਉਦੋਂ ਤਾਂ ਹੱਦ ਨਾ ਰਹੀ ਜਦੋਂ ਮੈਨੂੰ ਪਸੀਨੇ ਨਾਲ ਲੱਥ-ਪੱਥ ਹੋਏ ਨੂੰ ਟਾਈਪ ਕਰ ਰਹੇ ਦੋਵੇਂ ਮੋਨੇ ਕਲਰਕਾਂ ਨੇ ਅੱਖ ਚੁੱਕ ਕੇ ਵੀ ਨਾ ਦੇਖਿਆ। ਇੰਨੇ ਨੂੰ ਸੇਵਾਦਾਰ ਨੇ, ਜੋ ਉਨ੍ਹਾਂ ਦੀਆਂ ਮੇਜ਼ਾਂ ਸਾਹਮਣੇ ਕੁਰਸੀ 'ਤੇ ਬੈਠਾ ਸੀ, ਹੌਲੇ ਜਿਹੇ ਪੁਛਿਆ, "ਇੰਸਟੀਚਿਊਟ ਲਈ ਆਏ ਹੋ?" ਮੈਂ ਕਿਹਾ, "ਹਾਂ।" ਮੇਰੀ ਰੁੱਖੀ ਜਿਹੀ ਹਾਂ ਸੁਣ ਕੇ ਵੀ ਕਲਰਕਾਂ ਦੇ ਕੰਨ 'ਤੇ ਜੂੰ ਨਾ ਸਰਕੀ। ਸੇਵਾਦਾਰ ਦੀ ਕਰੜ ਬਰੜ ਦਾਹੜੀ ਕਈ ਥਾਂਵਾਂ 'ਤੇ ਧਾਗੇ ਤੋਂ ਬਾਹਰ ਨਿਕਲੀ ਪਈ ਸੀ ਤੇ ਪਗੜੀ ਕੰਮ ਕਾਰ ਦੇ ਬੋਝ ਨਾਲ ਢਿੱਲੀ ਹੋਈ ਪਈ ਸੀ।

"ਕੀ ਨਾਂ ਐ ਜ਼ਨਾਬ ਦਾ?" ਸੇਵਾਦਾਰ ਖੜ੍ਹਾ ਹੋ ਕੇ ਆਪਣੇ ਕਲਾਸ ਫੋਰ ਲਹਿਜ਼ੇ ਵਿਚ ਫਿਰ ਬੋਲਿਆ।

"ਗੋਬਿੰਦਰ ਸਿੰਘ", ਮੈਂ ਦੱਸਿਆ। ਉਨ੍ਹਾਂ ਦਿਨਾਂ ਵਿਚ ਮੈਂ ਆਪਣੇ ਨਾਲ ਆਪਣਾ ਗੋਤ ਸਮਰਾਓ ਨਹੀਂ ਸੀ ਲਾਉਂਦਾ।

"ਇਨਵੀਟੇਸ਼ਨ ਲੈਟਰ ਦਿਓ।" ਉਹ ਬੋਲਿਆ। ਕਲਰਕ ਹਾਲੇ ਵੀ ਮੇਰੇ ਵਲ ਕੋਈ ਧਿਆਨ ਨਹੀਂ ਸਨ ਦੇ ਰਹੇ। ਮੈਂ ਹੈਰਾਨ ਸਾਂ ਕਿ ਜਿਨ੍ਹਾਂ ਕਲਰਕਾਂ ਨੇ ਲੈਟਰ ਵੇਖਣਾ ਹੈ ਉਹ ਬੈਠੇ ਅਫਸਰਸ਼ਾਹੀ ਕਰ ਰਹੇ ਹਨ ਤੇ ਕਲਰਕਾਂ ਦਾ ਕੰਮ ਸੇਵਾਦਾਰ ਕਰ ਰਿਹਾ ਹੈ! ਉਸ ਨੂੰ ਲੈਟਰ ਕੱਢ ਕੇ ਦਿੰਦਿਆਂ ਮੈਨੂੰ ਆਪਣੀ ਨਿਰਾਦਰੀ ਦਾ ਅਹਿਸਾਸ ਹੋਇਆ। ਸੇਵਾਦਾਰ ਨੇ ਮੇਰੇ ਇਨਵੀਟੇਸ਼ਨ ਲੈਟਰ 'ਤੇ ਸਰਸਰੀ ਨਜ਼ਰ ਮਾਰੀ ਤੇ ਕਲਰਕ ਨੂੰ ਫੜਾਉਂਦਿਆਂ ਬੋਲਿਆ, "ਸ਼ਰਮਾ ਜੀ, ਪ੍ਰੋ. ਗੋਬਿੰਦਰ ਸਿੰਘ ਫਗਵਾੜੇ ਤੋਂ ਆਏ ਹਨ, ਐਂਟਰੀ ਕਰ ਦਿਓ। ਇਨ੍ਹਾਂ ਨੂੰ ਸੋਲਾਂ ਨੰਬਰ ਕਮਰਾ ਅਲਾਟ ਕਰ ਦਿਓ।" ਇੰਨਾ ਕਹਿ ਕੇ ਉਸ ਨੇ ਮੈਨੂੰ ਆਪਣੀ ਕੁਰਸੀ 'ਤੇ ਬੈਠਣ ਲਈ ਇਸ਼ਾਰਾ ਕੀਤਾ ਤੇ ਸਾਹਮਣੇ ਪਈ ਟਰੇਅ ਵਿਚੋਂ ਪਾਣੀ ਦਾ ਭਰਿਆ ਇਕ ਗਲਾਸ ਚੁੱਕ ਕੇ ਪੀਣ ਲਈ ਦਿਤਾ। ਕਲਰਕ ਨੇ ਰਜਿਸਟਰ ਵਿਚ ਮੇਰੇ ਪਹੁੰਚਣ ਦੀ ਇਤਲਾਹ ਪਾ ਕੇ ਕਮਰੇ ਦੀ ਚਾਬੀ ਮੈਨੂੰ ਫੜਾਉਣ ਲਈ ਅੱਗੇ ਕੀਤੀ ਤਾਂ ਸਾਹਮਣੇ ਖੜ੍ਹੇ ਸੇਵਾਦਾਰ ਨੇ ਕਿਹਾ, "ਲਿਆਓ ਮੈਨੂੰ ਦੇ ਦਿਓ।" ਇਹ ਕਹਿ ਕੇ ਉਸ ਨੇ ਮੇਰਾ ਅਟੈਚੀ ਤੇ ਬਿਸਤਰਾ ਚੁੱਕ ਲਏ ਤੇ ਕਹਿਣ ਲਗਾ, "ਆਓ ਜੀ ਮੈਂ ਤੁਹਾਨੂੰ ਤੁਹਾਡੇ ਕਮਰੇ ਵਿਚ ਛੱਡ ਦਿਆਂ।" ਮੈਨੂੰ ਬੜੀ ਰਾਹਤ ਮਿਲੀ ਤੇ ਮੈਂ ਆਪਣਾ ਨਿੱਕਾ ਜਿਹਾ ਬੈਗ ਮੋਢੇ 'ਤੇ ਲਟਕਾ ਕੇ ਟਹਿਲਦਾ ਉਸ ਦੇ ਪਿੱਛੇ ਚਲ ਪਿਆ।

ਕਈ ਵਰਾਂਡਿਆਂ ਵਿਚੋਂ ਦੀ ਘੁੰਮਦਾ ਤੇ ਕਈ ਪੌੜੀਆਂ ਚੜ੍ਹਦਾ-ਉਤਰਦਾ ਉਹ ਮੈਨੂੰ ਇਕ ਹੋਰ ਹੋਸਟਲ ਦੀ ਤੀਜੀ ਮੰਜ਼ਿਲ 'ਤੇ ਲੈ ਗਿਆ। ਉਥੇ ਇਕ ਕਮਰੇ ਦਾ ਤਾਲਾ ਖੋਲ੍ਹ ਕੇ ਮੈਨੂੰ ਚਾਬੀ ਦਿੰਦਿਆਂ ਕਹਿਣ ਲੱਗਾ, "ਲਓ ਜੀ ਇਹ ਤੁਹਾਡਾ ਕਮਰਾ ਹੈ।" ਉਹ ਹਾਲੀ ਸਾਮਾਨ ਅੰਦਰ ਰੱਖ ਹੀ ਰਿਹਾ ਸੀ ਕਿ ਮੈਂ ਆਲਾ-ਦੁਆਲਾ ਦੇਖ ਤੌਖਲਾ ਜ਼ਾਹਰ ਕੀਤਾ, "ਸਰਦਾਰ ਜੀ, ਇਥੇ ਹਾਲੇ ਬੱਸ ਮੈਂ ਹੀ ਆਇਆ ਹਾਂ?" ਮੇਰੇ ਮਨ ਦੀ ਹਾਲਤ ਸਮਝਦਿਆਂ ਉਹ ਬੋਲਿਆ, "ਇਨ੍ਹਾਂ ਕਮਰਿਆਂ ਵਿਚ ਕਈ ਡੈਲੀਗੇਟ ਆ ਚੁੱਕੇ ਹਨ। ਐਸ ਵੇਲੇ ਆਰਾਮ ਕਰ ਰਹੇ ਹੋਣਗੇ। ਉਰ ਸਾਹਮਣੇ ਬਾਥਰੂਮ ਹੈ। ਉਥੇ ਹੀ ਪੀਣ ਦੇ ਪਾਣੀ ਦਾ ਨਲਕਾ ਹੈ। ਹੇਠਲੀ ਮੰਜ਼ਿਲ 'ਤੇ ਮੈਸ ਹੈ। ਸ਼ਾਮ ਨੂੰ ਸੱਤ ਵਜੇ ਖੁਲੇਗੀ। ਜਾ ਕੇ ਡਿਨਰ ਕਰ ਲੈਣਾ। ਕੋਈ ਹੋਰ ਲੋੜ ਹੋਵੇ, ਦਫਤਰ ਵਿਚ ਇਤਲਾਹ ਕਰ ਦੇਣਾ।" ਮੈਂ ਉਸ ਨੂੰ ਫਾਰਗ ਕਰਦਿਆਂ ਮੋਢੇ 'ਤੇ ਥਾਪੀ ਦਿਤੀ ਤੇ ਕਿਹਾ, "ਚਲੋ ਠੀਕ ਹੈ।"

ਸ਼ਾਮ ਨੂੰ ਦਰਬਾਰ ਸਾਹਿਬ ਦਾ ਚੱਕਰ ਲਾ ਕੇ ਤੇ ਸਵਖਤੇ ਖਾਣਾ ਖਾ ਕੇ ਮੈਂ ਸੌਂ ਗਿਆ। ਸਵੇਰੇ ਸਮੇਂ ਸਿਰ ਤਿਆਰ ਹੋ ਮੈਂ ਸਾਢੇ ਨੌਂ ਵਜੇ ਹਾਲ ਵਿਚ ਪੁੱਜ ਗਿਆ। ਹਾਲ ਵਿਚ ਕਾਫੀ ਚਹਿਲ-ਪਹਿਲ ਸੀ। ਬਹੁਤ ਸਾਰੇ ਮਹਿਮਾਨ ਆਏ ਬੈਠੇ ਸਨ। ਸਭ ਵਿਅਕਤੀ ਨਵੇਂ ਹੋਣ ਕਾਰਨ ਪਤਾ ਨਹੀਂ ਸੀ ਲਗ ਰਿਹਾ ਕਿ ਕਿਹੜਾ ਕੌਣ ਹੈ? ਕਈ ਬਾਹਰੋਂ ਆਏ ਪ੍ਰੋਫੈਸਰ ਗਰੁਪ ਬਣਾ ਕੇ ਇਧਰ ਉਧਰ ਖੜ੍ਹੇ ਸਨ ਤੇ ਜਾਣ ਪਹਿਚਾਣ ਕੱਢ ਰਹੇ ਸਨ।



ਡਾ. ਜੇ ਐਸ ਗਰੇਵਾਲ

ਕਈ ਵਿਭਾਗੀ ਅਧਿਆਪਕ ਅਤੇ ਕਈ ਵਿਦਿਆਰਥੀ ਜਾਪਦੇ ਨੌਜਵਾਨ ਆਪਣੀਆਂ ਡਿਊਟੀਆਂ ਸੰਭਾਲਦੇ ਇਧਰ ਉਧਰ ਫਿਰ ਰਹੇ ਸਨ।

ਇੰਨੇ ਨੂੰ ਪੰਜ ਛੇ ਸੱਜਣ ਇਕੱਠੇ ਹੀ ਹਾਲ ਵਿਚ ਦਾਖਲ ਹੋਏ। ਕਈ ਲੋਕਾਂ ਨੇ ਦਬੀ ਆਵਾਜ਼ ਕਿਹਾ, "ਸਮੁੰਦਰੀ ਸਾਹਿਬ ਆ ਗਏ!" ਉਨ੍ਹਾਂ ਦੇ ਸਵਾਗਤ ਵਿਚ ਸਭ ਲੋਕ ਉਠ ਕੇ ਖੜੇ ਹੋ ਗਏ। ਮੈਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਿਸ਼ਨ ਸਿੰਘ ਸਮੁੰਦਰੀ ਦੀ ਅਖਬਾਰਾਂ ਵਿਚ ਫੋਟੋ ਵੇਖੀ ਹੋਈ ਸੀ ਤੇ ਉਨ੍ਹਾਂ ਬਾਰੇ ਬੜਾ ਕੁਝ ਸੁਣਿਆ ਹੋਇਆ ਸੀ। ਇਸ ਲਈ ਮੇਰਾ ਧਿਆਨ ਉਨ੍ਹਾਂ ਨੂੰ ਦੇਖਣ ਵਿਚ ਲਗ ਗਿਆ। ਬਾਕੀ ਬੱਸ ਇੰਨਾ ਹੀ ਯਾਦ ਹੈ ਕਿ ਕੱਲ ਵਾਲੇ ਦੋ ਕਲਰਕ ਵੀ ਉਥੇ ਇਕ ਪਾਸੇ ਖੜੇ ਸਨ ਤੇ ਸੇਵਾਦਾਰ ਵੀ ਮਹਿਮਾਨਾਂ ਨੂੰ ਮੰਚ 'ਤੇ ਬਿਠਾਉਣ ਦੀ ਸੇਵਾ ਨਿਭਾ ਰਿਹਾ ਸੀ। ਇੰਨੇ ਨੂੰ ਇਕ ਪ੍ਰੋਫੈਸਰ ਲਗਦਾ ਟਾਈ ਵਾਲਾ ਨੌਜਵਾਨ ਪ੍ਰਧਾਨਗੀ ਮੰਚ 'ਤੇ ਆਇਆ ਅਤੇ ਸਭ ਨੂੰ ਸੰਬੋਧਨ ਕਰ ਕੇ ਦੱਸਣ ਲਗਾ ਕਿ ਯੂ ਜੀ ਸੀ ਸਮਰ-ਇੰਸਟੀਚਿਊਟ ਦਾ ਉਦਘਾਟਨ ਕਰਨ ਲਈ ਮੁੱਖ ਮਹਿਮਾਨ ਸਮੁੰਦਰੀ ਸਾਹਿਬ ਤੇ ਹੋਰ ਪਤਵੰਤੇ ਪਹੁੰਚ ਚੁੱਕੇ ਹਨ। ਕਾਰਵਾਈ ਅਰੰਭ ਕਰਨ ਤੋਂ ਪਹਿਲਾਂ ਯੂਨੀਵਰਸਿਟੀ ਧੁਨੀ ਵਜੇਗੀ ਤੇ ਸਾਰੇ ਜਣੇ ਸਵਾਗਤ ਵਿਚ ਖੜੇ ਹੋ ਜਾਓ। ਧੁਨੀ ਸਮਾਪਤ ਹੋਣ 'ਤੇ ਉਸ ਨੇ ਕਿਹਾ ਕਿ ਹੁਣ ਸਮਰ ਇੰਸਟੀਚਿਊਟ ਦੇ ਡਾਇਰੈਕਟਰ ਪ੍ਰੋ. ਜੇ ਐਸ ਗਰੇਵਾਲ ਮੁੱਖ ਮਹਿਮਾਨ ਤੇ ਭਾਗ ਲੈਣ ਆਏ ਮਹਿਮਾਨ ਅਧਿਆਪਕਾਂ ਦਾ ਸਵਾਗਤ ਕਰਨਗੇ।

ਪ੍ਰੋ. ਜੇ ਐਸ ਗਰੇਵਾਲ ਦਾ ਨਾਂ ਸੁਣ ਕੇ ਮੇਰੇ ਕੰਨ ਖੜ੍ਹੇ ਹੋ ਗਏ ਤੇ ਮੇਰੀ ਸਾਰੀ ਸੁਰਤੀ ਉਨ੍ਹਾਂ ਨੂੰ ਵੇਖਣ ਲਈ ਲਗ ਗਈ। ਕਿਸੇ ਪਾਸਿਓਂ ਕੋਈ ਵਿਅਕਤੀ ਸਾਹਮਣੇ ਆਉਂਦਾ ਨਜ਼ਰ ਨਾ ਆਉਣ ਕਾਰਨ ਮੇਰੀ ਉਤਸੁਕਤਾ ਵਧ ਗਈ। ਇੰਨੇ ਨੂੰ ਇਕ ਲੇਟ ਆਏ ਸਫੈਦ ਸਿਰ ਵਾਲੇ ਮੋਨੇ ਮਹਿਮਾਨ ਨੂੰ ਮੰਚ ਤੀਕਰ ਐਸਕੋਰਟ ਕਰਦਾ ਸੇਵਾਦਾਰ ਉਸ ਸਟੇਜ ਸੈਕਟਰੀ ਕੋਲ ਆਇਆ ਤੇ ਕੰਨ ਵਿਚ ਕੁਝ ਕਹਿਣ ਲੱਗਾ। ਸਟੇਜ ਸੈਕਟਰੀ ਉਸ ਦੀ ਗੱਲ ਸੁਣ ਕੇ ਦੇਖ ਭਾਲ ਲਈ ਬਜ਼ੁਰਗ ਮਹਿਮਾਨ (ਜੋ ਬਾਦ ਵਿਚ ਪਤਾ ਲੱਗਾ ਕਿ ਮਰਾਠਵਾੜਾ ਯੂਨੀਵਰਸਿਟੀ ਦੇ ਪ੍ਰੋਫੈਸਰ ਮਿਸ਼ਰਾ ਸਨ) ਵਲ ਵਧਿਆ। ਹੁਣ ਉਹ ਬਜ਼ੁਰਗ ਪ੍ਰੋਫੈਸਰ ਮੇਰੇ ਧਿਆਨ ਦਾ ਕੇਂਦਰ ਬਣ ਗਿਆ। ਮੈਨੂੰ ਯਕੀਨ ਨਾ ਆਵੇ ਕਿ ਪ੍ਰੋ. ਗਰੇਵਾਲ ਬੁੱਢੇ ਤੇ ਮੋਨੇ ਹੋਣਗੇ। ਇਧਰ ਨੂੰ ਸੇਵਾਦਾਰ ਨੇ ਅਗੇ ਹੋ ਕੇ ਬੜੀ ਗੂੜ ਅੰਗਰੇਜ਼ੀ ਬੋਲਦਿਆਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਨਾ ਸ਼ੁਰੂ ਕਰ ਦਿਤਾ। ਕੁਝ ਪਲ ਮੈਨੂੰ ਕੁਝ ਪਤਾ ਨਾ ਲਗਿਆ ਕਿ ਕੀ ਹੋ ਰਿਹਾ ਹੈ। ਫਿਰ ਇਕ ਦਮ ਮੇਰਾ ਜ਼ਮੀਨ ਅਸਮਾਨ ਉਪਰ-ਥੱਲੇ ਹੋ ਗਿਆ। ਕੀ ਜਿਸ ਨੂੰ ਮੈਂ ਸੇਵਾਦਾਰ ਸਮਝਦਾ ਰਿਹਾ, ਓਹੀ ਡਾ. ਜੇ ਐਸ ਗਰੇਵਾਲ ਹੈ? ਮੈਨੂੰ ਯਕੀਨ ਕਰਨਾ ਔਖਾ ਹੋ ਗਿਆ ਕਿ ਜਿਸ ਨਿਮਾਣੇ ਜਿਹੇ ਸ਼ਖ਼ਸ ਨੇ ਉਠ ਕੇ ਮੈਨੂੰ ਪਾਣੀ ਪਿਆਇਆ ਤੇ ਜੋ ਮੇਰਾ ਸਾਮਾਨ ਚੁੱਕ ਕੇ ਮੈਨੂੰ ਹੋਸਟਲ ਦੇ ਕਮਰੇ ਵਿਚ ਛੱਡ ਕੇ ਆਇਆ ਤੇ ਜਿਸ ਨੂੰ ਮੈਂ ਸੇਵਾਦਾਰ ਸਮਝ ਕੇ ਥਾਪੀ ਦਿਤੀ ਸੀ, ਓਹੀ ਪ੍ਰੋਫੈਸਰ ਗਰੇਵਾਲ ਹੈ! ਹਾਂ, ਆਪਣੇ ਅਹੁਦੇ ਦੀ ਪ੍ਰਵਾਹ ਨਾ ਕਰਦਿਆਂ ਮਹਿਮਾਨ ਨਿਵਾਜ਼ੀ ਵਿਚ ਅਤਿ-ਦਰਜੇ ਦੀ ਹਲੀਮੀ ਨਾਲ ਮਸਰੂਫ, ਇਹੀ ਪੰਜਾਬ ਦਾ ਸਿਰਕੱਢ ਇਤਿਹਾਸਕਾਰ ਸੀ ਡਾ. ਜੇ ਐਸ ਗਰੇਵਾਲ? ਇਹੀ ਨਹੀਂ, ਅਗਲੇ ਤੀਹ ਦਿਨਾਂ ਤਕ ਚਲੇ ਲੈਕਚਰਾਂ ਤੇ ਗੋਸ਼ਟੀਆਂ ਰਾਹੀਂ ਉਨ੍ਹਾਂ ਨੇ ਸਿੱਧ ਕਰ ਦਿਤਾ ਕਿ ਵਿਦਵਤਾ ਦੇ ਖੇਤਰ ਵਿਚ ਉਹ ਆਪਣੀ ਸ਼ੋਹਰਤ ਤੋਂ ਵੀ ਕਿਤੇ ਉਪਰ ਸਨ।

ਕਈ ਕਹੇ ਅਣ-ਕਹੇ ਪ੍ਰਸ਼ਨਾਂ ਤੇ ਅਨੁਭਵਾਂ ਨੇ ਜੋ ਤੂਫਾਨ ਉਸ ਦਿਨ ਮੇਰੀ ਸੋਚ ਵਿਚ ਲਿਆਂਦਾ, ਉਹ ਅਜੇ ਤੀਕਰ ਵੀ ਜਾਰੀ ਹੈ। ਮੈਂ ਮਹਾਰਾਜਾ ਰਣਜੀਤ ਸਿੰਘ ਬਾਰੇ ਕਈ ਕਹਾਣੀਆਂ ਸੁਣੀਆਂ ਸਨ ਤੇ ਈਸ਼ਵਰ ਚੰਦਰ ਵਿਦਿਆਸਾਗਰ ਦਾ ਜੀਵਨ ਬ੍ਰਿਤਾਂਤ ਵੀ ਪੜ੍ਹਿਆ ਸੀ ਪਰ 'ਮਨ ਨੀਵਾਂ ਮੱਤ ਉਚੀ' ਦੀ ਕੋਈ ਜਿੰਦਾ ਉਦਾਹਰਨ ਨਹੀਂ ਸੀ ਵੇਖੀ। 'ਮਿਠਤੁ ਨੀਵੀ' ਦੀ ਜੋ ਗੱਲ ਧਾਰਮਿਕ ਵਿਖਿਆਨ ਸੁਣਦਿਆਂ ਤੇ ਬਾਣੀ ਪੜ੍ਹਦਿਆਂ ਅੱਜ ਤੀਕਰ ਪੱਲੇ ਨਹੀਂ ਸੀ ਪਈ, ਉਹ ਇਸ ਦੁਨਿਆਵੀ 'ਸੰਤ' ਨੇ ਆਪਣੀ ਜੀਵਨ ਸ਼ੈਲੀ ਰਾਹੀਂ ਇਕ ਪਲ ਵਿਚ ਸਮਝਾ ਦਿਤੀ ਸੀ। ਉਨ੍ਹਾਂ ਤੋਂ ਸਿਖੇ ਇਸ ਪਾਠ ਸਦਕਾ ਮੈਂ ਕੂੜੀ ਹਉਮੈ ਤਿਆਗ ਆਪਣੇ ਕੰਮ ਆਪ ਕਰਨੇ ਸ਼ੁਰੂ ਕੀਤੇ। ਜਦੋਂ ਮੈਂ ਆਪਣੇ ਛੋਟੇ ਜਿਹੇ ਵਿਭਾਗ ਦਾ ਇੰਚਾਰਜ ਬਣਿਆ, ਮੈਂ ਆਪਣੇ ਸੇਵਾਦਾਰਾਂ ਤੋਂ ਮੇਜ਼ ਸਾਫ ਕਰਵਾਉਣੇ, ਪਾਣੀ ਦੇ ਗਿਲਾਸ ਮੰਗਵਾਉਣੇ, ਚਾਹ ਬਨਵਾਉਣੀ, ਤੇ ਬੈਂਕ ਆਦਿ ਦੇ ਕੰਮ ਕਰਵਾਉਣੇ ਬਿਲਕੁਲ ਬੰਦ ਕਰ ਦਿਤੇ। ਵਿਭਾਗ ਦੀਆਂ ਫਾਈਲਾਂ ਵੀ ਵਾਹ ਲਗਦੇ ਆਪ ਹੀ ਇਧਰ-ਉਧਰ ਪਹੁੰਚਾਉਣੀਆਂ ਸ਼ੁਰੂ ਕੀਤੀਆਂ। ਸਾਰੀ ਯੂਨੀਵਰਸਿਟੀ ਵਿਚ ਮੈਂ ਹੀ ਇਕ ਅਜਿਹਾ ਅਹੁਦੇਦਾਰ ਸਾਂ ਜੋ ਆਪਣੇ ਸੇਵਾਦਾਰਾਂ ਨਾਲ ਹੱਥ ਮਿਲਾਉਂਦਾ ਸਾਂ। ਕੋਲ ਖੜ੍ਹੇ ਸਭ ਸਹਿਕਰਮੀ ਹੈਰਾਨੀ ਨਾਲ ਮੇਰੀ ਇਸ 'ਅਵੱਗਿਆ' ਉਤੇ ਨੱਕ ਸਿਕੋੜ ਲੈਂਦੇ ਸਨ। ਪਰ ਮੈਨੂੰ ਪਤਾ ਸੀ ਕਿ ਮੇਰੇ ਇਸ 'ਸਨਮਾਨ' ਨਾਲ ਉਨ੍ਹਾਂ ਦਾ ਸਿਰ ਕਿੰਨਾ ਉਚਾ ਹੋ ਜਾਂਦਾ ਸੀ!

ਇਹ ਵਾਕਿਆ ਫੋਨ ਕਰਨ ਵਾਲੇ ਸੱਜਣ ਨੂੰ ਸੁਣਾ ਕੇ ਮੈਂ ਕਿਹਾ, "ਅਜ ਤੀਕਰ ਵੀ ਜਦੋਂ ਮੇਰੇ ਸਾਹਮਣੇ ਕਿਸੇ ਅਡੰਬਰ ਜਾਂ ਫੋਕੀ ਸ਼ਾਨ ਦਾ ਮਸਲਾ ਆਉਂਦਾ ਹੈ ਤਾਂ ਉਪਰੋਕਤ ਘਟਨਾ ਯਾਦ ਕਰਕੇ ਹੀ ਮੈਂ ਉਸ ਤੋਂ ਨਿਜ਼ਾਤ ਪਾਉਂਦਾ ਹਾਂ। ਉਨ੍ਹਾਂ ਦਾ ਸਨਮਾਨ ਕਰਨ ਦਾ ਮੇਰਾ ਇਹੀ ਢੰਗ ਹੈ। ਇਸ ਲਈ 'ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ' ਦੇ ਮਹਾਵਾਕ ਅਨੁਸਾਰ ਮੁਕਤੀ ਦਾ ਸਹੀ ਮਾਰਗ ਦੱਸਣ ਵਾਲੇ ਸੰਤ ਤਾਂ ਮੇਰੇ ਆਲੇ-ਦੁਆਲੇ ਹੀ ਹਨ। ਇਨ੍ਹਾਂ ਨੂੰ ਭਾਲਣ ਲਈ ਮੈਨੂੰ ਕਿਸੇ ਡੇਰੇ-ਦੀਵਾਨ ਨਹੀਂ ਜਾਣਾ ਪੈਂਦਾ।"

ਮੇਰੀ ਗੱਲ ਸੁਣ ਕੇ ਸੱਜਣ ਸਹਿਮਤੀ ਨਾਲ ਬੋਲਿਆ, "ਇਹ ਤਾਂ ਹੈ।"

## ਸਗਲ ਸਮਗ੍ਰੀ ਮੋਹਿ ਵਿਆਪੀ...

**ਗੁਰਬਾਣੀ ਗਿਆਨ**

**ਸੋਰਠ ਮਹਲਾ ੫**
ਸਗਲ ਸਮਗ੍ਰੀ ਮੋਹਿ ਵਿਆਪੀ
ਕਬ ਊਚੇ ਕਬ ਨੀਚੇ॥
ਸੁਧੁ ਨ ਹੋਈਐ ਕਾਹੂ ਜਤਨਾ
ਓੜਕਿ ਕੋ ਨ ਪਹੂਚੇ॥੧॥
ਮੇਰੇ ਮਨ ਸਾਧ ਸਰਣਿ ਛੁਟਕਾਰਾ॥
ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ
ਫਿਰਿ ਆਵਤ ਬਾਰੋ ਬਾਰਾ॥ਰਹਾਉ॥
ਓਹੁ ਜੁ ਭਰਮੁ ਭੁਲਾਵਾ ਕਹੀਅਤ
ਤਿਨ ਮਹਿ ਉਰਝਿਓ ਸਗਲ ਸੰਸਾਰਾ॥
ਪੂਰਨ ਭਗਤੁ ਪੁਰਖ ਸੁਆਮੀ ਕਾ
ਸਰਬ ਥੋਕ ਤੇ ਨਿਆਰਾ॥੨॥
ਨਿੰਦਉ ਨਾਹੀ ਕਾਹੂ ਬਾਤੈ
ਏਹੁ ਖਸਮ ਕਾ ਕੀਆ॥
ਜਾ ਕਉ ਕ੍ਰਿਪਾ ਕਰੀ ਪ੍ਰਭਿ ਮੇਰੈ
ਮਿਲਿ ਸਾਧਸੰਗਤਿ ਨਾਉ ਲੀਆ॥੩॥
ਪਾਰਬ੍ਰਹਮ ਪਰਮੇਸੁਰ ਸਤਿਗੁਰ
ਸਭਨਾ ਕਰਤ ਉਧਾਰਾ॥
ਕਹੁ ਨਾਨਕ ਗੁਰ ਬਿਨੁ ਨਹੀ ਤਰੀਐ
ਇਹੁ ਪੂਰਨ ਤਤੁ ਬੀਚਾਰਾ॥੪॥

ਪੰਜਵੇਂ ਗੁਰਦੇਵ ਪਿਤਾ ਜੀ ਜਗਤ ਦੇ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਸਗਲ ਸਮਗ੍ਰੀ ਮੋਹਿ ਵਿਆਪੀ, ਭਾਵ ਇਹ ਸਾਰੀ ਦੁਨੀਆਂ ਮੋਹ ਮਾਇਆ ਦੇ ਜਾਲ ਵਿਚ ਫਸੀ ਪਈ ਹੈ; ਕਬ ਊਚੇ ਕਬ ਨੀਚੇ, ਭਾਵ ਕਦੀ ਤਾਂ ਜਗਤ ਦੇ ਜੀਵ ਹੰਕਾਰ ਵਿਚ ਆ ਕੇ ਦੁਖੀ ਹੁੰਦੇ ਹਨ ਅਤੇ ਕਦੀ ਦੁਖੀ ਹੋ ਕੇ ਘਬਰਾ ਉਠਦੇ ਹਨ; ਸੁਧੁ ਨ ਹੋਈਐ ਕਾਹੂ ਜਤਨਾ, ਭਾਵ ਆਪਣੇ ਕਿਸੇ ਭੀ ਜਤਨ ਨਾਲ ਮੋਹ ਮੈਲ ਤੋਂ ਸਾਫ ਨਹੀਂ ਹੋ ਸਕੀਦਾ; ਓੜਕਿ ਕੋ ਨ ਪਹੂਚੇ, ਭਾਵ ਆਪਣੇ ਤਰੀਕੇ ਨਾਲ ਕੋਈ ਵੀ ਜੀਵ ਪਰਲੇ ਪਾਰ ਨਹੀਂ ਜਾ ਸਕਦਾ।

ਮੇਰੇ ਮਨ ਸਾਧ ਸਰਣਿ ਛੁਟਕਾਰਾ॥
ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ
ਫਿਰਿ ਆਵਤ ਬਾਰੋ ਬਾਰਾ॥ਰਹਾਉ॥

ਇਥੇ ਗੁਰਦੇਵ ਜੀ ਮਨ ਨੂੰ ਮੁਖਾਤਿਬ ਹੁੰਦੇ ਆਖਦੇ ਹਨ ਕਿ ਹੇ ਮੇਰੇ ਮਨ! ਸਾਧ ਸਰਣਿ ਛੁਟਕਾਰਾ, ਭਾਵ ਗੁਰੂ ਦੀ ਸ਼ਰਨ ਵਿਚ ਜਾ ਕੇ ਹੀ ਮੋਹ ਮਾਇਆ ਅਤੇ ਵਿਕਾਰਾਂ ਨਾਲ ਭਰੇ ਸੰਸਾਰ ਵਿਚੋਂ ਛੁਟਕਾਰਾ ਹੋ ਸਕਦਾ ਹੈ; ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ, ਭਾਵ ਗੁਰੂ ਦੀ ਸ਼ਰਨ ਤੋਂ ਬਿਨਾਂ ਜੀਵ ਦਾ ਜਨਮ ਮਰਨ ਦਾ ਗੇੜ ਕਦੀ ਵੀ ਨਹੀਂ ਮੁੱਕਦਾ; ਫਿਰਿ ਆਵਤ ਬਾਰੋ ਬਾਰਾ, ਭਾਵ ਹੇ ਭਾਈ! ਜੀਵ ਮੁੜ ਮੁੜ ਕੇ ਇਸ ਸੰਸਾਰ ਵਿਚ ਆਉਂਦਾ-ਜਾਂਦਾ ਤੇ ਭਟਕਦਾ ਰਹਿੰਦਾ ਹੈ।

ਓਹੁ ਜੁ ਭਰਮੁ ਭੁਲਾਵਾ ਕਹੀਅਤ
ਤਿਨ ਮਹਿ ਉਰਝਿਓ ਸਗਲ ਸੰਸਾਰਾ॥
ਪੂਰਨ ਭਗਤੁ ਪੁਰਖ ਸੁਆਮੀ ਕਾ
ਸਰਬ ਥੋਕ ਤੇ ਨਿਆਰਾ॥੨॥

ਹੇ ਭਾਈ! ਓਹੁ ਜੁ ਭਰਮੁ ਭੁਲਾਵਾ ਕਹੀਅਤ, ਭਾਵ ਜੀਵ ਦੀ ਜਿਸ ਮਾਨਸਿਕ ਦਸ਼ਾ ਨੂੰ ਭਰਮ-ਭੁਲਾਵੇ ਵਿਚ ਪਿਆ ਆਖਿਆ ਜਾਂਦਾ ਹੈ; ਤਿਨ ਮਹਿ ਉਰਝਿਓ ਸਗਲ ਸੰਸਾਰਾ, ਭਾਵ ਸਾਰਾ ਸੰਸਾਰ ਹੀ ਉਨ੍ਹਾਂ ਭਰਮ-ਭੁਲੇਖਿਆਂ ਵਿਚ ਫਸ ਕੇ ਭਟਕ ਰਿਹਾ ਹੈ; ਪੂਰਨ ਭਗਤੁ ਪੁਰਖ ਸੁਆਮੀ ਕਾ, ਭਾਵ ਜੋ ਉਸ ਸਰਬ ਵਿਆਪਕ ਮਿਹਰਬਾਨ ਪ੍ਰਭੂ ਦਾ ਪੂਰਨ ਭਗਤ ਹੁੰਦਾ ਹੈ; ਸਰਬ ਥੋਕ ਤੇ ਨਿਆਰਾ, ਭਾਵ ਉਹ ਜਗਤ ਦੇ ਝੂਠੇ ਪਦਾਰਥਾਂ ਤੋਂ ਦੂਰ ਰਹਿ ਕੇ ਆਪਣਾ ਜੀਵਨ ਗੁਜ਼ਾਰਦਾ ਹੈ।

ਨਿੰਦਉ ਨਾਹੀ ਕਾਹੂ ਬਾਤੈ
ਏਹੁ ਖਸਮ ਕਾ ਕੀਆ॥
ਜਾ ਕਉ ਕ੍ਰਿਪਾ ਕਰੀ ਪ੍ਰਭਿ ਮੇਰੈ
ਮਿਲਿ ਸਾਧਸੰਗਤਿ ਨਾਉ ਲੀਆ॥੩॥

ਪਰ ਸੰਸਾਰ ਦੇ ਲੋਕੋ! ਇਹ ਸਾਰਾ ਸੰਸਾਰ ਤਾਂ ਉਸ ਮਿਹਰਬਾਨ ਮਾਲਕ ਨੇ ਆਪ ਪੈਦਾ ਕੀਤਾ ਹੈ; ਨਿੰਦਉ ਨਾਹੀ... ਇਸ ਲਈ ਇਸ ਜਗਤ ਨੂੰ ਬੁਰਾ ਕਿਵੇਂ ਆਖ ਸਕਦੇ ਹਾਂ। ਸਭ ਉਹਦੇ ਹੁਕਮ ਵਿਚ ਹੀ ਹੋ ਰਿਹਾ ਹੈ। ਜਾ ਕਉ ਕ੍ਰਿਪਾ ਕਰੀ ਪ੍ਰਭਿ ਮੇਰੈ, ਭਾਵ ਜਿਸ ਜੀਵ ਉਤੇ ਮਿਹਰਾਂ ਦੇ ਮਾਲਕ ਪ੍ਰਭ ਜੀ ਨੇ ਬਖਸ਼ਿਸ਼ ਕਰ ਦਿੱਤੀ; ਮਿਲਿ ਸਾਧਸੰਗਤਿ ਨਾਉ ਲੀਆ, ਭਾਵ ਜੀਵ ਸਾਧ ਸੰਗਤ ਵਿਚ ਬੈਠ ਕੇ ਨਾਮ ਜਪਦਾ ਹੈ ਤੇ ਮੋਹ ਮਾਇਆ ਦੇ ਬੰਧਨ ਵਿਚੋਂ ਬਚ ਕੇ ਨਿਕਲ ਜਾਂਦਾ ਹੈ।

ਪਾਰਬ੍ਰਹਮ ਪਰਮੇਸੁਰ ਸਤਿਗੁਰ
ਸਭਨਾ ਕਰਤ ਉਧਾਰਾ॥
ਕਹੁ ਨਾਨਕ ਗੁਰ ਬਿਨੁ ਨਹੀ ਤਰੀਐ
ਇਹੁ ਪੂਰਨ ਤਤੁ ਬੀਚਾਰਾ॥੪॥

ਹੇ ਮੇਰੇ ਮਿਹਰਬਾਨ ਪ੍ਰਭੂ ਜੀਓ! ਆਪ ਦੇ ਦਾਸ ਨਾਨਕ ਨੇ ਪੂਰਨ ਤਤ ਬੀਚਾਰਾ, ਭਾਵ ਇਹ ਸਮਝ ਪਾ ਲਈ ਹੈ ਕਿ ਪੂਰੇ ਗੁਰੂ ਦੀ ਸ਼ਰਨ ਵਿਚ ਜਾਣ ਤੋਂ ਬਿਨਾਂ ਫਿਕਰਾਂ ਨਾਲ ਭਰਿਆ ਹੋਇਆ ਇਹ ਸੰਸਾਰ ਸਮੁੰਦਰ ਤਰਿਆ ਨਹੀਂ ਜਾ ਸਕਦਾ। ਸੋ, ਹੇ ਭਾਈ! ਜਿਹੜੇ ਵੀ ਭਟਕੇ ਹੋਏ ਸੰਸਾਰੀ ਜੀਵ ਪੂਰੇ ਗੁਰੂ ਦੀ ਸ਼ਰਨ ਵਿਚ ਆ ਕੇ ਗੁਰੂ ਦਾ ਓਟ-ਆਸਰਾ ਲੈ ਲੈਂਦੇ ਹਨ, ਪਾਰਬ੍ਰਹਮ ਦਾ ਸਰੂਪ ਜੋ ਸਤਿਗੁਰੂ ਹੈ, ਉਨ੍ਹਾਂ ਜੀਵਾਂ ਦਾ ਉਧਾਰ ਕਰ ਦਿੰਦਾ ਹੈ।

ਗੁਰੂ ਪਿਆਰਿਓ! ਆਓ, ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਸਾਹਿਤ ਚਰਚਾ

# ਸ਼ਮਾਦਾਨ

ਸ਼ਮਾਦਾਨ ਜਿਸ ਅੱਗੇ ਵੀ ਰੱਖਿਆ ਜਾਵੇ, ਉਹੀ ਕਾਵਿ ਗਾਇਨ ਪ੍ਰਸਤੁਤ ਕਰਦਾ ਹੈ। ਸ਼ਮਾਦਾਨ ਕਵੀ ਅਤੇ ਕਵਿਤਾ ਦੇ ਸੁਮੇਲ ਦਾ ਅਲੰਕਾਰ ਹੈ। ਫਿਰ ਅਜੀਬ ਦੌਰ ਆਇਆ, ਖ਼ਿਆਲੀ ਝੱਖੜ ਝੁੱਲੇ, ਚਿਰਾਗ਼ ਬੁਝ ਗਏ ਤੇ ਕਵਿਤਾ ਰੂਪੋਸ਼ ਹੋ ਗਈ। ਸਮੇਂ ਦੀ ਮੂਕ ਵੇਦਨਾ ਨੇ ਚੁੱਪ ਕਵੀ ਅੱਗੇ ਅਛੋਪਲੇ ਜਿਹੇ ਸ਼ਮਾਦਾਨ ਲਿਆ ਧਰਿਆ। ਉਹ ਕਿਤੋਂ 'ਕਲਮਾਂ' ਲੱਭ ਲਿਆਇਆ, ਚੁੱਪ ਨੇ ਬੋਲ ਸਿਰਜੇ, ਸੁਰ ਹਰਕਤ ਵਿਚ ਆਏ ਤੇ ਕਵਿਤਾ ਦਾ ਅਲਾਪ ਹੋਇਆ। ਪਾਤਰ ਦੀ ਚੁੱਪ ਦੇ ਕਿਸੇ ਗੋਸ਼ੇ ਵਿਚ ਸਾਂਭੀ 'ਫੁੱਲਾਂ ਜੋਗੀ ਜ਼ਮੀਨ' ਵਿਚ ਬਹਾਰ ਪਰਤ ਆਈ।

ਪਿੰਡ ਪੱਤੜ ਨੂੰ ਅੰਗਰੇਜ਼ੀ ਵਿਚ ਲਿਖਿਆਂ ਪਾਤਰ ਪੜ੍ਹਿਆ ਜਾਂਦਾ। ਲਿੱਪੀਅੰਤਰ ਦੇ ਇਸ

ਅਵਤਾਰ ਸਿੰਘ

ਮੁਗ਼ਾਲਬੇ ਨੂੰ ਕਵਿਤਾ ਨੇ ਆਪਣੇ ਸਾਹਾਂ ਨਾਲ ਸਿੰਜਿਆ ਤਾਂ ਸੁਰਜੀਤ ਪਾਤਰ ਦਾ ਜਨਮ ਹੋਇਆ। ਪਾਤਰ ਕਵਿਤਾ ਰਚਦਾ, ਗਾਉਂਦਾ, ਸੁਣਾਉਂਦਾ ਅਤੇ ਨਿਭਾਉਂਦਾ ਹੈ। ਉਹ ਖ਼ਿਆਲ ਦਾ ਨਹੀਂ, ਅਹਿਸਾਸ ਦਾ ਕਵੀ ਹੈ। ਉਸ ਦੀ ਕਵਿਤਾ ਸਮਝੀ ਨਹੀਂ, ਮਹਿਸੂਸ ਕੀਤੀ ਜਾਂਦੀ ਹੈ। ਜੇ ਉਸੇ ਦੀ ਆਵਾਜ਼ 'ਚ, ਉਸ ਦੇ ਸਾਹਮਣੇ ਬੈਠ ਕੇ ਸੁਣੀ ਜਾਵੇ ਤਾਂ ਉਸ ਦੀ ਕਵਿਤਾ ਖਿੜਦੀ ਹੈ ਤੇ ਕੋਸਾ ਕੋਸਾ ਸੇਕ ਮਹਿਸੂਸ ਹੁੰਦਾ ਹੈ, ਜਿਵੇਂ ਸਰਦੀਆਂ 'ਚ ਪੂਰਨਮਾਸ਼ੀ ਦੇ ਚੰਨ ਦਾ ਮੱਠਾ ਮੱਠਾ ਨਿੱਘ।

ਯੱਕ ਦਰੀਦਾ ਨੇ ਸਾਨੂੰ ਦੱਸਿਆ ਕਿ ਸ਼ਬਦ ਦੇ ਅਰਥ ਕਰਦਿਆਂ ਅਸੀਂ ਹੋਰ ਸ਼ਬਦਾਂ ਦੀ ਟੇਕ ਲੈਂਦੇ ਹਾਂ ਤੇ ਅਰਥ ਨੂੰ ਟਾਲ ਦਿੰਦੇ ਹਾਂ। ਸ਼ਬਦ ਦੇ ਅਰਥ ਕਰਦਿਆਂ, ਸ਼ਬਦ ਦਰ ਸ਼ਬਦ, ਅਨੰਤ ਲੜੀ ਤੁਰ ਪੈਂਦੀ ਹੈ, ਜਿਸ ਨਾਲ ਅਰਥ ਟਲ਼ ਜਾਂਦਾ ਹੈ। ਅਰਥ ਦੀ ਇਸ ਸਮੱਸਿਆ ਤੋਂ ਕਵਿਤਾ ਬਰੀ ਹੈ। ਕਵਿਤਾ ਪੜ੍ਹੀ ਅਤੇ ਸਮਝੀ ਨਹੀਂ ਜਾਂਦੀ, ਗਾਈ ਅਤੇ ਮਾਣੀ ਜਾਂਦੀ ਹੈ। ਸ਼ਾਇਦ ਇਸੇ ਲਈ, ਪਾਤਰ ਦੀ ਕਵਿਤਾ ਅਰਥ ਨਹੀਂ, ਦ੍ਰਿਸ਼ ਸਿਰਜਦੀ ਹੈ। ਜੇ ਸਾਡੀਆਂ ਅੱਖਾਂ ਸੁਣ ਸਕਦੀਆਂ ਹੋਣ, ਕੰਨ ਦੇਖ ਸਕਦੇ ਹੋਣ ਤੇ ਅਕਲ ਚੁੱਪ ਰਹਿ ਸਕਦੀ ਹੋਵੇ ਤਾਂ ਉਸ ਦੀ ਕਵਿਤਾ ਦਾ ਅਨੰਦ ਮਾਣਿਆ ਜਾ ਸਕਦਾ ਹੈ। ਪਿੰਡ ਵਿਚ ਅੱਧੀ ਰਾਤ ਵੇਲੇ, ਸੁੱਤੇ ਪੁੱਤਰਾਂ ਲਾਗੇ ਜਾਗਦੀਆਂ ਮਾਂਵਾਂ ਦਾ ਦ੍ਰਿਸ਼ ਪਾਤਰ ਹੀ ਖਿੱਚ ਸਕਦਾ ਹੈ। ਚਿਰਾਂ ਤੋਂ ਬੰਦ ਪਏ ਕਿਸੇ ਬੋੜੇ ਜਿਹੇ ਦਰ ਅੱਗੇ ਪਈਆਂ ਚਿੱਠੀਆਂ 'ਤੇ ਲਿਖੇ ਸਿਰਨਾਵੇਂ ਦਾ ਉਦਾਸ ਮੰਜ਼ਰ ਪਾਤਰ ਦਾ ਹੀ ਕਮਾਲ ਹੈ।

ਕਵੀ ਦੇ ਸ਼ਬਦਾਂ ਵਿਚ ਨਿਰੇ ਅਰਥ ਹੀ ਨਹੀਂ ਹੁੰਦੇ ਤੇ ਨਾ ਹੀ ਇਹ ਸੱਖਣੇ ਢੋਲ ਹੁੰਦੇ ਹਨ। ਇਨ੍ਹਾਂ 'ਚ ਅਰਥ ਤੋਂ ਇਲਾਵਾ ਨਿੱਘ ਹੁੰਦਾ ਹੈ, ਤਪਸ਼ ਹੁੰਦੀ ਹੈ ਤੇ ਫੂਕ ਦੇਣ ਦੀ ਸਮਰੱਥਾ। ਇਹ ਸ਼ੀਤਲ ਹੁੰਦੇ ਹਨ, ਠਰੇ ਹੋਏ ਤੇ ਨਿਰੇ ਬਰਫ਼ ਵੀ। ਇਨ੍ਹਾਂ 'ਚ ਖੜੋਤ ਹੁੰਦੀ ਹੈ, ਸਹਿਜ ਵੀ ਤੇ ਰਫ਼ਤਾਰ ਵੀ। ਪਾਤਰ ਦੇ ਬੋਲ ਕਿਸੇ ਬਰਫ਼ 'ਚ ਲੱਗੇ ਹੋਏ ਲਈ ਕੋਸੀ ਕੋਸੀ ਧੁੱਪ ਬਣਦੇ ਹਨ, ਤਪ ਰਹੇ ਲਈ ਰੁਮਕਦੀ ਪੌਣ, ਧੁਖ ਰਹੇ ਲਈ ਮੱਠੀ ਮੱਠੀ ਕਿਣ ਮਿਣ ਤੇ ਬਲ਼ ਰਹੇ ਲਈ ਮਿਠੜੇ ਬੋਲ। ਉਸ ਦੀ ਕਵਿਤਾ ਨਾ ਪਟਾਕੇ ਵਾਂਗ ਚੱਲਦੀ ਹੈ, ਨਾ ਬੰਬ ਵਾਂਗ ਫਟਦੀ ਹੈ ਤੇ ਨਾ ਹੀ ਤੀਰ ਵਾਂਗ ਛੁੱਟਦੀ ਹੈ। ਉਹ ਕਦੀ ਆਪਣੇ ਸਹਿਜ ਅਤੇ ਸੰਵੇਦਨਾ ਤੋਂ ਦੂਰ ਨਹੀਂ ਹੁੰਦੀ। ਉਸ ਦੇ ਬੋਲ ਵੱਜਦੇ ਜਾਂ ਧਸਦੇ ਨਹੀਂ, ਜਿਸਮ ਨੂੰ ਛੋਂਹਦੇ ਹਨ, ਜਿਵੇਂ ਕੋਈ ਪਿਆਰੇ ਦੇ ਦੁਖਦੇ ਅੰਗਾਂ 'ਤੇ ਟਕੋਰ ਕਰੇ ਤੇ ਜਿਸ ਤੋਂ ਟਕੋਰ ਕਰਨ ਵਾਲੇ ਅਤੇ ਕਰਾਉਣ ਵਾਲੇ ਦੋਹਾਂ ਨੂੰ ਅਰਾਮ ਮਿਲੇ। ਉਸ ਦੀ ਭਾਸ਼ਾ ਫ਼ਲਸਫ਼ੇ ਨੂੰ ਦਰਸ਼ਨ ਵਿਚ ਤਬਦੀਲ ਕਰ ਕੇ ਮਸਤਕ ਤੋਂ ਹਿਰਦੇ ਵਿਚ ਲੈ ਜਾਂਦੀ ਹੈ ਤੇ ਹਿਰਦਾ ਹਰਕਤ ਵਿਚ ਆਉਂਦਾ ਹੈ।

ਉਸ ਦੀ ਕਵਿਤਾ ਮੈਲ਼ੀਆਂ ਰੀਝਾਂ 'ਤੇ ਵੀ ਪਰਦੇ ਨਹੀਂ ਪਾਉਂਦੀ ਤੇ ਨਾ ਹੀ ਫ਼ਕੀਰਾਂ ਦੇ ਸੁਖ਼ਨ ਤੋਂ ਨਾ-ਫ਼ਰਮਾਨ ਹੈ। ਇਹ ਹਰ ਰੀਝ ਨੂੰ ਸੁੱਚੀ ਨਜ਼ਰ ਨਾਲ ਦੇਖਦੀ ਹੈ ਤੇ ਸੁਖ਼ਨ ਦਾ ਅਦਬ ਬਰਕਰਾਰ ਰੱਖਦੀ ਹੈ। ਇਹ ਦੋਹਾਂ ਦੇ ਸਨਮਾਨ ਦੀ ਸਮਾਨ ਚਾਹਤ ਦੀ ਕਵਿਤਾ ਹੈ। ਉਸ ਦੀ ਕਵਿਤਾ ਦਾ ਨਾਇਕ ਨਾ ਹੀ ਉਡਦਿਆਂ ਬਾਜ਼ਾਂ ਮਗਰ ਭਟਕਦਾ ਹੈ ਤੇ ਨਾ ਹੀ ਧਰਤੀ 'ਤੇ ਰੀਂਘਦੇ ਸੱਪ ਦੀ ਖੁੱਡ 'ਚ ਹੱਥ ਪਾਉਂਦਾ ਹੈ। ਉਹ ਧਰਤੀ 'ਤੇ ਤੁਰਿਆ ਫਿਰਦਾ ਨਿਮਰ ਫ਼ਰਿਸ਼ਤਾ ਹੈ ਜਿਸ ਦੀ ਕਵਿਤਾ ਵਿਚ ਬੰਦਿਸ਼ ਤੇ ਖੁੱਲ੍ਹ ਦੀ ਕਸ਼ਮਕਸ਼ ਦੀ ਯਾਤਨਾ ਹੈ, ਜੋ ਹੋਠਾਂ ਦੀ ਸੁੱਚ ਅਤੇ ਪਿਆਸ ਦੀ ਤੀਬਰਤਾ ਵਿਚ ਘਿਰੀ ਰੂਹ ਹੈ, ਜੋ ਵਰਜਿਤ ਅਤੇ ਇਜਾਜ਼ਤ ਦੇ ਚੱਕਰਵਿਊ 'ਚੋਂ ਨਿਕਲਣ ਦਾ ਰਾਹ ਭਾਲ਼ਦੀ ਹੈ। ਉਹ ਆਪਣੇ ਨਿਮਰ ਸੱਚ ਪ੍ਰਤੀ ਹਠੀਲਾ, ਬੇਬਾਕ, ਬੇਲਿਹਾਜ਼ ਤੇ ਅਹੰਕਾਰੀ ਰੁਖ ਨਹੀਂ ਅਪਨਾਉਂਦਾ। ਉਹ ਰਬਾਬ ਤੇ ਕਿਤਾਬ ਦੇ ਸੁਖਨ ਸਾਹਮਣੇ ਬੇਅਦਬ ਨਹੀਂ ਹੁੰਦਾ। ਚਾਹੇ ਕੁਫ਼ਰ ਹੋਵੇ, ਉਹ ਸਿਰਫ਼ ਆਪਣਾ ਸੱਚ ਸੁਣਾਉਣ ਦੀ ਚਾਹਤ ਪਾਲ਼ਦਾ ਹੈ ਤੇ ਕਾਫ਼ਰ ਨੂੰ ਉਸੇ ਦੀ ਖ਼ਲਕਤ ਮੰਨਦਾ ਹੈ।

ਨਿਊਟਨ ਨੇ ਦੱਸਿਆ ਕਿ ਬਿਰਖ ਨੂੰ ਲੱਗਿਆ ਸੇਬ ਧਰਤੀ ਨੇ ਆਪਣੀ ਕਸ਼ਿਸ਼ ਨਾਲ ਹੇਠਾਂ ਸੁੱਟ ਲਿਆ ਹੈ, ਕਿ ਧਰਤੀ ਹਰ ਚੀਜ਼ ਨੂੰ ਆਪਣੀ ਗੋਦ 'ਚ ਸਮਾ ਲੈਣ ਲਈ ਉਤਾਵਲੀ ਰਹਿੰਦੀ ਹੈ; ਪਰ ਉਸ ਨੂੰ ਇਹ ਨਾ ਦਿਸਿਆ ਕਿ ਹਰ ਜ਼ਿੰਦਾ ਚੀਜ਼ ਧਰਤੀ ਦੀ ਇਸ ਕਸ਼ਿਸ਼ ਦੀ ਕੋਸ਼ਿਸ਼ ਦੇ ਉਲਟ ਅਕਾਸ਼ ਵੱਲ ਵਧਦੀ ਹੈ। ਬਿਰਖ ਇਸ ਦੀ ਬੇਮਿਸਾਲ ਮਿਸਾਲ ਹੈ। ਧਰਤੀ 'ਤੇ ਡਿਗਣਾ ਬਿਰਖ ਦੀ ਮੌਤ ਹੈ ਤੇ ਅਕਾਸ਼ ਵੱਲ ਵਧਣਾ ਉਸ ਦੀ ਜ਼ਿੰਦਗੀ। ਪਾਤਰ ਦਾ ਮਨ ਪਸੰਦ ਚਿਹਨ ਬਿਰਖ ਹੈ ਜੋ ਉਸ ਦੀ ਕਵਿਤਾ ਵਿਚ ਬਾਰੰਬਾਰ ਆਉਂਦਾ ਹੈ। ਬਿਰਖ ਧਰਤੀ ਮਾਂ ਦਾ ਜਾਇਆ, ਅਕਾਸ਼ ਨਾਲ਼ ਇਸ਼ਕ ਪਾਲਦਾ ਤੇ ਉਸ ਵੱਲ ਬਾਹਾਂ ਫ਼ੈਲਾਉਂਦਾ ਹੈ। ਅਕਾਸ਼ ਤੇ ਇਸ਼ਕ ਦੀ ਕੋਈ ਸੀਮਾ ਨਹੀਂ। ਬਿਰਖ ਦੀਆਂ ਚਿਹਨੀ ਦਿਸ਼ਾਵਾਂ ਤੇ ਸੰਭਾਵਨਾਵਾਂ ਵੀ ਅਸੀਮ ਹਨ।

ਪਾਤਰ ਦੀ ਕਵਿਤਾ ਬਿਰਖ ਦੀ ਆਤਮਾ ਹੈ ਜਿਸ ਵਿਚ ਧਰਤੀ ਦਾ ਤ੍ਰਾਹ, ਅਕਾਸ਼ ਦੀ ਚਾਹ ਤੇ ਕੋਮਲ ਪੱਤੀਆਂ ਦਾ ਕੰਪਨ ਹੈ, ਜੋ ਉਸ ਦੀ ਕਵਿਤਾ ਦਾ ਸਾਰ ਵੀ ਹੈ ਅਤੇ ਤੱਤ ਵੀ ਜਿਸ ਨੂੰ ਤੱਕਿਆਂ ਕਹਿ ਸਕਦੇ ਹਾਂ, ਪਾਤਰ ਅਤੇ ਬਿਰਖ ਕਿਸੇ ਇੱਕ ਸ਼ੈਅ ਦੇ ਦੋ ਪਰਿਆਏ ਹਨ। ਉਸ ਦੀ ਕਵਿਤਾ ਦਾ ਤਰਜਮਾ ਉਹ ਖ਼ੁਦ ਹੈ ਜਾਂ ਉਸ ਦਾ ਤਰਜਮਾ ਉਸ ਦੀ ਕਵਿਤਾ! ਅਸਲ ਵਿਚ, ਉਸ ਦੀ ਕਵਿਤਾ ਪਾਤਰ ਹੈ ਤੇ ਪਾਤਰ ਕਵਿਤਾ। ਉਸ ਦੇ ਬੋਲ, ਉਸ ਦੀ ਆਵਾਜ਼ ਤੇ ਉਸ ਦੀ ਧੁਨ ਮਿਲ ਕੇ ਇਕ ਤ੍ਰਿਵੈਣੀ ਸਿਰਜਦੇ ਹਨ ਜਿਸ ਨੂੰ ਸਹਿਜ, ਸੰਜ਼ੀਦਗੀ ਅਤੇ ਸੁਘੜਤਾ ਦਾ ਨਾਮ ਦਿੱਤਾ ਜਾ ਸਕਦਾ ਹੈ। ਇਹ ਤ੍ਰਿਵੈਣੀ ਉਸ ਦੀ ਕਵਿਤਾ ਅਤੇ ਹਸਤੀ ਦੋਹਾਂ 'ਚੋਂ ਡੁੱਲ੍ਹ ਡੁੱਲ੍ਹ ਪੈਂਦੀ ਹੈ।

ਉਸ ਦੀ ਕਵਿਤਾ ਦਾ ਜਨਮ ਜਿਸ ਦੌਰ ਵਿਚ ਹੋਇਆ, ਉਸ ਵਿਚ ਕਵਿਤਾ ਵਿਚਾਰਧਾਰਾਈ ਸਥੂਲਤਾ ਅਤੇ ਸਥਿਰਤਾ ਵੱਲ ਲੁੜਕੀ ਹੋਈ ਸੀ, ਜਿਵੇਂ ਕੋਈ ਪਰਾਂਦੀ ਕੰਡਿਆਂ 'ਤੇ ਸੁੱਕਣੀ ਪਾਈ ਹੋਵੇ ਜਾਂ ਕੋਈ ਮਿਰਗ ਕਿੱਲੇ ਨਾਲ ਬੱਧਾ ਹੋਵੇ। ਕਵਿਤਾ ਵਿਚੋਂ ਲਰਜ਼ਿਸ਼ ਗ਼ਾਇਬ ਹੋ ਗਈ ਸੀ।



*ਸੁਰਜੀਤ ਪਾਤਰ ਅਤੇ ਲੇਖਕ ਅਵਤਾਰ ਸਿੰਘ*

ਜਿਵੇਂ ਕਵਿਤਾ ਲਿਖੀ ਨਹੀਂ, ਬਲਕਿ ਹਥੌੜੇ ਨਾਲ ਠੋਕੀ ਜਾਂਦੀ ਹੋਵੇ। ਪਾਤਰ ਦੀ ਕਵਿਤਾ ਕੰਡਿਆਂ 'ਤੇ ਪਈ ਪਰਾਂਦੀ ਨੂੰ ਕਿਸੇ ਦੀਆਂ ਮੀਢੀਆਂ ਵਿਚ ਗੁੰਦ ਦੇਣ ਦੀ ਚਾਹਤ ਹੈ ਅਤੇ ਕਿਸੇ ਮਿਰਗ ਨੂੰ ਕਿੱਲੇ ਤੋਂ ਆਜ਼ਾਦ ਕਰਨ ਦਾ ਸੁਪਨਾ। ਉਹ ਟਕੂਏ ਤੇ ਗੰਡਾਸਿਆਂ ਦੇ ਗੀਤ ਨਹੀਂ ਗਾਉਂਦਾ, ਬਲਕਿ ਰੌਸ਼ਨੀ ਲਈ, ਅੰਗਿਆਰਾਂ ਤੋਂ ਨਹੀਂ, ਕਿਰਨਾਂ ਦੇ ਕਬੀਲੇ ਤੋਂ ਪ੍ਰੇਰਨਾ ਲੈਂਦਾ ਹੈ। ਉਸ ਦੀ ਕਵਿਤਾ ਝੱਖੜ ਨਹੀਂ, ਸਮੀਰ ਹੈ ਜੋ ਮਿਰਜ਼ੇ ਦੇ ਤੀਰ ਤੋੜਦੀ ਸਾਹਿਬਾਂ ਜਾਂ ਸੁੱਤੀ ਪਈ ਸੱਸੀ ਨਹੀਂ, ਜਾਗਦੀ ਹੀਰ ਹੈ। ਇਸੇ ਲਈ 'ਸਾਹਿਬਾਂ ਨੂੰ ਆਪਣੀ' ਆਖਣ ਲਈ ਪਾਤਰ ਸ਼ਸ਼ੋਪੰਜ ਵਿਚ ਹੈ।

ਕਵਿਤਾ ਤੋਂ ਵਿਚਾਰਧਾਰਾ ਦਾ ਕੰਮ ਲੈਣਾ ਇਵੇਂ ਹੈ ਜਿਵੇਂ ਗਊ ਨੂੰ ਗੱਡੇ ਅੱਗੇ ਜੋੜਨਾ। ਪਾਤਰ ਨੇ ਕਵਿਤਾ ਨੂੰ ਭਾਰ ਮੁਕਤ ਜਾਂ ਹੌਲ਼ੀ ਫੁੱਲ ਕੀਤਾ, ਜਿਵੇਂ ਕਿਸੇ ਰਿਸ਼ੀ ਦੇ ਆਸ਼ਰਮ ਦੀ ਪੁਸ਼ਪ ਵਾਟਿਕਾ ਵਿਚ ਕੋਈ ਹਰਨੋਟੜੀ ਚੁੰਗੀਆਂ ਭਰਦੀ ਹੋਵੇ। ਪਾਤਰ ਭੂਤਵਾੜੇ ਦਾ ਸਮਕਾਲੀ ਹੈ, ਪਰ ਉਸ ਦੀ ਕਵਿਤਾ ਭੂਤਕਾਲੀ ਨਹੀਂ। ਭੂਤ ਪਿਛਲ ਖੁਰੀਂ ਤੁਰਦੇ ਹਨ ਤੇ ਪਛਤਾਵੇ, ਹੇਰਵੇ ਜਾਂ ਉਦਰੇਵੇਂ ਦਾ ਮਾਤਮਨੁਮਾ ਗਾਇਨ ਕਰਦੇ ਹਨ। ਭੂਤਕਾਲ ਵਿਚ ਗੁਆਚ ਜਾਣਾ ਕਵਿਤਾ ਨਹੀਂ। ਉਹ ਸੁਚੇਤ ਹੈ। ਉਸ ਦੀ ਕਵਿਤਾ ਪ੍ਰਛਾਵਿਆਂ ਪਿੱਛੇ ਨਹੀਂ ਦੌੜਦੀ, ਸੜਕਾਂ 'ਤੇ ਵਿਛੀ ਬਿਰਖ ਦੀ ਛਾਂ ਬਣਦੀ ਹੈ। ਉਸ ਦੀ ਚਾਹਤ ਭੂਤ ਨਹੀਂ, ਭਵਿਖਮੁਖੀ ਹੈ। ਉਹ ਆਪਣੇ ਵਰਤਮਾਨ ਨੂੰ ਭੂਤਕਾਲ ਵੱਲ ਨਹੀਂ ਮੋੜਦਾ, ਭੂਤਕਾਲ ਨੂੰ ਵਰਤਮਾਨ ਦੀ ਦਿਸ਼ਾ ਵਿਚ ਤੋਰਦਾ ਹੈ। ਉਹ ਭੂਤਕਾਲ ਵਿਚ ਗੁਆਚਦਾ ਨਹੀਂ, ਉਥੋਂ ਕੁਝ ਢੂੰਡਣ ਜਾਂਦਾ ਹੈ। ਉਸ ਲਈ ਭੂਤਕਾਲ ਭਵਿਖ ਦੀ ਪ੍ਰੇਰਨਾ ਹੈ। ਭਵਿਖ, ਚਾਹਤ ਅਤੇ ਪਾਤਰ ਇਕ ਹੀ ਗੱਲ ਹੈ।

ਕਿਸੇ ਨੇ ਬਿਰਹਾ ਦਾ ਜ਼ਿਕਰ ਛੇੜਿਆ ਜੋ ਕਵਿਤਾ ਘੱਟ, ਪੂਜਾ ਵਧੇਰੇ ਸੀ। ਪਾਤਰ ਦੀ ਕਵਿਤਾ ਬਿਰਹਾ ਦੀ ਗ਼ੈਰਹਾਜ਼ਰੀ ਦੀ ਕਵਿਤਾ ਹੈ। ਇਸ ਵਿਚ ਬਿਰਹਾ ਦੀ ਪੂਜਾ ਨਹੀਂ, ਚਾਹਤ ਹੈ। ਪੂਜਾ ਵਿਚ ਪ੍ਰਾਪਤੀ ਹੈ, ਚਾਹਤ ਵਿਚ ਗ਼ੈਰਹਾਜ਼ਰੀ। ਉਸ ਦੀ ਕਵਿਤਾ ਨਾ ਹੀ ਤ੍ਰਿਪਤੀ ਦੀ ਕਵਿਤਾ ਹੈ ਤੇ ਨਾ ਹੀ ਅਤ੍ਰਿਪਤੀ ਦੀ। ਤ੍ਰਿਪਤੀ ਦੀ ਕਵਿਤਾ ਹੁੰਦੀ ਹੀ ਨਹੀਂ ਤੇ ਅਤ੍ਰਿਪਤੀ ਦੀ ਕਵਿਤਾ ਕਵਿਤਾ ਨਹੀਂ ਹੁੰਦੀ। ਅਤ੍ਰਿਪਤੀ ਅਸਲ ਵਿਚ ਤ੍ਰਿਪਤੀ ਦੀ ਕਮੀ ਹੈ, ਜੋ ਥੁੜ ਜਾਂ ਘਾਟੇ ਦੇ ਅਹਿਸਾਸ 'ਚੋਂ ਜਨਮਦੀ ਹੈ। ਇਸ ਵਿਚ ਘਬਰਾਹਟ ਦੀ ਮਿਲਤਰ ਹੁੰਦੀ ਹੈ। ਪਛਤਾਵੇ ਨੂੰ ਵੀ ਕਵਿਤਾ ਨਹੀਂ ਕਹਿੰਦੇ। ਕਵਿਤਾ ਚਾਹਤ ਵਿਚ ਹੁੰਦੀ ਹੈ, ਜਿੱਥੇ ਆਸ਼ਾ ਤੇ ਨਿਰਾਸ਼ਾ ਦੀ ਪਰਸਪਰ ਅਤੇ ਨਿਰੰਤਰ ਖੇਡ ਵਾਪਰਦੀ ਹੈ।

ਇਹੀ ਖੇਡ ਪਾਤਰ ਦੀ ਕਵਿਤਾ ਦੀ ਪ੍ਰਧਾਨ ਸੁਰ ਹੈ। ਇਥੇ ਕੋਈ ਬੰਸਰੀ ਦੀ ਹੂਕ ਨਦੀਆਂ ਨੂੰ ਰੋਕਣ ਦੀ ਚਾਹਤ ਪਾਲ਼ਦੀ ਹੈ ਤੇ ਪੂਰਨ ਨੂੰ ਕਿਸੇ ਨੂਰ, ਨਾਰ ਤੇ ਕਟਾਰ ਦੇ ਨੇੜੇ ਰਹਿਣ ਲਈ ਪ੍ਰੇਰਦੀ ਹੈ।

ਪਾਤਰ ਸਰਜ਼ਮੀਨ ਦਾ ਨਹੀਂ, ਸੁਰਜ਼ਮੀਨ ਦਾ ਸ਼ਾਇਰ ਹੈ। ਸਰਜ਼ਮੀਨ 'ਚ ਜ਼ਿਮੀਦਾਰੀ ਦਾ ਪਰਤੌਅ ਹੈ ਜਿਸ ਵਿਚ ਜਾਗੀਰਦਾਰੀ ਦੀ ਬੂ ਹੈ, ਜੋ ਬੁਰੀਆਂ ਅਲਾਮਤਾਂ ਦੀ ਮਾਂ ਹੈ। ਉਸ ਦੀ ਕਵਿਤਾ ਸਰ (ਸਿਰ) ਨੂੰ ਸੁਰ 'ਚ ਕਰਦੀ ਹੈ। ਇਸੇ ਕਰ ਕੇ ਇਹ ਖੇਤਾਂ ਦੇ ਪੁੱਤ ਦੀ ਕਵਿਤਾ ਵੀ ਨਹੀਂ ਹੈ। ਕਿਰਤਗਾਹਾਂ ਨੂੰ ਬੰਬੀਆਂ 'ਚ ਤਬਦੀਲ ਕਰ ਕੇ, 'ਲੀੜੇ ਧੋਣ ਦੇ ਬਹਾਨੇ' ਕੰਮੀਆਂ ਦੀਆਂ ਇੱਜ਼ਤਾਂ ਨੂੰ 'ਵਾਜ਼ਾਂ ਮਾਰਦੇ ਖੇਤਾਂ ਦੇ ਵੈਲੀ ਪੁੱਤ, ਪਾਤਰ ਦੀ ਕਵਿਤਾ ਦੇ ਨਾਇਕ ਨਹੀਂ। ਉਸ ਨੇ ਖੇਤਾਂ ਦੇ ਪੁੱਤ ਦੀ ਨਹੀਂ, ਧਰਤੀ ਦੇ ਜਾਏ ਦੀ ਕਵਿਤਾ ਰਚੀ ਜਿਸ ਵਿਚ ਨਾ ਵੈਲੀ ਹੈ ਨਾ ਖੇਤ ਦਾ ਉਲਾਰ। ਉਸ ਲਈ ਸਿਰਫ਼ ਖੇਤ ਹੀ ਧਰਤੀ ਨਹੀਂ ਹਨ ਅਤੇ ਨਾ ਇਕੱਲੇ ਕਿਸਾਨ ਹੀ ਮਨੁੱਖ। ਸਾਰੀ ਧਰਤੀ ਉਸ ਦਾ ਖੇਤ ਹੈ ਤੇ ਹਰ ਮਨੁੱਖ ਕਿਸਾਨ। ਜ਼ਿੰਦਗੀ ਉਸ ਦਾ ਖੇਤ ਹੈ ਜਿੱਥੇ ਫ਼ੈਲਸੂਫ਼ੀਆਂ ਨਹੀਂ, ਮੁਹੱਬਤਾਂ ਦੀ ਫ਼ਸਲ ਉਗਦੀ ਹੈ ਜਿਸ ਦੀ ਰਾਖੀ ਉਸ ਦੀ ਕਵਿਤਾ ਦਾ ਧਰਮ ਹੈ। ਉਸ ਦੀ ਕਵਿਤਾ ਵਿਚ ਨਾ ਧਰਤੀ ਦਾ ਅਕੇਵਾਂ ਹੈ ਤੇ ਨਾ ਖੇਤਾਂ ਦਾ ਉਦਰੇਵਾਂ। ਇਹ ਧਰਤੀ ਤੇ ਅਕਾਸ਼ ਦੇ ਦੂਰ ਦਿਸਹੱਦੇ ਜਾਂ ਦੁਮੇਲ ਦੀ ਕਵਿਤਾ ਹੈ ਜਿੱਥੇ ਸੂਰਜ ਦੇ ਨੈਣਾਂ 'ਚ ਧਰਤੀ ਸੁਰਮਾ ਪਾਉਂਦੀ ਹੈ, ਜਿੱਥੇ ਲਾਲੀ ਸੁਰਮਈ, ਤੇ ਫਿਰ, ਸੁਰ ਮਈ ਹੁੰਦੀ ਹੈ।

ਉਸ ਦੀ ਕਵਿਤਾ ਵਿਚ ਹਥਿਆਰ ਨਹੀਂ ਖੜਕਦੇ। ਕਿਉਂਕਿ ਕੋਲਿਆਂ ਦੀ ਭਖ਼ ਵਿਚ ਤਪੇ ਹਥਿਆਰ ਕਦੀ ਇਨਕਲਾਬ ਨਹੀਂ ਲਿਆਉਂਦੇ, ਜਦ ਤੱਕ ਉਨ੍ਹਾਂ ਨੂੰ ਹੰਝੂਆਂ ਨਾਲ ਨੁਹਾਇਆ ਨਾ ਜਾਵੇ। ਅੰਗਿਆਰਾਂ 'ਤੇ ਪਿਆ ਹਥਿਆਰ ਸ਼ੁਅਲਾ ਹੈ ਜੋ ਨਿਆਂ ਦਾ ਪ੍ਰਤੀਕ ਨਹੀਂ, ਜਿਸ ਨਾਲ ਜ਼ੁਲਮ ਮਿਟਾਇਆ ਨਹੀਂ, ਵਧਾਇਆ ਜਾ ਸਕਦਾ ਹੈ। ਪਾਤਰ ਦੀ ਕਵਿਤਾ ਨਾ ਫੱਟ ਮਾਰਨ ਦੀ ਤੇ ਨਾ ਫੱਟ ਖਾਣ ਦੀ ਕਵਿਤਾ ਹੈ। ਇਹ ਤਾਂ ਆਪਣੀ ਸੰਥਾ ਦੀ ਗੂੰਜ ਆਪਣੇ ਪੁੱਤਰਾਂ ਨੂੰ ਮੁਰਸ਼ਦਾਂ ਦੇ ਕਤਲ ਮੁਆਫ਼ ਕਰਦੀ ਹੈ। ਜੇ ਕਿਤੇ ਇਹ ਤੀਰ ਦੀ ਗਤੀ ਵਿਚ ਆਉਂਦੀ ਵੀ ਹੈ ਤਾਂ ਇਹ ਕਿਸੇ ਦੀ ਹਿੱਕ ਵਿਚ ਲੱਗਣ ਤੋਂ ਬਚਣ ਦੀ ਚਾਹਤ ਵਿਚ ਹੁੰਦੀ ਹੈ। ਇਹੀ ਚਾਹਤ ਉਸ ਦੀ ਕਵਿਤਾ ਨੂੰ ਲਰਜ਼ਿਸ਼ ਜਾਂ ਕੰਪਨ ਬਖ਼ਸ਼ਦੀ ਹੈ। ਇਸ ਲਰਜ਼ਿਸ਼ ਵਿਚ ਕਿਸੇ ਨੂੰ ਰੋਹ ਨਹੀਂ ਚੜ੍ਹਦਾ ਤੇ ਨਾ ਹੀ ਕੋਈ ਭੈਅ ਹੁੰਦਾ ਹੈ। ਇਹ ਲਰਜ਼ਿਸ਼ ਨੀਰ ਬਣ ਨੈਣਾਂ 'ਚੋਂ ਵਗਦੀ ਹੈ। ਗ਼ਾਲਿਬ ਨੇ ਠੀਕ ਕਿਹਾ, "ਜਬ ਆਂਖ ਸੇ ਹੀ ਨਾ ਟਪਕਾ ਤੋ ਫਿਰ ਲਹੂ ਕਿਆ ਹੈ!" ਪਾਤਰ ਨੇ ਐਲਾਨ ਕੀਤਾ, "ਸਾਡੀ ਅੱਖ 'ਚੋਂ ਡਿਗਦਾ ਹੰਝੂ ਸਾਡਾ ਚੋਣ ਨਿਸ਼ਾਨ।"

ਪਾਤਰ ਬਿਰਖ ਹੈ, ਬਿਰਖ ਨੂੰ ਦਰਵੇਸ਼ ਮੰਨਿਆ ਗਿਆ ਹੈ, ਦਰਵੇਸ਼ ਦਰਦ ਦਾ ਮੁਜੱਸਮਾ ਹੈ, ਦਰਦ ਦੀ ਹੋਣੀ ਹੰਝੂ ਹੈ, ਹੰਝੂ ਨੀਰ ਹੈ ਤੇ ਨੀਰ ਦੀ ਫ਼ਿਤਰਤ ਹੈ ਵਗਣਾ। ਇਹ ਵਹਾ ਹੀ ਉਸ

(ਬਾਕੀ ਸਫਾ 33 ਉਤੇ)

## ਗਜ਼ਲ

ਮੈਂ ਸੁਣਾਂ ਜੇ ਰਾਤ ਖ਼ਮੋਸ਼ ਨੂੰ
ਮੇਰੇ ਦਿਲ 'ਚ ਕੋਈ ਦੁਆ ਕਰੇ
ਇਹ ਜ਼ਮੀਨ ਹੋਵੇ ਸੁਰਾਂਗਲੀ
ਇਹ ਦਰਖ਼ਤ ਹੋਣ ਹਰੇ ਭਰੇ।

ਏਥੋਂ ਕੁਲ ਪਰਿੰਦੇ ਹੀ ਉੜ ਗਏ
ਏਥੇ ਮੇਘ ਆਉਂਦੇ ਹੀ ਮੁੜ ਗਏ
ਏਥੇ ਕਰਨ ਅਜ ਕਲ੍ਹ ਬਿਰਖ ਵੀ
ਕਿਤੇ ਹੋਰ ਜਾਣ ਦੇ ਮਸ਼ਵਰੇ।

ਨ ਤਾਂ ਕੁਰਸੀਆਂ ਨੂੰ ਨ ਤਖ਼ਤ ਨੂੰ
ਨ ਸਲੀਬ ਸਖ਼ਤ ਕੁਰਖ਼ਤ ਨੂੰ
ਇਹ ਮਜ਼ਾਕ ਕਰਨ ਦਰਖ਼ਤ ਨੂੰ
ਬੜੇ ਸਮਝਦਾਰ ਨੇ ਮਸਖ਼ਰੇ।

ਹੁਣ ਚੀਰ ਹੁੰਦਿਆਂ ਵੀ ਚੁਪ ਰਵ੍ਹੇ
ਹੁਣ ਆਰਿਆਂ ਨੂੰ ਵੀ ਛਾਂ ਦਵੇ
ਇਹ ਜੁ ਆਖਦਾ ਸੀ ਮੈਂ ਬਿਰਖ ਹਾਂ
ਹੁਣ ਵਕਤ ਆਇਆ ਹੈ ਸਿੱਧ ਕਰੇ।

ਮੈਂ ਚਲਾ ਕੇ ਤੀਰ ਕਮਾਨ 'ਚੋਂ
ਰੱਤ ਸਿੰਮਦੀ ਸੋਚਾਂ ਨਿਸ਼ਾਨ 'ਚੋਂ
ਤਾਂ ਦੁਆ ਇਹ ਨਿਕਲੇ ਜ਼ਬਾਨ 'ਚੋਂ
ਮੇਰਾ ਤੀਰ ਡਿਗ ਪਏ ਉਰੇ ਪਰੇ।

ਮੇਰੇ ਪਿੰਡ ਦੀ ਨੀਂਦ ਨੂੰ ਚੀਰਦੀ
ਗੱਡੀ ਲੰਘੀ ਰਾਤ ਅਖ਼ੀਰ ਦੀ
ਟੁੱਟੀ ਨੀਂਦ ਬਿਰਖ ਫ਼ਕੀਰ ਦੀ
ਪੀਲੇ ਪੱਤੇ ਮੁਸਾਫ਼ਰ ਉੱਤਰੇ।

ਕੋਈ ਲਫ਼ਜ਼ ਲਫ਼ਜ਼ਾਂ ਦੇ ਸਾਕ ਵਿਚ
ਨ ਘੁਟਨ ਸਹੇ ਕਿਸੇ ਵਾਕ ਵਿਚ
ਤਦੇ ਝਿਜਕਦਾਂ ਕੁਝ ਆਖਦਾ
ਕੁਝ ਲਿਖਦਿਆਂ ਮੇਰਾ ਮਨ ਡਰੇ।

ਉਹ ਬਣਾ ਰਹੇ ਨੇ ਇਮਾਰਤਾਂ
ਅਸੀਂ ਲਿਖ ਰਹੇ ਹਾਂ ਇਬਾਰਤਾਂ
ਤਾਂ ਜੁ ਪੱਥਰਾਂ ਦੇ ਵਜੂਦ ਵਿਚ
ਕੋਈ ਆਤਮਾ ਵੀ ਰਿਹਾ ਕਰੇ।

ਕੋਈ ਸਾਕ ਕਦ ਹੈ ਹਮੇਸ਼ ਤਕ
ਇਕ ਤਾਪਮਾਨ ਵਿਸ਼ੇਸ਼ ਤਕ
ਜੁੜੇ ਰਹਿਣ ਤੱਤਾਂ ਦੇ ਨਾਲ ਤੱਤ
ਫਿਰ ਟੁੱਟ ਕੇ ਹੋ ਜਾਵਣ ਪਰੇ।

ਉਹ ਸੀ ਯੋਧਾ ਕਾਹਦਾ ਫ਼ਕੀਰ ਸੀ
ਉਹਦੇ ਲਫ਼ਜ਼ ਹੀ ਉਹਦੇ ਤੀਰ ਸੀ
ਤੇ ਉਹ ਲਫ਼ਜ਼ ਕੱਢੇ ਜ਼ਬਾਨ 'ਚੋਂ
ਪਹਿਲਾਂ ਅਪਣੀ ਰੱਤ 'ਚ ਹੀ ਨਮ ਕਰੇ।

ਕੁਝ ਲੋਕ ਆਏ ਸੀ ਬੇਸੁਰੇ
ਮੇਰੀ ਤੋੜ ਬਿਰਤੀ ਚਲੇ ਗਏ
ਹੁਣ ਮੁੜ ਕੇ ਰਾਗ ਪਿਰੋ ਰਿਹਾਂ
ਤੇ ਮੈਂ ਚੁਗ ਰਿਹਾਂ ਸੁਰ ਬਿੱਖਰੇ।

ਇਕ ਵਾਕ ਸੁਣ ਕੇ ਸਿਹਰ ਗਏ
ਚੰਨ ਗੁੰਮਿਆ ਤਾਰੇ ਬਿਖਰ ਗਏ
ਮੇਰੇ ਮਨ ਦੇ ਨੀਰ ਗੰਧਲ ਗਏ
ਬੜੀ ਦੇਰ ਤੀਕ ਨ ਨਿੱਤਰੇ।

ਚੱਲ ਸੂਰਜਾ, ਚੱਲ ਧਰਤੀਏ
ਮੁੜ ਸੁੰਨ ਸਮਾਧੀ 'ਚ ਪਰਤੀਏ
ਕੱਲ੍ਹ ਰਾਤ ਹੋਏ ਨੇ ਰਾਤ ਭਰ
ਏਹੀ ਤਾਰਿਆਂ ਵਿਚ ਤਜ਼ਕਰੇ।

---

## ਕੁਝ ਕਿਹਾ ਤਾਂ...

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।
ਗੀਤ ਦੀ ਮੌਤ ਇਸ ਰਾਤ ਜੇ ਹੋ ਗਈ
ਮੇਰਾ ਜੀਣਾ ਮੇਰੇ ਯਾਰ ਕਿੰਜ ਸਹਿਣਗੇ।

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ।
ਆਖੋ ਇਨ੍ਹਾਂ ਨੂੰ ਉਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਇਥੇ ਖੜ੍ਹੇ ਰਹਿਣਗੇ।

ਕੀ ਇਹ ਇਨਸਾਫ ਇਹ ਹਉਮੈ ਦੇ ਪੁਤ ਕਰਨਗੇ
ਕੀ ਇਹ ਖਾਮੋਸ਼ ਪੱਥਰ ਦੇ ਬੁੱਤ ਕਰਨਗੇ।
ਜੋ ਸਲੀਬਾਂ 'ਤੇ ਟੰਗੇ ਨੇ ਲੱਥਣੇ ਨਹੀਂ
ਰਾਜ ਬਦਲਣਗੇ ਸੂਰਜ ਚੜ੍ਹਨ-ਲਹਿਣਗੇ।

ਯਾਰ ਮੇਰੇ ਜੋ ਇਸ ਆਸ 'ਤੇ ਮਰ ਗਏ
ਕਿ ਮੈਂ ਉਨ੍ਹਾਂ ਦੇ ਦੁੱਖ ਦਾ ਬਣਾਵਾਂਗਾ ਗੀਤ।
ਜੇ ਮੈਂ ਚੁਪ ਹੀ ਰਿਹਾ, ਜੇ ਮੈਂ ਕੁਝ ਨਾ ਕਿਹਾ
ਬਣ ਕੇ ਰੂਹਾਂ ਸਦਾ ਭਟਕਦੇ ਰਹਿਣਗੇ।

ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਦੇ ਲਈ
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ।
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

ਇਹ ਜੋ ਰੰਗਾਂ 'ਚ ਚਿਤਰੇ ਨੇ ਘੁਲ ਜਾਣਗੇ,
ਇਹ ਜੋ ਮਰ ਮਰ ਕੇ ਉਕਰੇ ਨੇ ਮਿਟ ਜਾਣਗੇ।
ਬਲਦੇ ਹੱਥਾਂ ਨੇ ਜਿਹੜੇ ਹਵਾ 'ਚ ਲਿਖੇ
ਹਰਫ ਉਹੀ ਹਮੇਸ਼ਾ ਲਿਖੇ ਰਹਿਣਗੇ।

ਇਹ ਵੀ ਸ਼ਾਇਦ ਮੇਰਾ ਆਪਣਾ ਵਹਿਮ ਹੈ
ਕੋਈ ਦੀਵਾ ਜਗੇਗਾ ਮੇਰੀ ਕਬਰ 'ਤੇ।
ਜੇ ਹਵਾ ਇਹ ਰਹੀ, ਕਬਰਾਂ 'ਤੇ ਤਾਂ ਕੀ?
ਸਭ ਘਰਾਂ 'ਚ ਵੀ ਦੀਵੇ ਬੁਝੇ ਰਹਿਣਗੇ।
ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।

**-ਸੁਰਜੀਤ ਪਾਤਰ**

## *ਰਿਬੇਰੋ ਦੀ ਆਪਬੀਤੀ-10*

# ਖਾੜਕੂ ਸਫਾਂ ਵਿਚ ਸੰਨ੍ਹ

***ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ, ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਅਤੇ ਜੂਲੀਓ ਰਿਬੇਰੋ ਨੇ ਪਿਛਲੀ ਸਦੀ ਦੇ ਅੱਸੀਵਿਆਂ ਦੇ ਦੌਰ ਉਪਰ ਕਿਤਾਬਾਂ ਲਿਖੀਆਂ ਹਨ। ਇਹ ਕਿਤਾਬਾਂ ਕਿਉਂਕਿ ਸਟੇਟ ਅਫਸਰਾਂ ਵਲੋਂ ਲਿਖੀਆਂ ਗਈਆਂ, ਇਸ ਕਰ ਕੇ ਇਹ ਸਟੇਟ ਦਾ ਏਜੰਡਾ ਹਨ ਪਰ ਰਿਬੇਰੋ ਇਨ੍ਹਾਂ ਤਿੰਨਾਂ ਵਿਚੋਂ ਭਿੰਨ ਹੈ ਕਿਉਂਕਿ ਕਦੀ ਕਦਾਈਂ ਉਹ ਸਟੇਟ ਨਾਲ ਸਹਿਮਤ ਨਹੀਂ ਹੁੰਦਾ। ਇਹੀ ਗੱਲ ਉਸ ਨੂੰ ਬਾਕੀਆਂ ਨਾਲੋਂ ਨਿਖੇੜਦੀ ਹੈ। ਰਿਬੇਰੋ ਦੀ ਧਿਰ ਨਾਲ ਭਾਵੇਂ ਕਿਸੇ ਵੀ ਸੂਰਤ ਸਹਿਮਤ ਨਹੀਂ ਹੋਇਆ ਜਾ ਸਕਦਾ, ਪਰ ਉਸ ਦੀ ਲਿਖਤ ਤੋਂ ਪਤਾ ਲੱਗਦਾ ਹੈ ਕਿ ਸਟੇਟ ਕੀ ਸੋਚਦੀ ਰਹੀ, ਕੀ ਕਰਦੀ ਰਹੀ, ਕਿਉਂ ਕਰਦੀ ਰਹੀ? ਰਿਬੇਰੋ ਵੱਲੋਂ ਲਿਖੀ ਕਿਤਾਬ 'ਬੁੱਲਟ ਫਾਰ ਬੁੱਲਟ' ਦੇ ਕੁੱਝ ਪੰਨਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਉਘੇ ਲੇਖਕ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ ਜੋ ਅਸੀਂ ਕਿਸ਼ਤਵਾਰ ਛਾਪ ਰਹੇ ਹਾਂ। ਇਸ ਕਿਸ਼ਤ ਵਿਚ ਕੈਨੇਡੀਅਨ ਪਾਰਲੀਮੈਂਟ ਮੈਂਬਰਾਂ ਦੇ ਪੰਜਾਬ ਦੌਰੇ, ਖਾੜਕੂ ਸਫਾਂ ਅੰਦਰ ਪੁਲਿਸ ਦੀ ਘੁਸਪੈਠ ਅਤੇ ਪੁਲਿਸ ਤੇ ਖਾੜਕੂਆਂ ਦੀਆਂ ਕਾਰਵਾਈਆਂ ਬਾਰੇ ਟਿੱਪਣੀਆਂ ਹਨ। -ਸੰਪਾਦਕ***

**ਪੰਨਾ 343:** ਅਖਬਾਰ 'ਵਾਸ਼ਿੰਗਟਨ ਪੋਸਟ' ਦਾ ਅਮਰੀਕੀ ਪੱਤਰਕਾਰ ਮੇਰੀ ਇੰਟਰਵਿਊ ਕਰਨ ਆਇਆ। ਉਹ ਬੈਂਸ ਨੂੰ ਮਿਲ ਕੇ ਆਇਆ ਸੀ ਤੇ ਉਸ ਕੋਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਖਾਸਾ ਮਸਾਲਾ ਸੀ, ਪੁਲਿਸ ਵਧੀਕੀਆਂ ਦੀ ਲੰਮੀ ਲਿਸਟ ਸੀ। ਇਕ ਕਹਾਣੀ ਪਟਿਆਲਾ ਜੇਲ੍ਹ ਵਿਚ ਦੋ ਖਾੜਕੂ ਬੰਦੀਆਂ ਦੇ ਕਤਲ ਦੀ ਸੀ। ਉਸ ਕੋਲ ਪੈਂਫਲਿਟ ਸੀ ਜਿਹੜਾ ਵਿਦੇਸ਼ਾਂ ਵਿਚ ਵੰਡਿਆ ਗਿਆ ਹੋਵੇਗਾ, ਕਿਉਂਕਿ ਇਨ੍ਹਾਂ ਜੇਲ੍ਹ ਬੰਦੀਆਂ ਦੇ ਕਤਲ ਦੀ ਤਾਂ ਕਹਾਣੀ ਹੀ ਹੋਰ ਹੈ। ਇਨ੍ਹਾਂ ਨੇ ਜੇਲ੍ਹ ਵਿਚੋਂ ਭੱਜਣਾ ਸੀ, ਇਸ ਕਾਰਨ ਇਸ ਜੇਲ੍ਹ ਵਾਰਡਰ ਨਾਲ ਤਕਰਾਰ ਹੋ ਗਿਆ। ਜੇਲ੍ਹ ਵਾਰਡਰ ਪੁਲਿਸ ਮੁਲਾਜ਼ਮ ਨਹੀਂ ਹੁੰਦਾ। ਇਸ ਵਾਰਡਰ ਨੂੰ ਕਤਲ ਕਰ ਦਿੱਤਾ ਤੇ ਜੇਲ੍ਹ ਸੁਪਰਡੈਂਟ ਨੂੰ ਬੁਰੀ ਤਰ੍ਹਾਂ ਕੁੱਟ ਕੇ ਜ਼ਖਮੀ ਕਰ ਦਿੱਤਾ, ਉਪਰੰਤ ਵਾਰਡਰਾਂ ਨੇ ਫਾਇਰ ਕਰ ਦਿੱਤੇ ਤੇ ਦੋਵੇਂ ਖਾੜਕੂ ਮਾਰੇ ਗਏ। ਜੇਲ੍ਹ ਅਫਸਰ ਨੇ ਮੈਨੂੰ ਲਿਖਤੀ ਸ਼ਿਕਾਇਤ ਵਿਚ ਕਿਹਾ ਸੀ ਕਿ ਜੇਲ੍ਹ ਗੇਟ ਦੇ ਐਨ ਬਾਹਰ ਬੀ.ਐਸ.ਐਫ. ਕੰਪਨੀ

**ਜੂਲੀਓ ਰਿਬੇਰੋ**

**ਅਨੁਵਾਦ: ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਤਾਇਨਾਤ ਹੈ, ਅਸੀਂ ਉਨ੍ਹਾਂ ਦੀ ਮਦਦ ਮੰਗੀ ਪਰ ਉਨ੍ਹਾਂ ਦਾ ਜਵਾਬ ਸੀ- ਜੇਲ੍ਹ ਅੰਦਰਲੇ ਪ੍ਰਬੰਧ ਨਾਲ ਸਾਡਾ ਕੋਈ ਵਾਹ ਵਾਸਤਾ ਨਹੀਂ। ਇਸ ਗੱਲੋਂ ਮੈਂ ਬੀ.ਐਸ.ਐਫ. ਦੀ ਖਿਚਾਈ ਵੀ ਕੀਤੀ ਸੀ। ਮੈਂ ਪੱਤਰਕਾਰ ਨੂੰ ਦੱਸਿਆ ਕਿ ਜੇਲ੍ਹਾਂ ਵਿਚ ਉਦੋਂ ਬਹੁਤ ਖਤਰਨਾਕ ਖਾੜਕੂ ਬੰਦ ਸਨ, ਸਾਡੀ ਮਾਰਨ ਦੀ ਮਨਸ਼ਾ ਹੁੰਦੀ, ਉਨ੍ਹਾਂ ਨੂੰ ਮਾਰ ਦਿੰਦੇ। ਜਿਹੜੇ ਦੋ ਮਾਰੇ ਗਏ, ਉਨ੍ਹਾਂ ਵਿਚੋਂ ਇਕ ਖਤਰਨਾਕ ਸੀ, ਦੂਜਾ ਨਵਾਂ ਭਰਤੀ ਹੋਇਆ ਸੀ।

1987 ਵਿਚ ਸੱਤ ਕੈਨੇਡੀਅਨ ਪਾਰਲੀਮੈਂਟ ਮੈਂਬਰਾਂ ਦਾ ਵਫਦ ਭਾਰਤ ਆਇਆ। ਇਹ ਉਨ੍ਹਾਂ ਇਲਾਕਿਆਂ ਵਿਚੋਂ ਚੋਣ ਜਿੱਤੇ ਸਨ, ਜਿਥੇ ਸਿੱਖ ਵਸੋਂ ਕਾਫੀ ਹੈ ਤੇ ਸਿੱਖ ਚੋਣਾਂ ਵਿਚ ਅਸਰਅੰਦਾਜ਼ ਹਨ। ਉਹ ਪੁੱਛ ਰਹੇ ਸਨ ਕਿ ਪੁਲਿਸ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀ ਹੈ। ਦਰਬਾਰ ਸਾਹਿਬ ਅੰਦਰ ਅਤੇ ਉਸ ਦੇ ਆਲੇ-ਦੁਆਲੇ ਤੁਹਾਨੂੰ ਕੇਵਲ ਬਜ਼ੁਰਗ ਦਿਸਣਗੇ, ਸਾਰੇ ਜੁਆਨ ਸਿੱਖ ਮੁੰਡੇ ਜਾਂ ਮਾਰ ਦਿੱਤੇ, ਜਾਂ ਭੱਜ ਗਏ ਹਨ। ਇਹ ਐਮ.ਪੀ. ਇਨ੍ਹਾਂ ਤੱਥਾਂ ਦੀ ਪੜਤਾਲ ਕਰ ਕੇ ਭਾਰਤ ਸਰਕਾਰ ਨੂੰ ਉਲਾਂਭਾ ਦੇਣ ਆਏ ਸਨ। ਦਿੱਲੀ ਦੇ ਵੱਡੇ ਅਫਸਰ ਚਾਹੁੰਦੇ ਸਨ, ਉਨ੍ਹਾਂ ਨੂੰ ਅੰਮ੍ਰਿਤਸਰ ਜਾਣ ਤੋਂ ਰੋਕਿਆ ਜਾਵੇ। ਮੈਨੂੰ ਇਨ੍ਹਾਂ ਦੇ ਦੌਰੇ ਦਾ ਕੋਈ ਪਤਾ ਨਹੀਂ ਸੀ, ਇਸ ਬਾਰੇ ਕੈਬਨਿਟ ਸਕੱਤਰ ਦੇਸ਼ਮੁਖ ਨੇ ਮੈਨੂੰ ਫੋਨ 'ਤੇ ਦੱਸਿਆ। ਉਸ ਨੇ ਮੇਰੇ ਨਾਲ ਮਰਾਠੀ ਵਿਚ ਗੱਲ ਕੀਤੀ ਤਾਂ ਕਿ ਨਾਲ ਦੇ ਅਫਸਰਾਂ ਨੂੰ ਪਤਾ ਨਾ ਲੱਗੇ ਕਿ ਕੀ ਗੱਲ ਹੋ ਰਹੀ ਹੈ। ਉਸ ਨੇ ਮੇਰੀ ਸਲਾਹ ਮੰਗੀ, ਬਿਨਾਂ ਪਲ ਭਰ ਦੇਰੀ ਦੇ ਮੈਂ ਕਿਹਾ- ਆਉਣ ਦਿਉ। ਉਹ ਮੇਰਾ ਜਵਾਬ ਸੁਣ ਕੇ ਹੈਰਾਨ ਰਹਿ ਗਿਆ, ਕਿਉਂਕਿ ਸਾਰੇ ਅਫਸਰਾਂ ਦੀ ਇਹੋ ਰਾਇ ਸੀ ਕਿ ਕੈਨੇਡਾ ਵਾਪਸ ਜਾ ਕੇ ਇਹ ਭੰਡੀ ਪ੍ਰਚਾਰ ਕਰਨਗੇ। ਮੈਂ ਤਾਂ ਚਾਹੁੰਦਾ ਸਾਂ ਇਹ ਆ ਕੇ ਆਪ ਦੇਖਣ ਕਿ ਪੁਲਿਸ ਕਿਨ੍ਹਾਂ ਸੰਗੀਨ ਹਾਲਾਤ ਵਿਚੋਂ ਲੰਘ ਰਹੀ ਹੈ। ਉਨ੍ਹਾਂ ਵਾਸਤੇ ਸਪੈਸ਼ਲ ਜਹਾਜ਼ ਤਿਆਰ ਕੀਤਾ ਗਿਆ। ਮੇਰੀ ਗੱਲ ਹੋਣ ਤੋਂ ਇਕ ਘੰਟੇ ਬਾਅਦ ਉਹ ਅੰਮ੍ਰਿਤਸਰ ਲਈ ਉਡ ਪਏ।

ਮੈਂ ਸੀ.ਆਰ.ਪੀ. ਦੇ ਡੀ.ਆਈ.ਜੀ. ਐਸ.ਐਸ. ਵਿਰਕ ਦੀ ਡਿਊਟੀ ਲਾਈ ਕਿ ਅੰਮ੍ਰਿਤਸਰ ਵਿਚ ਤੂੰ ਇਨ੍ਹਾਂ ਨੂੰ ਐਸਕੌਰਟ ਕਰਨਾ ਹੈ। ਸਿਤਮਜ਼ਰੀਫੀ ਦੇਖੋ, ਉਹ ਜਾਂ ਹੋਰ ਪੁਲਿਸ ਅਫਸਰ ਦਰਬਾਰ ਸਾਹਿਬ ਅੰਦਰ ਨਹੀਂ ਜਾ ਸਕਦੇ ਸਨ, ਕਿਉਂਕਿ ਖਾੜਕੂ ਅੰਦਰ ਸਨ। ਕੈਨੇਡੀਅਨ ਅੰਦਰ ਗਏ ਤੇ ਸਭ ਅੱਖੀਂ ਦੇਖ ਆਏ। ਉਨ੍ਹਾਂ ਦੇਖਿਆ ਕਿ ਵਧੀਕ ਅਫਸਰ ਸਿੱਖ ਸਨ, ਉਹ ਦੇਖ ਆਏ ਕਿ ਅੰਦਰ ਨੌਜੁਆਨ ਸਿੱਖ ਹਨ ਜਿਨ੍ਹਾਂ ਤੋਂ ਡਰਦੇ ਬਜ਼ੁਰਗ ਅੰਦਰ ਨਹੀਂ ਜਾਂਦੇ; ਦੇਖਿਆ ਸ਼ਹਿਰ ਨਾਰਮਲ ਸੀ; ਸਿੱਖ ਜੁਆਨ ਦੁਕਾਨਾਂ 'ਤੇ ਗਾਹਕ ਭੁਗਤਾ ਰਹੇ ਸਨ।

ਜਦੋਂ ਉਹ ਦਿੱਲੀ ਪਰਤੇ, ਮੈਨੂੰ ਕੈਨੇਡੀਅਨ ਹਾਈ ਕਮਿਸ਼ਨਰ ਦਾ ਸੱਦਾ ਮਿਲਿਆ ਕਿ ਮੈਂ ਮਹਿਮਾਨਾਂ ਨੂੰ ਉਸ ਦੇ ਘਰ ਮਿਲਾਂ। ਅਵਿੰਦਰ ਬਰਾੜ ਨਾਲ ਜਹਾਜ਼ 'ਤੇ ਮੈਂ ਦਿੱਲੀ ਗਿਆ। ਇਸ ਲੰਮੇ, ਬੁੱਧੀਵਾਨ ਤੇ ਸਮਾਰਟ ਸਿੱਖ ਨੇ ਉਨ੍ਹਾਂ 'ਤੇ ਚੰਗਾ ਅਸਰ ਪਾਇਆ। ਉਨ੍ਹਾਂ ਨੇ ਦਰਬਾਰ ਸਾਹਿਬ, ਦਹਿਸ਼ਤਵਾਦ ਅਤੇ ਸਾਡੇ ਕੰਮ ਢੰਗ ਬਾਰੇ ਅਨੇਕ ਸਵਾਲ ਪੁੱਛੇ, ਮੇਰੇ ਜਵਾਬਾਂ ਤੋਂ ਖੁਸ਼ ਹੋਏ, ਕਿਉਂਕਿ ਮੈਂ ਸਿੱਧਾ ਸਾਂ, ਖਰਾ ਸਾਂ। ਉਨ੍ਹਾਂ ਪੁੱਛਿਆ, ਕੀ ਕਾਰਨ ਹੈ ਭਾਰਤੀ ਸਿੱਖਾਂ ਨਾਲੋਂ ਕੈਨੇਡੀਅਨ ਸਿੱਖ ਖਾਲਿਸਤਾਨ ਵਾਸਤੇ ਵਧੀਕ ਤਤਪਰ ਹਨ? ਇਸ ਦਾ ਜਵਾਬ ਮੈਂ ਅਵਿੰਦਰ ਨੂੰ ਦੇਣ ਲਈ ਕਿਹਾ। ਉਸ ਨੇ ਕਿਹਾ ਕਿ ਬਾਹਰਲੇ ਸਿੱਖਾਂ ਨੂੰ ਆਪਣੀ ਵੱਖਰੀ ਪਛਾਣ ਦੀ ਚਿੰਤਾ ਹੈ। ਦੂਜੇ, ਉਹ ਰੱਜੇ ਪੁੱਜੇ ਹਨ। ਉਨ੍ਹਾਂ ਦੇ ਮੁਕਾਬਲੇ ਉਨ੍ਹਾਂ ਦੇ ਰਿਸ਼ਤੇਦਾਰ ਇੱਧਰ ਭਾਰਤ ਵਿਚ ਮਾਇਕ ਤੌਰ 'ਤੇ ਪਿੱਛੇ ਹਨ।

ਦੇਸ਼ ਵਾਪਸ ਪਰਤ ਕੇ ਉਨ੍ਹਾਂ ਨੇ 'ਟੋਰਾਂਟੋ ਸਨ' ਅਖਬਾਰ ਵਿਚ ਆਪਣਾ ਬਿਆਨ ਦਿੱਤਾ। ਕਿਹਾ- ਪੰਜਾਬ ਪੁਲਿਸ ਚੀਫ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ, ਜੇ ਉਨ੍ਹਾਂ ਦੀ ਕੈਨੇਡਾ ਸਰਕਾਰ ਨੇ ਸਲਾਹ ਮੰਗੀ ਤਾਂ ਸਿਫਾਰਿਸ਼ ਕਰਨਗੇ ਕਿ ਰਿਬੇਰੋ ਨੂੰ ਕੈਨੇਡੀਅਨ ਮਾਊਂਟਿਡ ਪੁਲਿਸ ਦਾ ਕਮਿਸ਼ਨਰ ਲਾ ਦਿੱਤਾ ਜਾਵੇ। ਹਾਈ ਕਮਿਸ਼ਨ ਨੇ ਭੁਲੇਖੇ ਦੂਰ ਕਰਨ ਵਾਸਤੇ ਸ਼ੁਕਰਾਨੇ ਦੀ ਚਿੱਠੀ ਮੈਨੂੰ ਲਿਖੀ।

***ਕੈਨੇਡੀਅਨ ਪਾਰਲੀਮੈਂਟ ਮੈਂਬਰ ਜਦੋਂ ਦਿੱਲੀ ਪਰਤੇ, ਮੈਨੂੰ ਕੈਨੇਡੀਅਨ ਹਾਈ ਕਮਿਸ਼ਨਰ ਦਾ ਸੱਦਾ ਮਿਲਿਆ ਕਿ ਮੈਂ ਮਹਿਮਾਨਾਂ ਨੂੰ ਉਸ ਦੇ ਘਰ ਮਿਲਾਂ। ਅਵਿੰਦਰ ਬਰਾੜ ਨਾਲ ਜਹਾਜ਼ 'ਤੇ ਮੈਂ ਦਿੱਲੀ ਗਿਆ। ਇਸ ਲੰਮੇ, ਬੁੱਧੀਵਾਨ ਤੇ ਸਮਾਰਟ ਸਿੱਖ ਨੇ ਉਨ੍ਹਾਂ 'ਤੇ ਚੰਗਾ ਅਸਰ ਪਾਇਆ। ਉਨ੍ਹਾਂ ਨੇ ਦਰਬਾਰ ਸਾਹਿਬ, ਆਤੰਕਵਾਦ ਅਤੇ ਸਾਡੇ ਕੰਮ ਢੰਗ ਬਾਰੇ ਅਨੇਕ ਸਵਾਲ ਪੁੱਛੇ, ਮੇਰੇ ਜਵਾਬਾਂ ਤੋਂ ਖੁਸ਼ ਹੋਏ, ਕਿਉਂਕਿ ਮੈਂ ਸਿੱਧਾ ਸਾਂ, ਖਰਾ ਸਾਂ। ਉਨ੍ਹਾਂ ਪੁੱਛਿਆ, ਕੀ ਕਾਰਨ ਹੈ ਭਾਰਤੀ ਸਿੱਖਾਂ ਨਾਲੋਂ ਕੈਨੇਡੀਅਨ ਸਿੱਖ ਖਾਲਿਸਤਾਨ ਵਾਸਤੇ ਵਧੀਕ ਤਤਪਰ ਹਨ? ਇਸ ਦਾ ਜਵਾਬ ਮੈਂ ਅਵਿੰਦਰ ਨੂੰ ਦੇਣ ਲਈ ਕਿਹਾ। ਉਸ ਨੇ ਕਿਹਾ ਕਿ ਬਾਹਰਲੇ ਸਿੱਖਾਂ ਨੂੰ ਆਪਣੀ ਵੱਖਰੀ ਪਛਾਣ ਦੀ ਚਿੰਤਾ ਹੈ। ਦੂਜੇ, ਉਹ ਰੱਜੇ ਪੁੱਜੇ ਹਨ। ਉਨ੍ਹਾਂ ਦੇ ਮੁਕਾਬਲੇ ਉਨ੍ਹਾਂ ਦੇ ਰਿਸ਼ਤੇਦਾਰ ਇੱਧਰ ਭਾਰਤ ਵਿਚ ਮਾਇਕ ਤੌਰ 'ਤੇ ਪਿੱਛੇ ਹਨ।***

ਅਪਰਾਧੀਆਂ ਦੇ ਥਹੁ-ਪਤੇ ਲਾਉਣ ਲਈ ਪੁਲਿਸ ਨੂੰ ਮੁਖਬਰਾਂ ਦੀ ਲੋੜ ਪੈਂਦੀ ਹੈ। ਇਹ ਮੁਖਬਰ ਵੀ ਦੋ ਨੰਬਰ ਦਾ ਧੰਦਾ ਚਲਾਉਂਦੇ ਹਨ। ਪੈਸੇ ਦੇ ਲਾਲਚ ਵਿਚ ਜਾਂ ਹੋਰ ਨਿਕੀਆਂ ਮੋਟੀਆਂ ਰਿਆਇਤਾਂ ਬਦਲੇ ਇਹ ਆਪਣੇ ਨਾਲ ਦੇ ਵੱਡੇ ਅਪਰਾਧੀਆਂ ਨੂੰ ਫੜਵਾ ਦਿੰਦੇ ਹਨ। ਇਨ੍ਹਾਂ ਨੂੰ ਅਸੀਂ ਸਟੂਲ ਕਬੂਤਰ ਕਿਹਾ ਕਰਦੇ ਹਾਂ। ਇਹ ਕਿਸੇ ਅਪਰਾਧੀ ਗੈਂਗ ਦੇ ਮੈਂਬਰ ਹੁੰਦੇ ਹਨ। ਭਲਾਮਾਣਸ ਨਾਗਰਿਕ ਪੁਲਿਸ ਕੋਲ ਕਿਸੇ ਦੀ ਮੁਖਬਰੀ ਕਿਉਂ ਕਰੇਗਾ? ਦੁਨੀਆਂ ਦੀ ਸਾਰੀ ਪੁਲਿਸ ਫੋਰਸ ਇਸ ਤਰ੍ਹਾਂ ਦੇ ਹੱਥਕੰਡੇ ਵਰਤਦੀ ਹੈ। ਪ੍ਰੈਸ ਨੇ ਇਸ ਗੱਲ ਦੀ ਬੜੀ ਆਲੋਚਨਾ ਕੀਤੀ ਕਿ ਪੁਲਿਸ ਨੇ ਆਪਣੇ ਬੰਦੇ ਖਾੜਕੂਆਂ ਵਿਚ ਰਲਾ ਦਿੱਤੇ ਹਨ। ਰਲਾਏ ਸਨ, ਖਾੜਕੂਆਂ ਦੀ ਸੂਹ ਕੱਢਣ ਦਾ ਹੋਰ ਕਿਹੜਾ ਤਰੀਕਾ ਸੀ, ਜਾਂ ਹੈ?

**ਪੰਨਾ 349:** ਖਾੜਕੂ ਸਫਾਂ ਵਿਚ ਆਪਣੇ ਬੰਦੇ ਵਾੜਨੇ ਕੋਈ ਸੌਖਾ ਕੰਮ ਨਹੀਂ, ਬਹੁਤ ਖਤਰਨਾਕ ਹੈ। ਪਤਾ ਲੱਗਣ 'ਤੇ ਖਾੜਕੂ ਸਾਡੇ ਬੰਦੇ ਨੂੰ ਫੁੰਡ ਦੇਣਗੇ। ਕੋਈ ਹੰਢਿਆ ਹੋਇਆ ਤੇਜ਼ ਤਰਾਰ ਬੰਦਾ ਪੈਸੇ ਟਕੇ ਜਾਂ ਕਿਸੇ ਹੋਰ ਲਾਲਚਵਸ ਕੰਮ ਆਉਂਦਾ ਹੈ। ਇਸ ਖਤਰਨਾਕ ਕੰਮ ਵਾਸਤੇ ਲਾਚਾਰੀਵਸ ਸਾਨੂੰ ਅਪਰਾਧੀ ਪਿਛੋਕੜ ਵਾਲੇ ਬੰਦੇ ਵਰਤਣੇ ਪੈਂਦੇ ਹਨ। ਇਸ ਤਰ੍ਹਾਂ ਦੇ ਬੰਦੇ ਪੁਲਿਸ ਨੂੰ ਲੱਭ ਜਾਂਦੇ ਹਨ, ਫਿਰ ਅਸੀਂ ਉਨ੍ਹਾਂ ਦਾ ਨਕਲੀ ਖਾੜਕੂ ਗਰੋਹ ਬਣਾਉਂਦੇ ਹਾਂ, ਤੇ ਫਿਰ ਉਹ ਅਸਲ ਖਾੜਕੂਆਂ ਨਾਲ ਤਾਲਮੇਲ ਕਰ ਕੇ ਘੁਸਪੈਠ ਕਰਦੇ ਹਨ। ਖਾੜਕੂਆਂ ਦੇ ਦਰਬਾਰ ਸਾਹਿਬ ਆਉਣ ਜਾਣ ਦਾ ਪਤਾ ਈ ਸੀ। ਖਾੜਕੂਆਂ ਨੂੰ ਪਰਿਕਰਮਾ ਵਿਚ ਵੀ ਪੁਲਿਸ ਫੜ ਸਕਦੀ ਸੀ, ਪਰ ਸਾਨੂੰ ਉਨ੍ਹਾਂ ਦੀ ਪਛਾਣ ਨਹੀਂ ਸੀ। ਸਾਡੇ ਘੁਸਪੈਠੀਏ ਉਨ੍ਹਾਂ ਨੂੰ ਪਛਾਣਨ ਦਾ ਕੰਮ ਕਰਦੇ।

ਸ਼ੁਰੂ ਸ਼ੁਰੂ ਵਿਚ ਇਸ ਨਾਲ ਸਾਨੂੰ ਕਾਫੀ ਫਾਇਦਾ ਹੋਇਆ, ਪਰ ਇਨ੍ਹਾਂ ਦਾ ਲਾਲਚ ਵਧਦਾ ਜਾਂਦਾ। ਇਨ੍ਹਾਂ ਦੀਆਂ ਸਾਰੀਆਂ ਇਛਾਵਾਂ ਪੂਰੀਆਂ ਕਰਨੀਆਂ ਪੁਲਿਸ ਦੇ ਵਸ ਵਿਚ ਨਾ ਹੁੰਦੀਆਂ। ਅਪਰਾਧੀ ਕਿਉਂਕਿ ਪੁਲਿਸ ਦੇ ਬੰਦੇ ਹੁੰਦੇ, ਉਹ ਭਲੇਮਾਣਸ ਅਮੀਰ ਨਾਗਰਿਕਾਂ ਪਾਸੋਂ ਫਿਰੌਤੀਆਂ ਮੰਗਣ ਲੱਗ ਜਾਂਦੇ। ਸੋ, ਫਾਇਦਾ ਵੀ ਹੋਇਆ, ਨੁਕਸਾਨ ਵੀ। ਜਦੋਂ ਮੈਂ ਇਨ੍ਹਾਂ ਸਦਕਾ ਬਿਮਾਰੀ ਵਧਦੀ ਦੇਖੀ, ਮੈਂ ਰੋਕਣ ਦਾ ਫੈਸਲਾ ਕੀਤਾ। ਫਿਰ ਅਸੀਂ ਇਸ ਦਾ ਬਦਲ ਲੱਭਿਆ। ਪੁਲਿਸ ਵਿਚੋਂ ਵਲੰਟੀਅਰ ਲੱਭੇ। ਖਤਰਨਾਕ ਕੰਮ ਹੋਣ ਕਾਰਨ ਅਸੀਂ ਇਕ ਦੋ ਗਰੋਹ ਹੀ ਬਣਾ ਸਕਦੇ ਸਾਂ। ਇਨ੍ਹਾਂ ਗਰੋਹਾਂ ਵਿਚ ਵੀ ਕੋਈ ਨਾ ਕੋਈ ਅਪਰਾਧੀ ਸ਼ਾਮਲ ਕਰਨਾ ਪੈਂਦਾ। ਇਨ੍ਹਾਂ ਵਿਚੋਂ ਇਕ ਸਮਗਲਰ ਸੀ। ਖਾੜਕੂਆਂ ਨੂੰ ਪੈਸੇ ਚਾਹੀਦੇ ਸਨ, ਇਹ ਉਨ੍ਹਾਂ ਨੂੰ ਦੇ ਦਿੰਦਾ ਸੀ। ਇਹ ਸਮਗਲਰ ਪੁਲਿਸ ਵਿਚ ਸਿਪਾਹੀ ਸੀ ਤੇ ਮਾੜੀਆਂ ਹਰਕਤਾਂ ਕਾਰਨ ਡਿਸਮਿਸ ਕੀਤਾ ਹੋਇਆ ਸੀ। ਆਈ.ਪੀ.ਐਸ. ਗੁਰਇਕਬਾਲ ਸਿੰਘ ਭੁੱਲਰ ਨੇ ਮੈਨੂੰ ਕਿਹਾ ਕਿ ਮੈਂ ਇਸ ਨੂੰ ਬਹਾਲ ਕਰ ਦਿਆਂ, ਕਿਉਂਕਿ ਬੇਹੱਦ ਖਤਰਨਾਕ ਖਾੜਕੂਆਂ ਨਾਲ ਉਸ ਦੇ ਲਿੰਕ ਸਨ। ਮੈਂ ਨਾ ਮੰਨਿਆ ਤਾਂ ਗੋਬਿੰਦ ਰਾਮ, ਡੀ.ਆਰ. ਭੱਟੀ ਅਤੇ ਇਜ਼ਹਾਰ ਆਲਮ ਨੇ ਮੇਰੇ 'ਤੇ ਦਬਾਉ ਪਾਇਆ ਕਿ ਇਸ ਬੰਦੇ ਬਿਨਾਂ ਸਰਨਾ ਨਹੀਂ। ਮਜਬੂਰੀਵਸ ਮੈਂ ਹਾਂ ਕਰ ਦਿੱਤੀ, ਪਰ ਜਿਵੇਂ ਮੇਰਾ ਖਦਸ਼ਾ ਸੀ, ਇਸ ਆਦਮੀ ਸਦਕਾ ਪੁਲਿਸ ਦੀ ਬਹੁਤ ਬਦਨਾਮੀ ਹੋਈ।

ਭੁੱਲਰ ਪਟਿਆਲੇ ਐਸ.ਐਸ.ਪੀ. ਸੀ, ਉਸ ਨੇ ਇਸ ਨੂੰ ਆਪਣੀ ਨਿਗਰਾਨੀ ਵਿਚ ਰੱਖ ਲਿਆ। ਭੁੱਲਰ ਦੀ ਬਦਲੀ ਹੋ ਗਈ ਤੇ ਅਵਿੰਦਰ ਨੇ ਚਾਰਜ ਲੈ ਲਿਆ। ਮੈਨੂੰ ਸੁਖ ਦਾ ਸਾਹ ਆਇਆ।

ਅਵਿੰਦਰ ਦੇ ਕਤਲ ਪਿੱਛੋਂ ਸੀਤਲ ਦਾਸ ਪਟਿਆਲੇ ਐਸ.ਐਸ.ਪੀ. ਲਾਇਆ। ਉਸ ਨੇ ਮੈਨੂੰ ਇਸ ਸਾਬਕ ਸਮਗਲਰ ਬਾਰੇ ਦੱਸਿਆ ਕਿ ਇਸ ਕੋਲ ਪੁਖਤਾ ਭੇਤ ਹਨ। ਪਤਾ ਲੱਗਾ ਕਈ ਖਾੜਕੂ ਚੰਡੀਗੜ੍ਹ ਵਿਚ ਹਨ, ਪਰ ਪੰਜ ਚਾਰ ਪੁਲਿਸਮੈਨ ਕੁੱਝ ਨਹੀਂ ਕਰ ਸਕਦੇ, ਖਾੜਕੂਆਂ ਕੋਲ ਵਧੀਕ ਅਸਲਾ ਹੈ, ਉਹ ਭਾਰੀ ਪੈ ਸਕਦੇ ਹਨ। ਬਹੁਤੀ ਪੁਲਿਸ ਨਫਰੀ ਲਿਜਾਣ ਨਾਲ ਉਹ ਚੌਕਸ ਹੋ ਜਾਣਗੇ। ਇਹ ਕੋਈ ਪਤਾ ਨਹੀਂ ਸੀ, ਰਹਿੰਦੇ ਕਿੱਥੇ ਹਨ। ਇਸ ਬੰਦੇ ਨੇ ਸੜਕਾਂ 'ਤੇ ਘੁੰਮਦੇ ਦੇਖੇ ਸਨ। ਉਸ ਨੇ ਪੁਲਿਸ ਫੋਰਸ ਚੰਡੀਗੜ੍ਹ ਲਿਜਾਣ ਦੀਆਂ ਆਗਿਆ ਮੰਗੀ। ਮੈਂ ਕਿਹਾ- ਜੇ ਤੁਹਾਨੂੰ ਜਾਂ ਜਵਾਨਾਂ ਨੂੰ ਜਾਨ ਲੇਵਾ ਹਮਲੇ ਦਾ ਡਰ ਹੈ, ਤਾਂ ਤੁਹਾਨੂੰ ਫੋਰਸ ਵਰਤਣ ਦਾ ਹੱਕ ਹੈ। ਮੈਂ ਇਸ ਸਮਗਲਰ ਨੂੰ ਕਦੀ ਨਹੀਂ ਦੇਖਿਆ। ਉਸ ਦੇ ਚਾਰਜ ਵਿਚ ਪੁਲਸੀਆਂ ਨੂੰ ਨਹੀਂ ਮਿਲਿਆ। ਬਸ ਮੈਨੂੰ ਏਨਾ ਪਤਾ ਸੀ ਕਿ ਸੀਤਲ ਦਾਸ ਦੀ ਨਿਗਰਾਨੀ ਵਿਚ ਇਹ ਗਰੋਹ ਕੰਮ ਰਿਹਾ ਹੈ।

**ਪੰਨਾ 352:** ਚੰਡੀਗੜ੍ਹ ਪੁਲਿਸ ਨੂੰ ਕਿਹਾ ਕਿ ਸੀਤਲ ਦਾਸ ਨਾਲ ਰਾਬਤਾ ਕਾਇਮ ਕਰੇ, ਉਸ ਨੂੰ ਖਾੜਕੂਆਂ ਬਾਰੇ ਪਤਾ ਹੈ। ਸਮਗਲਰ ਦਾ ਕਹਿਣਾ ਸੀ ਕਿ ਖਾੜਕੂ ਨਾ ਮਾਰੇ, ਤਾਂ ਉਹ ਇਸ ਨੂੰ ਮਾਰ ਦੇਣਗੇ। ਉਨ੍ਹਾਂ ਹਾਲਾਤ ਵਿਚ ਉਸ ਦੀ ਗੱਲ ਮੰਨਣੀ ਪਈ। ਉਸ ਦਾ ਆਖਿਆ ਝੂਠ ਵੀ ਹੋ ਸਕਦਾ ਸੀ, ਸੱਚ ਵੀ। ਆਖਰਕਾਰ ਜਿਹੜਾ ਕੰਮ ਸਾਡੇ ਵਾਸਤੇ ਕਰ ਰਹੇ ਸਨ, ਇਨ੍ਹਾਂ ਬੰਦਿਆਂ ਅਤੇ ਇਨ੍ਹਾਂ ਦੇ ਪਰਿਵਾਰਾਂ ਦੀਆਂ ਜਾਨਾਂ ਖਤਰੇ ਵਿਚ ਤਾਂ ਸਨ ਹੀ। ਦੋ ਖਾੜਕੂ ਮਾਰੇ ਗਏ। ਇਸ ਆਪ੍ਰੇਸ਼ਨ ਦੀ ਬਹੁਤ ਨਿਖੇਧੀ ਹੋਈ। ਮੇਰਾ ਖਿਆਲ ਹੈ, ਇਨ੍ਹਾਂ ਦੋ ਖਾੜਕੂਆਂ ਦਾ ਮਸਲਾ ਹੋਰ ਕਿਸੇ ਤਰੀਕੇ ਨਾਲ ਹੱਲ ਨਹੀਂ ਹੋ ਸਕਦਾ ਸੀ। ਕੁੱਝ ਮਹੀਨਿਆਂ ਬਾਅਦ ਆਈ.ਜੀ. ਚੰਡੀਗੜ੍ਹ, ਮੈਨੂੰ ਮਿਲਣ ਆਇਆ। ਉਸ ਨੇ ਦੱਸਿਆ ਕਿ ਆਪਣੀ ਇਕ ਦੋਸਤ ਔਰਤ ਨਾਲ ਇਹ ਸਮਗਲਰ ਚੰਡੀਗੜ੍ਹ ਵਿਚ ਰਹਿ ਰਿਹਾ ਹੈ। ਪਹਿਲਾਂ ਇਸ ਕੋਲ ਕੋਈ ਹੋਰ ਜਨਾਨੀ ਰਹਿੰਦੀ ਸੀ। ਪਹਿਲੀ ਜਨਾਨੀ ਦੁਖੀ ਹੋ ਕੇ ਆਈ.ਜੀ. ਨੂੰ ਮਿਲੀ ਤੇ ਹੈਰਤ-ਅੰਗੇਜ਼ ਕਹਾਣੀ ਦੱਸੀ, "ਇਸ ਸਮਗਲਰ ਨੇ ਆਪਣੀ ਪੁਲਿਸ ਟੁਕੜੀ ਨਾਲ ਜੰਮੂ ਇਕ ਹੋਰ ਸਮਗਲਰ ਦੇ ਘਰ ਡਾਕਾ ਮਾਰਿਆ। ਐਸ.ਐਸ.ਪੀ. ਪਟਿਆਲਾ ਇਸ ਦੀਆਂ ਗਤੀਵਿਧੀਆਂ ਉਪਰ ਰੋਕ ਲਾਉਣਾ ਚਾਹੁੰਦਾ ਸੀ, ਕਿਹਾ ਗਿਆ ਕਿ ਹਥਿਆਰ ਜਮ੍ਹਾਂ ਕਰਵਾ। ਹਥਿਆਰ ਤਾਂ ਕੀ ਜਮ੍ਹਾਂ ਕਰਵਾਉਣੇ ਸਨ, ਇਹ ਬੰਦਾ ਹੁਣ ਪੁਲਿਸ ਅਫਸਰਾਂ ਨੂੰ ਮਾਰਨ ਦੀਆਂ ਗੱਲਾਂ ਕਰਦਾ ਹੈ।"

ਮੈਂ ਆਈ.ਜੀ. ਨੂੰ ਕਿਹਾ- ਇਸ ਜਨਾਨੀ ਨੂੰ ਮੇਰੇ ਕੋਲ ਲਿਆਉ, ਮੈਂ ਆਪ ਗੱਲ ਕਰਾਂਗਾ। ਮੈਂ ਗੱਲ ਸੁਣ ਕੇ ਪੁਲਿਸ ਚੀਫ, ਗਿੱਲ (ਕੇ.ਪੀ.ਐਸ.) ਨੂੰ ਪੱਤਰ ਲਿਖ ਕੇ ਕਿਹਾ, ਇਸ ਤੋਂ ਪਹਿਲਾਂ ਕਿ ਕੋਈ ਦੁਰਘਟਨਾ ਵਾਪਰ ਜਾਏ, ਇਨ੍ਹਾਂ ਸਾਰੇ ਬੰਦਿਆਂ ਦੇ ਹਥਿਆਰ ਖੋਹ ਲਉ। ਬਦਕਿਸਮਤੀ, ਗਿੱਲ ਉਸ ਦਿਨ ਚੰਡੀਗੜ੍ਹ ਵਿਚ ਨਹੀਂ ਸੀ। ਬੇਸ਼ਕ ਸੀਤਲ ਦਾਸ ਨੂੰ ਫੋਨ 'ਤੇ ਸਾਰੀ ਗੱਲ ਦੱਸ ਦਿੱਤੀ, ਪਰ ਭਾਣਾ ਵਾਪਰ ਗਿਆ। ਬੰਦਾ ਸੀਤਲ ਦਾਸ ਦੇ ਕਮਰੇ ਵਿਚ ਵੜ ਗਿਆ, ਐਸ.ਪੀ. ਅਤੇ ਐਸ.ਐਸ.ਪੀ. ਦੋਹਾਂ ਨੂੰ ਥਾਏਂ ਢੇਰੀ ਕਰ ਦਿੱਤਾ। ਨਾਲ ਦੇ ਕਮਰੇ ਵਿਚ ਬੈਠੇ ਇੰਸਪੈਕਟਰ ਨੇ ਗੋਲੀਆਂ ਦੀ ਆਵਾਜ਼ ਸੁਣੀ ਤਾਂ ਭੱਜ ਕੇ ਆਪਣੇ ਰਿਵਾਲਵਰ ਨਾਲ ਸਮਗਲਰ ਰੇੜ੍ਹ ਦਿੱਤਾ। ਇਹ ਪਲ ਛਿਣ ਦਾ ਕੰਮ ਸੀ, ਇਹੋ ਜਿਹਾ

***(ਅਗਲੇ ਸਫੇ 'ਤੇ ਜਾਰੀ)***

### ਇਸ ਲਿਖਤ ਦਾ ਮਤਲਬ...

ਰਿਬੇਰੋ ਦੀ ਜੀਵਨੀ ਦੇ ਹਿੱਸੇ ਛਪਣ ਸਾਰ ਪੰਜਾਬੀ ਪਾਠਕਾਂ ਵਿਚ ਮਜ਼ਬੂਤ ਹਲਚਲ ਹੋਈ। ਵਧੀਕ ਪਾਠਕਾਂ ਨੇ ਚਾਹਿਆ ਹੈ ਸਾਰੀ ਕਿਤਾਬ ਦਾ ਪੰਜਾਬੀ ਵਿਚ ਅਨੁਵਾਦ ਹੋਵੇ। ਕੁੱਝ ਪਾਠਕਾਂ ਨੇ ਮੈਨੂੰ ਸਵਾਲ ਕੀਤਾ- ਇਸ ਲਿਖਤ ਨੂੰ ਅਨੁਵਾਦ ਕਰਨ ਪਿੱਛੇ ਤੁਹਾਡਾ ਮਨੋਰਥ ਕੀ ਹੈ? ਮੇਰਾ ਉਤਰ ਸੀ- ਨਾ ਕਿਸੇ ਦਾ ਦਿਲ ਦੁਖਾਣ ਲਈ ਅਨੁਵਾਦ ਕੀਤਾ, ਨਾ ਕਿਸੇ ਨੂੰ ਖੁਸ਼ ਕਰਨ ਲਈ। ਵਾਈਕਿੰਗ ਨੇ ਇਹ ਕਿਤਾਬ 1998 ਵਿਚ ਛਾਪੀ ਸੀ, ਯਾਨਿ 15 ਸਾਲ ਪਹਿਲਾਂ; ਉਦੋਂ ਇਸ ਕਿਤਾਬ ਬਾਰੇ ਗੱਲ ਕਰਨ ਦਾ, ਗੱਲ ਸੁਣਨ ਦਾ ਮਾਹੌਲ ਨਹੀਂ ਸੀ। ਹੁਣ ਗਰਦ-ਗੁਬਾਰ ਹੇਠਾਂ ਬੈਠ ਗਿਆ ਹੈ, ਹੁਣ ਆਪਾ-ਚੀਨਣ, ਵਿਸ਼ਲੇਸ਼ਣ ਕਰਨ ਦੀ ਘੜੀ ਆ ਗਈ ਹੈ। ਕਥਾ ਕਰਦਿਆਂ, ਵਿਖਿਆਨ ਕਰਦਿਆਂ ਸਿੱਖ ਕਥਾਕਾਰ ਕਾਜ਼ੀ ਨੂਰ ਮੁਹੰਮਦ ਦਾ ਅਕਸਰ ਜ਼ਿਕਰ ਕਰਦੇ ਹਨ। ਸ਼ਾਇਰ ਕਾਜ਼ੀ ਨੂਰ ਮੁਹੰਮਦ ਅਹਿਮਦਸ਼ਾਹ ਅਬਦਾਲੀ ਦਾ ਸਕੱਤਰ ਸੀ। ਭਾਰਤ ਉਪਰ ਹਮਲੇ ਦੌਰਾਨ ਉਹ ਅਬਦਾਲੀ ਨਾਲ ਆਉਣ ਵਾਸਤੇ ਤਿਆਰ ਨਹੀਂ ਸੀ, ਅਬਦਾਲੀ ਨੇ ਅਪਣੀ ਸੂਰਮਗਤੀ



*ਹਰਪਾਲ ਸਿੰਘ ਪੰਨੂ*

ਉਪਰ ਜੰਗਨਾਮਾ ਲਿਖਵਾਉਣਾ ਸੀ, ਉਸ ਨੂੰ ਇਹ ਕਹਿ ਕੇ ਮਨਾਇਆ ਗਿਆ ਕਿ ਵਾਪਸੀ ਵਕਤ ਤੁਹਾਨੂੰ ਕਾਬਲ ਦਾ ਜੱਜ (ਕਾਜ਼ੀ) ਨਿਯੁਕਤ ਕਰਾਂਗੇ। ਅਜਿਹਾ ਕੀਤਾ ਗਿਆ, ਤਾਂ ਹੀ ਉਸ ਦੇ ਨਾਮ ਨਾਲ ਕਾਜ਼ੀ ਖਿਤਾਬ ਲਗਦਾ ਹੈ। ਨੂਰ ਮੁਹੰਮਦ ਦਾ ਹਵਾਲਾ ਇਸ ਕਰ ਕੇ ਦਿੱਤਾ ਜਾਂਦਾ ਹੈ ਕਿ ਉਹ ਦੁਸ਼ਮਣ ਹੁੰਦਾ ਹੋਇਆ ਵੀ ਕਈ ਕੁੱਝ ਸੁਹਣਾ ਲਿਖ ਗਿਆ। ਰਿਬੇਰੋ ਭਾਰਤੀ ਸਟੇਟ ਦਾ ਕਾਰਿੰਦਾ ਹੈ ਜਿਸ ਨੇ ਦਿੱਤੀ ਗਈ ਜ਼ਿੰਮੇਵਾਰੀ ਨਿਭਾਉਣੀ ਹੈ। ਅਸੀਂ ਦੇਖਣਾ ਹੈ ਕਿ ਜ਼ਿੰਮੇਵਾਰੀ ਨਿਭਾਉਂਦਿਆਂ ਉਹ ਮਾਨਵੀ ਕਦਰਾਂ-ਕੀਮਤਾਂ ਦਾ ਕੁੱਝ ਧਿਆਨ ਰੱਖਦਾ ਹੈ ਕਿ ਤਬਾਹੀ ਦਾ ਸੁਹਾਗਾ ਫੇਰੀ ਜਾਂਦਾ ਹੈ। ਫਿਰ ਅਸੀਂ ਮੁਕਾਬਲਾ ਵੀ ਕਰਨਾ ਹੈ, ਮੁਕਾਬਲਾ ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ ਅਤੇ ਪੁਲਿਸ ਚੀਫ ਕੇ.ਪੀ.ਐਸ. ਗਿੱਲ ਨਾਲ ਹੋਵੇਗਾ। 'ਬੁੱਲਟ ਫਾਰ ਬੁੱਲਟ' ਕਿਤਾਬ ਦੇ ਸਮਾਨੰਤਰ ਬਰਾੜ ਦੀ 'ਅਪਰੇਸ਼ਨ ਬਲੂ ਸਟਾਰ' ਅਤੇ ਗਿੱਲ ਦੀ 'ਨਾਈਟਸ ਆਫ ਫਾਲਸਹੁੱਡ' ਦਾ ਅਧਿਐਨ ਕਰਨਾ ਜ਼ਰੂਰੀ ਹੈ।

***ਅੰਮ੍ਰਿਤਸਰ ਦੇ ਐਸ.ਐਸ.ਪੀ. ਇਜ਼ਹਾਰ ਆਲਮ ਨੇ ਗੁਪਤ ਯੋਜਨਾ ਬਣਾਈ, ਇਸ ਦਾ ਨਾਮ ਕੈਟਸ ਰੱਖਿਆ। ਜਦੋਂ ਖਾੜਕੂ ਫੜ ਲਏ ਜਾਂਦੇ, ਪੁਲਿਸ ਉਨ੍ਹਾਂ ਨੂੰ ਆਪਣੇ ਵਾਲੇ ਪਾਸੇ ਕਰਨਾ ਚਾਹੁੰਦੀ। ਜੇ ਉਹ ਕਮਜ਼ੋਰ ਜਾਂ ਲਾਲਚੀ ਹੁੰਦੇ, ਤੇ ਖਾੜਕੂਆਂ ਨੇ ਬਰੇਨ-ਵਾਸ਼ ਨਾ ਕੀਤਾ ਹੁੰਦਾ ਤਾਂ ਅਸੀਂ ਆਪਣੇ ਗੈਂਗ ਵਿਚ ਉਨ੍ਹਾਂ ਨੂੰ ਰਲਾ ਲੈਂਦੇ। ਪੁਲਿਸ ਖਰਚੇ 'ਤੇ ਉਹ ਸੁਰੱਖਿਅਤ ਘਰਾਂ ਵਿਚ ਰਹਿੰਦੇ, ਚੰਗੀਆਂ ਪ੍ਰਾਈਵੇਟ ਕਾਰਾਂ 'ਚ ਖਾੜਕੂਆਂ ਨੂੰ ਪਛਾਣ ਕੇ ਉਹ ਸਾਨੂੰ ਦੱਸ ਦਿੰਦੇ।***



ਕਾਰਾ ਪਹਿਲੋਂ ਕਦੀ ਨਹੀਂ ਹੋਇਆ ਸੀ। ਮੈਨੂੰ ਆਪਣੇ ਆਪ ਉਪਰ ਗਿਲਾਨੀ ਹੋਈ ਕਿ ਮੈਂ ਇਹੋ ਜਿਹਾ ਬੰਦਾ ਪੁਲਿਸ ਵਿਚ ਕਿਉਂ ਲੈ ਲਿਆ। ਮੇਰੀ ਜ਼ਮੀਰ ਉਦੋਂ ਵੀ ਮੰਨਦੀ ਨਹੀਂ ਸੀ, ਪਰ ਮੈਂ ਆਪਣੇ ਅਫਸਰਾਂ 'ਤੇ ਭਰੋਸਾ ਕਰ ਲਿਆ। ਇਹ ਮੇਰੀ ਜੱਜਮੈਂਟ ਦੀ ਖਤਰਨਾਕ ਗਲਤੀ ਸੀ।

ਅੰਮ੍ਰਿਤਸਰ ਦੇ ਐਸ.ਐਸ.ਪੀ. ਇਜ਼ਹਾਰ ਆਲਮ ਨੇ ਇਕ ਹੋਰ ਗੁਪਤ ਯੋਜਨਾ ਬਣਾਈ, ਇਸ ਦਾ ਨਾਮ ਕੈਟਸ ਰੱਖਿਆ। ਜਦੋਂ ਖਾੜਕੂ ਫੜ ਲਏ ਜਾਂਦੇ, ਪੁਲਿਸ ਉਨ੍ਹਾਂ ਨੂੰ ਆਪਣੇ ਵਾਲੇ ਪਾਸੇ ਕਰਨਾ ਚਾਹੁੰਦੀ। ਜੇ ਉਹ ਕਮਜ਼ੋਰ ਜਾਂ ਲਾਲਚੀ ਹੁੰਦੇ, ਤੇ ਖਾੜਕੂਆਂ ਨੇ ਬਰੇਨ-ਵਾਸ਼ ਨਾ ਕੀਤਾ ਹੁੰਦਾ ਤਾਂ ਅਸੀਂ ਆਪਣੇ ਗੈਂਗ ਵਿਚ ਉਨ੍ਹਾਂ ਨੂੰ ਰਲਾ ਲੈਂਦੇ। ਪੁਲਿਸ ਖਰਚੇ 'ਤੇ ਉਹ ਸੁਰੱਖਿਅਤ ਘਰਾਂ ਵਿਚ ਰਹਿੰਦੇ, ਚੰਗੀਆਂ ਪ੍ਰਾਈਵੇਟ ਕਾਰਾਂ ਵਿਚ ਖਾੜਕੂਆਂ ਨੂੰ ਪਛਾਣ ਕੇ ਉਹ ਸਾਨੂੰ ਦੱਸ ਦਿੰਦੇ। ਬਹੁਤ ਸਾਰੇ ਖਤਰਨਾਕ ਖਾੜਕੂ ਇਉਂ ਸਾਡੇ ਕਾਬੂ ਆਏ। ਪਿਛੋਂ ਜਦੋਂ ਖਾੜਕੂਆਂ ਨੂੰ ਇਸ ਵਿਉਂਤ ਦਾ ਪਤਾ ਲੱਗ ਗਿਆ ਤਾਂ ਅਜਿਹੀ ਕਾਰ ਦੇਖ ਕੇ ਉਹ ਇੱਧਰ-ਉਧਰ ਖਿਸਕ ਜਾਂਦੇ। ਉਨ੍ਹਾਂ ਨੇ ਪਬਲਿਕ ਨੂੰ ਵਾਰਨਿੰਗ ਵੀ ਦਿਤੀ ਕਿ ਕਾਲੇ ਰੰਗ ਦੀਆਂ ਕਾਰਾਂ ਨਾ ਖਰੀਦੋ, ਇਹ ਬੰਬਾਂ ਨਾਲ ਉਡਾਈਆਂ ਜਾਣਗੀਆਂ।

ਜਿਹੜੀ ਪ੍ਰਥਾ ਮੈਨੂੰ ਬਹੁਤੀ ਬੁਰੀ ਲੱਗੀ, ਉਹ ਸੀ ਪੁਲਿਸ ਵੱਲੋਂ ਪਬਲਿਕ ਦੀਆਂ ਕਾਰਾਂ ਜਬਰਨ ਖੋਹ ਕੇ ਖਾੜਕੂਆਂ ਵਿਰੁਧ ਆਪ੍ਰੇਸ਼ਨਾਂ ਵਿਚ ਵਰਤਣੀਆਂ। ਆਪਣੇ ਟਿਕਾਣੇ ਜਾ ਰਹੇ ਬੰਦੇ ਦੀ ਕਾਰ ਨੂੰ ਰੁਕਣ ਦਾ ਇਸ਼ਾਰਾ ਕਰਦੇ, ਚਾਬੀਆਂ ਮੰਗਦੇ ਤੇ ਮਾਲਕ ਸੜਕ ਜੋਗਾ ਰਹਿ ਜਾਂਦਾ। ਮੇਰੇ ਕੋਲ ਬੜੀਆਂ ਸ਼ਿਕਾਇਤਾਂ ਆਈਆਂ। ਪੱਛਮੀ ਕਮਾਂਡ ਦੇ ਕਮਾਂਡਰ-ਇਨ-ਚੀਫ ਦੇ ਜੁਆਈ ਨਾਲ ਅਜਿਹਾ ਹੋਇਆ। ਮੈਂ ਇਜ਼ਹਾਰ ਆਲਮ ਤੇ ਸੁਮੇਧ ਸੈਣੀ, ਅਫਸਰਾਂ ਦੀ ਖਿਚਾਈ ਕੀਤੀ। ਇਨ੍ਹਾਂ ਦੀ ਦਲੀਲ ਸੀ- ਪਬਲਿਕ ਨੂੰ ਵੀ ਤਾਂ ਕੌਮੀ ਕਾਜ਼ ਵਿਚ ਕੁਰਬਾਨੀ ਕਰਨੀ ਬਣਦੀ ਹੈ। ਮੈਂ ਉਨ੍ਹਾਂ ਨੂੰ ਕਿਹਾ- ਤੁਹਾਡਾ ਤਰੀਕਾ ਗਲਤ ਹੈ। ਇਕ ਦਰਜਨ ਨਵੀਆਂ ਕਾਰਾਂ ਆਪਣੇ ਗੁਪਤ ਫੰਡ ਵਿਚੋਂ ਖਰੀਦ ਕੇ ਦੋਵਾਂ ਅਫਸਰਾਂ ਵਿਚ ਵੰਡ ਦਿਤੀਆਂ। ਖਾੜਕੂਆਂ ਵਿਰੁਧ ਲੜਦਿਆਂ ਪੁਲਿਸ ਅਜਿਹੀਆਂ ਕਰਤੂਤਾਂ ਕਰੇ, ਮੰਦਭਾਗਾ ਸੀ। ਇਹ ਤਰੀਕਾ ਗਲਤ ਹੈ। ਮੈਂ ਇਨ੍ਹਾਂ ਨੂੰ ਦੱਸ ਦਿਤਾ ਸੀ ਕਿ ਤੁਹਾਡਾ ਕੰਮ ਢੰਗ ਮੈਨੂੰ ਪਸੰਦ ਨਹੀਂ, ਪਰ ਮੈਂ ਇਨ੍ਹਾਂ ਤੋਂ ਕੰਮ ਵੀ ਲੈਣਾ ਸੀ। ਹੋਰ ਸੂਬਾ ਹੁੰਦਾ, ਪੁਲਿਸ ਇਉਂ ਨਾ ਕਰਦੀ; ਪਰ ਦੂਜੇ ਸੂਬਿਆਂ ਵਿਚ ਪੰਜਾਬ ਵਰਗਾ ਖਾੜਕੂਵਾਦ ਵੀ ਨਹੀਂ ਸੀ।

ਮੈਂ ਦੇਖਦਾ, ਖਾੜਕੂਵਾਦ ਵਿਚ ਉਤਰਾ-ਚੜ੍ਹਾ ਆਉਂਦਾ ਰਹਿੰਦਾ। ਕਦੀ ਖਾੜਕੂਆਂ ਦਾ ਪੱਲਾ ਭਾਰੀ ਹੁੰਦਾ, ਕਦੀ ਪੁਲਿਸ ਦਾ। ਖਾੜਕੂ ਦੱਸ ਦਿੰਦੇ ਕਿ ਉਹ ਜਿਉਂਦੇ ਹਨ। ਮੀਡੀਆ ਵਿਸਥਾਰ ਨਾਲ ਸਾਬਤ ਕਰਦਾ ਕਿ ਪੁਲਿਸ ਦਾਅਵੇ ਥੋਥੇ ਹਨ ਤੇ ਖਾੜਕੂ ਗੱਜਦੇ ਫਿਰ ਰਹੇ ਹਨ।

**ਪੰਨਾ 354:** ਅਸੀਂ ਪਤਾ ਕੀਤਾ ਕਿਹੜੇ ਕਿਹੜੇ ਗੈਂਗ ਕਿਸ ਕਿਸ ਇਲਾਕੇ ਵਿਚ ਸਰਗਰਮ ਹਨ, ਉਨ੍ਹਾਂ ਦੇ ਲੀਡਰ ਅਤੇ ਵਰਕਰ ਕਿਹੜੇ ਕਿਹੜੇ ਹਨ। ਪ੍ਰੈਸ ਹਰ ਰੋਜ਼ ਸਾਨੂੰ ਘੇਰ ਘੇਰ ਸਵਾਲ ਕਰਨੋਂ ਨਾ ਹਟਦੀ। ਅਸੀਂ ਦੱਸ ਦਿਤਾ ਕਿ ਉਨ੍ਹਾਂ ਦੀ ਲਿਸਟ ਬਣਾ ਲਈ ਹੈ। ਸਾਰਿਆਂ ਦੇ ਨਾਮ ਤਾਂ ਨਹੀਂ ਦੱਸੇ, ਪਰ ਕਹਿ ਦਿਤਾ ਕਿ 200 ਖਾੜਕੂ ਹਨ। ਜਦੋਂ 30-40 ਖਾੜਕੂ ਮਾਰੇ ਜਾਂਦੇ ਤਾਂ ਆਪਣੇ ਹਿਸਾਬ ਰਾਹੀਂ ਪ੍ਰੈਸ ਵਾਲੇ ਇਹ ਗਿਣਤੀ ਵਿਚੋਂ ਘਟਾ ਕੇ ਕਹਿੰਦੇ- ਹੁਣ ਕੇਵਲ 160 ਜਾਂ 170 ਰਹਿ ਗਏ ਹਨ! ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਨਵੀਂ ਭਰਤੀ ਵੀ ਨਾਲੋ ਨਾਲ ਹੋਈ ਜਾ ਰਹੀ ਹੈ। ਮੈਂ ਸਾਢੇ ਤਿੰਨ ਸਾਲ ਪੰਜਾਬ ਚੀਫ ਰਿਹਾ, ਮੇਰੇ ਜਾਣ ਤੱਕ ਗਿਣਤੀ ਘਟੀ ਨਹੀਂ ਸੀ।

ਐਕਸ਼ਨ ਕਰਨ ਵੇਲੇ ਉਹ ਆਪਣੀ ਟੁਕੜੀ ਵਿਚ ਘੱਟ ਤੋਂ ਘੱਟ ਮੁੰਡੇ ਰੱਖਦੇ। ਜੇ ਚਾਰ ਨਾਲ ਕੰਮ ਚੱਲ ਸਕਦਾ ਹੈ ਤਾਂ ਪੰਜਵਾਂ ਨਹੀਂ ਲਿਜਾਣਗੇ। ਇਸ ਨਾਲ ਦੋ ਫਾਇਦੇ ਹਨ, ਇਕ ਤਾਂ ਘੇਰਾਬੰਦੀ ਹੋਣ ਦੀ ਸੂਰਤ ਵਿਚ ਸਾਰੇ ਨਾ ਮਾਰੇ ਜਾਣ, ਦੂਜਾ ਜਿੰਨੀ ਗਿਣਤੀ ਘੱਟ ਹੋਵੇਗੀ, ਇਸ ਦੀ ਇਤਲਾਹ ਬਾਹਰ ਲੀਕ ਹੋਣ ਦੀ ਸੰਭਾਵਨਾ ਉਨੀ ਘੱਟ ਜਾਵੇਗੀ। ਘੱਟ ਬੰਦਿਆਂ ਦਾ ਘੱਟ ਖਰਚਾ। ਜਿਥੇ ਪੁਲਿਸ ਨੂੰ ਆਪਣੀ ਨਫਰੀ ਵਧੀਕ ਚਾਹੀਦੀ ਹੈ, ਖਾੜਕੂਆਂ ਦਾ ਹਿਸਾਬ ਉਲਟੀ ਚਾਲ ਚੱਲਦਾ ਹੈ।

ਕੇਵਲ ਲੀਡਰ ਨੂੰ ਪਤਾ ਹੁੰਦਾ ਹੈ ਕਿ ਐਕਸ਼ਨ ਕਰਨਾ ਹੈ, ਕਦੋਂ ਕਰਨਾ ਹੈ, ਕੇਵਲ ਐਕਸ਼ਨ ਕਰਨ ਵੇਲੇ ਦੱਸਿਆ ਜਾਂਦਾ ਹੈ। ਵਰਕਰ ਵੱਖ ਵੱਖ ਥਾਂਵਾਂ ਤੋਂ ਚੁਣੇ ਜਾਂਦੇ ਹਨ ਤੇ ਕਈ ਵਾਰ ਇਕ ਦੂਜੇ ਨੂੰ ਨਹੀਂ ਜਾਣਦੇ। ਉਨ੍ਹਾਂ ਦੇ ਨਾਮ ਵੀ ਬਦਲ ਦਿੱਤੇ ਜਾਂਦੇ ਹਨ। ਐਕਸ਼ਨ ਕਰ ਕੇ ਉਹ ਵੱਖ ਵੱਖ ਦਿਸ਼ਾਵਾਂ ਵਿਚ ਇੱਕਲੇ ਇੱਕਲੇ ਜਾਂਦੇ ਹਨ ਤਾਂ ਕਿ ਸਾਰੇ ਈ ਨਾ ਫੜੇ ਜਾਣ।

**ਪੰਨਾ 355:** ਸਾਨੂੰ ਖਾੜਕੂਆਂ ਦੇ ਕੰਮ-ਢੰਗਾਂ ਦੀ ਪੂਰੀ ਜਾਣਕਾਰੀ ਪ੍ਰਾਪਤ ਹੋ ਗਈ। ਕੁਝ ਅਫਸਰ ਤਾਂ ਖਾੜਕੂ ਹਮਲਿਆਂ ਦਾ ਜਵਾਬ ਇੰਨੀ ਕੁਸ਼ਲਤਾ ਨਾਲ ਦਿੰਦੇ ਕਿ ਭਵਿੱਖ ਵਿਚ ਉਨ੍ਹਾਂ ਵਾਸਤੇ ਪੁਲਿਸ ਦੀਆਂ ਨਾਰਮਲ ਡਿਊਟੀਆਂ ਨਿਭਾਉਣੀਆਂ ਔਖਾ ਕੰਮ ਹੋ ਜਾਵੇਗਾ। ਗਿੱਲ ਸੁਭਾਅ ਵਜੋਂ ਹੀ ਅਜਿਹਾ ਅਫਸਰ ਸੀ, ਉਸ ਨੇ ਇਹ ਜ਼ਿੰਮੇਵਾਰੀ ਪੂਰੀ ਤਰ੍ਹਾਂ ਸੰਭਾਲ ਲਈ। ਆਪਣੀ ਸਰਵਿਸ ਦੌਰਾਨ ਗਿੱਲ ਵਰਗਾ ਆਪ੍ਰੇਸ਼ਨ-ਉਸਤਾਦ ਕੋਈ ਨਹੀਂ ਦੇਖਿਆ। ਉਹ ਆਪ ਯੋਜਨਾ ਬਣਾ ਕੇ ਘੇਰਾਬੰਦੀ ਕਰਦਾ ਤੇ ਖੁਦ ਫਰੰਟ ਤੋਂ ਹੱਲਾ ਬੋਲਦਾ। ਮੈਂ ਆਮ ਪਬਲਿਕ ਨਾਲ ਰਾਬਤਾ ਜਾਰੀ ਰੱਖਦਾ। ਮੈਂ ਹੌਸਲਾ ਦੇਣ ਲਈ, ਧਰਵਾਸ ਦੇਣ ਲਈ ਚੰਗਾ ਸਾਂ ਪਰ ਚਾਲਾਂ ਚੱਲਣ ਵਿਚ ਵਧੀਆ ਨਹੀਂ ਸਾਂ। ਪੰਜਾਬ ਵਿਚ ਮੈਂ ਇਕ ਵੀ ਪੁਲਿਸ ਮੁਕਾਬਲੇ ਵਿਚ ਹਿੱਸਾ ਨਹੀਂ ਲਿਆ, ਨਾ ਕਦੇ ਆਪਣੀ ਟੁਕੜੀ ਨਾਲ ਜਾ ਕੇ ਸਾਥ ਦਿੱਤਾ। ਮੈਨੂੰ ਇਥੇ ਇਹ ਵੀ ਇਕਬਾਲ ਕਰਨ ਦਿਉ ਕਿ ਜਿੰਨਾ ਚਿਰ ਪੰਜਾਬ ਵਿਚ ਰਿਹਾ, ਮੈਂ ਇਕ ਵੀ ਖਾੜਕੂ ਦੀ ਤਫਤੀਸ਼ ਨਹੀਂ ਕੀਤੀ। ਜਿਹੜੀ ਸੂਚਨਾ ਮੇਰੇ ਕੋਲ ਆਉਂਦੀ, ਉਹ ਜ਼ਿਲ੍ਹਾ ਪੁਲਿਸ ਅਫਸਰਾਂ ਦੇ ਟੈਲੀਫੋਨਾਂ ਰਾਹੀਂ ਮਿਲਦੀ, ਜਾਂ ਫਿਰ ਮਾਸਿਕ ਮੀਟਿੰਗਾਂ ਵਿਚ ਹਾਸਲ ਹੁੰਦੀ ਜਿਹੜੀਆਂ ਮੈਂ ਨੇਮ ਨਾਲ ਹਰ ਮਹੀਨੇ ਜਲੰਧਰ ਵਿਚ ਕਰਦਾ ਸਾਂ।

***(ਚਲਦਾ)***

# ਦੰਦ ਕਥਾ

## ਸ਼ਬਦ ਝਰੋਖਾ



ਬਲਜੀਤ ਬਾਸੀ

*ਫੋਨ: 734-259-9353*

ਅਸੀਂ ਨਿੱਕੇ ਹੁੰਦੇ 'ਦ' ਧੁਨੀ ਦੇ ਅਨੁਪਰਾਸ ਵਾਲਾ ਇਹ ਫਿਕਰਾ ਵਾਰ ਵਾਰ ਦੁਹਰਾ ਕੇ ਬੜੀਆਂ ਕਿਲਕਾਰੀਆਂ ਮਾਰਦੇ ਸਾਂ, "ਦਾਦੂ ਦੀ ਦਾਦੀ ਦੇ ਦੋ ਦੰਦਾਂ ਦੁਖਦਿਆਂ ਦੀ ਦਵਾਈ ਦੇ ਦਿਉ।" ਫਿਰ ਇਸ ਫਿਕਰੇ ਨੂੰ ਹੋਰ ਲਮਕਾ ਕੇ ਬੋਲਣ ਦੀ ਅਸੀਂ ਇਕ ਖੇਡ ਹੀ ਬਣਾ ਲਈ। ਸਾਡੇ ਨਾਨਾ ਜੀ ਨੇ ਨਕਲੀ ਜਬਾੜਾ ਲਗਾਇਆ ਹੋਇਆ ਸੀ। ਉਹ ਅਕਸਰ ਹੀ ਇਸ ਨੂੰ ਇਧਰ-ਉਧਰ ਰੱਖ ਕੇ ਭੁੱਲ ਜਾਂਦੇ। ਰੋਟੀ ਖਾਣ ਲੱਗਿਆਂ ਉਹ ਜਬਾੜੇ ਨੂੰ ਥਾਲੀ ਵਿਚ ਰੱਖ ਦਿੰਦੇ ਕਿਉਂਕਿ ਉਹ ਇਸ ਤੋਂ ਹੱਸਣ ਦਾ ਕੰਮ ਹੀ ਲੈਂਦੇ ਸਨ। ਇਕ ਵਾਰੀ ਰੋਟੀ ਖਾ ਕੇ ਨਲਕੇ 'ਤੇ ਕੁਰਲੀ ਕਰਨ ਗਏ ਤਾਂ ਉਨ੍ਹਾਂ ਦਾ ਜਬਾੜਾ ਇਕ ਸ਼ਰਾਰਤੀ ਕਾਂ ਚੁੱਕ ਕੇ ਉਡ ਗਿਆ। ਘਰ ਵਿਚ ਹਾਹਾਕਾਰ ਮਚ ਗਈ। ਪਰ ਸ਼ਾਇਦ ਬੁਢੇ ਕਾਂ ਦੇ ਪੋਪਲੇ ਮੂੰਹ ਵਿਚ ਜਬਾੜਾ ਫਿਟ ਨਹੀਂ ਸੀ ਆਇਆ, ਉਸ ਨੇ ਪਰੇ ਜਾ ਕੇ ਸੁੱਟ ਦਿਤਾ। ਇਸ ਵਿਸ਼ੇ ਬਾਰੇ ਹੋਰ ਗੱਲ ਕਰਨ ਤੋਂ ਪਹਿਲਾਂ ਇਕ ਪੰਜਾਬੀ ਕੋਸ਼ ਵਿਚ ਦਿੱਤੀ ਦੰਦਾਂ ਦੀ ਬੜੀ ਮਜ਼ੇਦਾਰ ਪਰਿਭਾਸ਼ਾ ਪੇਸ਼ ਕਰਨ ਨੂੰ ਮਨ ਕਰ ਆਇਆ ਹੈ, "ਮਨੁਖਾਂ ਅਤੇ ਜਾਨਵਰਾਂ ਦੇ ਮੂੰਹ ਵਿਚ ਨਿਕਲੇ ਹੱਡੀ ਦੇ ਟੁਕੜੇ ਜਿਨ੍ਹਾਂ ਦੁਆਰਾ ਭੋਜਨ ਚਿਥਿਆ ਜਾਂਦਾ ਹੈ।"

ਉਂਜ ਹਾਥੀ ਦੇ ਦਿਖਾਉਣ ਵਾਲੇ ਬਾਹਰ ਨਿਕਲੇ ਹੋਏ ਹੱਡੀ ਦੇ ਵੱਡੇ ਵੱਡੇ ਟੁਕੜੇ ਤਾਂ ਇਸ ਕੰਮ ਦੇ ਨਹੀਂ ਪਰ ਇਨ੍ਹਾਂ ਕਰਕੇ ਹੀ ਹਾਥੀ ਦਾ ਜਿਉਂਦੇ ਦਾ ਲੱਖ, ਮਰੇ ਦਾ ਸਵਾ ਲੱਖ ਮੁੱਲ ਪੈ ਜਾਂਦਾ ਹੈ। ਮੈਂ ਕਈ ਵਾਰ ਸੋਚਦਾ ਹਾਂ ਕਿ ਦੰਦ ਖੁਸ਼ੀ ਜਾਂ ਪਰਿਹਾਸ ਦੀ ਪ੍ਰਤੀਤੀ ਦਾ ਇਜ਼ਹਾਰ ਕਰਨ ਲਈ ਕਿਉਂ ਵਿਖਾਏ ਜਾਂਦੇ ਹਨ? ਨਤੀਜਾ ਕਢਿਆ ਕਿ ਮੁਢ ਕਦੀਮ ਵਿਚ ਭੋਜਨ ਦੀ ਭਾਲ ਵਿਚ ਜਦ ਕਦੇ ਉਹ ਖਾਣ ਵਾਲੀ ਚੀਜ਼ ਦੇਖਦਾ ਹੋਵੇਗਾ ਤਾਂ ਉਸ ਦੇ ਮੂੰਹ ਵਿਚ ਪਾਣੀ ਆ ਜਾਣ ਦੇ ਨਾਲ ਨਾਲ ਭੋਜਨ ਖਾਣ ਲਈ ਦੰਦ ਵੀ ਬਾਹਰ ਨਿਕਲ ਕੇ ਤਿਆਰੀ ਕਰਨ ਲੱਗ ਪੈਂਦੇ ਹੋਣਗੇ। ਬੱਚਾ ਦੁਧ ਚੁੰਘਣ ਲੱਗੇ ਪਹਿਲਾਂ ਹੀ ਮਾਂ ਦੀ ਛਾਤੀ ਦੇਖ ਕੇ ਮੂੰਹ ਖੋਲ੍ਹ ਲੈਂਦਾ ਹੈ। ਇਸ ਤਰ੍ਹਾਂ ਦੰਦਾਂ ਦਾ ਵਿਖਾਵਾ ਇਕੋ ਵੇਲੇ ਖਾਣ ਅਤੇ ਖੁਸ਼ੀ ਦਾ ਸੂਚਕ ਬਣ ਗਿਆ। ਬਾਅਦ ਵਿਚ ਕਿਸੇ ਵੀ ਖੁਸ਼ੀ ਨਾਲ ਦੰਦ ਖੁਲ੍ਹਣੇ ਸ਼ੁਰੂ ਹੋ ਗਏ। ਖੈਰ ਹਕੀਕਤ ਭਾਵੇਂ ਕੁਝ ਹੋਰ ਹੋਵੇ, ਇਹ ਖਿਆਲ ਮਾੜਾ ਨਹੀਂ।

ਖਾਣ ਦੇ ਕਾਰਜ ਤੋਂ ਬਿਨਾਂ ਅਨੇਕਾਂ ਤਰ੍ਹਾਂ ਦੇ ਭਾਵ ਜਾਹਰ ਕਰਨ ਲਈ ਦੰਦਾਂ ਦੀ ਅਹਿਮ ਭੂਮਿਕਾ ਹੈ। ਇਨ੍ਹਾਂ ਵਿਚ ਖੁਸ਼ੀ, ਖਾਸ ਤੌਰ 'ਤੇ ਹਾਸੇ ਭਰੀ ਖੁਸ਼ੀ ਲਈ ਹਾਸੇ ਦੇ ਨਾਲ ਦੰਦਾਂ ਦਾ ਪ੍ਰਦਰਸ਼ਨ ਸਹਿਜ ਹੈ। ਕਈ ਵਾਰੀ ਤਾਂ ਅੰਤਾਂ ਦੀ ਖੁਸ਼ੀ ਦਾ ਇਜ਼ਹਾਰ ਏਨਾ ਬੇਕਾਬੂ ਹੋ ਜਾਂਦਾ ਹੈ ਕਿ ਦੰਦੀਆਂ ਮੂੰਹ ਵਿਚ ਹੀ ਨਹੀਂ ਵੜਦੀਆਂ। ਜਿੰਨੀਆਂ ਤਨ ਮਨ ਵਿਚ ਗੁਦਗੁਦੀਆਂ, ਓਨੀ ਹੀ ਗਿਣਤੀ ਵਿਚ ਦੰਦਾਂ ਦਾ ਮੁਜ਼ਾਹਰਾ। ਐਵੇਂ ਨਹੀਂ ਭਾਬੀ ਕਹਿੰਦੀ, "ਛੋਟਾ ਦਿਉਰ ਬੜਾ ਟੁੱਟ ਪੈਣਾ, ਹਸਦੀ ਦੇ ਦੰਦ ਗਿਣਦਾ।" ਜ਼ਿੰਦਗੀ ਤਾਂ ਕਹਿੰਦੇ ਨੇ ਹੈ ਹੀ ਹਸ ਦੰਦਾਂ ਦੀ ਪ੍ਰੀਤ। ਫਿਰ ਪਿਆਰ ਦੇ ਪ੍ਰਗਟਾਵੇ ਲਈ ਦੰਦ ਦਿਖਾਉਣ ਤੋਂ ਬਿਨਾਂ ਹੋਰ ਕਿਹੜਾ ਵਧੀਆ ਵਸੀਲਾ ਹੈ? ਸਾਡੇ ਸਭਿਆਚਾਰ ਵਿਚ ਪਿਆਰ ਦੀ ਸੈਨਤ ਦੇ ਜਵਾਬ ਵਿਚ ਵੀ ਕੁੜੀ ਦੰਦ ਦਿਖਾ ਕੇ ਹੱਸ ਪਵੇ ਤਾਂ ਪਿਆਰ ਪ੍ਰਵਾਨ ਸਮਝਿਆ ਜਾਂਦਾ ਹੈ। ਐਵੇਂ ਨਹੀਂ ਕਿਹਾ "ਕੁੜੀ ਹੱਸੀ ਤੇ ਫਸੀ।" ਹੀਰ ਰਾਂਝੇ 'ਤੇ ਹੱਸ ਕੇ ਹੀ ਮਿਹਰਬਾਨ ਹੋਈ ਸੀ। ਦੰਦ ਜੇ ਚਿੱਟੇ, ਅਨਾਰ ਦੇ ਦਾਣੇ, ਚੰਬੇ ਦੀ ਲੜੀ ਜਾਂ ਹੰਸ ਮੋਤੀ ਹੋਣ ਤਾਂ ਹੱਸਣੋਂ ਰਹਿ ਵੀ ਕਿਵੇਂ ਸਕਦੇ ਹਨ?

ਪਿਆਰ ਹੀ ਨਹੀਂ ਘਿਣ, ਰੋਹ ਜਾਂ ਬੇਬਸੀ ਦਰਸਾਉਣ ਲਈ ਵੀ ਦੰਦਾਂ ਦੀ ਖੂਬ ਵਰਤੋਂ ਕੀਤੀ ਜਾਂਦੀ ਹੈ ਭਾਵੇਂ ਖੁਲ੍ਹ ਕੇ ਨਹੀਂ-ਇਸ ਮਕਸਦ ਲਈ ਦੰਦ ਕਿਰਚੇ ਜਾਂਦੇ ਹਨ। ਵਾਰਿਸ ਸ਼ਾਹ ਨੇ ਹੀਰ ਦੀ ਬੇਵਸੀ ਇਸ ਤਰ੍ਹਾਂ ਪੇਸ਼ ਕੀਤੀ ਹੈ,

ਦੰਦ ਮੀਟ ਘਸੀਟ ਇਹ ਹੱਡ ਗੋਡੇ
ਚਿਬੇ ਹੋਠ ਗੱਲ੍ਹਾਂ ਕਰ ਨੀਲੀਆਂ ਜੀ।
ਨੱਕ ਚਾੜ੍ਹ ਦੰਦੇੜਕਾਂ ਵਟ ਰੋਏ
ਕਢ ਅੱਖੀਆਂ ਨੀਲੀਆਂ ਪੀਲੀਆਂ ਜੀ।



ਕਿਸੇ ਦਾ ਮੌਜੂ ਉਡਾਉਣਾ ਹੋਵੇ ਤਾਂ ਦੰਦੀਆਂ ਚਿਘਾਉਣਾ ਇਕ ਵਧੀਆ ਜਤਨ ਹੈ ਭਾਵੇਂ ਹੈ ਬਚਗਾਨਾ। ਆਪਣੀ ਢੀਠਤਾਈ ਦਰਸਾਉਣ ਜਾਂ ਕਿਸੇ ਨੂੰ ਟਿੱਚ ਸਮਝਣ ਦਾ ਇਜ਼ਹਾਰ ਕਰਨ ਲਈ ਦੰਦ ਕਢੇ ਜਾਂਦੇ ਹਨ। ਲਾਡਾਂ-ਪਿੱਟੀ ਹੀਰ ਦੀ ਢੀਠਤਾਈ ਦੇਖੋ,

ਕੈਦੋ ਆਖਦਾ ਧੀਓ ਵਿਆਹ ਮਲਕੀ,
ਧ੍ਰੋਹੀ ਰੱਬ ਦੀ ਮਨ ਲੈ ਡੈਣੇ ਨੀ।
ਇਕੇ ਮਾਰ ਕੇ ਵੱਢ ਕੇ ਕਰਸ ਬੇਰੇ,
ਮੂੰਹ ਸਿਰ ਭੰਨ ਚੋਆ ਸਾੜ ਸਾਇਣੇ ਨੀ।
ਵੇਖ ਧੀਓ ਦੇ ਲਾਡ ਕੀਹ ਦੰਦ ਕੱਢੇਂ,
ਬਹੁਤ ਝੂਰਸੇਂ ਰੰਨੇ ਕਸਾਇਣੇ ਨੀ।
ਇਕੇ ਬੰਨ੍ਹ ਕੇ ਭੋਰੇ ਚਾ ਘੱਤੋ,
ਲਿੰਬ ਵਾਂਗ ਭੜੋਲੇ ਦੇ ਆਇਣੇ ਨੀ।

ਪਾਲਾ ਲਗਦਾ ਹੋਵੇ ਤਾਂ ਦੰਦ ਵੱਜਣ ਲੱਗ ਜਾਂਦੇ ਹਨ ਮਾਨੋ ਕਹਿ ਰਹੇ ਹੋਣ "ਰੱਮ ਦਾ ਤਕੜਾ ਜਿਹਾ ਹਾੜਾ ਪੇਸ਼ ਕਰੋ।" ਭਾਵੇ ਦੰਦਾਂ ਦੀ ਮੈਲ ਉਤਾਰਨ ਲਈ ਦਾਤਣ ਵਧੀਆ ਸਾਧਨ ਹੈ ਪਰ ਸਾਡੀ ਸਭਿਅਤਾ ਅਨੁਸਾਰ ਕਿਸੇ ਦੀ ਨਿੰਦਿਆ ਚੁਗਲੀ ਜਿੰਨਾ ਨਹੀਂ। ਕਿਸੇ ਨੂੰ ਲਲਕਾਰਨ ਲਈ ਦੰਦ ਦਿਖਾਏ ਜਾਂਦੇ ਹਨ, ਕਿਉਂਕਿ ਇਨ੍ਹਾਂ ਨਾਲ ਦੰਦੀ ਵਢੀ ਜਾ ਸਕਦੀ ਹੈ। ਕਿਸੇ 'ਤੇ ਗੁੱਸਾ ਜ਼ਾਹਿਰ ਕਰਨ ਲਈ ਦੰਦ ਪੀਸੇ ਜਾਂਦੇ ਹਨ ਮਾਨੋ ਗੁੱਸੇ ਦੇ ਪਾਤਰ ਨੂੰ ਚਬਾ ਹੀ ਸੁਟਣਾ ਹੈ। ਜੇ ਸੱਚਮੁਚ ਲੜਾਈ ਸਹੇੜ ਲਈ ਜਾਵੇ ਤਾਂ ਦੂਜੇ ਦੇ ਦੰਦ ਖੱਟੇ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਤਿਹਾਸ ਗਵਾਹ ਹੈ, ਭਾਰਤੀ ਫੌਜਾਂ ਨੇ ਵਿਦੇਸ਼ੀ ਹਮਲਾਵਰਾਂ ਦੇ ਕਿੰਨੀ ਵਾਰੀ ਦੰਦ ਖੱਟੇ ਕਰਨ ਦੀ ਕੋਸ਼ਿਸ਼ ਕੀਤੀ ਪਰ ਹਮੇਸ਼ਾ ਆਪਣੇ ਦੰਦ ਹੀ ਖੱਟੇ ਕਰਵਾਉਂਦੇ ਰਹੇ। ਯਾਦ ਕਰੋ ਜਿੰਦਾਂ ਦੇ ਸ਼ਬਦ, "ਤੇਰੀ ਵੱਲ ਮੈਂ ਫੌਜ ਨੂੰ ਘੱਲਨੀ ਆਂ, ਖੱਟੇ ਕਰੀਂ ਤੂੰ ਇਨ੍ਹਾਂ ਦੇ ਦੰਦ ਵਾਰੀ।"

ਕਿਸੇ ਘਟਨਾ ਕਾਰਨ ਢੇਰ ਹੈਰਾਨੀ ਹੋ ਗਈ ਹੋਵੇ ਤਾਂ ਦੰਦ ਆਪਣੇ ਆਪ ਜੁੜ ਜਾਂਦੇ ਹਨ ਤੇ ਅੱਖਾਂ ਦੇ ਆਨੇ ਬਾਹਰ ਆ ਜਾਂਦੇ ਹਨ। ਪਛਤਾਵੇ ਕਾਰਨ ਦੰਦਾਂ ਵਿਚ ਉਂਗਲੀ ਪਤਾ ਨਹੀਂ ਕਿਵੇਂ ਧਰੀ ਜਾਂਦੀ ਹੈ। ਉਧਰ ਦੱਬ ਘੁਟ ਕੇ ਕੋਈ ਵਧੀਕੀ ਸਹਾਰਨੀ ਪਵੇ ਤਾਂ ਦੰਦਾਂ ਥੱਲੇ ਜੀਭ ਮੱਲੋ ਮੱਲੀ ਆ ਜਾਂਦੀ ਹੈ। ਮਾਨੋ ਦੰਦ ਜੀਭ ਨੂੰ ਦੜ ਵੱਟਣ ਲਈ ਕਹਿੰਦੇ ਹੋਣ।

ਬਾਲਾਂ ਦੇ ਦੰਦਾਂ ਨੂੰ ਦੰਦੀਆਂ ਕਹਿ ਦਿੱਤਾ ਜਾਂਦਾ ਹੈ ਜਿਵੇਂ ਦੰਦੀਆਂ ਕਢਣਾ ਪਰ ਮੁਹਾਵਰਿਆਂ ਵਿਚ ਕਈ ਥਾਂਵਾਂ 'ਤੇ ਦੰਦਾਂ ਦੀ ਥਾਂ ਦੰਦੀਆਂ ਸ਼ਬਦ ਵਰਤ ਲਿਆ ਜਾਂਦਾ ਹੈ ਜਿਵੇਂ ਦੰਦੀਆਂ ਚਿਘਾਉਣਾ ਜਾਂ ਵੱਢਣਾ। ਇਸ ਦਾ ਕਾਰਨ ਇਹ ਜਾਪਦਾ ਹੈ ਕਿ ਦੰਦੀਆਂ ਚਿਘਾਉਣਾ ਬਚਗਾਨਾ ਹਰਕਤ ਹੈ। ਉਂਜ ਦੰਦੀ ਦੇ ਹੋਰ ਵੀ ਕਈ ਅਰਥ ਹਨ ਜਿਵੇਂ ਬਾਹਰ ਨੂੰ ਨਿਕਲੀ ਹੋਈ ਸਿਧੀ ਪਹਾੜੀ, ਮੰਜੇ ਦੀ ਦੌਣ ਚਾੜਨ ਵਾਲੀ ਵੱਟੀ ਹੋਈ ਰੱਸੀ। ਦਾਤੀ ਆਦਿ ਦਾ ਤਿਖੇ ਕੀਂਗਰਾ ਜਾਂ ਵਿਢੇ ਨੂੰ ਦੰਦਾ ਕਹਿੰਦੇ ਹਨ। ਦਾਤੀ ਸ਼ਬਦ ਆਪ ਦੰਦ ਦੇ ਭਰਾ ਦੰਤ ਤੋਂ ਬਣਿਆ ਹੈ ਭਾਵ ਦੰਦਿਆਂ ਵਾਲਾ ਹਥਿਆਰ ਭਾਵੇਂ ਬਾਅਦ ਵਿਚ ਦੰਦਬੋੜੀ ਦਾਤੀ ਜਾਂ ਦਾਤ ਦਾ ਵੀ ਪ੍ਰਚਲਨ ਹੋ ਗਿਆ। ਦੰਦ ਤੋਂ ਬਣੇ ਹੋਰ ਸ਼ਬਦ ਹਨ ਦੰਦਬੋੜਾ, ਦੰਦਲ, ਦੰਦਬੀੜ, ਦੰਦਾਸਾ, ਦੰਦ ਕਰੋਲੀ, ਦੰਦਸਾਜ਼, ਦੰਦਰਾਲ, ਦੰਦੋੜਿਕਾ। ਘੋੜਿਆਂ ਦੇ ਮੂੰਹ ਵਿਚ ਪਾਉਣ ਵਾਲਾ ਅੰਕੁੜਾ ਅਤੇ ਮੋਘੇ ਅਤੇ ਦਰਿਆ ਦੇ ਮੁਖ ਦੇ ਅਰਥਾਂ ਵਾਲਾ ਦਹਾਨਾ ਸ਼ਬਦ ਦੰਤ ਤੋਂ ਹੀ ਬਣਿਆ ਹੈ।

ਗਾਲ੍ਹ ਕਢਣ ਲਈ ਵੀ ਦੰਦ ਵਧੀਆ ਨਿਸ਼ਾਨਾ ਬਣ ਜਾਂਦੇ ਹਨ, "ਦੰਦ ਭੰਨ ਕੇ ਹੱਥ ਫੜਾ ਦਊਂ, ਦਾਂਦੂਆ ਜਿਹਿਆ!" ਬਾਅਦ ਵਿਚ ਭਾਵੇਂ ਛੱਬੀ ਹੋ ਜਾਵੇ। ਬੰਦਾ ਤਾਂ ਆਪਣੀ ਮੌਤ ਦੀ ਸੂਚਨਾ ਵੀ ਦੰਦ ਅੱਡ ਕੇ ਕਰ ਦਿੰਦਾ ਹੈ। ਕਹਿੰਦੇ ਹਨ ਮੱਖਣ ਖਾਂਦਿਆਂ ਦੰਦ ਘਸਣ ਤਾਂ ਘਸਣ ਦਿਉ। ਦੰਦ ਘਸਣ ਤੋਂ 'ਦੰਦ ਘਸਾਈ' ਉਕਤੀ ਯਾਦ ਆ ਗਈ। ਬਾਹਮਣਾਂ ਦੇ ਦੋਵੀਂ ਹੱਥੀਂ ਲੱਡੂ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਦੰਦ ਸ਼ਬਦ ਇਕ ਦੋ ਵਾਰੀ ਹੀ ਆਇਆ ਹੈ, "ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ॥" -ਗੁਰੂ ਨਾਨਕ ਦੇਵ। ਦੰਦੀ ਮੈਲ ਉਤਾਰਨ ਦਾ ਮਤਲਬ ਨਿੰਦਿਆ ਚੁਗਲੀ ਕਰਨਾ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚ ਦੰਦ ਦੇ ਭੇਦ 'ਦੰਤ' ਸ਼ਬਦ ਦੀ ਹੀ ਬਹੁਤੀ ਵਰਤੋਂ ਹੈ, "ਤੇਰੇ ਬਾਂਕੇ ਲੋਇਣ ਦੰਤ ਰੀਸਾਲਾ॥" "ਮੈਣ ਕੇ ਦੰਤ ਕਿਉ ਖਾਈਐ ਸਾਰੁ॥" (ਗੁਰੂ ਨਾਨਕ ਦੇਵ) ਅਰਥਾਤ ਮੋਮ ਦੇ ਦੰਦਾਂ ਨਾਲ ਲੋਹਾ ਕਿਵੇਂ ਚੱਬਿਆ ਜਾ ਸਕਦਾ ਹੈ।

ਦੰਤ ਸ਼ਬਦ ਰਿਗਵੇਦ ਵਿਚ ਵੀ ਇਸੇ ਉਚਾਰਣ ਸਹਿਤ ਮਿਲਦਾ ਹੈ। ਪਾਲੀ ਤੇ ਪਰਾਕ੍ਰਿਤ ਵਿਚ ਇਸ ਦਾ ਇਹੋ ਰੂਪ ਹੈ। ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਦੰਦ ਜਿਹੇ ਰੂਪ ਵੀ ਹਨ। ਫਾਰਸੀ ਵਿਚ ਦੰਦਾਨ ਹੈ। ਇਹ ਸ਼ਬਦ ਭਾਰੋਪੀ ਅਸਲੇ ਦਾ ਹੈ ਭਾਵ ਹੋਰ ਆਰਿਆਈ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਮੂਲ ਡੋਂਟ/ਡੈਂਟ ਕਲਪਿਆ ਗਿਆ ਹੈ। ਪੁਰਾਣੀ ਜਰਮੈਨਿਕ ਵਿਚ ਇਹ ਟੰਥ ਜਿਹਾ ਹੋ ਗਿਆ ਜੋ ਪੁਰਾਣੀ ਅੰਗਰੇਜ਼ੀ ਵਿਚ ਆ ਕੇ ਟੈਥ ਬਣ ਗਿਆ ਇਸ ਤੋਂ ਅੱਗੇ ਇਸ ਨੇ ਟੁਥ ਦਾ ਰੂਪ ਧਾਰ ਲਿਆ। ਪੁਰਾਣੀ ਸੈਕਸਨ, ਡੈਨਿਸ਼, ਸਵੀਡਿਸ਼, ਡੱਚ, ਜਰਮਨ ਤੇ ਗੌਥਿਕ ਭਾਸ਼ਾਵਾਂ ਵਿਚ ਇਸ ਦੇ ਇਹੋ ਜਿਹੇ ਰੂਪ ਹੀ ਹਨ। ਗਰੀਕ ਵਿਚ ਓਡੋਂਟ ਬਣਿਆ ਜੋ ਅੰਗਰੇਜ਼ੀ ਵਿਚ ਜਾ ਕੇ ਡੈਂਟਲ ਬਣ ਗਿਆ। ਚਿਬ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ dent ਵੀ ਇਸੇ ਤੋਂ ਵਿਕਿਸਿਤ ਹੋਇਆ। ਭਾਵ ਹੈ, ਦੰਦੇ ਦੀ ਚੋਭ। ਦਿਲਚਸਪ ਗੱਲ ਹੈ ਕਿ ਪੰਜਾਬੀ ਦੰਦੇ ਦਾ ਵੀ ਇਕ ਇਹੀ ਅਰਥ ਹੈ।

ਐਪਰ ਸਾਡੀ ਦੰਦ ਕਥਾ ਪੂਰੀ ਨਹੀਂ ਹੋਵੇਗੀ ਜੇ ਅਸੀਂ ਦੰਦ-ਕਥਾ ਉਕਤੀ ਦੀ ਕਥਾ ਨਾ ਛੇੜੀਏ। ਸਾਰੇ ਜਾਣਦੇ ਹਨ ਦੰਦ ਕਥਾ ਕੀ ਹੁੰਦੀ ਹੈ। ਸਮਝਿਆ ਜਾਂਦਾ ਹੈ ਕਿ ਦੰਦ ਕਥਾ ਉਹ ਗੱਲ ਹੈ ਜੋ ਮੂਹੋਂ ਮੂੰਹ ਫੈਲਾਈ ਜਾਵੇ ਤੇ ਇਸੇ ਤਰ੍ਹਾਂ ਇਤਿਹਾਸ ਵਿਚ ਵੀ ਆਪਣੀ ਛਾਪ ਛੱਡ ਦੇਵੇ। ਇਸ ਦਾ ਕੋਈ ਲਿਖਤੀ ਪ੍ਰਮਾਣ ਨਹੀਂ ਹੁੰਦਾ ਜਿਵੇਂ ਵਾਰਿਸ ਸ਼ਾਹ ਦਾ ਭਾਗਭਰੀ ਨਾਲ ਇਸ਼ਕ ਦੰਦ-ਕਥਾ ਹੈ। ਪਰ ਇਹ ਵਿਆਖਿਆ ਗਲੇ ਨਹੀਂ ਉਤਰਦੀ। ਦਿਲਚਸਪ ਗੱਲ ਹੈ ਕਿ ਹਿੰਦੀ ਵਿਚ ਇਸ ਦੇ ਸਮਾਨੰਤਰ ਸ਼ਬਦ ਦੰਤਕਥਾ ਹੈ ਜੋ ਕਦੇ ਕਦਾਈਂ ਪੰਜਾਬੀ ਵਿਚ ਵੀ ਵਰਤ ਲਿਆ ਜਾਂਦਾ ਹੈ ਜਿਵੇਂ "ਦੰਤ ਕਥਾ ਅਨੁਸਾਰ ਗਿੱਧਾ ਸ਼ਬਦ ਨਾਚ ਨੱਚਣ ਵਾਲੀ ਕੁੜੀ ਗਿਧੋ ਤੋਂ ਪਿਆ ਹੈ।" ਪਰ ਹੋਰ ਖੋਜ ਕਰਨ ਅਤੇ ਕੁਝ ਦੋਸਤਾਂ ਨਾਲ ਵਿਚਾਰ ਵਟਾਂਦਰੇ ਉਪਰੰਤ ਸਿੱਟਾ ਕਢਿਆ ਕਿ "ਦੰਦ ਕਥਾ" ਦਾ ਦੰਦ ਜਾਂ ਦੰਤ ਨਾਲ ਕੋਈ ਸਬੰਧ ਨਹੀਂ। ਇਕ ਵਿਚਾਰ ਅਨੁਸਾਰ ਇਹ ਸੰਸਕ੍ਰਿਤ ਸ਼ਬਦ ਕਿੰਵਦੰਤੀ ਤੋਂ ਬਣਿਆ ਜਿਸ ਦਾ "ਕਿ" ਅਲੋਪ ਹੋ ਗਿਆ। ਪਾਠਕ ਜਾਣਦੇ ਹੋਣਗੇ ਕਿ ਕਿਵਦੰਤੀ ਦਾ ਅਰਥ ਵੀ ਇਹੀ ਹੁੰਦਾ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ "ਵਿਦੰਤ" ਸ਼ਬਦ ਤੋਂ ਹੀ ਬਣਿਆ ਹੈ ਜਿਸ ਦਾ ਅਰਥ "ਕਿਹਾ, ਕਥਿਆ" ਹੁੰਦਾ ਹੈ। ਇਸ ਵਿਚ ਮੁਢਲਾ "ਵਿ" ਅਲੋਪ ਹੋ ਗਿਆ ਤੇ ਹਾਸਿਲ ਆਇਆ "ਦੰਤ"। ਦੰਤ ਨਾਲ ਕਥਾ ਲੱਗ ਕੇ ਦੰਤ ਕਥਾ ਬਣ ਗਿਆ ਜਦ ਕਿ ਦੰਤ ਅਤੇ ਕਥਾ ਦੋਨੋਂ ਸ਼ਬਦ ਇਕ ਹੀ ਅਰਥ ਦਿੰਦੇ ਹਨ। ਇਸ ਤਰ੍ਹਾਂ ਦੇ ਵਰਤਾਰੇ ਨੂੰ ਦੁਰੁਕਤੀ ਕਹਿੰਦੇ ਹਨ। ਗੱਲਬਾਤ ਜਾਂ ਗੱਲ ਕਥ ਵਿਚ ਇਹੀ ਦੁਰੁਕਤੀ ਹੈ। "ਵਿਦੰਤ" ਸ਼ਬਦ ਦਾ ਧਾਤੂ ਹੈ 'ਵਦ', ਜਿਸ ਦਾ ਅਰਥ ਕਹਿਣਾ, ਦੱਸਣਾ ਹੁੰਦਾ ਹੈ। ਵਾਦ-ਵਿਵਾਦ, ਵਾਦਨ, ਵਜਾਣਾ ਸ਼ਬਦ ਇਸੇ ਧਾਤੂ ਤੋਂ ਬਣੇ ਹਨ। ਭਗਤ ਤ੍ਰਿਲੋਚਨ ਨੇ ਵਿਦੰਤ (ਕਿਹਾ) ਦੇ ਅਰਥਾਂ 'ਚ 'ਬਦਤਿ' ਸ਼ਬਦ ਵਰਤਿਆ ਹੈ, "ਬਦਿਤ ਤ੍ਰਿਲੋਚਨ ਤੇ ਨਰ ਮੁਕਤਾ।" ਤ੍ਰਿਲੋਚਨ ਕਹਿੰਦਾ ਹੈ ਕਿ ਮਨੁਖ ਮੁਕਤ ਹੋਵੇਗਾ।

## ਜਨਮੇਜਾ ਸਿੰਘ ਜੌਹਲ ਦੇ ਕੁੱਝ ਹਾਇਕੂ

ਧੀਦੋ ਆਇਆ
ਨੈਟ ਗਰਮਾਇਆ
ਖੁਸ਼ੀਆਂ ਵੰਡੇ।

---

ਰਾਂਝਾ ਬੋਲਿਆ
ਇਹ ਨਹੀਂ ਤਾਂ ਹੋਰ
ਖੱਚਰ ਤੋਰ।

---

ਮੀਂਹ ਆਇਆ
ਚਿੱਠੀ ਭਿੱਜੜ ਹੋਈ
ਸੁਨੇਹਾ ਚੁੱਪ।

---

ਭਿੱਜਿਆ ਖ਼ਤ
ਮਨੋ ਜੋੜ ਕੇ ਪੜ੍ਹੇ
ਘੁੱਲੇ ਅੱਖਰ।

---

ਫੁੱਲ ਖਿੜਿਆ
ਟਾਹਣੀ ਝੁੱਕ ਗਈ
ਖੁਸ਼ਬੂ ਅੱਗੇ।

# ਨਾਂਦੇੜ ਸਾਹਿਬ ਵੱਲੋਂ ਹਰਿਆਵਲ ਹੱਜ ਵਿਚ ਸ਼ਿਰਕਤ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਹਾਲ ਵਿਚ ਨਾਰਵੇ ਵਿਖੇ ਹਜ਼ੂਰ ਸਾਹਿਬ ਦੇ ਪ੍ਰਤੀਨਿਧ ਡੀ ਪੀ ਸਿੰਘ ਚਾਵਲਾ ਨੇ ਜਗਤ ਹਰਿਆਵਲ ਲਹਿਰ (ਗਰੀਨ ਪਿਲਗਰੀ ਮੇਜ਼ ਨੈਟਵਰਕ) ਦੀ ਬੈਠਕ ਵਿਚ ਸ਼ਿਰਕਤ ਕਰਕੇ ਨਾਂਦੇੜ ਸਾਹਿਬ ਨੂੰ ਵੀ ਅੰਮ੍ਰਿਤਸਰ ਵਾਂਗ ਇਸ ਕਲੱਬ ਦਾ ਮੈਂਬਰ ਬਣਾ ਲਿਆ ਹੈ। ਨਵੰਬਰ 2011 ਨੂੰ ਇਟਲੀ ਦੇ ਅੱਸੀਸੀ ਸ਼ਹਿਰ ਤੋਂ ਸਥਾਪਤ ਹੋਏ ਇਸ ਧਾਰਮਕ ਹਰਿਆਵਲ ਹੱਜ ਦਾ ਉਦੇਸ਼ ਵਾਤਾਵਰਨ ਨੂੰ ਸਾਫ ਸੁਥਰਾ ਤੇ ਪ੍ਰਦੂਸ਼ਣ ਰਹਿਤ ਕਰਨਾ ਹੈ। ਹੁਣ ਨਾਂਦੇੜ ਵਾਲਿਆਂ ਗੋਦਾਵਰੀ ਨਦੀ ਦੀ ਸਾਂਭ ਸੰਭਾਲ, ਸਜੀਵ ਖੇਤੀ ਦੇ ਵਿਕਾਸ ਤੇ ਰੁੱਖ ਬੂਟੇ ਲਾਉਣ ਦਾ ਵਚਨ ਲਿਆ ਹੈ। ਜਗਤ ਹਰਿਆਵਲ ਲਹਿਰ ਦੇ ਸਕੱਤਰ ਜਨਰਲ ਮਾਰਟਿਨ ਪਾਮੇਰ ਨੇ ਸਿੱਖ ਧਰਮ ਤੇ ਸਿੱਖ ਸੰਗਤਾਂ ਦੇ ਇਸ ਉਤਸ਼ਾਹ ਦਾ ਸਵਾਗਤ ਕੀਤਾ ਹੈ।

ਚੇਤੇ ਰਹੇ ਕਿ ਗੁਰਦੁਵਾਰਾ ਖਡੂਰ ਸਾਹਿਬ (ਤਰਨਤਾਰਨ) ਵਾਲਿਆਂ ਨੇ ਤਾਂ ਇਸ ਤਰ੍ਹਾਂ ਦੀ ਮਿੰਨੀ ਮੁਹਿਮ ਜਗਤ ਲਹਿਰ ਤੋਂ ਬਹੁਤ ਪਹਿਲਾਂ ਦੀ ਸ਼ੁਰੂ ਕੀਤੀ ਹੋਈ ਹੈ। ਹੁਣ ਪੰਜਾਬ ਸਰਕਾਰ ਦੀ ਗਰੀਨ ਪੰਜਾਬ ਲਹਿਰ ਤੇ ਅਜੀਤ ਪਤ੍ਰਿਕਾ ਸਮੂਹ ਦੀ ਅਜੀਤ ਹਰਿਆਵਲ ਲਹਿਰ ਤਾਂ ਘਰ ਘਰ ਦਸਤਕ ਦੇ ਰਹੀ ਹੈ। ਇਸ ਲਹਿਰ ਨੇ ਪੰਜਾਬ ਦੇ ਇਕ ਇਕ ਪਿੰਡ ਦਾ ਕੁੰਡਾ ਖੜਕਾਇਆ ਹੈ। ਮੇਰਾ ਨਾਨਕਾ, ਦਾਦਕਾ ਤੇ ਸਹੁਰਾ ਪਿੰਡ ਕ੍ਰਮਵਾਰ ਮਾਲਵੇ, ਦੁਆਬੇ ਤੇ ਮਾਝੇ ਵਿਚ ਪੈਂਦੇ ਹਨ। ਹਰ ਪਾਸੇ ਤੋਂ ਇਹੀਓ ਸਮਾਚਾਰ ਆ ਰਹੇ ਹਨ ਕਿ ਰੁਖ ਬੂਟੇ ਲਾ ਕੇ ਪੰਜਾਬ ਨੂੰ ਹਰਾ-ਭਰਾ ਕਰਨ ਦਾ ਕਾਰਜ ਪਿੰਡ-ਪਿੰਡ ਪਰਵੇਸ਼ ਕਰ ਚੁੱਕਿਆ ਹੈ।

ਉਤਰਾਖੰਡ ਦੀ ਹਿਮਾਲੀਅਨ ਸੁਨਾਮੀ ਦੇ ਦੁਖਦਾਈ ਸਮਾਚਾਰਾਂ ਨੇ ਬਨਸਪਤਿ ਤੇ ਵਾਤਾਵਰਣ ਦੀ ਸੰਭਾਲ ਪ੍ਰਤੀ ਸਮੂਹਕ ਜਾਗ੍ਰਤੀ ਪੈਦਾ ਕੀਤੀ ਹੈ। ਸਮਾਚਾਰ ਪੱਤਰ ਤੇ ਵਿਦਿਅਕ ਸੰਸਥਾਵਾਂ ਪੌਣ ਪਾਣੀ ਦਾ ਮਹੱਤਵ ਦੱਸ ਰਹੀਆਂ ਹਨ। ਇਹ ਵੀ ਕਿ ਦਿਨੇ ਦੁੱਗਣੇ ਤੇ ਰਾਤ ਚੌਗੁਣੇ ਵਾਧੇ ਵਾਲੀ ਵਸੋਂ ਦੇ ਦੇਸ਼ ਵਿਚ ਇਸ ਦਾ ਮਹੱਤਵ ਕਿੰਨਾ ਵੱਧ ਹੈ। ਲੋਕਾਈ ਦਾ ਫਰਜ਼ ਬਣਦਾ ਹੈ ਕਿ ਇਸ ਲਹਿਰ ਦੇ ਅਧੀਨ ਲਾਏ ਗਏ ਇੱਕ ਇੱਕ ਪੌਦੇ ਦੀ ਦੇਖਭਾਲ ਕਰੇ। ਨਵੇਂ ਪੌਦੇ ਲਈ ਪਾਣੀ ਦੀ ਲੋੜ ਛੋਟੇ ਬੱਚੇ ਨਾਲੋਂ ਵੀ ਵੱਧ ਹੁੰਦੀ ਹੈ। ਬੱਚਾ ਤਾਂ ਆਪਣੀ ਲੋੜ ਰੋ ਕੇ ਦੱਸ ਦਿੰਦਾ ਹੈ, ਪੌਦੇ ਦੀਆਂ ਲੋੜਾਂ ਤਾਂ ਲੋਕਾਈ ਨੇ ਪੂਰੀਆਂ ਕਰਨੀਆਂ ਹਨ।

ਅੰਮ੍ਰਿਤਸਰ ਵਾਂਗ ਨਾਂਦੇੜ ਸਾਹਿਬ ਨੇ ਇਹ ਬੀੜਾ ਚੁਕਿਆ ਹੈ, ਬਹੁਤ ਚੰਗੀ ਗੱਲ ਹੈ। ਪੰਜਾਬੀਆਂ ਦੇ ਮਨਾਂ ਵਿਚ ਵਸਿਆ ਧਰਮ ਅਸਥਾਨਾਂ ਦਾ ਆਦਰ ਰੁਖ ਲਾਉਣ ਦੇ ਕਾਰਜ ਵਿਚ ਵਾਧਾ ਕਰੇਗਾ, ਸਾਡਾ ਵਿਸ਼ਵਾਸ ਹੈ। ਇਸ ਨਾਲ ਸਮੁੱਚੇ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਦੀ ਲਹਿਰ ਹੋਰ ਵੀ ਜ਼ੋਰ ਫੜੇਗੀ।

**ਰਿਆਸਤੀ ਰਾਜਿਆਂ ਦੀ ਅਮੀਰੀ ਦੇ ਅੰਕੜੇ:** ਜਦੋਂ ਦੀਵਾਨ ਜਰਮਨੀ ਦਾਸ ਨੇ 'ਮਹਾਰਾਜਾ' ਨਾਂ ਦੀ ਪੁਸਤਕ ਵਿਚ ਰਿਆਸਤੀ ਰਾਜਿਆਂ ਦੀ ਅਮੀਰੀ, ਚਤੁਰਾਈਆਂ ਤੇ ਚੋਹਲਾਂ ਬਾਰੇ ਲਿਖਿਆ ਸੀ ਤਾਂ ਪਾਠਕ ਨੂੰ ਅਤਿਕਥਨੀ ਦਾ ਪ੍ਰਭਾਵ ਦਿੰਦਾ ਸੀ। ਹੁਣ ਮਹਾਰਾਜਾ ਫਰੀਦਕੋਟ ਦੀਆਂ ਬੇਟੀਆਂ ਅੰਮ੍ਰਿਤ ਕੌਰ ਤੇ ਦੀਪਿੰਦਰ ਕੌਰ ਨੇ ਆਪਣੇ ਪਿਤਾ ਦੀ ਜ਼ਮੀਨ ਤੇ ਜਾਇਦਾਦ ਦਾ ਕਬਜ਼ਾ ਮਹਾਰਾਵਲ ਖੇਵਾ ਜੀ ਟਰੱਸਟ ਕੋਲੋਂ ਵਾਪਸ ਲੈਣ ਦਾ ਕੇਸ ਜਿੱਤ ਲਿਆ ਹੈ ਤਾਂ ਮਹਾਰਾਜਾ ਦੀ ਨਿੱਜੀ ਅਮੀਰੀ ਦਾ ਵੇਰਵਾ ਸਾਹਮਣੇ ਆਇਆ ਹੈ। ਮੀਡੀਆ ਵਿਚ ਛਪੀਆਂ ਤਸਵੀਰਾਂ ਤੇ ਹੋਰ ਵੇਰਵੇ ਦੱਸਦੇ ਹਨ ਕਿ ਇਸ ਵਿਚ ਹੈਦਰਾਬਾਦ, ਦਿੱਲੀ, ਮਸ਼ੋਬਰਾ (ਹਿਮਾਚਲ), ਟੋਹਾਣਾ (ਹਰਿਆਣਾ) ਵਿਚ ਮਹਿਲ, ਮੁਨਾਰੇ ਤੇ ਜ਼ਮੀਨ ਹੀ ਨਹੀਂ ਮਨੀਮਾਜਰਾ ਤੇ ਫਰੀਦਕੋਟ ਦੇ ਕਿਲੇ ਅਤੇ ਹਵਾਈ ਅੱਡਾ ਵੀ ਸ਼ਾਮਲ ਹਨ।

ਮਹਾਰਾਜੇ ਦੇ ਪੁਰਾਣੇ ਜਹਾਜ਼ ਤੇ ਡੇਢ ਦਰਜਨ ਲਗਜ਼ਰੀ ਕਾਰਾਂ ਤੋਂ ਬਿਨਾਂ ਮੁੰਬਈ ਦੇ ਸਟੈਂਡਰਡ ਚਾਰਟਰਡ ਬੈਂਕ ਵਿਚ ਇਕ ਹਜ਼ਾਰ



*ਹਰਿੰਦਰ ਸਿੰਘ ਬਰਾੜ*

ਕਰੋੜ ਰੁਪਏ ਦੇ ਜ਼ੇਵਰਾਤ ਇਨ੍ਹਾਂ ਤੋਂ ਵੱਖਰੇ ਹਨ। ਇਹ ਪੂੰਜੀ ਅੱਜ ਵੀਹ ਹਜ਼ਾਰ ਕਰੋੜ ਰੁਪਏ ਦੀ ਬਣਦੀ ਹੈ। ਦੱਸਣ ਵਾਲੇ ਦੱਸਦੇ ਹਨ ਕਿ ਸਿਆਣੇ ਮਹਾਰਾਜੇ ਨੇ ਮਾਊਂਟਬੈਟਨ ਨੂੰ ਮਿਲ ਕੇ ਸੁਤੰਤਰਤਾ ਪ੍ਰਾਪਤੀ ਤੋਂ ਛੇਤੀ ਹੀ ਪਿੱਛੋਂ ਇਸ ਸਾਰੇ ਕੁੱਝ ਨੂੰ ਆਪਣੀ ਰਿਆਸਤੀ ਜਾਇਦਾਦ ਨਾਲੋਂ ਨਿਖੇੜ ਕੇ ਨਿੱਜੀ ਖਾਤੇ ਵਿਚ ਪੁਆ ਲਿਆ ਸੀ। ਮਹਾਰਾਜਾ ਦੀ ਸ਼ਕਲ, ਸੂਰਤ ਦੇਖਿਆਂ ਜਾਪਦਾ ਹੈ ਕਿ ਉਹ ਕਿਸੇ ਤੋਂ ਕੁਝ ਵੀ ਪ੍ਰਾਪਤ ਕਰ ਸਕਦਾ ਸੀ। ਲਾਰਡ ਜਾਂ ਲੇਡੀ ਮਾਊਂਟਬੈਟਨ ਤਾਂ ਕਿਸ ਦੇ ਪਾਣੀਹਾਰ ਸਨ। ਇਸ ਕਾਰਵਾਈ ਤੋਂ ਪਿੱਛੋਂ ਤਾਂ ਸੁਤੰਤਰ ਭਾਰਤ ਦਾ ਸ਼ਕਤੀਸ਼ਾਲੀ ਗ੍ਰਹਿ ਮੰਤਰੀ ਸਰਦਾਰ ਪਟੇਲ ਵੀ ਬੇਬਸ ਹੋ ਗਿਆ ਹੋਵੇਗਾ। ਮਹਾਰਾਜੇ ਦੇ ਅਹਿਲਕਾਰ ਉਹਦੇ ਵੀ ਗੁਰੂ ਨਿਕਲੇ ਜਾਪਦੇ ਹਨ ਜਿਨ੍ਹਾਂ ਨੇ ਉਸ ਨੂੰ ਢਹਿੰਦੀ ਕਲਾ ਵਿਚ ਵੇਖ ਇਸ ਸਾਰੀ ਪੂੰਜੀ ਉਤੇ ਕਬਜ਼ਾ ਕਰਨ ਲਈ ਚੁੱਪ ਚੁਪੀਤੇ ਹੀ ਅਜਿਹਾ ਟਰੱਸਟ ਸਥਾਪਤ ਕਰ ਲਿਆ ਜਿਸ ਵਿਚੋਂ ਮਹਾਰਾਜੇ ਦੀ ਮਾਂ ਤੇ ਉਸ ਦੀ ਸਭ ਤੋਂ ਵੱਡੀ ਸਪੁਤਰੀ ਤੱਕ ਨੂੰ ਇਸ ਦੀ ਸੂਹ ਵੀ ਨਹੀਂ ਪਹੁੰਚਣ ਦਿੱਤੀ। ਇਥੋਂ ਤੱਕ ਕਿ ਮਹਾਰਾਜਾ ਦੇ ਵੱਡੇ ਵਡੇਰਿਆਂ ਵੱਲੋਂ ਜ਼ੌਕ ਤੇ ਸ਼ੌਕ ਨਾਲ ਲਾਏ ਉਹ ਜੰਗਲ ਵੀ ਬਾਹਰ ਹੀ ਰੱਖੇ ਜਿਨ੍ਹਾਂ ਵਿਚ ਉਨ੍ਹਾਂ ਨੇ ਆਪਣੀ ਮਨ ਪਸੰਦ ਦੇ ਰੁੱਖ ਬੂਟੇ ਤੇ ਮਨਮੋਹਣੇ ਪੰਛੀ ਪਾਲ ਰੱਖੇ ਸਨ। ਘੁੱਗਿਆਣਾ, ਚਾਹਲ ਤੇ ਸਿਖਾਂਵਾਲੀ ਦੇ 1500 ਏਕੜ ਦੀਆਂ ਇਨ੍ਹਾਂ ਬੀੜ੍ਹਾਂ ਦੀ ਬਨਸਪਤੀ ਤੇ ਜੀਵ ਜਾਨਵਰ ਹੁਣ ਉਜੜ ਗਏ ਦੱਸੇ ਜਾਂਦੇ ਹਨ। ਕਹਿੰਦੇ ਹਨ ਕਿ ਇੱਕ ਪੜਾਅ ਉਤੇ ਮਹਾਰਾਜਾ ਨਵੀਂ ਜ਼ਮੀਨ ਜਾਇਦਾਦ ਇਥੋਪੀਆ ਵਿਚ ਵੀ ਖਰੀਦਣ ਗਿਆ ਸੀ ਪਰ ਉਥੇ ਤੁਰੰਤ ਕ੍ਰਾਂਤੀ ਆਉਣ ਕਾਰਨ ਉਸ ਨੂੰ ਪਰਤਣਾ ਪੈ ਗਿਆ ਸੀ।

ਬੀਬੀ ਅੰਮ੍ਰਿਤ ਕੌਰ ਵਲੋਂ ਦਿੱਤੀਆਂ ਦਲੀਲਾਂ ਵਿਚ ਵਜ਼ਨ ਹੈ। ਅੱਜ ਨਹੀਂ ਤਾਂ ਕੱਲ੍ਹ ਮਹਾਰਾਜੇ ਦੀਆਂ ਸਿਰੜੀ ਬੇਟੀਆਂ ਨੂੰ ਇਸ ਦੀ ਮਾਲਕੀ ਮਿਲਣ ਦੀ ਆਸ ਹੈ। ਦੀਵਾਨ ਜਰਮਨੀ ਦਾਸ ਦੇ ਕਿਸੇ ਚੇਲੇ ਲਈ ਇਹ ਕਥਾ ਵੀ ਰੋਚਕ ਪੁਸਤਕ ਦਾ ਮਸਲਾ ਹੈ। ਜੇ ਕੋਈ ਯੂਨੀਵਰਸਿਟੀ, ਅਕਾਦਮੀ ਜਾਂ ਸੰਸਥਾ ਕਹੇ ਤਾਂ ਮੈਂ ਵੀ ਇਸ ਨੂੰ ਇਤਿਹਾਸ, ਮਿਥਿਹਾਸ ਜਾਂ ਉਪਨਿਆਸ ਦਾ ਰੂਪ ਦੇਣ ਲਈ ਤਿਆਰ ਹਾਂ। ਭਾਵੇਂ ਮੈਨੂੰ ਇਸ ਕੰਮ ਲਈ ਸਿਰੜੀ ਬੀਬੀਆਂ ਦਾ ਕੁੰਡਾ ਹੀ ਖੜਕਾਉਣਾ ਪਵੇ। ਇਸ ਵਿਚ ਮੇਰੇ ਸੀਨੀਅਰ ਮਿੱਤਰ ਤੇ ਐਡਵੋਕੇਟ ਕਰਨੈਲ ਸਿੰਘ ਡੋਡ ਤੇ ਰਿਆਸਤੀ ਪਰਿਵਾਰਾਂ ਨਾਲ ਨੇੜਲਾ ਸੰਪਰਕ ਰਖਣ ਵਾਲੇ ਭਾਈ ਅਸ਼ੋਕ ਸਿੰਘ ਬਾਗੜੀਆਂ ਵੀ ਮੇਰੀ ਸਹਾਇਤਾ ਕਰ ਸਕਦੇ ਹਨ। ਉਹ ਰਿਆਸਤੀ ਗਤੀਵਿਧੀਆਂ ਦੇ ਪੁਰਾਣੇ ਭੇਤੀ ਹਨ। ਮਹਾਰਾਜਾ ਦੀ ਖ਼ੂਬਸੂਰਤ ਤੇ ਪ੍ਰਭਾਵੀ ਤਸਵੀਰ ਮੈਂ ਇਸ ਤੋਂ ਪਹਿਲਾਂ ਬਾਗੜੀਆਂ ਦੇ ਘਰ ਹੀ ਤੱਕੀ ਸੀ। ਵਕਤ ਬੜਾ ਬਲਵਾਨ ਹੈ, ਸਿਆਣਿਆਂ ਦਾ ਕਥਨ ਹੈ। ਧਰਤੀ ਹੋਰ ਪਰੇ, ਹੋਰ ਹੋਰ।

**ਅੰਤਿਕਾ:** ਉਮਰ ਖਯਾਮ
(ਅਨੁਵਾਦਕ: ਐਸ ਐਸ ਜੋਗੀ)
ਤਾਂ ਜੋ ਮੇਰੀ ਮਿੱਟੀ 'ਚੋਂ ਵੀ
ਲਪਟ ਅਜਿਹੀ ਆਵੇ,
ਉਸ ਥਾਂ ਕੋਲੋਂ ਲੰਘਦਾ ਜਾਂਦਾ
ਹਰ ਰਾਹੀ ਨਸ਼ਿਆਵੇ,
ਫੇਰ ਕੋਈ ਪੱਕਾ ਮੋਮਨ ਵੀ
ਜੇ ਓਥੋਂ ਦੀ ਲੰਘੇ,
ਪੈਰ ਨਾ ਅੱਗੇ ਪੁੱਟ ਸਕੇ,
ਉਹ ਧੂਹ ਖਾ ਕੇ ਮੁੜ ਆਵੇ।

# ਯਮਲੇ ਜੱਟ ਨੂੰ ਯਾਦ ਕਰਦਿਆਂ

ਬਚਪਨ ਵਿਚ ਲਾਲ ਚੰਦ ਯਮਲਾ ਜੱਟ ਦੀ ਮਿੱਠੀ ਅਤੇ ਸੁਰੀਲੀ ਆਵਾਜ਼ ਵਿਚ ਗੁਰੂ ਨਾਨਕ ਦੇ ਅਮਰ ਗੀਤ ਵਾਰ-ਵਾਰ ਸੁਣ ਕੇ ਮੈਂ ਉਨ੍ਹਾਂ ਦਾ ਦੀਵਾਨਾ ਬਣ ਗਿਆ ਸਾਂ। ਗੁਰੂ ਨਾਨਕ ਮੇਰੇ ਇਸ਼ਟ ਸਨ ਅਤੇ ਯਮਲਾ ਜੱਟ ਮੇਰੇ ਸੰਗੀਤ ਉਸਤਾਦ। ਅੱਜ ਤੱਕ ਨਾ ਤਾਂ ਮੈਨੂੰ ਗੁਰੂ ਨਾਨਕ ਤੋਂ ਵੱਡਾ ਕੋਈ ਗੁਰੂ ਜਾਂ ਬਾਬਾ ਲੱਭਾ ਹੈ ਅਤੇ ਨਾ ਹੀ ਯਮਲੇ ਜੱਟ ਤੋਂ ਵੱਡਾ ਕੋਈ ਗਵੱਈਆ। ਯਮਲੇ ਜੱਟ ਬਾਰੇ ਇਹ ਸੁਆਲ ਵਾਰ ਵਾਰ ਉਠਣ ਲੱਗੇ ਕਿ ਏਡੀ ਸੋਹਣੀ ਆਵਾਜ਼ ਵਿਚ ਏਡੇ ਸੁਹਣੇ ਗੀਤ ਗਾਉਣ ਵਾਲਾ ਇਹ ਬੰਦਾ ਹੈ ਕੌਣ? ਇਹ ਕਿਥੇ ਰਹਿੰਦਾ ਹੈ? ਇਹ ਕੀ ਖਾਂਦਾ ਹੋਵੇਗਾ? ਇਸ ਮਹਾਨ ਗਵੱਈਏ ਦੇ ਦਰਸ਼ਨ ਕਰਨ ਦੀ ਤਾਂਘ ਅਤੇ

**ਦਲਵਿੰਦਰ ਸਿੰਘ ਅਜਨਾਲਾ**
**ਫੋਨ: 661-834-9770**

ਅਭਿਲਾਸ਼ਾ ਵਧਦੀ ਗਈ। 1960-70ਵਿਆਂ ਵਿਚ ਯਮਲਾ ਜੱਟ ਗਾਇਕੀ ਦੇ ਅੰਬਰਾਂ ਦਾ ਸੂਰਜ ਸੀ।

1974 ਦੀ ਸਰਦੀ ਬੜੀ ਕਹਿਰਾਂ ਵਾਲੀ ਸੀ। ਰਾਤ-ਦਿਨ ਧੁੰਦ ਤੇ ਗੁਬਾਰ ਛਾਇਆ ਰਹਿੰਦਾ। ਇਸੇ ਹੀ ਸਰਦੀ ਵਿਚ ਮੇਰੇ ਪਿੰਡੋਂ 10 ਮੀਲ ਦੂਰ ਫਤਿਹਗੜ੍ਹ ਚੂੜੀਆਂ ਵਿਚ ਗੁਰੂ ਨਾਨਕ ਪੁਰਬ 'ਤੇ ਯਮਲਾ ਜੱਟ ਦੇ ਆਉਣ ਦੀ ਖ਼ਬਰ ਸੁਣੀ। ਇਹ ਪ੍ਰੋਗਰਾਮ ਸਾਰਾ ਦਿਨ ਅਤੇ ਸਾਰੀ ਰਾਤ ਚੱਲਣਾ ਸੀ ਅਤੇ ਯਮਲੇ ਜੱਟ ਦਾ ਟਾਈਮ ਅੱਧੀ ਰਾਤ ਤੋਂ ਬਾਅਦ ਸੀ। ਪਿੰਡਾਂ ਵਿਚੋਂ ਬੇਸ਼ੁਮਾਰ ਦੁਨੀਆਂ ਪੈਦਲ ਹੀ ਫਤਿਹਗੜ੍ਹ ਚੂੜੀਆਂ ਵੱਲ ਵਹੀਰਾਂ ਘੱਤੀ ਆ ਰਹੀ ਸੀ। ਜਿੱਧਰ ਨਜ਼ਰ ਮਾਰੋ, ਖਲਕਤ ਹੀ ਖਲਕਤ ਸੀ। ਘਰਾਂ ਦੀਆਂ ਛੱਤਾਂ ਵੀ ਭਰੀਆਂ ਹੋਈਆਂ। ਆਖਰਕਾਰ ਯਮਲਾ ਜੱਟ ਸਟੇਜ 'ਤੇ ਆਏ। ਬਹੁਤ ਦੂਰੋਂ ਉਸਤਾਦ ਜੀ ਦੇ ਦਰਸ਼ਨ ਹੋਏ। ਉਨ੍ਹਾਂ ਬਾਬੇ ਨਾਨਕ ਬਾਰੇ ਗੀਤਾਂ ਦੀ ਐਸੀ ਛਹਿਬਰ ਲਾਈ ਕਿ ਦੋ ਘੰਟੇ ਲਗਾਤਾਰ ਪੰਡਾਲ ਵਿਚ ਸੰਨਾਟਾ ਛਾਇਆ ਰਿਹਾ। ਚਾਰ ਚੁਫੇਰਿਉਂ ਉਨ੍ਹਾਂ ਉਪਰ ਨੋਟਾਂ ਦਾ ਐਸਾ ਮੀਂਹ ਵਰ੍ਹ ਰਿਹਾ ਸੀ ਕਿ ਉਨ੍ਹਾਂ ਨੂੰ ਆਖਣਾ ਪਿਆ, "ਸੰਗਤੇ ਗੁਰਾਂ ਦੀਏ, ਹੁਣ ਬੱਸ ਕਰੋ। ਮੈਂ ਕਿਤੇ ਆਫਰ ਕੇ ਇਥੇ ਹੀ ਨਾ ਡਿੱਗ ਪਵਾਂ।"

ਸਮਾਂ ਬੀਤਿਆ। ਮੈਨੂੰ ਕਿਸੇ ਈਸਾਈ ਪਾਦਰੀ ਨੇ ਲੁਧਿਆਣੇ ਦੇ ਸਕੂਲ ਵਿਚ ਅਧਿਆਪਕ ਦੀ ਨੌਕਰੀ ਦਿਵਾ ਦਿੱਤੀ। ਮੈਨੂੰ ਪਤਾ ਸੀ ਕਿ ਯਮਲਾ ਜੱਟ ਲੁਧਿਆਣੇ ਹੀ ਰਹਿੰਦੇ ਹਨ, ਪਰ ਮੈਂ ਕੋਸ਼ਿਸ਼ ਕਰਨ ਦੇ ਬਾਵਜੂਦ ਉਨ੍ਹਾਂ ਦੇ ਦਰਸ਼ਨ ਕਰਨ ਦੀ ਹਿੰਮਤ ਨਾ ਕਰ ਸਕਿਆ। ਇਕ ਰਾਤ ਜਦੋਂ ਮੈਂ ਬਾਜ਼ਾਰ ਤੋਂ ਆਪਣੀ ਰਿਹਾਇਸ਼ ਵੱਲ ਆ ਰਿਹਾ ਸਾਂ ਤਾਂ ਅੱਗਿਉਂ ਸੜਕ ਬੰਦ ਸੀ। ਚਾਨਣੀਆਂ ਕਨਾਤਾਂ ਨਜ਼ਰੀਂ ਪਈਆਂ। ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਨ ਮਨਾਇਆ ਜਾ ਰਿਹਾ ਸੀ। ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ, ਜਦੋਂ ਮੈਂ ਵੇਖਿਆ ਕਿ ਯਮਲਾ ਸਾਹਿਬ ਸਟੇਜ ਉਪਰ ਬਿਰਾਜਮਾਨ ਸਨ। ਯਮਲਾ ਸਾਹਿਬ ਜਿਉਂ ਹੀ ਸਟੇਜ ਛੱਡ ਕੇ ਪੰਡਾਲ ਤੋਂ ਬਾਹਰ ਨਿਕਲੇ, ਮੈਂ ਅਗਲਵਾਂਡੀ ਹੋ ਕੇ ਉਨ੍ਹਾਂ ਨੂੰ ਗੋਡੇ ਛੂੰਹਦਿਆਂ ਨਮਸਕਾਰ ਕੀਤੀ। ਉਹ ਮੇਰੇ ਹੱਥ ਫੜਦਿਆਂ ਕਹਿੰਦੇ, "ਓ ਜਿਉਂਦਾ ਰਹੋ ਪੁੱਤਰਾ। ਕੀ ਨਾਂ ਏ ਤੇਰਾ। ਸ਼ਾਬਾਸ਼ੇ ਬਈ ਜਵਾਨਾ। ਨਿਹਾਲ ਕਰ ਦਿੱਤਾ ਈ। ਕਿਥੇ ਰਹਿਨੈਂ ਤੂੰ ਬਈ ਜਵਾਨਾ।" ਯਮਲਾ ਜੀ ਦੀ ਇਹ ਵਾਰਤਾਲਾਪ ਸੁਣ ਕੇ ਮੈਂ ਬੜਾ ਖੁਸ਼ ਹੋਇਆ ਅਤੇ ਦੱਸਿਆ, "ਜੀ ਗੁਰੂ ਜੀ! ਮੇਰਾ ਪਿੰਡ ਗੁਰਦਾਸਪੁਰ ਜ਼ਿਲ੍ਹੇ ਵਿਚ ਹੈ...ਇਥੇ ਮੈਂ ਨੌਕਰੀ ਕਰਦਾ ਹਾਂ...ਮੈਂ ਬਚਪਨ ਤੋਂ ਹੀ ਤੁਹਾਡੇ ਗੀਤ ਸੁਣਦਾ ਆ ਰਿਹਾ ਹਾਂ...ਤੁਹਾਡਾ ਸ਼ਰਧਾਵਾਨ ਮੁਰੀਦ ਹਾਂ।" ਆਪਣੇ ਪ੍ਰਤੀ ਮੇਰੇ ਮੂੰਹੋਂ ਇਹ ਸ਼ਰਧਾਵਾਨ ਬੋਲ ਸੁਣ ਕੇ ਕਹਿੰਦੇ, "ਕਮਾਲ ਕਰ ਦਿੱਤੀ ਆ ਬਈ ਜਵਾਨਾ। ਬੱਲੇ ਬਈ ਬੱਲੇ ਤੇਰੇ। ਵਾਹ ਬਈ ਵਾਹ। ਤੇ ਫਿਰ ਤੂੰ ਸਾਨੂੰ ਪਹਿਲਾਂ ਕਦੇ ਕਿਉਂ ਨਹੀਂ ਮਿਲਿਆ।"

ਮੈਂ ਕਹਿ ਦਿੱਤਾ, "ਜੀ ਮੈਂ ਡਰਦਾ ਈ ਨਹੀਂ ਮਿਲਿਆ ਜੀ, ਬਸ। ਉਂਜ ਮੈਂ ਬੱਸ ਅੱਡੇ ਦੇ ਬਾਹਰ ਸੜਕ 'ਤੇ ਲੱਗੇ ਗਾਇਕਾਂ ਦੇ ਬੋਰਡ ਵੇਖਦਾ ਰਿਹਾ, ਪਰ ਤੁਹਾਡਾ ਬੋਰਡ ਉਥੇ ਕਿਤੇ ਮੈਨੂੰ ਦਿੱਸਿਆ ਨਹੀਂ ਸੀ।" ਕਹਿੰਦੇ, "ਮੈਂ ਤੈਨੂੰ ਉਨ੍ਹਾਂ ਵੱਡੇ-ਵੱਡੇ ਬੋਰਡਾਂ ਥੱਲਿਉਂ ਨਹੀਂ ਸੀ ਲੱਭਣਾ। ਬਸ, ਤੂੰ ਉਸੇ ਹੀ ਸੜਕੇ ਖੱਬੇ ਨੂੰ ਮੁੜ ਕੇ ਗਲੀਏ ਪੈ ਜਾਵੀਂ, ਇਹ ਜਵਾਹਰ ਨਗਰ ਕੈਂਪ ਹੈ, ਜਿਥੇ ਮੇਰੇ ਵਰਗੇ ਛੋਟੇ ਲੋਕ ਹੀ ਰਹਿੰਦੇ ਨੇ, ਤੇ ਮੈਂ ਤੈਨੂੰ ਗਲੀ ਵਿਚ ਹੀ ਮਿਲ ਪੈਣੈ, ਤੇ ਨਾਲ ਇਹ ਵੀ ਗੱਲ ਸੁਣ ਲੈ ਚੰਨਾ, ਮੈਂ ਰੱਬ ਕੋਲੋਂ ਡਰਨ ਵਾਲਾ ਬੰਦਾ ਹਾਂ ਤੇ ਕਲਾਕਾਰ ਕਦੇ ਕਿਸੇ ਨੂੰ ਡਰਾਉਂਦੇ ਨਹੀਂ। ਆ ਜਾਵੀਂ ਜਦੋਂ ਮਰਜ਼ੀ। ਡਰੀਂ ਨਾ ਹੁਣ।"

ਮੈਂ ਗਦਗਦ ਹੋ ਗਿਆ। ਇਸ ਫ਼ਕਰ ਗਵੱਈਏ ਦੇ ਇਸ ਵਿਹਾਰ ਨੇ ਮੈਨੂੰ ਇਸ ਵਿਸ਼ਵਾਸ ਨਾਲ ਭਰ ਦਿੱਤਾ ਕਿ ਇਹ ਹੈ ਅਸਲੀ ਬੰਦਾ...ਜਿਹੋ ਜਿਹਾ ਇਹ ਗਾਉਂਦੈ, ਉਹੋ ਜਿਹਾ ਹੀ ਇਸ ਦਾ ਅਮਲੀ ਜੀਵਨ ਹੈ। ਛੇ ਕੁ ਮਹੀਨੇ ਬਾਅਦ ਮਾਰਚ 1980 ਵਿਚ ਫਿਰ ਮਿਲਿਆ। ਸੱਚਮੁੱਚ ਉਹ ਗਲੀ ਵਿਚ ਹੀ ਮੂਹੜੇ 'ਤੇ ਬੈਠੇ ਮਿਲ ਪਏ। ਉਨ੍ਹਾਂ ਨੇ ਮੈਨੂੰ ਪਛਾਣ ਵੀ ਲਿਆ। ਕਹਿੰਦੇ, "ਤੂੰ ਇਥੇ ਲੁਧਿਆਣੇ ਨੌਕਰੀ ਕਰਦੈਂ ਤੇ ਮਿਲਿਐਂ ਏਨੇ ਚਿਰ ਪਿੱਛੋਂ।" ਮੈਂ ਦੱਸਿਆ, "ਜੀ ਮੈਂ ਛੇ ਮਹੀਨੇ ਪਹਿਲਾਂ ਲੁਧਿਆਣਾ ਛੱਡ ਗਿਆ ਸਾਂ।" ਕਹਿੰਦੇ, "ਓ ਤੇਰਾ ਭਲਾ ਹੋ ਜਾਏ...ਤੂੰ ਫਿਰ ਸਾਡੇ ਤੋਂ ਦੂਰ ਹੋ ਗਿਐਂ।"

ਮੈਂ ਕੁਝ ਝਿਜਕਦਿਆਂ ਬੇਨਤੀ ਕੀਤੀ, "ਉਸਤਾਦ ਜੀ, ਮੈਨੂੰ ਆਪਣਾ ਪੱਕਾ ਮੁਰੀਦ ਬਣਾ ਲਓ।" ਕਹਿੰਦੇ, "ਤੂੰ ਪੱਕਾ ਈ ਏਂ, ਤੇਰੇ ਅੰਦਰ ਸਭ ਕੁਝ ਹੈ। ਆਉਣ ਵਾਲੇ 15 ਹਾੜ੍ਹ ਨੂੰ ਸਾਡੇ ਡੇਰੇ ਵਿਚ ਲੱਗਣ ਵਾਲੇ ਪੀਰ ਦੇ ਮੇਲੇ ਆ ਜਾਵੀਂ।" ਉਸਤਾਦ ਜੀ ਨੇ ਮੈਨੂੰ ਖੁੱਲ੍ਹ ਕੇ ਗੱਲਬਾਤ ਕਰਨ ਲਈ ਉਤਸ਼ਾਹਤ ਕੀਤਾ, ਤਾਂ ਮੈਂ ਪੁੱਛ ਲਿਆ, "ਉਸਤਾਦ ਜੀ, ਇਹ ਕੀ ਰਾਜ਼ ਹੈ ਕਿ ਤੁਹਾਡੇ ਏਨੇ ਸ਼ਾਗਿਰਦਾਂ ਵਿਚੋਂ ਕੋਈ ਇਕ ਵੀ ਤੁਹਾਡੇ ਨਾਲੋਂ ਵੱਧ ਜਾਂ ਬਰਾਬਰੀ 'ਤੇ ਤਾਂ ਕਿਤੇ ਰਿਹਾ, ਤੁਹਾਡੇ ਨੇੜੇ-ਤੇੜੇ ਵੀ ਨਹੀਂ ਪਹੁੰਚ ਸਕਿਆ।" ਇਕ ਦਮ ਕਹਿੰਦੇ, "ਬਈ ਜਿੰਨਾ ਗੁੜ ਪਾਉਣੈ, ਉਨਾ ਹੀ ਮਿੱਠਾ ਹੋਣੈ।"

ਉਹ ਅੱਗੇ ਕਹੀ ਗਏ, "ਸਾਡੇ ਕੋਲ ਜੋ ਕੁਛ ਹੈਗੈ, ਅਸੀਂ ਤਾਂ ਦੇਣ ਲਈ ਤਿਆਰ ਹਾਂ। ਕੋਈ ਲੈਣ ਜੋਗਾ ਹੀ ਨਹੀਂ। ਦੁਨੀਆਂ ਵਿਚੋਂ ਸਬਰ-ਸੰਤੋਖ, ਭਗਤੀ ਭਾਵਨਾ ਅਤੇ ਪ੍ਰੇਮ-ਪਿਆਰ ਖ਼ਤਮ ਹੋ ਚੁੱਕੈ। ਸਭ ਕੁਛ ਵਪਾਰ ਬਣ ਚੁੱਕੈ। ਦੁਨੀਆਂ ਹੁਣ ਕੱਚਾ ਫਲ ਖਾ ਕੇ ਖੁਸ਼ ਹੁੰਦੀ ਹੈ।"

ਤਿੰਨ ਕੁ ਮਹੀਨੇ ਬਾਅਦ 15 ਹਾੜ੍ਹ ਨੂੰ ਲੱਗੇ ਮੇਲੇ ਵਿਚ ਮੈਂ ਫਿਰ ਹਾਜ਼ਰ ਹੋ ਗਿਆ। ਸਾਰੀ ਰਾਤ ਤੂੰਬੀ ਕਲਾਕਾਰਾਂ ਨੇ ਬੜਾ ਰੰਗ ਬੰਨ੍ਹਿਆ। ਵੱਡੇ ਤੋਂ ਵੱਡੇ ਕਲਾਕਾਰ ਨੂੰ ਵੀ ਮਸਾਂ 3-4 ਮਿੰਟ ਹੀ ਮਿਲਦੇ ਸਨ। ਯਮਲਾ ਸਾਹਿਬ ਆਪ ਸਾਰੇ ਮੇਲੇ ਵਿਚ ਹੀ ਤੁਰੇ ਫਿਰਦੇ ਅਤੇ ਹਰ ਕਿਸੇ ਨੂੰ ਮਿਲਦੇ ਰਹੇ। ਰਾਤ ਦੇ ਆਖਰੀ ਪਹਿਰ ਮੈਨੂੰ ਪਿੱਛੋਂ ਮੋਢੇ ਤੋਂ ਹਲੂਣ ਕੇ ਕਹਿੰਦੇ, "ਚੱਲ ਬਈ ਜਵਾਨਾ, ਚੜ੍ਹ ਜਾ ਸਟੇਜ 'ਤੇ।" ਮੈਂ ਘਬਰਾ ਗਿਆ ਅਤੇ ਕਿਹਾ, "ਜੀ, ਮੈਂ ਨਹੀਂ ਗਾ ਸਕਦਾ। ਮੈਂ ਅਜੇ ਏਨੇ ਜੋਗਾ ਕਿਥੋਂ ਹੋ ਗਿਆ ਜੀ।" ਫਿਰ ਕਹਿੰਦੇ, "ਅਸਾਂ ਤੈਨੂੰ ਕਹਿ ਜੂ ਦਿੱਤੈ ਮਾਈਕ ਅੱਗੇ ਜਾ ਕੇ ਖੜ੍ਹ ਜਾ। ਤੇਰੇ ਅੰਦਰ ਸਭ ਕੁਛ ਹੈ, ਸਾਨੂੰ ਪਤੈ।"

ਉਸਤਾਦ ਦੇ ਹੁਕਮ ਦੀ ਤਾਮੀਲ ਕਰਦਿਆਂ ਮੈਂ ਔਖਾ-ਸੌਖਾ ਗਾ ਦਿੱਤਾ। ਉਨ੍ਹਾਂ ਮੈਨੂੰ ਪੰਜ ਰੁਪਏ ਇਨਾਮ ਦਿੱਤਾ। ਉਂਜ, ਇਸ ਵਾਰ ਵੀ ਉਸਤਾਦੀ ਸ਼ਾਗਿਰਦੀ ਵਾਲੀ ਰਸਮ ਸਿਰੇ ਨਾ ਚੜ੍ਹ ਸਕੀ। ਇਸ ਤੋਂ ਬਾਅਦ ਤਾਂ ਫਿਰ ਐਸੀ ਭੁਆਂਟਣੀ ਵੱਜੀ ਕਿ ਮੈਂ ਕਿਤੇ ਦਾ ਕਿਤੇ ਜਾ ਡਿੱਗਿਆ। ਫਿਰ ਉਨ੍ਹਾਂ ਨਾਲ ਮੇਰੀ ਮੁਲਾਕਾਤ ਕਦੇ ਨਾ ਹੋ ਸਕੀ। ਉਹ ਸੁੱਚੇ ਪੰਜਾਬੀ ਸੱਭਿਆਚਾਰ ਅਤੇ ਮਹਾਨ ਗੁਰੂਆਂ ਦੇ ਗਾਏ ਗੀਤਾਂ ਰਾਹੀਂ ਅਮਰ ਹੋ ਗਏ। ਉਹ ਬੜੇ ਹਲੀਮ, ਸਿੱਧੇ-ਸਾਦੇ, ਸਹਿਜ ਅਤੇ ਗਹਿਰ-ਗੰਭੀਰ ਗਵੱਈਏ ਸਨ। ਉਨ੍ਹਾਂ ਦਾ ਖਾਣ-ਪੀਣ ਸਾਦਾ ਸੀ। ਉਹ ਸਟੇਜ ਉਤੇ ਵੀ ਆਮ ਪੇਂਡੂ ਬੰਦੇ ਦੇ ਲਿਬਾਸ ਵਿਚ ਗੀਤ ਪੇਸ਼ ਕਰਦੇ ਸਨ।





ਉਸਤਾਦ ਯਮਲਾ ਜੱਟ

# ਹੱਥੀਂ ਦਿੱਤੀਆਂ ਗੰਢਾਂ ਕਿਹਨੇ ਫਿਰ ਖੋਲ੍ਹਣੀਆਂ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਦੋ ਹਫ਼ਤੇ ਪਹਿਲਾਂ ਮੈਨੂੰ ਨਾਨੀ ਦੀ ਘੜਾਨੀ ਵਾਲੀ ਰਿਸ਼ਤੇਦਾਰੀ ਵਿਚ ਰਾਤ ਰੁਕਣਾ ਪੈ ਗਿਆ। ਸੋਚਿਆ, ਨਾਲੇ ਤਾਂ ਸਾਰਿਆਂ ਨੂੰ ਬਹਾਨੇ ਨਾਲ ਮਿਲ ਜਾਵਾਂਗਾ, ਨਾਲੇ ਹੋਟਲ ਦਾ ਕਮਰਾ ਵੀ ਨਹੀਂ ਲੈਣਾ ਪੈਣਾ। 'ਇਕ ਪੰਥ ਦੋ ਕਾਜ' ਸੰਵਾਰੇ ਜਾਣਗੇ। ਸਾਰਿਆਂ ਨੂੰ ਅੰਦਰੋਂ ਮਿਲਣ ਦਾ ਪਖੰਡੀ ਜਿਹਾ ਚਿਹਰਾ ਬਣਾਉਂਦਿਆਂ ਜਾ ਫਤਿਹ ਬੁਲਾਈ। ਮੈਂ ਗੱਲੀਂ-ਬਾਤੀਂ ਉਨ੍ਹਾਂ ਦੇ ਦਿਲ ਵਾਲੇ ਕਮਰੇ ਵਿਚ ਵੜਨ ਲਈ, ਉਨ੍ਹਾਂ ਦੀ ਵਡਿਆਈ ਦੇ ਪੁਲ ਉਸਾਰਨ ਲੱਗ ਪਿਆ। ਰਸੋਈ ਵਿਚ ਭਾਂਡਿਆਂ ਦੀ ਹਿੱਲਜੁਲ ਹੋਣ ਲੱਗੀ। ਕੜਾਹੀ ਵਿਚ ਘੁੰਮਦੀ ਕੜਛੀ ਦੇ ਮਿੱਠੇ ਸੰਗੀਤ ਨੇ ਮਿੱਠੀ ਮਹਿਕ ਖਿਲਾਰਦਿਆਂ ਦੱਸਿਆ ਕਿ ਸੂਜੀ ਦਾ ਕੜਾਹ ਬਣ ਰਿਹਾ ਹੈ। ਸਾਰੇ ਜਣਿਆਂ ਮੈਨੂੰ ਸੋਫੇ ਉਪਰ ਮਿਲਾਪੜਾ ਘੇਰਾ ਪਾ ਲਿਆ ਸੀ। ਮੈਂ ਵੀ ਉਨ੍ਹਾਂ ਵਿਚਕਾਰ ਇੰਜ ਬੈਠਾ ਸਾਂ, ਜਿਵੇਂ ਬੜਾ ਸੂਝਵਾਨ ਤੇ ਸਿਆਣਾ ਹੋਵਾਂ। ਮੈਂ ਨੂੰਹ ਸੱਸ ਦੇ ਰਿਸ਼ਤੇ ਨੂੰ ਮਾਂ ਤੇ ਧੀ ਦੇ ਰਿਸ਼ਤੇ ਬਰਾਬਰ ਮੰਨਣ ਵਾਲੀਆਂ ਸਿਆਣੀਆਂ ਗੱਲਾਂ ਕਰਨ ਲੱਗਿਆ। ਫਿਰ ਕੀ ਸੀ, ਨੂੰਹ ਬੀਜੀ ਬੀਜੀ ਕਰੀ ਜਾਵੇ ਤੇ ਸੱਸ ਮੁੜ ਮੁੜ ਕਹੇ, ਸਾਡੀ ਪਰੀਤ, ਮੇਰੀ ਪਰੀਤ। ਦੋਵਾਂ ਦੇ ਵਡਿਆਈ ਵਾਲੇ ਉਸਾਰੇ ਪੁਲਾਂ 'ਤੇ ਮੈਂ ਮਿਸਤਰੀਆਂ ਵਾਲਾ ਲੋਹੇ ਦਾ ਗੁਰਮਾਲਾ ਮਾਰ ਕੇ ਨੂੰਹ ਸੱਸ ਦੇ ਰਿਸ਼ਤੇ ਵਿਚ ਹੋਰ ਚਮਕ ਲਿਆ ਦਿੱਤੀ। ਪਰੀਤ ਨੇ ਸੂਜੀ ਦਾ ਕੜਾਹ ਤੇ ਗਰਮਾ ਗਰਮ ਚਾਹ ਮੇਜ਼ 'ਤੇ ਲਿਆ ਕੇ ਰੱਖ ਦਿੱਤੀ। ਖ਼ੈਰ! ਚਾਹ-ਪਾਣੀ ਪੀਣ ਤੋਂ ਬਾਅਦ ਗੱਲਾਂ ਰਾਹੀਂ ਝੂਠ ਸੱਚ ਦੀ ਖੇਡ ਖੇਡਦੇ ਰਹੇ। ਹੁਣ ਰਹਿਰਾਸ ਦਾ ਸਮਾਂ ਹੋ ਗਿਆ ਸੀ। ਮੈਂ ਮੂੰਹ-ਹੱਥ ਧੋ ਕੇ ਗੁਟਕਾ ਲੈ ਆਇਆ ਤੇ ਥੱਲੇ ਬੈਠਦਿਆਂ ਉਨ੍ਹਾਂ ਸਾਰਿਆਂ ਨੂੰ ਬੈਠ ਕੇ ਪਾਠ ਸੁਣਨ ਲਈ ਕਿਹਾ।

"ਛੋਟੇ ਵੀਰ, ਜੇ ਪਾਠ ਕਰਨਾ ਹੈ ਤਾਂ ਉਪਰ ਬਾਬਾ ਜੀ ਵਾਲੇ ਕਮਰੇ ਵਿਚ ਕਰ ਲਵੋ।" ਭਾਈ ਸਾਬ੍ਹ ਨੇ ਦੋਵੇਂ ਹੱਥ ਮੂੰਹ 'ਤੇ ਫੇਰਦਿਆਂ ਦਾੜ੍ਹੀ ਇਕੱਠੀ ਕਰ ਲਈ।

"ਆਪਾਂ ਸਾਰੇ ਚੱਲਦੇ ਆਂ। ਮੈਂ ਪਾਠ ਕਰਾਂਗਾ ਤੇ ਤੁਸੀਂ ਸੁਣਦੇ ਰਹਿਣਾ।" ਮੈਂ ਨਿਮਰਤਾ ਸਹਿਤ ਕਿਹਾ।

ਮੈਂ ਅਤੇ ਭਾਈ ਸਾਬ੍ਹ ਦੋਵੇਂ ਉਪਰ ਵਾਲੇ ਕਮਰੇ ਵਿਚ ਚਲੇ ਗਏ। ਸਾਡੇ ਨਾਲ ਭਾਈ ਸਾਬ੍ਹ ਦੇ ਦੋ ਜੁੜਵੇਂ ਭੁਜੰਗੀ ਵੀ ਜਾਣਾ ਚਾਹੁੰਦੇ ਸਨ, ਪਰ ਭਾਈ ਸਾਬ੍ਹ ਨੇ ਅੰਦਰ ਵੜ ਕੇ ਕੁੰਡੀ ਲਾ ਦਿੱਤੀ। ਦੋਵੇਂ ਬੱਚੇ ਰੋ ਰਹੇ ਸਨ ਕਿ ਸਾਨੂੰ ਵੀ ਅੰਦਰ ਆਉਣ ਦਿਓ ਤੇ ਕੋਲ ਬਿਠਾ ਲਵੋ। ਅੰਦਰ ਵਾਲਾ ਸੀਨ ਦੇਖ ਕੇ ਮੈਂ ਹੈਰਾਨ ਹੀ ਹੋ ਗਿਆ ਤੇ ਬੋਲਿਆ, "ਭਾਈ ਸਾਬ੍ਹ! ਇਹ ਸੱਚ-ਮੁੱਚ ਹੀ ਬਾਬਾ ਜੀ ਦਾ ਕਮਰਾ ਹੈ?" ਵੱਡੇ ਸਾਰੇ ਪਲੰਘ ਉਤੇ ਇਕ ਦੇਹਧਾਰੀ ਪਖੰਡੀ ਸਾਧ ਦੀਆਂ ਦੋ ਵੱਡੀਆਂ ਤਸਵੀਰਾਂ ਰੱਖੀਆਂ ਹੋਈਆਂ ਸਨ। ਤਸਵੀਰਾਂ ਨੂੰ ਬਿਜਲੀ ਦੀਆਂ ਲੜੀਆਂ ਨੇ ਘੇਰਾ ਪਾਇਆ ਹੋਇਆ ਸੀ ਜਿਹੜੀਆਂ ਕਦੇ ਜਗਦੀਆਂ ਤੇ ਕਦੇ ਬੁਝਦੀਆਂ ਸਨ। ਚਾਰੇ ਕੰਧਾਂ ਉਪਰ ਛੋਟੇ ਵੱਡੇ ਫਰੇਮਾਂ ਵਿਚ ਬਾਬਾ ਜੀ ਆਪਣੇ ਵੱਖਰੇ ਵੱਖਰੇ ਪੋਜ਼ਾਂ (ਦ੍ਰਿਸ਼ਾਂ) ਵਿਚ ਖੱਚਰਾ ਹਾਸਾ ਹੱਸ ਰਿਹਾ ਸੀ।

ਪਹਿਲਾਂ ਮੈਂ ਸੋਚਿਆ, ਉਥੇ ਬੈਠ ਕੇ ਪਾਠ ਨਹੀਂ ਕਰਨਾ। ਫਿਰ ਸੋਚਿਆ ਕਿ ਇਹ ਪਖੰਡੀ ਬਾਬਾ ਸੋਚੇਗਾ ਕਿ ਮੈਂ ਇਸ ਕੋਲੋਂ ਡਰ ਗਿਆ ਹਾਂ। ਮੈਂ ਆਪਣੀ ਪੂਰੀ ਸ਼ਰਧਾ ਨਾਲ ਪਾਠ ਸੰਪੂਰਨ ਕੀਤਾ। ਬੱਚਿਆਂ ਨੇ ਕਈ ਵਾਰ ਅੰਦਰ ਆਉਣ ਦੀ ਜ਼ਿਦ ਕੀਤੀ, ਪਰ ਭਾਈ ਸਾਬ੍ਹ ਉਨ੍ਹਾਂ ਨੂੰ ਘੂਰ ਦਿੰਦੇ ਰਹੇ। ਸਾਰਾ ਪਰਿਵਾਰ ਖੁਸ਼ ਸੀ ਕਿ ਮੈਂ ਬਾਬਾ ਜੀ ਵਾਲੇ ਕਮਰੇ ਵਿਚ ਪਾਠ ਕੀਤਾ ਹੈ। ਉਸ ਕਮਰੇ ਵਾਲੇ ਬਾਬਾ ਜੀ ਨੇ ਮੇਰੇ ਅੰਦਰ ਇਸ ਪਰਿਵਾਰ ਲਈ ਕਈ ਸਵਾਲ ਖੜ੍ਹੇ ਕਰ ਦਿੱਤੇ ਜਿਨ੍ਹਾਂ ਦਾ ਉਤਰ ਮੈਨੂੰ ਅੱਜ ਤੱਕ ਨਹੀਂ ਮਿਲਿਆ। ਖੈਰ! ਹੁਣ ਮੈਂ ਨੂੰਹ ਸੱਸ ਦੀ ਵਡਿਆਈ ਵਾਲਾ ਵਰਕਾ ਪਾੜ੍ਹ ਦਿੱਤਾ ਤੇ ਉਥੋਂ ਖਿਸਕਣ ਲਈ ਕੋਈ ਬਹਾਨਾ ਘੜਨ ਲੱਗਿਆ। ਰਸੋਈ ਵਿਚਲੀ ਮਹਿਕ ਮਿਠਾਸ ਬੇਸਵਾਦੀ ਹੋਣ ਲੱਗੀ। ਬਾਬਾ ਜੀ ਦੇ ਢੋਲਕੀਆਂ ਤੇ ਚਿਪਟੇ ਕੰਨ ਪਾੜਨ ਲੱਗ ਗਏ। ਮੇਰੇ ਅੰਦਰ ਅਜੇ ਗੁੱਸੇ ਦਾ ਉਬਾਲ ਠੰਢਾ ਨਹੀਂ ਸੀ ਹੋਇਆ, ਕਿ ਭਾਈ ਸਾਬ੍ਹ ਨੇ ਬਲਦੀ 'ਤੇ ਤੇਲ ਪਾ ਦਿੱਤਾ...ਉਨ੍ਹਾਂ ਅੰਗਰੇਜ਼ੀ ਸ਼ਰਾਬ ਦੀ ਬੋਤਲ ਖੋਲ੍ਹ ਲਈ। ਚਾਰ ਗਲਾਸਾਂ ਵਿਚ ਪੈਗ ਬਣਾ ਕੇ ਬੋਲਿਆ, "ਛੋਟੇ ਵੀਰ, ਕਰੋ ਫਿਰ ਮੂੰਹ ਕੌੜਾ। ਦੂਰ ਦੀ ਡਰਾਈਵ ਨੇ ਥਕਾ ਦਿੱਤਾ ਹੋਵੇਗਾ।"

"ਭਾਈ ਸਾਬ੍ਹ, ਤੁਹਾਨੂੰ ਪਤਾ ਹੀ ਹੈ ਕਿ ਮੈਂ ਆਪਣੀ ਜ਼ਿੰਦਗੀ ਵਿਚ ਸ਼ਰਾਬ ਦੀ ਇਕ ਘੁੱਟ ਵੀ ਨਹੀਂ ਪੀਤੀ। ਫਿਰ ਮੇਰੀ ਬੇਇੱਜ਼ਤੀ ਕਿਉਂ ਕਰ ਰਹੇ ਹੋ?" ਮੈਂ ਗੁੱਸੇ ਵਿਚ ਕਹਿ ਗਿਆ। ਉਸ ਦੀ ਮੂਰਖਤਾਈ 'ਤੇ ਤਰਸ ਵੀ ਆ ਗਿਆ। ਫਿਰ ਉਸ ਨੇ ਦੋ ਗਲਾਸਾਂ ਵਾਲਾ ਪੈਗ ਇਕ ਕਰ ਲਿਆ, ਤੇ ਦੋ ਗਲਾਸ ਆਪਣੇ ਪੁੱਤਰਾਂ ਦੇ ਮੂੰਹ ਲਾ ਦਿੱਤੇ। ਦੋਵਾਂ ਪੁੱਤਰਾਂ ਨੇ ਇਕੋ ਸਾਹ ਪੀ ਕੇ ਲਲਕਾਰੇ ਮਾਰੇ। ਮੈਨੂੰ ਧਰਤੀ ਵਿਹਲ ਨਾ ਦੇਵੇ ਜਿਥੇ ਮੈਂ ਧਸ ਜਾਵਾਂ। ਮੈਂ ਹੈਰਾਨ ਪ੍ਰੇਸ਼ਾਨ ਹੋ ਗਿਆ ਕਿ ਇਸ ਸੰਸਾਰ 'ਤੇ ਐਡੇ ਮੂਰਖਾਂ ਦਾ ਵੀ ਭਾਰ ਹੈ! ਰੋਟੀ ਦੀਆਂ ਚਾਰ ਬੁਰਕੀਆਂ ਮੈਂ ਇੰਜ ਲੰਘਾਈਆਂ, ਜਿਵੇਂ ਕਿਸੇ ਨੌਜਵਾਨ ਦੀ ਮੌਤ 'ਤੇ ਮਕਾਣ ਗਿਆ ਬੰਦਾ ਲੰਘਾਉਂਦਾ ਹੈ।

ਉਠਣ ਲੱਗਿਆਂ ਮੇਰੇ ਕੋਲੋਂ ਰਿਹਾ ਨਾ ਗਿਆ ਤੇ ਮੈਂ ਭਾਈ ਸਾਬ੍ਹ ਨੂੰ ਕਿਹਾ ਕਿ ਜਦੋਂ ਬੱਚਿਆਂ ਨੂੰ ਕੋਲ ਬਿਠਾ ਕੇ ਪਾਠ ਸੁਣਾਉਣ ਦਾ ਸਮਾਂ ਸੀ, ਤੁਸੀਂ ਉਨ੍ਹਾਂ ਨੂੰ ਬਾਹਰ ਕੱਢ ਕੇ ਬੂਹਾ ਬੰਦ ਕਰ ਲਿਆ ਸੀ; ਜਦੋਂ ਤੁਸੀਂ ਇਸ ਭੈੜੇ ਕੰਮ ਤੋਂ ਬੱਚਿਆਂ ਨੂੰ ਦੂਰ ਰੱਖਣਾ ਸੀ, ਉਸ ਸਮੇਂ ਤੁਸੀਂ ਉਨ੍ਹਾਂ ਨੂੰ ਆਪਣੇ ਹਾਣੀ ਬਣਾ ਲਿਆ। ਅੰਗੂਰਾਂ ਦੀ ਵੇਲ ਨੂੰ ਜ਼ਹਿਰ ਦੀ ਖਾਦ ਪਾ ਕੇ ਕੀ ਤੁਸੀਂ ਫਲ ਖਾਣ ਦੀ ਉਮੀਦ ਰੱਖ ਰਹੇ ਹੋ? ਇਨ੍ਹਾਂ ਬੱਚਿਆਂ ਨੇ ਵੱਡੇ ਹੋ ਕੇ ਤੁਹਾਡੀ ਜੁੱਤੀ ਨਹੀਂ ਝਾੜਨੀ, ਸਗੋਂ ਤੁਹਾਡੀ ਪੱਗ ਉਤਾਰਨੀ ਹੈ। ਬੱਚੇ ਦੀ ਅੱਖ ਮਾਪੇ ਦੀ ਭੈੜੀ ਆਦਤ ਨੂੰ ਬਿਨਾਂ ਫਾਰਮੂਲਾ ਵਰਤਿਆਂ ਆਪਣੇ ਕੋਰੇ ਦਿਮਾਗ ਦੀ ਹਿੱਕ ਉਤੇ ਦਰਜ ਕਰ ਲੈਂਦੀ ਹੈ, ਫਿਰ ਉਹ ਬੱਚੇ ਵੱਡੇ ਹੋ ਕੇ ਆਪਣੇ ਢੰਗ ਦੇ ਫਾਰਮੂਲੇ ਵਰਤ ਕੇ ਉਸ ਆਦਤ ਦਾ ਪ੍ਰਯੋਗ ਕਰਦੇ ਹਨ ਤੇ ਅਸੀਂ ਸਾਰੇ ਇਲਜ਼ਾਮ ਆਪਣੇ ਬੱਚਿਆਂ ਸਿਰ ਮੜ੍ਹ ਦਿੰਦੇ ਹਾਂ। ਫਿਰ ਤੁਸੀਂ ਬੱਚਿਆਂ ਦਾ ਭਵਿੱਖ ਸਾਧਾਂ ਦੇ ਡੇਰਿਆਂ ਕੋਲੋਂ ਪੁੱਛਦੇ ਫਿਰਦੇ ਹੋ। ਕਰੇਲਿਆਂ ਦੇ ਬੀਜ ਬੀਜ ਕੇ ਸੌਂਗੀ ਦੀ ਉਮੀਦ ਰੱਖਣੀ ਤੁਹਾਡੀ ਵੱਡੀ ਭੁੱਲ ਹੀ ਨਹੀਂ, ਮੂਰਖਤਾਈ ਵੀ ਹੈ।" ਮੈਂ ਆਪਣੇ ਮਨ ਦੀ ਭੜਾਸ ਕੱਢ ਕੇ ਫਤਿਹ ਬੁਲਾ ਦਿੱਤੀ। ਕਾਰ ਸਟਾਰਟ ਕੀਤੀ, ਕਾਰ ਦੀ ਸੂਈ ਚਾਲੀ ਦੀ ਸਪੀਡ ਟੱਪ ਗਈ, ਤੇ ਮੇਰੀਆਂ ਯਾਦਾਂ ਦੀ ਸੂਈ ਤੀਹ ਸਾਲ ਪਿੱਛੇ ਮੁੜ ਗਈ।

ਮੈਨੂੰ ਇਹ ਲਿਖਣ ਲੱਗਿਆਂ ਕੋਈ ਝਿਜਕ ਤੇ ਸ਼ਰਮ ਨਹੀਂ ਕਿ ਸਾਡੇ ਕੰਜੂਸ ਅਤੇ ਵਹਿਮੀ ਪਰਿਵਾਰ ਨੇ ਹਮੇਸ਼ਾ ਆਲੂਆਂ ਅਤੇ ਮੂੰਗੀ ਨਾਲ ਪੱਕੀ ਯਾਰੀ ਰੱਖੀ ਹੈ। ਸਬਜ਼ੀ ਨੂੰ ਤੜਕਾ ਤਾਂ ਕਦੇ ਪ੍ਰਾਹੁਣੇ ਆਏ ਤੋਂ ਹੀ ਲੱਗਦਾ ਸੀ। ਚੁੱਲ੍ਹੇ 'ਤੇ ਰੱਖੇ ਤਵੇ ਨੇ ਹਮੇਸ਼ਾ ਰੋਟੀਆਂ ਨੂੰ ਹੀ ਸੇਕ ਦਿੱਤਾ। ਆਪਣੀ ਹਿੱਕ ਦੇ ਸੇਕ ਨਾਲ ਕਦੇ ਆਂਡੇ ਦਾ ਪੂੜਾ ਨਹੀਂ ਬਣਾਇਆ। ਦਸਮੀ ਵਾਲੇ ਦਿਨ ਬਣਨ ਵਾਲੀ ਖੀਰ ਹੀ ਸਾਡੀ ਸਵੀਟ ਡਿੱਸ਼ ਹੁੰਦੀ ਸੀ। ਚਾਚਿਆਂ ਅਤੇ ਮਾਮਿਆਂ ਵਿਚ ਕਈ ਵਾਰ ਇਸ ਗੱਲੋਂ ਲੜਾਈ ਹੋ ਜਾਂਦੀ ਕਿ ਮਾਮੇ, ਚਾਚਿਆਂ ਨੂੰ 'ਮੂੰਗੀ ਖਾਣੇ' ਆਖ ਦਿੰਦੇ ਤੇ ਚਾਚੇ, ਮਾਮਿਆਂ ਨੂੰ 'ਮਿਰਚਾਂ ਖਾਣੇ' ਆਖਦੇ। ਚਾਚਿਆਂ ਦਾ ਮਤਲਬ ਤੜਕਾ ਲਾਉਣਾ ਦਾਲ, ਸਬਜ਼ੀ ਵਿਚ ਚਾਰ ਮਿਰਚਾਂ ਵੱਧ ਪਾ ਦੇਣਾ ਹੀ ਹੁੰਦਾ ਸੀ। ਖ਼ੈਰ! ਇਸ ਦੇਸੀ ਜਿਹੇ ਮਾਹੌਲ ਵਿਚ ਸ਼ਰਾਬ ਤਾਂ ਆ ਨਹੀਂ ਸਕਦੀ ਸੀ। ਅੱਜ ਤੱਕ ਘਰ ਵਿਚ ਮੀਟ ਬਣਦਾ ਮੈਂ ਨਹੀਂ ਦੇਖਿਆ।

ਚੌਥੀ ਜਮਾਤ ਵਿਚ ਪੜ੍ਹਦੇ ਸਮੇਂ ਦੀ ਇਕ ਘਟਨਾ ਸਾਂਝੀ ਕਰਨ ਲੱਗਿਆ ਹਾਂ। ਮੇਰੇ ਇਕ ਮਿੱਤਰ ਦਾ ਪਿਤਾ ਰੋਜ਼ ਸ਼ਰਾਬ ਪੀਂਦਾ ਸੀ। ਸ਼ਹਿਰ ਗਿਆ ਫਲ ਤੇ ਸਬਜ਼ੀਆਂ ਵੀ ਖਰੀਦ ਲਿਆਉਂਦਾ। ਉਹ ਸ਼ਰਾਬ ਪੀ ਕੇ ਮੇਰੇ ਮਿੱਤਰ ਤੇ ਦੂਜੇ ਬੱਚਿਆਂ ਨੂੰ ਪਿਆਰ ਵੀ ਬਹੁਤ ਕਰਦਾ ਸੀ। ਮੈਂ ਉਸ ਸਮੇਂ ਇਸ ਗੱਲੋਂ ਵੀ ਅਣਜਾਣ ਹੀ ਸੀ ਕਿ ਸ਼ਰਾਬ ਪੀਣੀ ਚੰਗੀ ਹੁੰਦੀ ਹੈ ਜਾਂ ਮਾੜੀ, ਪਰ ਮਿੱਤਰ ਦੇ ਪਿਤਾ ਵੱਲ ਦੇਖ ਕੇ ਲੱਗਦਾ ਸੀ ਕਿ ਸ਼ਰਾਬ ਪੀਣੀ ਚੰਗੀ ਹੁੰਦੀ ਹੈ; ਕਿਉਂਕਿ ਸ਼ਰਾਬ ਪੀਣ ਨਾਲ ਹੀ ਘਰ ਵਿਚ ਤੜਕੇ ਦੀ ਮਹਿਕ ਘੁੰਮਦੀ ਸੀ ਤੇ ਬਦਲਵਾਂ ਫਲ ਆਉਂਦਾ ਸੀ। ਸ਼ਰਾਬ ਲਈ ਰੁਪਏ ਕਿਥੋਂ ਆਉਂਦੇ ਹਨ, ਇਸ ਦਾ ਵੀ ਮੈਨੂੰ ਪਤਾ ਨਹੀਂ ਸੀ। ਕਈ ਵਾਰ ਉਨ੍ਹਾਂ ਦੇ ਘਰ ਗਿਆ ਤੜਕੇ ਵਾਲੀ ਦਾਲ ਤੇ ਫਲ ਖਾਣ ਦਾ ਮੌਕਾ ਮਿਲ ਜਾਂਦਾ ਸੀ। ਮਿੱਤਰ ਦੇ ਪਿਤਾ ਵੱਲ ਦੇਖ ਕੇ ਮੈਂ ਆਪਣੇ ਮਨ ਵਿਚ ਸੋਚਦਾ ਕਿ ਜੇ ਮੇਰਾ ਪਿਤਾ ਸ਼ਰਾਬ ਪੀਣ ਲੱਗ ਜਾਵੇ ਤਾਂ ਗੱਲ ਹੀ ਬਣ ਜਾਵੇ, ਜਾਂ ਇਹ ਸ਼ੌਕ ਕੋਈ ਚਾਚਾ ਵੀ ਪੂਰਾ ਕਰਨ ਲੱਗ ਜਾਵੇ! ਸ਼ਰਾਬ ਪੀਣ ਨਾਲ ਕੁਝ ਦਿਨ ਆਲੂਆਂ ਤੇ ਮੂੰਗੀ ਤੋਂ ਤਾਂ ਛੁਟਕਾਰਾ ਮਿਲੇਗਾ, ਪਰ ਨਹੀਂ... ਗੱਲ ਬਣੀ ਨਾ।

ਫਿਰ ਮੈਨੂੰ ਇਕ ਦਿਨ ਸ਼ਰਾਬੀ ਬਣਨ ਦਾ ਸ਼ੌਕ ਜਾਗਿਆ। ਮਿੱਤਰ ਦੇ ਬਾਹਰਲੇ ਘਰ ਖਾਲੀ ਬੋਤਲ ਵਿਚ ਪਾਣੀ ਭਰ ਕੇ ਥੋੜ੍ਹਾ ਜਿਹਾ ਲੱਡੂਆਂ ਦਾ ਰੰਗ ਪਾ ਕੇ ਸੰਤਰਾ ਮਾਰਕਾ ਬਣਾ ਲਈ। ਚਾਰ ਹੋਰ ਮਿੱਤਰ ਸੱਦ ਲਏ। ਖਾਲੀ ਪੀਪਾ ਮੂਧਾ ਮਾਰ ਕੇ ਮੇਜ਼ ਬਣਾ ਲਿਆ। ਗਲਾਸ ਤੇ ਬੋਤਲ ਰੱਖ ਕੇ ਮਿੱਤਰ ਦੇ ਪਿਤਾ ਵਾਂਗ ਪੈਗ ਬਣਾ ਲਏ ਤੇ ਪੀਣ ਲੱਗੇ। ਅਸੀਂ ਝੱਟ ਪਹਿਲੀ ਬੋਤਲ ਖਾਲੀ ਕਰ ਦਿੱਤੀ। ਫਿਰ ਅਸੀਂ ਦੂਜੀ ਬੋਤਲ ਬਣਾ ਲਈ। ਦੂਜੀ ਬੋਤਲ ਨਾਲ ਅਸੀਂ ਸ਼ਰਾਬੀ ਹੋਣ ਲੱਗ ਪਏ। ਗੱਲ ਉਥੇ ਪਹੁੰਚ ਗਈ, 'ਤੂੰ ਮੇਰਾ ਬਾਈ, ਮੈਂ ਤੇਰਾ ਬਾਈ'। ਇਕ ਮਿੱਤਰ ਨੂੰ ਮੈਂ ਆਪਣੀ ਘਰਵਾਲੀ ਸਮਝ ਕੇ ਉਸ ਨਾਲ ਹਲਕੀ ਹਲਕੀ ਛੇੜ-ਛਾੜ ਕਰਨ ਲੱਗ ਪਿਆ। ਫਿਰ ਤੀਜੀ ਬੋਤਲ ਚੌੜੇ ਮੂੰਹ ਵਾਲੇ ਨਲਕੇ ਤੋਂ ਭਰ ਲਿਆਂਦੀ। ਜਦੋਂ ਸਾਡੀ ਮਹਿਫਲ ਨੇ ਜਵਾਨੀ ਵਿਚ ਪੈਰ ਰੱਖਿਆ, ਤਾਂ ਉਸੇ ਵਕਤ ਮੇਰੇ ਮੂੰਹ 'ਤੇ ਬੜਾ ਜ਼ੋਰਦਾਰ ਥੱਪੜ ਵੱਜਿਆ। ਮੂੰਹੋਂ ਗਾਲ੍ਹ ਨਿਕਲਦੀ ਮਸਾਂ ਬਚੀ। ਸਾਹਮਣੇ ਮੇਰੀ ਬੀਬੀ 'ਦੁਰਗਾ ਮਾਂ' ਬਣੀ ਖੜ੍ਹੀ ਸੀ। ਬੀਬੀ ਦੇ ਹੱਥ ਵਿਚ ਬੀਬੀ ਨਾਲੋਂ ਉਚੀ ਡਾਂਗ ਸੀ। ਸਾਨੂੰ ਸਾਰਿਆਂ ਨੂੰ ਹਿੱਲਣ ਨਾ ਦਿੱਤਾ। ਪਹਿਲਾਂ ਮੇਰੀ ਪਿੱਠ 'ਤੇ ਡਾਂਗਾਂ ਮਾਰ ਕੇ ਪਿਛਿਉਂ ਸ਼ਰਾਬੀ ਕੱਢਿਆ। ਫਿਰ ਦੂਜਿਆਂ ਨੂੰ ਡਾਂਗਾਂ ਵਾਲੀਆਂ ਹੱਡੀਆਂ ਖਵਾਈਆਂ। ਬੀਬੀ ਦੀਆਂ ਗਾਲ੍ਹਾਂ ਉਸ ਦੀ ਕੁੱਟ ਤੋਂ ਵੀ ਜ਼ਿਆਦਾ ਘਾਤਕ ਸਨ।

ਸਾਡੇ ਗਲਾਸ ਤੇ ਬੋਤਲਾਂ ਇੰਜ ਖਿੱਲਰ ਗਏ ਜਿਵੇਂ ਠੇਕੇ 'ਤੇ ਲੜਾਈ ਤੋਂ ਬਾਅਦ ਖਿੱਲਰੇ ਹੁੰਦੇ ਹਨ। ਬੀਬੀ ਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਅਸੀਂ ਸੱਚੀਂ ਦੀ ਸ਼ਰਾਬ ਪੀਤੀ ਹੈ। ਮੈਂ ਰੋਂਦੇ ਰੋਂਦੇ ਨੇ ਪਤਾ ਨਹੀਂ ਕਿਹੜੇ ਕਿਹੜੇ ਪੀਰਾਂ ਫਕੀਰਾਂ ਤੇ ਸ਼ਹੀਦਾਂ ਦੀਆਂ ਸਹੁੰਆਂ ਖਾਧੀਆਂ ਕਿ ਬੀਬੀ ਕੁੱਟਣੋਂ ਹਟ ਜਾਵੇ। ਬੀਬੀ ਕੁਟਣੋਂ ਉਦੋਂ ਹੱਟੀ ਜਦੋਂ ਉਹ ਆਪ ਥੱਕ ਗਈ।

ਉਸ ਦਿਨ ਤੋਂ ਬਾਅਦ ਮੈਂ ਉਸ ਮਿੱਤਰ ਦੇ ਘਰ ਜਾਣਾ ਹੀ ਛੱਡ ਦਿੱਤਾ। ਸ਼ਰਾਬੀ ਦੀ ਐਕਟਿੰਗ ਦੁਬਾਰਾ ਜ਼ਿੰਦਗੀ ਵਿਚ ਨਹੀਂ ਆਉਣ ਦਿੱਤੀ। ਅਮਰੀਕਾ ਵਿਚ ਆ ਕੇ ਵੀ ਕਈ ਸਾਲ ਲਿਕਰ ਸਟੋਰ 'ਤੇ ਕੰਮ ਕੀਤਾ, ਪਰ ਨਕਲੀ ਜਾਂ ਅਸਲੀ ਕਦੇ ਪੀਤੀ ਨਹੀਂ। ਬੀਬੀ ਦੀ ਉਹ ਕੁੱਟ ਅੱਜ ਵੀ ਕੱਲ੍ਹ ਵਾਂਗ ਹੀ ਲੱਗਦੀ ਹੈ।

ਜਦੋਂ ਮੈਂ ਅੱਠਵੀਂ ਵਿਚ ਪੜ੍ਹਦਾ ਸਾਂ ਤਾਂ ਉਦੋਂ ਤਕ ਉਸ ਮਿੱਤਰ ਦਾ ਸ਼ਰਾਬੀ ਪਿਤਾ ਪੰਜ ਕਿੱਲੇ ਜ਼ਮੀਨ ਦੇ, ਸ਼ਰਾਬ ਦੇ ਗਲਾਸ ਰਾਹੀਂ ਪੀ ਕੇ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਚੁੱਕਿਆ ਸੀ। ਫਿਰ ਮੈਨੂੰ ਸਮਝ ਆ ਗਈ ਸੀ ਕਿ ਸ਼ਰਾਬ ਪੀਣੀ ਸਿਹਤ ਲਈ ਮਾੜੀ ਹੀ ਨਹੀਂ, ਹਾਨੀਕਾਰਕ ਵੀ ਹੁੰਦੀ ਹੈ। ਮੂੰਗੀ ਖਾਣੀ ਸਿਹਤ ਲਈ ਫਾਇਦੇਮੰਦ ਹੁੰਦੀ ਹੈ ਤੇ ਦਾਦਾ ਜੀ ਨੇ ਉਦੋਂ ਤੱਕ ਦਸ ਕਿੱਲੇ ਜ਼ਮੀਨ ਬੈਅ ਕਰਵਾ ਲਈ ਸੀ। ਬੀਬੀ ਵੱਲੋਂ ਬਚਪਨ ਵਿਚ ਦਿੱਤੀ ਡਾਂਗ ਦੀ ਧੂਫ ਨਕਲੀ ਤੇ ਅਸਲੀ ਸ਼ਰਾਬੀ ਬਣਨ ਤੋਂ ਰੋਕਦੀ ਰਹੀ ਤੇ ਅਜ ਵੀ ਰੋਕ ਰਹੀ ਹੈ, ਪਰ ਇਸ ਰਿਸ਼ਤੇਦਾਰ ਭਾਈ ਸਾਬ੍ਹ ਨੇ ਤਾਂ ਪਨੀਰੀ ਨੂੰ ਜ਼ਹਿਰ ਦੀਆਂ ਘੁੱਟਾਂ ਪਿਲਾ ਦਿੱਤੀਆਂ ਤੇ ਆਪ ਉਨ੍ਹਾਂ ਤੋਂ ਲਲਕਾਰੇ ਮਰਵਾਏ ਹਨ।

ਆਓ! ਕਮਰੇ ਵਿਚ ਬਾਬੇ ਦੀਆਂ ਫੋਟੋਆਂ ਲਾਉਣ ਨਾਲੋਂ ਬੱਚਿਆਂ ਨੂੰ ਚੰਗੀ ਸਿੱਖਿਆ ਦੇਈਏ। ਆਪ ਉਹ ਕੰਮ ਨਾ ਕਰੀਏ ਜਿਹੜੇ ਕੰਮਾਂ ਤੋਂ ਆਪਾਂ ਆਪਣੀ ਔਲਾਦ ਨੂੰ ਕੱਲ੍ਹ ਨੂੰ ਰੋਕਣਾ ਹੈ। ਇੰਜ ਨਾ ਹੋਵੇ ਕਿ ਕੋਈ ਗੰਗਾ ਫੁੱਲ ਪਾਉਣ ਵਾਲਾ ਵੀ ਨਾ ਬਚੇ।

---

# ਪੰਜਾਬ ਅਤੇ ਗੁੜਗਾਉਂ ਦੀਆਂ ਹੁੱਕਾ ਬਾਰਾਂ

## ਅਜੋਕੇ ਮਸਲੇ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਲੁਧਿਆਣਾ ਸ਼ਹਿਰ ਵਿਚ ਚੋਰੀ-ਛੁਪੇ ਚੱਲ ਰਹੀਆਂ ਕਈ ਹੁੱਕਾ ਬਾਰਾਂ 'ਤੇ ਪੁਲਿਸ ਨੇ ਛਾਪੇ ਮਾਰੇ ਅਤੇ ਉਥੇ ਚੱਲ ਰਹੇ ਨਸ਼ੀਲੇ ਤੇ ਜ਼ਹਿਰੀਲੇ ਪਦਾਰਥਾਂ ਦੇ ਧੰਦਿਆਂ ਸਮੇਤ ਕਾਲੀਆਂ ਕਰਤੂਤਾਂ ਕਰਦੇ ਕਈ ਲੋਕਾਂ ਨੂੰ ਫੜ ਲਿਆ। ਖ਼ਬਰਾਂ ਸਨ ਕਿ ਹੁੱਕਾ ਬਾਰਾਂ ਦੇ ਮਾਲਕ ਨਾਲ ਪੰਜਾਬ ਦੇ ਕੈਬਨਿਟ ਮੰਤਰੀ ਸ. ਬਿਕਰਮ ਸਿੰਘ ਮਜੀਠੀਆ ਦੀਆਂ ਕਈ ਫੋਟੋਆਂ ਵੀ ਉਥੋਂ ਦੀ ਸੋਭਾ ਵਧਾ ਰਹੀਆਂ ਸਨ। ਮੀਡੀਆ ਵਿਚ ਦੋ-ਚਾਰ ਦਿਨ ਰੌਲਾ ਪਿਆ, ਤੇ ਫਿਰ ਇਹ ਮਾਮਲਾ ਵੀ ਖੂਹ ਵਿਚ ਪੈ ਗਿਆ; ਮੁੜ ਕੇ ਕੋਈ ਉਘ-ਸੁਘ ਨਹੀਂ ਨਿਕਲੀ। ਫਿਰ ਖ਼ਬਰ ਆਈ ਕਿ ਗੁੜਗਾਉਂ ਸ਼ਹਿਰ ਦੀ ਇਕ ਹੁੱਕਾ ਬਾਰ ਵਿਚੋਂ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਮੁੰਡੇ ਤੇ ਕੁੜੀਆਂ ਜੋ ਸਕੂਲਾਂ ਦੇ ਵਿਦਿਆਰਥੀ ਹਨ, ਪੁਲਿਸ ਨੇ ਫੜੇ ਹਨ। ਇਨ੍ਹਾਂ ਦੀ ਗਿਣਤੀ ਦਸ, ਵੀਹ ਜਾਂ ਤੀਹ ਨਹੀਂ, ਪੂਰੀ ਸੌ ਹੈ। ਜਿਸ ਪਾਰਟੀ ਵਿਚ ਇਹ ਬੱਚੇ ਮੌਜਾਂ ਕਰ ਰਹੇ ਸਨ, ਉਸ ਪਾਰਟੀ ਦਾ ਨਾਮ ਸੀ 'ਸੈਕਸ ਤੇ ਸਮੋਕ' ਅਤੇ ਹੁੱਕਾ ਬਾਰ ਦੀ ਇਸ ਪਾਰਟੀ ਵਿਚ ਸ਼ਾਮਲ ਹੋਣ ਲਈ ਹਰ ਵਿਦਿਆਰਥੀ ਵੱਲੋਂ 600 ਰੁਪਏ ਅਦਾ ਕੀਤੇ ਗਏ ਸਨ।

ਆਓ, ਜ਼ਰਾ ਅਸੀਂ ਵੀ ਫਿਕਰਮੰਦ ਹੋਈਏ ਕਿ ਸਾਡੀ ਆਉਣ ਵਾਲੀ ਪੀੜ੍ਹੀ ਦੀ ਮੰਜ਼ਿਲ ਕੀ ਹੈ? ਇਹ ਵੀ ਸੋਚੀਏ ਕਿ ਸਾਡਾ ਸਮਾਜ, ਸਾਡੀਆਂ ਸਰਕਾਰਾਂ ਅਤੇ ਸਾਡੇ ਅਰਬਾਂਪਤੀ ਬਿਜਨਸ ਕਰਨ ਵਾਲੇ ਲੋਕ, ਆਮ ਗਰੀਬ ਜਨਤਾ ਲਈ ਕੀ ਕੀ ਸੁਗਾਤਾਂ ਲੈ ਕੇ ਬਾਜ਼ਾਰਾਂ ਵਿਚ ਉਤਰ ਰਹੇ ਹਨ। ਇਹ ਲੋਕ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸੋਨੇ ਚਾਂਦੀ ਦੇ ਬਰਤਨਾਂ ਵਿਚ ਰੱਖ ਕੇ ਨਸ਼ੀਲੀ, ਅੱਧ-ਮੋਈ ਤੇ ਬਰਬਾਦੀ ਵਾਲੀ ਜ਼ਿੰਦਗੀ ਪਰੋਸ ਰਹੇ ਹਨ। ਬਰਬਾਦੀ ਦੇ ਇਸ ਵਧ ਰਹੇ ਸੈਲਾਬ ਨੂੰ ਠੱਲ੍ਹ ਕੌਣ ਪਾਏਗਾ? ਇਸ ਦਾ ਜਵਾਬ ਅਜੇ ਕਿਸੇ ਕੋਲ ਵੀ ਨਹੀਂ ਹੈ। ਪਹਿਲੀ ਉਂਗਲ ਤਾਂ ਮਾਂ ਬਾਪ ਵੱਲ ਹੀ ਉਠਦੀ ਹੈ। ਅੱਜ ਦਾ ਮਹਿੰਗਾ ਰਹਿਣ-ਸਹਿਣ ਜਿਸ ਨੂੰ ਰੀਸੋ-ਰੀਸੀ ਲੋਕਾਂ ਆਪਣੇ ਗਲ ਫਾਹੇ ਵਾਂਗ ਪਾ ਲਿਆ ਹੈ, ਉਸ ਲਈ ਪੈਸੇ ਦੀ ਲੋੜ ਪੈਂਦੀ ਹੈ। ਮਾਂ ਬਾਪ ਦਿਨ ਰਾਤ ਕਮਾਈਆਂ ਕਰ ਕੇ ਆਪਣੇ ਆਪ ਨੂੰ ਅਮੀਰਾਂ ਦੀ ਗਿਣਤੀ ਵਿਚ ਸ਼ਾਮਲ ਕਰਨ ਦੀ ਦੌੜ ਵਿਚ ਭੱਜੇ ਫਿਰਦੇ ਹਨ। ਮਹਿੰਗੇ ਘਰ, ਮਹਿੰਗੀਆਂ ਕਾਰਾਂ, ਹਰ ਚੀਜ਼ ਦਾ ਦਿਖਾਵਾ; ਬਸ ਇਸੇ ਦਾ ਹੀ ਇਹ ਹਸ਼ਰ ਹੈ। ਸਕੂਲ ਜਾਂਦੇ ਬੱਚਿਆਂ ਕੋਲ ਮਹਿੰਗੀਆਂ ਤੇ ਨਵੇਂ ਜ਼ਮਾਨੇ ਦੀਆਂ ਚੀਜ਼ਾਂ ਹਨ ਜੋ ਖੁਦ ਮਾਂ ਬਾਪ ਮੁਹੱਈਆ ਕਰਵਾ ਰਹੇ ਹਨ। ਜਿਨ੍ਹਾਂ ਦੇ ਮਾਂ ਬਾਪ ਉਹ ਚੀਜ਼ਾਂ ਜਾਂ ਸਹੂਲਤਾਂ ਨਹੀਂ ਦੇਣਾ ਚਾਹੁੰਦੇ, ਉਹ ਬੱਚੇ ਘਰੋਂ ਦੌੜਨ ਜਾਂ ਮਰਨ-ਮਾਰਨ ਦੇ ਡਰਾਵਿਆਂ ਤੋਂ ਵੀ ਪਿੱਛੇ ਨਹੀਂ ਹਟਦੇ। ਬਹੁਤ ਵਾਰ ਮਾਪੇ ਵੀ ਬੇਵੱਸੀ ਤੇ ਮਜਬੂਰੀ ਦੀ ਮਾਰ ਖਾਣ ਲਈ ਮਜਬੂਰ ਹੁੰਦੇ ਹਨ।

ਅੱਜ ਸਕੂਲੀ ਬੱਚਿਆਂ ਕੋਲ ਉਹ ਸਾਰੀਆਂ ਸੁੱਖ-ਸਹੂਲਤਾਂ ਹਨ ਜੋ ਉਨ੍ਹਾਂ ਨੂੰ ਹਰਗਿਜ਼ ਨਹੀਂ ਚਾਹੀਦੀਆਂ। ਹਰ ਬੱਚੇ ਦੇ ਹੱਥ ਵਿਚ ਫੋਨ ਅਤੇ ਕਮਰੇ ਵਿਚ ਕੰਪਿਊਟਰ ਹੈ। ਹਰ ਮੁੰਡੇ-ਕੁੜੀ ਦੇ ਪਰਸਾਂ ਵਿਚ ਨੋਟ ਹਨ ਤੇ ਉਹ ਆਜ਼ਾਦ ਵੀ ਹਨ। ਫਿਰ ਭਲਾ ਬੱਚੇ ਮਨਭਾਉਂਦੀ ਐਸ਼ਪ੍ਰਸਤ ਜ਼ਿੰਦਗੀ ਤੋਂ ਪਿੱਛੇ ਕਿਵੇਂ ਰਹਿ ਸਕਦੇ ਹਨ? ਅੱਜ ਦਾ ਬੱਚਾ ਸਕੂਲ ਤੋਂ ਆ ਕੇ ਸਿੱਧਾ ਆਪਣੇ ਕਮਰੇ ਵਿਚ ਜਾ ਵੜਦਾ ਹੈ ਤੇ ਬੂਹਾ ਬੰਦ ਕਰ ਕੇ ਇੰਟਰਨੈਟ ਦੀ ਦੁਨੀਆਂ ਵਿਚ ਗਵਾਚ ਜਾਂਦਾ ਹੈ ਅਤੇ ਘੰਟਿਆਂ



ਬੱਧੀ ਚੈਟ ਕਰਦਾ ਹੈ। ਫਿਰ ਉਥੋਂ ਹੀ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ ਸਾਡੀ ਬਰਬਾਦੀ ਦਾ।

ਅਜਿਹਾ ਮਾਹੌਲ ਬੱਚਿਆਂ ਨੂੰ ਗੁਰਦੁਆਰੇ ਜਾਂ ਮੰਦਰਾਂ ਵੱਲ ਜਾਣ ਨੂੰ ਪ੍ਰੇਰਤ ਨਹੀਂ ਕਰੇਗਾ, ਇਨ੍ਹਾਂ ਦਾ ਰੁਖ ਆਪਣੇ ਆਪ ਹੀ ਹੁੱਕਾ ਬਾਰਾਂ, ਚਰਸਾਂ, ਭੁੱਕੀਆਂ ਤੇ ਠੇਕਿਆਂ ਦੇ ਟਿਕਾਣਿਆਂ ਵੱਲ ਹੋ ਜਾਂਦਾ ਹੈ। ਫਿਰ ਇਕ ਵਾਰੀ ਜੋ ਇਸ ਦਲ ਦਲ ਵਿਚ ਡਿੱਗ ਪਿਆ, ਉਸ ਦਾ ਬਾਹਰ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਸਭ ਤੋਂ ਮਾੜੀ ਗੱਲ ਇਹ ਕਿ ਜਿਹੜਾ ਵੀ ਮੁੰਡਾ ਜਾਂ ਕੁੜੀ ਇਸ ਨਰਕ ਦੇ ਬੂਹੇ ਅੰਦਰ ਜਾ ਵੜਦਾ ਹੈ, ਉਹ ਦੋ-ਚਾਰ ਹੋਰਾਂ ਨੂੰ ਵੀ ਨਾਲ ਲੈ ਕੇ ਆਉਂਦਾ ਹੈ। ਇਉਂ ਗਿਣਤੀ ਘਟਦੀ ਨਹੀਂ, ਵਧਦੀ ਜਾਂਦੀ ਹੈ। ਪੈਸੇ ਮੁੱਕਦੇ ਹਨ ਤਾਂ ਘਰੋਂ ਚੋਰੀ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਬਾਹਰ ਚੋਰੀਆਂ ਹੁੰਦੀਆਂ ਹਨ ਤੇ ਕੁੜੀਆਂ ਆਪਣੀ ਇਹ ਭੁੱਖ ਪੂਰੀ ਕਰਨ ਲਈ ਬਰਬਾਦੀ ਦੇ ਰਾਹੇ ਤੁਰ ਪੈਂਦੀਆਂ ਹਨ। ਫਿਰ ਅੱਗੇ ਜੋ ਹੁੰਦਾ ਹੈ, ਉਸ ਨੂੰ ਲਿਖਣ ਲਈ ਨਾ ਕਲਮ ਤੁਰਦੀ ਹੈ ਅਤੇ ਨਾ ਹੀ ਜ਼ੁਬਾਨ ਬੋਲ ਸਕਦੀ ਹੈ।

ਸਭ ਤੋਂ ਪਹਿਲਾਂ ਆਪਣੇ ਪੰਜਾਬ ਦੀ ਗੱਲ ਕਰੀਏ ਤੇ ਜਾਗ੍ਰਿਤ ਹੋਈਏ। ਪਹਿਲਾਂ ਤਾਂ ਮਾਂ ਬਾਪ ਥੋੜ੍ਹੇ ਵਿਚ ਗੁਜ਼ਾਰਾ ਕਰਨਾ ਸਿੱਖਣ ਅਤੇ ਬੱਚਿਆਂ ਦੇ ਪਹਿਰੇਦਾਰ ਤੇ ਦੋਸਤ ਬਣ ਕੇ ਉਨ੍ਹਾਂ ਨਾਲ ਸਮਾਂ ਬਿਤਾਉਣ। ਅੱਗੇ ਹੈ ਸਰਕਾਰ ਦੀ ਵਾਰੀ, ਜਿਥੇ ਪਹੁੰਚ ਕੇ ਸਾਨੂੰ ਸ਼ਰਮ ਵੀ ਬਹੁਤ ਆਉਂਦੀ ਹੈ। ਸਰਕਾਰ ਹੋਵੇ ਧਾਰਮਿਕ ਲੋਕਾਂ ਦੀ; ਗੱਲਾਂ ਹੋਣ 'ਰਾਜ ਨਹੀਂ ਸੇਵਾ' ਦੀਆਂ; ਇਹ ਸਰਕਾਰ ਸਿੱਖਾਂ ਦੇ ਸਾਰੇ ਧਾਰਮਿਕ ਸਥਾਨਾਂ ਤੇ ਸੰਸਥਾਵਾਂ ਉਤੇ ਵੀ ਕਾਬਜ਼ ਹੋਵੇ, ਪਰ ਹਰ ਸਾਲ ਪੰਜਾਬ ਵਿਚ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਲਗਾਤਾਰ ਵਧਦੀ ਜਾਵੇ, ਲਾਹਣਤ ਹੈ। ਹੁਣ ਤਾਂ ਸਰਕਾਰ ਇਹ ਐਲਾਨ ਵੀ ਕਰ ਸਕਦੀ ਹੈ ਕਿ ਪੰਜਾਬ ਦੀਆਂ ਧੀਆਂ ਤੇ ਨੂੰਹਾਂ ਸ਼ਰਾਬ ਘਰਾਂ ਜਾਂ ਅਹਾਤਿਆਂ ਵਿਚੋਂ ਸ਼ਰਾਬ ਖਰੀਦ ਕੇ ਉਥੇ ਬੈਠ ਕੇ ਪੀ ਵੀ ਸਕਦੀਆਂ ਹਨ। ਪੰਜਾਬ ਵਿਚ ਜੂਏ ਦੇ ਸਰਕਾਰੀ ਅੱਡੇ, ਘੋੜਿਆਂ ਦੇ ਰੇਸ ਕਲੱਬ, ਜਿਨ੍ਹਾਂ ਪਿੰਡਾਂ ਵਿਚ ਇਕ ਠੇਕਾ ਹੁੰਦਾ ਸੀ, ਉਥੇ ਹੁਣ ਚਾਰ-ਚਾਰ ਠੇਕੇ ਖੁੱਲ੍ਹ ਜਾਣੇ... ਬਰਬਾਦੀ ਦੇ ਇਨ੍ਹਾਂ ਸਭ ਅੱਡਿਆਂ ਲਈ ਜ਼ਿੰਮੇਵਾਰ ਕੌਣ ਹੈ? ਸਿਰਫ਼ ਸਾਡੀ ਸਰਕਾਰ! ਸਰਕਾਰ ਇਨ੍ਹਾਂ ਸਾਰੇ ਕੰਮਾਂ ਵਿਚ ਖੁਦ ਵੀ ਭਾਈਵਾਲ ਹੈ। ਤਖ਼ਤ 'ਤੇ ਬੈਠੇ ਲੋਕਾਂ ਦੀ ਪੈਸੇ ਦੀ ਭੁੱਖ ਇੰਨੀ ਵਧ ਚੁੱਕੀ ਹੈ ਕਿ ਉਨ੍ਹਾਂ ਨੂੰ ਪੈਸੇ ਤੋਂ ਬਿਨਾਂ ਕੁਝ ਵੀ ਦਿਖਾਈ ਨਹੀਂ ਦੇ ਰਿਹਾ। ਸਾਡੀ ਧਾਰਮਿਕ ਲੌਬੀ ਵੀ ਕੌਮ ਨੂੰ ਅਤੇ ਆਉਣ ਵਾਲੀ ਪੀੜ੍ਹੀ ਨੂੰ ਸੰਭਾਲਣ ਵਿਚ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਲੋਕ ਧਾਰਮਿਕ ਅਦਾਰੇ ਬਣਾ ਕੇ ਚੌਧਰ ਤੇ ਗੋਲਕ ਲਈ ਛਿੱਤਰ ਪਤਾਣ ਹੋ ਰਹੇ ਹਨ। ਜੇ ਕਿਤੇ ਸਹੀ ਮਾਇਨਿਆਂ ਵਿਚ ਧਾਰਮਿਕ ਲੋਕ ਅਤੇ ਧਾਰਮਿਕ ਅਦਾਰੇ ਆਪਣੀ ਜ਼ਿੰਮੇਵਾਰੀ ਨਿਭਾਉਂਦੇ, ਤਾਂ ਅੱਜ ਕੌਮ ਦਾ ਅਤੇ ਪੰਜਾਬ ਦਾ ਇੰਨਾ ਮਾੜਾ ਹਾਲ ਨਾ ਹੁੰਦਾ। ਅੱਜ ਧਾਰਮਿਕ ਲਾਬੀ ਅਤੇ ਪੰਜਾਬ ਸਰਕਾਰ, ਇਕੋ ਸਿੱਕੇ ਦੇ ਪਾਸਿਆਂ ਵਿਚ ਰਲਗਡ ਹੋ ਕੇ ਰਹਿ ਗਏ ਹਨ। ਰੱਬ ਮਿਹਰ ਕਰੇ ਕਿ ਸਾਡੇ ਨੌਜਵਾਨ ਧਾਰਮਿਕ ਤੇ ਰਾਜਨੀਤਕ ਨੇਤਾ ਜੇ ਕਿਤੇ ਥੋੜ੍ਹੀ ਜਿਹੀ ਮੁਹਾਰ ਮੋੜ ਲੈਣ ਕਿ ਹੁਣ ਪੰਜਾਬ ਦਾ ਕੁਝ ਚੰਗਾ ਵੀ ਕਰ ਜਾਈਏ, ਤਾਂ ਸਾਨੂੰ ਪਤਾ ਹੈ ਉਹ ਇਕੋ ਦਿਨ ਵਿਚ ਹੀ ਇਨ੍ਹਾਂ ਸਭ ਬੁਰਾਈਆਂ ਦਾ ਅੰਤ ਕਰ ਕੇ ਉਹ ਪੰਜਾਬ ਫਿਰ ਵਾਪਸ ਲਿਆ ਸਕਦੇ ਹਨ ਜਿਥੇ ਕਦੀ ਗੁਰੂ ਨਾਨਕ ਜੀ ਅਤੇ ਦਸਮੇਸ਼ ਪਿਤਾ ਜੀ ਨੇ ਸਮੁੱਚੀ ਮਾਨਵਤਾ ਨੂੰ ਨਸ਼ਿਆਂ ਨਾਲੋਂ ਤੋੜ ਕੇ ਨਾਮ ਦੀ ਖੁਮਾਰੀ ਨਾਲ ਜੋੜਿਆ ਸੀ।

ਕਹਾਣੀ

# ਮਲਾਹ ਦਾ ਫੇਰਾ

*ਮਸ਼ਹੂਰ ਲੇਖਕਾ ਅੰਮ੍ਰਿਤਾ ਪ੍ਰੀਤਮ ਦੀ ਕਹਾਣੀ 'ਮਲਾਹ ਦਾ ਫੇਰਾ' ਦਾ ਰੰਗ ਫੁੱਲਾਂ ਵਿਚ ਭਰੇ ਰੰਗਾਂ ਵਰਗਾ ਹੈ। ਇਹਦੇ ਵਿਚੋਂ ਖੁਸ਼ਬੋਆਂ ਝਾਤੀਆਂ ਮਾਰਦੀਆਂ ਹਨ ਅਤੇ ਸਭ ਨੂੰ ਆਪਣੇ ਵੱਲ ਖਿੱਚਦੀਆਂ ਹਨ। ਮਰਦ ਅਤੇ ਔਰਤ ਦੇ ਸਦੀਵੀ ਰਿਸ਼ਤੇ ਦੀਆਂ ਬਾਰੀਕ-ਮਹੀਨ ਤੰਦਾਂ ਅੰਮ੍ਰਿਤਾ ਨੇ ਇਸ ਕਹਾਣੀ ਵਿਚ ਗੁੰਦੀਆਂ ਹਨ ਅਤੇ ਨਾਲ ਹੀ ਸਮਾਜਾਂ ਤੇ ਸਰਕਾਰਾਂ ਦੀਆਂ ਤੱਦੀਆਂ ਉਤੇ ਗੁੱਝੀਆਂ ਚੋਟਾਂ ਲਾਈਆਂ ਹਨ। ਚੋਟ ਲਾਉਣ ਲਈ ਉਸ ਨੇ ਬੰਦੇ ਦੇ ਪੁੱਤ ਨੂੰ ਵੀ ਨਹੀਂ ਛੱਡਿਆ, ਜਿਹੜਾ ਪਤਾ ਨਹੀਂ ਕਦੋਂ ਦਾ ਬੰਦੇ ਦਾ ਪੁੱਤ ਬਣਨ ਦਾ ਦਾਅਵਾ ਕਰ ਰਿਹਾ ਹੈ, ਪਰ ਅਜੇ ਤੱਕ ਨਹੀਂ ਬਣਿਆ, ਸਗੋਂ ਮੌਕਾ ਮਿਲਦਿਆਂ ਹੀ ਆਪਣੇ ਨਾਲਦਿਆਂ ਨੂੰ ਤਰੋੜ-ਮਰੋੜ ਕੇ ਅਗਾਂਹ ਲੰਘ ਜਾਂਦਾ ਹੈ। ਇਸ ਤਰ੍ਹਾਂ ਲੰਘ ਜਾਣ ਨੂੰ ਹੀ ਸ਼ਾਇਦ ਬੰਦੇ ਦੀ ਫਿਤਰਤ ਕਹਿੰਦੇ ਹਨ। ਫੈਂਟਸੀ ਰਾਹੀਂ ਉਸਾਰੀ ਇਸ ਕਹਾਣੀ ਵਿਚ ਅੰਮ੍ਰਿਤਾ ਪ੍ਰੀਤਮ ਨੇ ਜ਼ਿੰਦਗੀ ਦਾ ਗੀਤ ਗਾਇਆ ਹੈ। -ਸੰਪਾਦਕ*

ਅੰਮ੍ਰਿਤਾ ਪ੍ਰੀਤਮ

ਸਮੁੰਦਰ ਦੇ ਕੰਢੇ ਲੋਕਾਂ ਦੀ ਭੀੜ ਪਈ ਹੋਈ ਸੀ। ਹਰ ਉਮਰ ਦੇ ਲੋਕ, ਹਰ ਕੌਮ ਦੇ ਲੋਕ, ਹਰ ਵੇਸ ਦੇ ਲੋਕ।

ਕਈ ਲੋਕ ਬੜੀ ਤਾਂਘ ਨਾਲ ਸਮੁੰਦਰ ਦੀ ਛਾਤੀ ਨੂੰ ਉਥੋਂ ਤੱਕ ਵੇਖਦੇ ਪਏ ਸਨ ਜਿੱਥੋਂ ਤੱਕ ਉਨ੍ਹਾਂ ਦੀ ਨੀਝ ਜਾ ਸਕਦੀ ਸੀ। ਕਈਆਂ ਦੀਆਂ ਅੱਖਾਂ ਭੀੜ ਵਿਚ ਇਸ ਤਰ੍ਹਾਂ ਰੁੱਝੀਆਂ ਹੋਈਆਂ ਸਨ, ਜਿਵੇਂ ਉਨ੍ਹਾਂ ਨੂੰ ਸਮੁੰਦਰ ਨਾਲ ਕੋਈ ਵਾਸਤਾ ਨਹੀਂ ਸੀ। ਕਈ ਲੋਕ ਮੱਕਈ ਦੀਆਂ ਭੁੱਜੀਆਂ ਹੋਈਆਂ ਛੱਲੀਆਂ ਖਾਂਦੇ ਪਏ ਸਨ, ਕਈ ਮੂੰਗਫਲੀ ਛਿਲਦੇ ਪਏ ਸਨ ਤੇ ਕਈ ਨਾਰੀਅਲ ਪੀਂਦੇ ਪਏ ਸਨ। ਕੁਝ ਬੱਚੇ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਰੇਤ ਦੇ ਘਰ ਬਣਾਂਦੇ ਪਏ ਸਨ।

ਸਮੁੰਦਰ ਦੀ ਛਾਤੀ ਉਤੇ ਕੁਝ ਝਿਲਮਿਲ ਕਰਨ ਲੱਗ ਪਿਆ। ਕਈਆਂ ਲੋਕਾਂ ਦੇ ਦਿਲ ਧੜਕੇ। ਅਸਮਾਨ ਦੀ ਇਕ ਨੁੱਕਰ ਨੇ ਆਪਣੇ ਹੱਥਾਂ ਵਿਚ ਸੂਰਜ ਦਾ ਪਿਆਲਾ ਫੜਿਆ ਹੋਇਆ ਸੀ ਤੇ ਉਸ ਪਿਆਲੇ ਵਿਚੋਂ ਬਹੁਤ ਸਾਰੀ ਲਾਲੀ ਸਮੁੰਦਰ ਦੇ ਪਾਣੀ ਵਿਚ ਡੁੱਲ੍ਹਦੀ ਪਈ ਸੀ।

ਪਾਣੀਆਂ ਨੂੰ ਚੀਰ ਕੇ ਆਉਂਦੀ ਬੇੜੀ ਦਾ ਹੁਣ ਵਜੂਦ ਲੱਭਣ ਲੱਗ ਪਿਆ ਸੀ। ਕਈ ਲੋਕਾਂ ਨੇ ਇਹ ਗੱਲ ਨਾ ਗੌਲੀ, ਪਰ ਕਈਆਂ ਦੇ ਹੱਥੋਂ ਮੱਕਈ ਦੀਆਂ ਛੱਲੀਆਂ ਛੁਟਕ ਗਈਆਂ, ਮੂੰਗਫਲੀ ਡਿੱਗ ਪਈ ਤੇ ਨਾਰੀਅਲ ਦਾ ਪਾਣੀ ਡੁੱਲ੍ਹ ਪਿਆ।

ਛੱਲਾਂ ਕਿਸੇ ਸਾਜ਼ ਵਾਂਗ ਵੱਜਦੀਆਂ ਪਈਆਂ ਸਨ, ਚੱਪੂਆਂ ਦੀ ਆਵਾਜ਼ ਉਹਨੂੰ ਤਾਲ ਦੇਣ ਲੱਗ ਪਈ ਤੇ ਫਿਰ ਮਲਾਹ ਦਾ ਗੀਤ ਕੰਢੇ ਵੱਲ ਆਉਣ ਲੱਗ ਪਿਆ।

ਮਲਾਹ ਦਾ ਇਹ ਗੀਤ ਕੋਈ ਜਾਦੂ ਚਾੜ੍ਹਨ ਦੀ ਥਾਂਵੇਂ ਖ਼ਬਰੇ ਕੋਈ ਜਾਦੂ ਲਾਂਹਦਾ ਪਿਆ ਸੀ, ਕੰਢੇ ਉਤੇ ਖਲੋਤੇ ਹੋਏ ਕਈਆਂ ਜੋੜਿਆਂ ਦੇ ਹੱਥ ਹੱਥਾਂ ਵਿਚੋਂ ਛੁਟਕ ਗਏ। ਜਿਉਂ ਜਿਉਂ ਮਲਾਹ ਦੀ ਆਵਾਜ਼ ਉਚੀ ਹੁੰਦੀ ਗਈ ਤੇ ਬੇੜੀ ਕੰਢੇ ਵੱਲ ਆਉਂਦੀ ਗਈ, ਕਈਆਂ ਦੀਆਂ ਅੱਖਾਂ ਵਿਚ ਧੁੱਪ ਲਿਸ਼ਕੀ, ਕਈਆਂ ਦੀਆਂ ਅੱਖਾਂ ਵਿਚ ਬੱਦਲ ਆ ਗਏ ਤੇ ਕਈਆਂ ਦੀਆਂ ਅੱਖਾਂ ਵਿਚੋਂ ਕਣੀਆਂ ਲਹਿ ਪਈਆਂ। ਬਹੁਤ ਸਾਰੇ ਲੋਕ ਇਹੋ ਜਿਹੇ ਵੀ ਸਨ ਜਿਨ੍ਹਾਂ ਨੇ ਇਸ ਪਾਸੇ ਅੱਖਾਂ ਹੀ ਨਹੀਂ ਸਨ ਕੀਤੀਆਂ।

ਬੇੜੀ ਨੂੰ ਕੰਢੇ ਉਤੇ ਲਾ ਕੇ ਮਲਾਹ ਨੇ ਲੋਕਾਂ ਵੱਲ ਤੱਕਿਆ ਤੇ ਬੁਲਾਵਾ ਦਿੱਤਾ, "ਹੈ ਕੋਈ ਸਵਾਰੀ?"

ਮਲਾਹ ਦੇ ਮੂੰਹ ਦੀ ਝਾਲ ਨਹੀਂ ਸੀ ਝੱਲੀ ਜਾਂਦੀ, ਲੋਕਾਂ ਨੇ ਅੱਖਾਂ ਨੀਵੀਆਂ ਪਾ ਲਈਆਂ। ਤੇ ਮਲਾਹ ਕੰਢੇ ਦੀ ਰੇਤ ਉਤੇ ਨਵੇਕਲਾ ਬਹਿ ਕੇ ਹੁੱਕਾ ਪੀਣ ਲੱਗ ਪਿਆ।

ਸੂਰਜ ਦਾ ਪਿਆਲਾ ਮੂਧਾ ਹੋ ਗਿਆ ਤੇ ਸਮੁੰਦਰ ਨੇ ਮਿੰਟਾਂ ਵਿਚ ਉਹਦੀ ਲਾਲੀ ਡੀਕ ਲਾ ਕੇ ਪੀ ਲਈ। ਹੁਣ ਸਮੁੰਦਰ ਰਾਤ ਦੇ ਹਨੇਰੇ ਨੂੰ ਘੁੱਟ ਘੁੱਟ ਕਰ ਕੇ ਪੀਂਦਾ ਪਿਆ ਸੀ। ਲੋਕ ਘਰਾਂ ਨੂੰ ਤੁਰ ਗਏ ਸਨ।

ਮਲਾਹ ਨੇ ਹੁੱਕਾ ਇਕ ਪਾਸੇ ਧਰ ਦਿੱਤਾ ਤੇ ਉਠ ਕੇ ਸਮੁੰਦਰ ਦੇ ਖਾਲੀ ਕੰਢੇ ਨੂੰ ਵੇਖਿਆ, ਪਾਣੀ ਦੀ ਕੋਈ ਛੱਲ ਹੰਭਲਾ ਮਾਰ ਕੇ ਆਉਂਦੀ ਸੀ ਤੇ ਰੇਤ ਉਤੇ ਡਿੱਗੇ ਹੋਏ ਛੱਲੀਆਂ ਦੇ ਤੁੱਕੇ, ਮੂੰਗਫਲੀ ਦੇ ਛਿੱਲੜ ਤੇ ਨਾਰੀਅਲ ਦੇ ਖਿੱਪਰ ਹੂੰਝ ਕੇ ਕੰਢੇ ਦੀ ਰੇਤ ਨੂੰ ਸਵਾਹਰਿਆਂ ਕਰਦੀ ਪਈ ਸੀ। ਲੋਕਾਂ ਦੇ ਪੈਰਾਂ ਦੇ ਨਿਸ਼ਾਨ ਵੀ ਹੂੰਝੇ ਗਏ ਸਨ, ਤੇ ਬਾਲਾਂ ਦੇ ਬਣਾਏ ਹੋਏ ਘਰ ਵੀ।

ਮਲਾਹ ਨੇ ਦੂਰ ਨਾਰੀਅਲ ਦੇ ਝੁੰਡਾਂ ਵਿਚ ਬਣੀ ਹੋਈ ਝੁੱਗੀ ਵੱਲ ਵੇਖਿਆ। ਝੁੱਗੀ ਵਿਚ ਦੀਵਾ ਅਜੇ ਜਗਦਾ ਪਿਆ ਸੀ। ਮਲਾਹ ਗੇਣਤਰੀਆਂ ਗਿਣਦੇ ਪੈਰਾਂ ਨਾਲ ਉਸ ਝੁੱਗੀ ਵੱਲ ਤੁਰ ਪਿਆ।

"ਜਾਗਨੀ ਏਂ ਅਜੇ?" ਮਲਾਹ ਨੇ ਝੁੱਗੀ ਦਾ ਅੱਧ ਭੀੜਿਆ ਬੂਹਾ ਠਕੋਰਿਆ।

"ਲੰਘ ਆ ਅੰਦਰ! ਤੈਨੂੰ ਹੀ ਪਈ ਉਡੀਕਦੀ ਸਾਂ", ਝੁੱਗੀ ਦੇ ਅੰਦਰੋਂ ਤੀਵੀਂ ਦੀ ਆਵਾਜ਼ ਆਈ, "ਬਹਿ ਜਾ ਏਥੇ", ਤੀਵੀਂ ਨੇ ਫੇਰ ਆਖਿਆ ਤੇ ਝੁੱਗੀ ਦੀ ਨੁੱਕਰੇ ਵਿਛਾਈ ਹੋਈ ਬੋਰੀ ਨੂੰ ਇਕ ਵਾਰੀ ਫੇਰ ਝਾੜ ਕੇ ਵਿਛਾ ਦਿੱਤਾ।

"ਕੋਈ ਸਵਾਰੀ ਨਹੀਂ ਮਿਲੀ", ਮਲਾਹ ਨੇ ਡੂੰਘਾ ਸਾਹ ਭਰਿਆ।

"ਮੈਂ ਆਖਣੀ ਆਂ ਤੂੰ ਇਹ ਰੋਜ਼ ਦਾ ਬਖੇੜਾ ਛੱਡ ਕਿਉਂ ਨਹੀਂ ਦੇਂਦਾ? ਕਦੇ ਤੈਨੂੰ ਕੋਈ ਸਵਾਰੀ ਲੱਭੀ ਵੀ ਏ? ਛੱਡ ਪਰ੍ਹੇ ਸਵਾਰੀਆਂ ਦੀ ਗੱਲ, ਇਹ ਦੱਸ ਨਾਰੀਅਲ ਪੀਏਂਗਾ?"

"ਨਾਰੀਅਲ ਪੀਣ ਹੀ ਤਾਂ ਆਇਆ ਵਾਂ।"

"ਦੱਸ ਕਿਹੜਾ ਲਿਆਵਾਂ? ਪਾਣੀ ਵਾਲਾ, ਮਲਾਈ ਵਾਲਾ ਕਿ ਗਰੀ ਵਾਲਾ?"

"ਅੱਜ ਮੇਰਾ ਜੀਅ ਬੜਾ ਉਦਾਸ ਏ, ਤੂੰ ਮੈਨੂੰ ਤਿੰਨੇ ਹੀ ਪਿਆ ਦੇ। ਪਹਿਲੋਂ ਨਿਰੇ ਪਾਣੀ ਵਾਲਾ, ਫੇਰ ਮਲਾਈ ਵਾਲਾ, ਤੇ ਫੇਰ ਮੋਟੀ ਗਰੀ ਵਾਲਾ।"

ਤੀਵੀਂ ਨੇ ਟੋਕਰੀ ਵਿਚੋਂ ਤਿੰਨੋਂ ਨਾਰੀਅਲ ਆਂਦੇ ਤੇ ਵਾਰੋ ਵਾਰੀ ਤੋੜਦੀ ਮਲਾਹ ਦੇ ਹੱਥਾਂ ਵਿਚ ਫੜਾਂਦੀ ਆਖਣ ਲੱਗੀ, "ਕੁਝ ਮਿੱਠੇ ਵੀ ਨਿਕਲੇ ਨੇ ਕਿ ਨਹੀਂ?"

"ਬੜੇ ਮਿੱਠੇ ਨੇ", ਮਲਾਹ ਨੇ ਆਖਿਆ ਤੇ ਕੱਚੀ ਗਰੀ ਦਾ ਟੋਟਾ ਭੰਨ ਕੇ ਉਸ ਤੀਵੀਂ ਦੇ ਹੱਥ ਫੜਾਂਦਾ ਆਖਣ ਲੱਗਾ, "ਲੈ ਤੂੰ ਆਪ ਖਾ ਕੇ ਵੇਖ।"

"ਇਹ ਵੀ ਸ਼ੁਕਰ ਏ ਜੁ ਤੂੰ ਘੜੀ ਬਿੰਦ ਏਥੇ ਆ ਜਾਨਾਂ ਏਂ, ਨਹੀਂ ਤਾਂ ਮੈਂ ਇਹ ਨਾਰੀਅਲ ਦੇ ਸਾਰੇ ਰੁੱਖ ਕੱਟ ਛੱਡਣੇ ਸਨ।"

ਮਲਾਹ ਮੁਸਕਰਾਇਆ ਤੇ ਆਖਣ ਲੱਗਾ, "ਤਾਂਹੀਓਂ ਆਖਨੀ ਏਂ ਮੈਂ ਇਹ ਰੋਜ਼ ਦਾ ਬਖੇੜਾ ਛੱਡ ਦਿਆਂ? ਜੇ ਮੈਂ ਸਵਾਰੀਆਂ ਦੀ ਆਸ ਛੱਡ ਦਿਆਂ, ਤੇ ਬੇੜੀ ਲੈ ਕੇ ਕਦੀ ਇਸ ਕੰਢੇ ਨਾ ਆਵਾਂ ਤਾਂ ਫੇਰ ਤੂੰ ਇਸ ਧਰਤੀ ਉਤੇ ਇਹ ਨਾਰੀਅਲ ਦੇ ਰੁੱਖ ਕਾਹਨੂੰ ਬੀਜੇਂਗੀ?"

"ਇਹ ਤੇ ਤੂੰ ਸੱਚ ਆਖਨਾ ਏਂ", ਤੀਵੀਂ ਨੇ ਹਉਕਾ ਭਰਿਆ।

"ਮੈਨੂੰ ਕੋਈ ਸਵਾਰੀ ਨਹੀਂ ਲੱਭਦੀ, ਕਦੇ ਕਦੇ ਮੈਂ ਜਦੋਂ ਬਹੁਤਾ ਹੀ ਉਦਾਸ ਹੋ ਜਾਨਾ ਵਾਂ, ਮੇਰਾ ਜੀਅ ਕਰਦਾ ਏ ਤੈਨੂੰ ਆਪਣੀ ਬੇੜੀ ਵਿਚ ਬਿਠਾ ਕੇ ਲੈ ਜਾਵਾਂ...।"

"ਇਹ ਗੱਲ ਤੇ ਤੂੰ ਅੱਗੇ ਵੀ ਕਈ ਵਾਰ ਆਖੀ ਏ, ਪਰ ਇਹ ਕੋਈ ਤੇਰੇ ਵੱਸ ਦੀ ਗੱਲ ਥੋੜ੍ਹੀ ਏ।" ਤੀਵੀਂ ਨੇ ਆਪਣੇ ਦੁੱਪਟੇ ਦੀ ਕੰਨੀ ਨਾਲ ਆਪਣੀਆਂ ਅੱਖਾਂ ਪੂੰਝੀਆਂ।

"ਇਹੋ ਹੀ ਤੇ ਦੁੱਖ ਏ ਕਿ ਇਹ ਮੇਰੇ ਵੱਸ ਦੀ ਗੱਲ ਨਹੀਂ", ਮਲਾਹ ਨੇ ਲੰਬਾ ਸਾਹ ਭਰਿਆ।

"ਇਹ ਕਿਹੋ ਜਿਹਾ ਨੇਮ ਬਣਾਇਆ ਏ ਕੁਦਰਤ ਨੇ...।"

"ਤੀਵੀਂ ਦੇ ਮਨ ਵਿਚ ਮਰਦ ਵਾਸਤੇ ਸਦੀਵੀ ਤਾਂਘ ਤੇ ਮਰਦ ਦੇ ਮਨ ਵਿਚ ਤੀਵੀਂ ਲਈ ਸਦੀਵੀ ਖਿੱਚ। ਕੁਦਰਤ ਦੇ ਇਸ ਨੇਮ ਨੂੰ ਕਿਹੜਾ ਭੰਨੇ?"

"ਪਰ ਤੀਵੀਂ ਨੂੰ ਕਦੇ ਵੀ ਉਹ ਮਰਦ ਨਾ ਮਿਲਿਆ, ਜਿਹਦੇ ਨਾਲ ਉਹਦੀ ਭਟਕਣਾ ਮੁੱਕ ਜਾਂਦੀ ਤੇ ਮਰਦ ਨੂੰ ਕਦੇ ਵੀ ਉਹ ਤੀਵੀਂ ਨਾ ਮਿਲੀ, ਜਿਹਦੇ ਨਾਲ ਉਹਦੀ ਤ੍ਰਿਸ਼ਨਾ ਖਲੋ ਜਾਂਦੀ।"

"ਮਨ ਦਾ ਇਹ ਏਡਾ ਵੱਡਾ ਸਮੁੰਦਰ ਕਿਸੇ ਕੋਲੋਂ ਪਾਰ ਨਹੀਂ ਹੁੰਦਾ, ਮੈਂ ਤਾਂਹੀਏਂ ਤਾਂ ਇਹ ਬੇੜੀ ਬਣਾਈ, ਪਰ ਸਮੁੰਦਰ ਦੇ ਪਰਲੇ ਪਾਸੇ ਜ਼ਿੰਦਗੀ ਦੀ ਸਾਰੀ ਵਾਦੀ ਸੱਖਣੀ ਪਈ ਹੋਈ ਏ, ਮੈਨੂੰ ਕੋਈ ਸਵਾਰੀ ਹੀ ਨਹੀਂ ਲੱਭਦੀ ਉਸ ਪਾਸੇ ਲਿਜਾਣ ਲਈ...।"

"ਤੇ ਏਧਰ ਦੁਨੀਆਂ ਕੁਰਬਲ ਕੁਰਬਲ ਪਈ ਕਰਦੀ ਏ, ਰਹਿਣ ਨੂੰ ਘਰ ਨਹੀਂ, ਖਾਣ ਨੂੰ ਰੋਟੀ ਨਹੀਂ। ਨਿਥਾਵਿਆਂ ਵਾਂਗ ਲੋਕ ਜੰਮਦੇ ਨੇ, ਤੇ ਮੁਹਤਾਜਾਂ ਵਾਂਗ ਜਿਉਂਦੇ ਨੇ।"

"ਫੇਰ ਵੀ ਸਾਰੇ ਏਧਰ ਹੀ ਰਹਿੰਦੇ ਨੇ, ਮੈਂ ਤਾਂ ਰੋਜ਼ ਬੇੜੀ ਲੈ ਕੇ ਔਨਾ ਵਾਂ...।"

"ਤੇਰਾ ਭਾੜਾ ਕੌਣ ਚੁਕਾਵੇ? ਤੂੰ ਭਾੜਾ ਮੰਗਨਾ ਏਂ ਸਾਬਤਾ ਦਿਲ ਦਾ। ਉਹ ਵੀ ਕੋਈ ਚੁਕਾ ਦੇਵੇ, ਕਈਆਂ ਕੋਲ ਸਾਬਤ ਦਿਲ ਨੇ; ਪਰ ਨਾਲ ਤੇਰੀ ਸ਼ਰਤ ਵੀ ਅਨੋਖੀ ਏ ਕਿ ਤੇਰੀ ਬੇੜੀ ਵਿਚ ਨਾ ਕੋਈ ਤੀਵੀਂ ਇਕੱਲੀ ਜਾ ਸਕਦੀ ਏ, ਨਾ ਕੋਈ ਮਰਦ ਇਕੱਲਾ। ਤੀਵੀਂ ਕੋਲ ਵੀ ਸਾਬਤ ਦਿਲ ਹੋਵੇ ਤੇ ਮਰਦ ਕੋਲ ਵੀ ਸਾਬਤ ਦਿਲ ਹੋਵੇ, ਤੇ ਫਿਰ ਉਹ ਦੋਵੇਂ ਸਿੱਕੇ ਇਕ ਦੂਜੇ ਦੇ ਸਿਰ ਉਤੋਂ ਵਾਰ ਕੇ ਤੈਨੂੰ ਦੇ ਦੇਣ ਤਾਂ ਉਹ ਤੇਰੀ ਬੇੜੀ ਵਿਚ ਬਹਿ ਸਕਦੇ ਨੇ...।"

"ਮੈਂ ਤਾਂ ਤੈਨੂੰ ਦੱਸਿਆ ਏ ਕਿ ਮੇਰਾ ਕਸੂਰ ਕੋਈ ਨਹੀਂ ਇਹਦੇ ਵਿਚ। ਇਹ ਨੇਮ ਏ ਕੁਦਰਤ ਦਾ, ਨਹੀਂ ਤਾਂ ਮੈਂ ਤੈਨੂੰ ਇਕੱਲੀ ਨੂੰ ਇਸ ਬੇੜੀ ਵਿਚ ਬਿਠਾ ਕੇ ਲੈ ਜਾਂਦਾ। ਜ਼ਿੰਦਗੀ ਦੀ ਵਾਦੀ ਵਿਚ ਤੂੰ ਬੜਾ ਸੋਹਣਾ ਘਰ ਬਣਾਉਣਾ ਸੀ...।"

"ਤੂੰ ਮੇਰਿਆਂ ਦੁੱਖਾਂ ਨੂੰ ਹੁਣ ਕਾਹਨੂੰ ਫੋਲਦਾ ਏਂ? ਹੁਣ ਮੇਰੀ ਉਮਰ ਢਲ ਚੱਲੀ ਏ। ਹੁਣ ਤਾਂ ਮੇਰੀਆਂ ਯਾਦਾਂ ਦੇ ਜ਼ਖ਼ਮ ਵੀ ਭਰ ਗਏ ਨੇ।"

"ਜ਼ਖ਼ਮ ਹੀ ਤੇ ਭਰਦੇ ਨਹੀਂ ਝੱਲੀਏ। ਤੂੰ ਕੀ ਸੋਚਣੀ ਏਂ ਇਹ ਜ਼ਖ਼ਮ ਸਿਰਫ਼ ਜਵਾਨੀ ਦੇ ਪਿੰਡੇ ਉਤੇ ਲੱਗਦੇ ਨੇ? ਇਹ ਦਰਦ ਜਿਸਮਾਂ ਦਾ ਨਹੀਂ ਪਗਲੀ, ਇਹ ਰੂਹਾਂ ਦਾ ਦਰਦ ਏ ਤੇ ਰੂਹਾਂ ਦੀ ਉਮਰ ਕਦੇ ਨਹੀਂ ਢਲਦੀ।"



ਤੀਵੀਂ ਨੇ ਸਿਰ ਨੀਵਾਂ ਪਾ ਲਿਆ, ਜਿਵੇਂ ਉਹਦੀ ਰੂਹ ਉਤੇ ਪਏ ਹੋਏ ਸਾਰੇ ਜ਼ਖ਼ਮ ਸਿੰਮ ਪਏ ਹੋਣ।

"ਤੈਨੂੰ ਉਹ ਦਿਨ ਭੁੱਲ ਗਿਆ ਏ ਜਦੋਂ ਇਕ ਮਰਦ ਤੇਰਾ ਹੱਥ ਫੜ ਕੇ ਮੇਰੀ ਬੇੜੀ ਵਿਚ ਬਹਿਣ ਲਈ ਆਇਆ ਸੀ ਤੇ ਫੇਰ। ਫੇਰ ਉਹ ਕੰਢੇ ਉਤੇ ਖਲੋਤੀਆਂ ਹੋਈਆਂ ਕੁੜੀਆਂ ਦੇ ਮੂੰਹ ਵੇਖ ਕੇ ਭਰਮ ਗਿਆ। ਉਹਦਾ ਦਿਲ ਸਾਬਤ ਨਾ ਰਿਹਾ, ਉਹ ਮੇਰਾ ਭਾੜਾ ਨਾ ਚੁਕਾ ਸਕਿਆ ਤੇ ਉਹ ਤੇਰਾ ਹੱਥ ਛੱਡ ਕੇ ਕੰਢੇ ਦੀ ਭੀੜ ਵਿਚ ਗੁਆਚ ਗਿਆ।"

"ਬਸ ਕਰ ਬਸ ਕਰ, ਮੇਰੇ ਜ਼ਖ਼ਮਾਂ ਨੂੰ ਨਾ ਉਚੇੜ", ਤੀਵੀਂ ਰੋਣ ਲੱਗ ਪਈ।

"ਅੱਛਾ, ਚੁੱਪ ਕਰ ਜਾ! ਮੈਂ ਕੋਈ ਨਹੀਂ ਉਹਦੀ ਗੱਲ ਕਰਦਾ। ਸੁਣਾ ਤੇਰੇ ਸ਼ਹਿਰ ਦਾ ਕੀ ਹਾਲ ਏ? ਦੁਨੀਆਂ ਆਖਦੇ ਨੇ ਨਾ ਤੇਰੇ ਸ਼ਹਿਰ ਨੂੰ?"

"ਮੇਰੇ ਸ਼ਹਿਰ ਦਾ ਹਾਲ ਤੇਰੇ ਕੋਲੋਂ ਕੋਈ ਗੁੱਝਾ ਏ?" ਤੀਵੀਂ ਨੇ ਸਿਸਕੀਆਂ ਭਰ ਕੇ ਆਖਿਆ।

"ਮੈਂ ਸ਼ਹਿਰ ਵਿਚ ਤਾਂ ਕਦੇ ਗਿਆ ਨਹੀਂ, ਇੱਥੋਂ ਕੰਢੇ ਕੋਲੋਂ ਹੀ ਮੁੜ ਜਾਨਾ ਵਾਂ, ਤੀਵੀਆਂ ਅਤੇ ਮਰਦ ਕਿਵੇਂ ਰਹਿੰਦੇ ਨੇ ਆਪੋ ਵਿਚ?"

"ਤੀਵੀਆਂ ਨੂੰ ਝੱਖੜ ਝਾਂਜੇ ਤੋਂ ਬਚਣ ਲਈ ਘਰਾਂ ਦੀ ਓਟ ਚਾਹੀਦੀ ਏ, ਤੇ ਮਰਦਾਂ ਨੂੰ ਦਿਨ ਰਾਤ ਦੀ ਗੁਲਾਮੀ ਕਰਨ ਵਾਲਾ ਤੀਵੀਂ ਤੋਂ ਚੰਗਾ ਕੋਈ ਗੁਲਾਮ ਨਹੀਂ ਮਿਲ ਸਕਦਾ; ਇਸ ਲਈ ਰੋਟੀ ਕੱਪੜਾ ਦੇ ਕੇ ਮਰਦ ਇਹ ਸੌਦਾ ਕਰ ਲੈਂਦੇ ਨੇ। ਵਿਆਹ ਆਖਦੇ ਨੇ ਸਾਡੇ ਸ਼ਹਿਰ ਵਿਚ ਇਹਨੂੰ।"

"ਏਸ ਵਿਆਹ ਨਾਲ ਉਨ੍ਹਾਂ ਦੀ ਉਮਰ ਰੱਜੀ ਰਹਿੰਦੀ ਏ?"

"ਰੱਜੀ ਕਾਹਨੂੰ ਰਹਿੰਦੀ ਏ, ਹਾਬੜੀ ਰਹਿੰਦੀ ਏ। ਕਦੇ ਹਨੇਰੇ ਸਵੇਰੇ ਕੋਈ ਮਰਦ ਘੜੀ ਭਰ ਲਈ ਕਿਸੇ ਦੀ ਤੀਵੀਂ ਚੁਰਾ ਲੈਂਦਾ ਏ, ਤੇ ਕੋਈ ਤੀਵੀਂ ਘੜੀ ਭਰ ਲਈ ਕਿਸੇ ਦਾ ਮਰਦ ਖੋਹ ਲੈਂਦੀ ਏ।"

"ਕਹਿੰਦੇ ਨੇ ਹੁਣ ਤੁਹਾਡੇ ਸ਼ਹਿਰ ਵਿਚ ਬੜੀਆਂ ਸੋਹਣੀਆਂ ਇਮਾਰਤਾਂ ਬਣ ਗਈਆਂ ਨੇ, ਉਥੇ ਲੋਕ ਰਲ ਕੇ ਬਹਿੰਦੇ, ਬੜੇ ਹੱਸਦੇ, ਗਾਉਂਦੇ ਤੇ ਨੱਚਦੇ ਨੇ।"

"ਤੈਨੂੰ ਤਾਂ ਪਤਾ ਏ ਕਿ ਪਹਿਲਾਂ ਇਸ ਸਮੁੰਦਰ ਦਾ ਪਾਣੀ ਬੜਾ ਮਿੱਠਾ ਹੁੰਦਾ ਸੀ, ਫੇਰ ਲੋਕਾਂ ਨੇ ਆਪਣੇ ਜੂਠੇ ਕੌਲ ਕਰਾਰ ਇਸ ਵਿਚ ਪਾਣੇ ਸ਼ੁਰੂ ਕਰ ਦਿੱਤੇ, ਤੇ ਸਮੁੰਦਰ ਦਾ ਪਾਣੀ ਖਾਰਾ ਹੋ ਗਿਆ। ਹੁਣ ਲੋਕ ਚੌਲਾਂ ਨੂੰ ਤੇ ਫਲਾਂ ਨੂੰ ਕਾੜ੍ਹ ਕੇ ਕੋਈ ਪਾਣੀ ਜਿਹਾ ਬਣਾ ਲੈਂਦੇ ਨੇ, ਉਸ ਪਾਣੀ ਵਿਚ ਪਤਾ ਨਹੀਂ ਕੀ ਹੁੰਦਾ ਏ, ਲੋਕ ਪੀਂਦੇ ਨੇ ਤੇ ਘੜੀ ਭਰ ਲਈ ਉਚੀ ਉਚੀ ਹੱਸਣ ਲੱਗ ਪੈਂਦੇ ਨੇ, ਗੌਣ ਵੀ ਲੱਗ ਪੈਂਦੇ ਨੇ, ਨੱਚਣ ਵੀ ਲੱਗ ਪੈਂਦੇ ਨੇ। ਫਿਰ ਉਸ ਪਾਣੀ ਦਾ ਜ਼ੋਰ ਲਹਿ ਜਾਂਦਾ ਏ ਤੇ ਉਹ ਪੀਲੇ ਭੂਕ ਹੋ ਕੇ ਬਹਿ ਜਾਂਦੇ ਨੇ।"

"ਲੋਕਾਂ ਦਾ ਤੇ ਹਾਕਮਾਂ ਦਾ ਕਿਹੋ ਜਿਹਾ ਰਿਸ਼ਤਾ ਏ ਆਪੋ ਵਿਚ?"

"ਹਕੂਮਤ ਦੀ ਕੁਰਸੀ ਪਤਾ ਨਹੀਂ ਕਿਹੜੀ ਲੱਕੜ ਦੀ ਬਣੀ ਹੋਈ ਹੁੰਦੀ ਏ, ਅਕਸਰ ਜਿਹੜਾ ਕੋਈ ਉਸ ਕੁਰਸੀ ਉਤੇ ਬਹਿੰਦਾ ਏ, ਉਹਦਾ ਸਿਰ ਭੌਂ ਜਾਂਦਾ ਏ!"

"ਲੋਕ ਮਿਹਨਤੀ ਕਿੰਨੇ ਕੁ ਨੇ?"

"ਕਈ ਤਾਂ ਹੱਡ-ਤੋੜਵੀਂ ਮਿਹਨਤ ਕਰਦੇ ਨੇ, ਤੇ ਕਈ ਆਪਣੇ ਅੰਗਾਂ ਨੂੰ ਹਿਲਾਂਦੇ ਵੀ ਨਹੀਂ; ਪਰ ਜਿਹੜੇ ਲੋਕ ਆਪਣੇ ਅੰਗ ਨਹੀਂ ਹਿਲਾਂਦੇ, ਉਨ੍ਹਾਂ ਨੂੰ ਬੜੀ ਜਾਚ ਆਉਂਦੀ ਏ, ਉਹ ਦੂਜਿਆਂ ਦੀ ਮਿਹਨਤ ਦਾ ਸਾਰਾ ਮੁੱਲ ਆਪ ਲੈ ਲੈਂਦੇ ਨੇ।"

"ਇਨਸਾਫ਼ ਕੋਈ ਨਹੀਂ ਤੁਹਾਡੇ ਸ਼ਹਿਰ ਵਿਚ?"

"ਕਹਿੰਦੇ ਨੇ ਲੋਕਾਂ ਨੇ ਉਹਦੇ ਉਤੇ ਬਗਾਵਤ ਦਾ ਫ਼ਤਵਾ ਲਾ ਕੇ ਉਹਨੂੰ ਆਪਣੇ ਸ਼ਹਿਰੋਂ ਕੱਢ ਛੱਡਿਆ ਏ।"

"ਫੇਰ ਇਨਸਾਫ਼ ਹੁਣ ਰਹਿੰਦਾ ਕਿੱਥੇ ਵੇ?"

"ਕਿਤੇ ਲੁਕਿਆ ਛਿਪਿਆ ਕਿਸੇ ਦੇ ਮਨ ਵਿਚ ਰਹਿੰਦਾ ਏ, ਹੁਣ ਉਹ ਕਚਹਿਰੀਆਂ ਵਿਚ ਨਹੀਂ ਰਹਿੰਦਾ।"

"ਸੁਣਿਆਂ ਏ ਲੋਕਾਂ ਨੇ ਬੜੀਆਂ ਨਵੀਆਂ ਕਾਢਾਂ ਕੱਢ ਲਈਆਂ ਨੇ?"

"ਜਿਵੇਂ ਅੰਜਾਣੇ ਦੇ ਹੱਥ ਵਿਚ ਛੁਰੀ ਆ ਜਾਏ ਤਾਂ ਉਹ ਕੁਝ ਘੜਨ ਦੀ ਥਾਂਵੇਂ ਵੱਢੀ ਟੁੱਕੀ ਜਾਂਦਾ ਏ। ਇੰਝ ਹੀ ਪਹਿਲੋਂ ਲੋਕ ਨਵੀਆਂ ਕਾਢਾਂ ਕੱਢਦੇ ਨੇ ਤੇ ਫੇਰ ਉਹਦੇ ਨਾਲ ਦੁਨੀਆਂ ਨੂੰ ਢਾਹਣ ਲੱਗ ਪੈਂਦੇ ਨੇ।"

"ਹੋਰ ਕੀ ਪੁੱਛਾਂ ਮੈਂ? ਜੋ ਕੁਝ ਪੁੱਛਿਆ ਏ, ਉਹੀ ਬੜਾ ਏ।"

"ਕੁਝ ਨਾ ਪੁੱਛੋ! ਤੇ ਨਾਲੇ ਤੂੰ ਤਾਂ ਪੁੱਛੇਂ ਜੇ ਤੈਨੂੰ ਪਤਾ ਨਾ ਹੋਵੇ। ਤੂੰ ਸੱਭੋ ਕੁਝ ਜਾਣਦਾ ਏਂ, ਬੜਾ ਖ਼ਚਰਾ ਏ।"

"ਹਾਂ ਸੱਚ, ਤੁਹਾਡੇ ਸ਼ਹਿਰ ਵਿਚ ਲਿਖਾਰੀ ਵੀ ਤਾਂ ਹੋਣਗੇ?"

"ਹਾਂ ਹੈਣ ਤਾਂ ਸਹੀ, ਪਰ ਉਹ ਉਚਾ ਨਹੀਂ ਉਭਾਸਰ ਸਕਦੇ, ਨਹੀਂ ਤਾਂ ਲੋਕ ਉਨ੍ਹਾਂ ਨੂੰ ਵੀ ਸ਼ਹਿਰੋਂ ਕੱਢ ਦੇਣ। ਚਿੰਨ੍ਹਾਂ ਸੰਕੇਤਾਂ ਨਾਲ ਉਹ ਜ਼ਿੰਦਗੀ ਦੀ ਵਾਦੀ ਦੀਆਂ ਗੱਲਾਂ ਕਰਦੇ ਨੇ, ਤੇ ਇਸ ਮਨ ਦੇ ਸਮੁੰਦਰ ਦੀਆਂ ਗੱਲਾਂ ਤੇ ਤੇਰੀਆਂ ਗੱਲਾਂ। ਤੂੰ ਮਲਾਹ ਜੁ ਹੋਇਓਂ ਬੇੜੀ ਦਾ।"

"ਮੇਰਾ ਨਾਂ ਉਨ੍ਹਾਂ ਨੂੰ ਪਤਾ ਏ?"

"ਤੇਰਾ ਨਾਂ ਕੋਈ ਲੁਕਿਆ ਛਿਪਿਆ ਏ? ਸਾਰੇ ਜਾਣਦੇ ਨੇ ਤੇਰੇ ਨਾਂ ਨੂੰ 'ਸੁਪਨਾ'!"

ਮਲਾਹ ਨੇ ਹਉਕਾ ਭਰਿਆ ਤੇ ਆਖਣ ਲੱਗਾ, "ਫੇਰ ਕਦੇ ਉਹ ਮੇਰੀ ਬੇੜੀ ਵਿਚ ਚੜ੍ਹ ਕੇ ਇਸ ਸਮੁੰਦਰ ਨੂੰ ਪਾਰ ਕਿਉਂ ਨਹੀਂ ਕਰਦੇ?"

"ਤੇਰੀ ਸ਼ਰਤ ਨਹੀਂ ਪੁੱਗਦੀ ਕਿਸੇ ਕੋਲੋਂ", ਤੀਵੀਂ ਨੇ ਠੰਢਾ ਸਾਹ ਲਿਆ ਤੇ ਆਖਿਆ, "ਤਨ ਦੇ ਬੋਝੇ ਵਿਚ ਕਈਆਂ ਕੋਲ ਮਨ ਦਾ ਭਾੜਾ ਹੈਗਾ ਏ ਦੇਣ ਲਈ, ਪਰ ਉਨ੍ਹਾਂ ਨੂੰ ਉਨ੍ਹਾਂ ਦਾ ਸਾਥੀ ਨਹੀਂ ਮਿਲਦਾ। ਤੇਰੇ ਗੀਤ ਨੂੰ ਉਨ੍ਹਾਂ ਨੇ ਕਈ ਵਾਰ ਗਾਇਆ ਏ, ਪਰ ਉਨ੍ਹਾਂ ਦੇ ਸਾਥੀ ਇਸ ਗੀਤ ਦਾ ਹੁੰਗਾਰਾ ਨਹੀਂ ਭਰਦੇ।"

ਮਲਾਹ ਨੇ ਸਿਰ ਨੀਵਾਂ ਪਾ ਲਿਆ।

"ਇਕ ਗੱਲ ਪੁੱਛਾਂ?" ਤੀਵੀਂ ਨੇ ਹੌਲੀ ਜਿਹੀ ਆਖਿਆ।

"ਪੁੱਛ।"

"ਉਹਦਾ ਕੀ ਹਾਲ ਏ? ਤੂੰ ਕਦੇ ਵੇਖਿਆ ਹੋਵੇਗਾ ਉਹਨੂੰ?"

"ਕਿਹਨੂੰ?"

"ਕਾਹਨੂੰ ਮਸ਼ਕਰੀ ਕਰਨਾ ਏਂ? ਉਹੀਓ, ਜਿਹੜਾ ਇਕ ਦਿਨ ਮੇਰਾ ਹੱਥ ਫੜ ਕੇ ਮੈਨੂੰ ਤੇਰੀ ਬੇੜੀ ਵਿਚ ਬਿਠਾਣ ਲਈ ਲਿਆਇਆ ਸੀ।"

"ਤੂੰ ਹੁਣ ਕਾਹਨੂੰ ਉਹਦਾ ਹਾਲ ਪੁੱਛਦੀ ਏਂ?"

"ਐਵੇਂ ਹੀ।"

"ਤੂੰ ਜਿਵੇਂ ਨਾਰੀਅਲ ਵੇਚਦੀ ਏਂ, ਉਹ ਚਾਹ ਵੇਚਦਾ ਏ।"

"ਕੋਈ ਤੀਵੀਂ ਉਹਦੇ ਕੋਲ ਹੋਵੇਗੀ?"

"ਹਾਂ ਬਥੇਰੀਆਂ ਆਈਆਂ ਤੇ ਬਥੇਰੀਆਂ ਗਈਆਂ।"

"ਉਹ ਕਿਸੇ ਦਾ ਹੱਥ ਫੜ ਕੇ ਤੇਰੀ ਬੇੜੀ ਵਿਚ ਕਿਉਂ ਨਹੀਂ ਚੜ੍ਹਿਆ?

"ਹੁਣ ਉਹਦੇ ਬੋਝੇ ਵਿਚ ਭਾੜਾ ਕਿੱਥੇ ਵੇ ਮੈਨੂੰ ਦੇਣ ਲਈ।"

ਤੀਵੀਂ ਨੇ ਫੇਰ ਅੱਖਾਂ ਭਰ ਲਈਆਂ।

"ਮੈਂ ਜਾਵਾਂ ਹੁਣ?" ਮਲਾਹ ਨੇ ਪੁੱਛਿਆ।

"ਜਿਵੇਂ ਤੇਰੀ ਮਰਜ਼ੀ।"

"ਮੇਰੀ ਜਨਾਨੀ ਮੈਨੂੰ ਉਡੀਕਦੀ ਹੋਵੇਗੀ। ਮੇਰੀ ਕਲਪਨਾ...।" ਤੇ ਮਲਾਹ ਉਠ ਬੈਠਾ।

ਤੀਵੀਂ ਨੇ ਆਪਣੀ ਝੁੱਗੀ ਦਾ ਬੂਹਾ ਭੀੜ ਲਿਆ। ਦੀਵਾ ਬੁਝਾ ਦਿੱਤਾ। ਬਾਹਰ ਸਮੁੰਦਰ ਦੀਆਂ ਛੱਲਾਂ ਸਾਜ਼ ਵਾਂਗ ਵੱਜਦੀਆਂ ਪਈਆਂ ਸਨ, ਚੱਪੂਆਂ ਦੀ ਆਵਾਜ਼ ਉਹਨੂੰ ਤਾਲ ਦਿੰਦੀ ਪਈ ਸੀ, ਤੇ ਮਲਾਹ ਦਾ ਗੀਤ ਕੰਢੇ ਕੋਲੋਂ ਦੂਰ ਜਾ ਰਿਹਾ ਸੀ।



# ੴ ਵਿਚ ਪ੍ਰਵੇਸ਼

**ਗੁਰਮਤਿ ਗਿਆਨ**

ਦਿਲ ਅਤੇ ਬੁੱਧੀ ਦਾ ਮੇਲ ਧਰਮ ਹੈ। ਜਿਥੇ ਹਿਰਦਾ ਇਕੱਲਾ ਰਹੇ ਅਤੇ ਬੁੱਧੀ ਨੂੰ ਹਟਾ ਦੇਵੇ, ਉਥੇ ਕਲਪਨਾ ਦਾ ਜਗਤ ਸ਼ੁਰੂ ਹੁੰਦਾ ਹੈ। ਜੇ ਬੁੱਧੀ ਇਕੱਲੀ ਰਹੇ ਅਤੇ ਹਿਰਦੇ ਨੂੰ ਹਟਾ ਦੇਵੇ, ਉਥੇ ਵਿਗਿਆਨ ਉਪਜਦਾ ਹੈ। ਜੇ ਹਿਰਦਾ ਅਤੇ ਬੁੱਧੀ ਦੋਨੋਂ ਮਿਲ ਜਾਣ ਤਾਂ ਧਰਮ ਸ਼ੁਰੂ ਹੁੰਦਾ ਹੈ; ੴ ਵਿਚ ਪ੍ਰਵੇਸ਼ ਹੁੰਦਾ ਹੈ। ਵਿਗਿਆਨੀ ਸਤਯ ਦੀ ਖੋਜ ਕਰਦਾ ਹੈ, ਧਰਮੀ ਸਤਿ ਨਾਲ ਜੁੜਿਆ ਹੁੰਦਾ

**ਹਰਪਾਲ ਸਿੰਘ**
ਫੋਨ: 916-236-8830

ਹੈ। ਦਿਲ ਅਤੇ ਬੁੱਧੀ ਦਾ ਸੁਮੇਲ ਧਰਮ ਹੈ।

ਗੁਰਬਾਣੀ ਸਤਯ ਹੈ, ਸਤਯ ਹੀ ਗੁਰਬਾਣੀ ਹੈ। ਸਤਯ ਨੂੰ ਜਾਣਨ ਲਈ ਦੋ ਰਾਹ ਹਨ: ਬਿਬੇਕ ਬੁੱਧੀ (ਤਰਕ) ਅਤੇ ਸਮਰਪਣ।

**ਬਿਬੇਕ ਬੁੱਧੀ:** ਮੈਂ ਹਾਂ, ਮੇਰੀ ਖੁਦੀ ਹੈ-ਤਰਕ ਦਾ ਸਿੱਧਾ ਸਬੰਧ ਵਿਚਾਰ ਨਾਲ ਹੈ। ਜਿਥੇ ਵਿਚਾਰ ਹੈ, ਉਥੇ ਮੈਂ ਹਾਂ। ਜਿਥੇ ਮੈਂ ਹਾਂ, ਉਥੇ ਹੰਕਾਰ ਹੈ। ਜਿਥੇ ਹੰਕਾਰ ਹੈ, ਉਥੇ ਸੰਘਰਸ਼ ਹੈ। ਸੰਘਰਸ਼, ਮੇਰੀ ਮਰਜ਼ੀ, ਮੇਰੀ ਮਰਜ਼ੀ ਹੀ ਮੈਨੂੰ ਪ੍ਰਭੂ ਤੋਂ ਵੱਖਰਾ ਕਰਦੀ ਹੈ। ਸੰਘਰਸ਼ ਲਿਆਵੇਗਾ ਤਣਾਅ, ਚਿੰਤਾ, ਅਸ਼ਾਂਤੀ। ਸੰਸਾਰੀ ਉਹ ਹੈ ਜੋ ਸੰਘਰਸ਼ ਕਰ ਰਿਹਾ ਹੈ; ਆਪਣੇ ਨਾਲ ਹੀ ਨਹੀਂ, ਸਗੋਂ ਪ੍ਰਭੂ ਨਾਲ ਵੀ। ਤੁਹਾਡੀਆਂ ਇੱਛਾਵਾਂ, ਤੁਹਾਡੀਆਂ ਵਾਸਨਾਵਾਂ ਨੇ ਤੁਹਾਨੂੰ ਹਰ ਪਾਸਿਉਂ ਘੇਰਿਆ ਹੋਇਆ ਹੈ। ਕਿਸੇ ਜਾਲ ਵਿਚ ਲਿਪਟੇ ਜੀ ਰਹੇ ਹੋ। ਹਰ ਘੜੀ ਹਰ ਪਲ ਹੰਕਾਰ ਪੱਥਰ ਵਾਂਗ ਤੁਹਾਡੇ ਗਲੇ ਵਿਚ ਲਟਕਿਆ ਹੋਇਆ ਹੈ। ਕਹਿਣ ਨੂੰ ਤੁਸੀਂ ਧਾਰਮਿਕ ਹੋ, ਪਰ ਤੁਹਾਡੇ ਵਰਗਾ ਢੋਂਗੀ ਦੂਜਾ ਕੋਈ ਨਹੀਂ ਹੈ। ਮੰਦਰ, ਮਸਜਿਦ, ਗੁਰਦੁਆਰੇ, ਚਰਚ ਕੌਣ ਜਾ ਰਿਹਾ ਹੈ? ਤੁਹਾਡਾ ਹੰਕਾਰ ਹੀ ਜਾ ਰਿਹਾ ਹੈ! ਤੁਹਾਡੀ ਬਿਰਤੀ ਪਰਮਾਤਮਾ ਨਾਲ ਸੰਘਰਸ਼ ਕਰਨ ਦੀ ਹੈ। ਜੋ ਤੁਹਾਨੂੰ ਚੰਗਾ ਲੱਗਦਾ ਹੈ, ਜੋ ਤੁਹਾਡੇ ਹੰਕਾਰ ਨੂੰ ਹੁਲਾਰਾ ਦੇ ਰਿਹਾ ਹੈ, ਤੁਸੀਂ ਉਹੀ ਸੁਣ ਰਹੇ ਹੋ। ਬਾਕੀ ਸਭ ਕੁਝ ਨਾਲ ਤੁਹਾਡਾ ਕੋਈ ਲੈਣਾ-ਦੇਣਾ ਨਹੀਂ।

ਹੰਕਾਰੀ ਦੇ ਪਿੱਛੇ ਘ੍ਰਿਣਾ, ਕ੍ਰੋਧ, ਮੋਹ, ਲੋਭ ਅਤੇ ਹੋਰਿਆ ਚਲਦੀ ਹੈ। ਜਾ ਰਹੇ ਹੋ ਤੀਰਥੀਂ; ਪੂਜ ਰਹੇ ਹੋ ਦੇਵੀਆਂ; ਵੇਦ, ਕਤੇਬ ਤੇ ਗ੍ਰੰਥਾਂ ਦਾ ਗੁਣ-ਗਾਨ ਕਰ ਰਹੇ ਹੋ; ਹੋ ਤਾਂ ਤੁਸੀਂ ਹੀ- ਗੁਰੂ ਤੇ ਪ੍ਰਭੂ ਵਿਚਕਾਰ ਤੁਹਾਡਾ ਹੰਕਾਰ ਖੜ੍ਹਾ ਹੈ। ਆਪਣੇ ਹੰਕਾਰ ਕਾਰਨ, ਆਪਣੀ ਹਉਮੈ ਕਾਰਨ ਤੁਸੀਂ ਉਸ ਦੀ ਮਿਹਰ ਤੋਂ ਵਾਂਝੇ ਰਹਿ ਜਾਂਦੇ ਹੋ। ਸੂਰਜ ਵੱਲ ਤਾਂ ਤੁਸੀਂ ਪਿੱਠ ਕਰੀ ਖੜ੍ਹੇ ਹੋ, ਰੋਸ਼ਨੀ ਤੁਹਾਡੇ ਵਿਹੜੇ ਵਿਚ ਕਿਵੇਂ ਆਵੇਗੀ? ਹਉਮੈ ਦੀਆਂ ਕਾਲੀਆਂ ਕੰਧਾਂ ਨਾਲ ਤੁਹਾਡਾ ਮਨ ਵੀ ਕਾਲਾ ਹੋ ਗਿਆ ਹੈ। ਹਿੰਦੂ ਉਹੀ ਸੁਣ ਰਿਹਾ ਹੈ ਜੋ ਉਸ ਨੂੰ ਹਿੰਦੂ ਬਣਾ ਦੇਵੇ; ਸਿੱਖ ਉਹੀ ਸੁਣ ਰਿਹਾ ਹੈ ਜੋ ਉਸ ਨੂੰ ਸਿੱਖ ਬਣਾ ਦੇਵੇ; ਮੁਸਲਮਾਨ ਉਹੀ ਸੁਣ ਰਿਹਾ ਹੈ ਜੋ ਉਸ ਨੂੰ ਜਹਾਦੀ ਬਣਾ ਦੇਵੇ। ਸੁਣਨ ਨਾਲ, ਜਨਮ ਲੈਣ ਨਾਲ ਤੁਸੀਂ ਆਦਮੀ ਤਾਂ ਬਣ ਸਕਦੇ ਹੋ, ਇਨਸਾਨ ਨਹੀਂ।

ਕਰਮੁ ਨ ਜਾਣਾ ਧਰਮੁ ਨ ਜਾਣਾ
ਲੋਭੀ ਮਾਇਆਧਾਰੀ॥

ਤਰਕ ਦਾ ਦੂਜਾ ਪੱਖ ਇਹ ਵੀ ਹੈ ਕਿ ਜਦ ਉਸ ਦੀ ਕ੍ਰਿਪਾ ਨਾਲ ਹੀ ਸਭ ਕੁਝ ਹੋਣਾ ਹੈ ਤਾਂ ਮੈਨੂੰ ਕੁਝ ਕਰਨ ਦੀ ਲੋੜ ਨਹੀਂ, ਸਭ ਆਪੇ ਆਪ ਹੋ ਜਾਵੇਗਾ। ਅਸੀਂ ਕੀ ਕਰ ਸਕਦੇ ਹਾਂ? ਜਦੋਂ ਉਸ ਦੀ ਮਿਹਰ ਹੋਵੇਗੀ, ਤਦ ਹੋ ਜਾਵੇਗਾ; ਪਰ ਅਸੀਂ ਇਹ ਕਿਉਂ ਭੁੱਲ ਜਾਂਦੇ ਹਾਂ ਕਿ ਉਸ ਦੀ ਕ੍ਰਿਪਾ ਦ੍ਰਿਸ਼ਟੀ ਲੈਣ ਲਈ ਸਾਨੂੰ ਵੀ ਆਪਣੇ ਆਪ ਨੂੰ ਤਿਆਰ ਕਰਨਾ ਪਵੇਗਾ, ਯਤਨ ਕਰਨੇ ਪੈਣਗੇ ਤਾਂ ਕਿ ਅਸੀਂ ਉਸ ਦੀ ਕ੍ਰਿਪਾ ਦ੍ਰਿਸ਼ਟੀ ਲੈਣ ਦੇ ਕਾਬਲ ਹੋ ਸਕੀਏ। ਜਿਵੇਂ ਪ੍ਰੇਮੀ, ਪ੍ਰੇਮਿਕਾ ਦਾ ਪ੍ਰੇਮ ਲੈਣ ਲਈ ਆਪਣੇ ਆਪ ਨੂੰ ਸੰਵਾਰਦਾ, ਸ਼ਿੰਗਾਰਦਾ ਹੈ; ਸੌ ਯਤਨ ਕਰਦਾ ਹੈ ਕਿ ਮੈਂ ਕਿਵੇਂ ਸਵੀਕਾਰ ਹੋ ਜਾਵਾਂ, ਉਹੀ ਯਤਨ ਸਾਨੂੰ ਕਰਨੇ ਪੈਣਗੇ। ਗੁਰੂ ਤੋਂ ਭਿਖਸ਼ਾ ਲੈਣ ਲਈ ਸ਼ਿਸ਼ ਨੂੰ ਯਤਨ ਕਰਨੇ ਪੈਣਗੇ। ਉਸ ਦੀ ਕ੍ਰਿਪਾ ਦ੍ਰਿਸ਼ਟੀ ਉਸੇ ਉਤੇ ਹੋਵੇਗੀ, ਜੋ ਆਪਣੇ ਆਪ ਨੂੰ ਤਿਆਰ ਕਰਦਾ ਹੈ। ਕ੍ਰਿਪਾ ਦ੍ਰਿਸ਼ਟੀ ਦਾ ਅਰਥ ਇਹ ਵੀ ਨਹੀਂ ਕਿ ਉਹ ਪੱਖਪਾਤੀ ਹੈ, ਉਹ ਕੇਵਲ ਆਪਣੇ ਭਗਤਾਂ ਉਤੇ ਹੀ ਕ੍ਰਿਪਾ ਕਰਦਾ ਹੈ, ਦੁਸ਼ਟਾਂ ਨੂੰ ਛੱਡ ਦਿੰਦਾ ਹੈ। ਸੂਰਜ ਦੀ ਰੋਸ਼ਨੀ ਲਈ ਫੁੱਲ ਅਤੇ ਮੈਲ ਵਿਚ ਕੋਈ ਅੰਤਰ ਨਹੀਂ। ਤੁਸੀਂ ਉਸ ਦੀ ਮਿਹਰ ਦੇ ਭਾਗੀ ਬਣਨ ਦਾ ਯਤਨ ਕਰੋ। ਤੁਹਾਡਾ ਯਤਨ ਹੀ ਤੁਹਾਨੂੰ ਉਸ ਦੀ ਮਿਹਰ ਦਾ ਭਾਗੀ ਬਣਾ ਦੇਵੇਗਾ। ਪਰਮਾਤਮਾ ਦਿਨ ਰਾਤ ਵਰ੍ਹ ਰਿਹਾ ਹੈ। ਬਸ, ਆਪਣੇ ਘੜੇ ਨੂੰ ਸਿੱਧਾ ਰੱਖੋ। ਘੜੇ ਨੂੰ ਸਿੱਧਾ ਰੱਖਣ ਲਈ ਯਤਨ ਤਾਂ ਕਰਨੇ ਹੀ ਪੈਣਗੇ।

**ਸਮਰਪਣ:** ਮਨ ਤੋਂ ਪਾਰ ਚਲੇ ਜਾਣਾ ਹੀ ਸਮਰਪਣ ਹੈ। ਸਮਰਪਣ ਦਾ ਨਾਂ ਹੈ ਸ਼ਰਧਾ; ਚੇਲਾ ਹੋ ਜਾਣਾ, ਸ਼ਿਸ਼ ਹੋ ਜਾਣਾ, ਸਿੱਖ ਹੋ ਜਾਣਾ। ਜੋ ਆਪਣੀ ਆਕੜ ਵਿਚ ਜੀਅ ਰਿਹਾ ਹੈ, ਉਹ ਸਿੱਖ ਨਹੀਂ। ਤੁਹਾਡੇ ਬਸਤਰ, ਚੋਲਾ, ਪਾਠ ਅਭਿਆਸ, ਦਾਨ-ਪੁੰਨ ਕਰਨ ਪਿੱਛੇ ਤੁਹਾਡਾ ਹੰਕਾਰ ਖੜ੍ਹਾ ਹੈ। ਤੁਸੀਂ ਕੁਝ ਵੀ ਸੁਣਨ ਨੂੰ ਤਿਆਰ ਨਹੀਂ ਹੋ। ਜੋ ਸੁਣ ਨਹੀਂ ਸਕਦਾ, ਉਹ ਮੰਨ ਕਿਸ ਤਰ੍ਹਾਂ ਲਵੇਗਾ? ਮੰਨੇਗਾ ਨਹੀਂ ਤਾਂ ਸਮਰਪਣ ਕਿਸ ਤਰ੍ਹਾਂ ਕਰੇਗਾ? ਸਿੱਖ ਉਹ ਹੈ ਜੋ ਪੂਰਵ ਹਿਰਦੇ ਨਾਲ ਉਸ ਦੀ ਸਿੱਖਿਆ ਨੂੰ ਸੁਣਦਾ ਹੈ, ਮੰਨਦਾ ਹੈ ਅਤੇ ਸਮਰਪਣ ਕਰਦਾ ਹੈ।

ਫੈਸਲਾ ਕਰਨ ਵਾਲਾ ਤੂੰ ਹੈਂ। ਬਸ ਤੂੰ ਹੀ ਤੂੰ ਹੈਂ। ਸੁਲਤਾਨਪੁਰ ਵਿਚ ਤੇਰਾ ਤੇਰਾ ਕਰਦਾ ਨਾਨਕ ਤੇਰਾ ਹੀ ਹੋ ਗਿਆ। ਜੋ ਤੇਰੀ ਮਰਜ਼ੀ। ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਬਸ ਇਹ ਹੀ ਸਮਰਪਣ ਹੈ। ਗੁਆਉਗੇ ਆਪਣੇ ਕਾਰਨ; ਮਿਲੇਗਾ ਉਸ ਦੇ ਪ੍ਰਸਾਦਿ ਨਾਲ। ਜੇ ਮੈਂ ਗੁਆ ਰਿਹਾ ਹਾਂ, ਤਾਂ ਮੈਂ ਹੀ ਕੁਝ ਪੁੱਠਾ ਹਾਂ। ਤੁਹਾਡੀ ਕੋਸ਼ਿਸ਼ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਜੇ ਤੁਹਾਡੀ ਕੋਸ਼ਿਸ਼ ਨਾਲ ਮਿਲੇਗਾ ਤਾਂ ਉਹ ਤੁਹਾਡੇ ਤੋਂ ਛੋਟਾ ਹੋ ਜਾਏਗਾ ਅਤੇ ਜੇ ਤੁਹਾਡੇ ਤੋਂ ਛੋਟਾ ਹੋ ਗਿਆ, ਉਹ ਪਰਮਾਤਮਾ ਨਹੀਂ ਹੋ ਸਕਦਾ।

ਰਚਨਹਾਰਾ ਪ੍ਰਸਾਦਿ ਨਾਲ ਮਿਲਦਾ ਹੈ-ਉਸ ਦੀ ਕ੍ਰਿਪਾ ਨਿਰਵਿਰੋਧ ਜਾਰੀ ਹੈ। ਪਹਿਲਾਂ ਨਿੱਜ ਤੋਂ ਮੁਕਤੀ ਪਾਓ। ਜਿਸ ਘੜੀ ਤੁਸੀਂ ਹਟੇ, ਉਸੇ ਪਲ ਇਹ ਪਰਮ ਘਟਨਾ ਘਟਦੀ ਹੈ। ਹਰ ਦਿਸ਼ਾ, ਹਰ ਘੜੀ ਤੋਂ ਉਹ ਤੁਹਾਡੇ ਅੰਦਰ ਪ੍ਰਵੇਸ਼ ਕਰ ਰਿਹਾ ਹੈ। ਯਤਨ ਇਹ ਹੈ ਕਿ ਤੁਸੀਂ ਅੰਦਰੋਂ ਖਾਲੀ ਹੋ ਜਾਓ। ਜਿਵੇਂ ਤੁਹਾਡੀਆਂ ਕੋਸ਼ਿਸ਼ਾਂ ਹਟਦੀਆਂ ਹਨ, ਉਸ ਦਾ ਪ੍ਰਸਾਦਿ ਪ੍ਰਾਪਤ ਹੁੰਦਾ ਹੈ। ਨਾ ਟੁੱਟਣ ਵਾਲੀ ੴ ਦੀ ਨਾਦ ਵਜਦੀ ਹੈ।

ਕਹੁ ਨਾਨਕ ਗੁਰ ਖੋਇ ਭਰਮੁ॥
ਏਕੋ ਅਲਾਹੁ ਪਾਰ ਬ੍ਰਹਮੁ॥

ਜਦੋਂ ਕੋਈ ਸਿੱਖ ਅਕਾਲ ਪੁਰਖ ਦੀ ਅਸਚਰਜਤਾ ਨੂੰ ਕੁਦਰਤ ਵਿਚ ਦੇਖੇਗਾ ਤਾਂ ਵਿਸਮਾਦ ਵਿਚ ਆਵੇਗਾ। ਉਸ ਉਤੇ ਵਾਹੁ ਦੀ ਅਵਸਥਾ ਤਾਰੀ ਹੋ ਜਾਵੇਗੀ ਤੇ ਉਸ ਦਾ ਲੂੰ ਲੂੰ ਵਾਹਿਗੁਰੂ, ਵਾਹਿਗੁਰੂ ਪੁਕਾਰੇਗਾ। ਸੁੱਭਾਨ ਅੱਲਾ! ਵਾਹਿਗੁਰੂ ਮਨ ਦੀ ਵਿਸਮਾਦੀ ਹਾਲਤ ਦਾ ਆਖਰੀ ਚਿੰਨ੍ਹ ਹੈ। ਬਸ ਇਹ ਹੀ ਸਮਰਪਣ ਦੀ ਆਖਰੀ ਘੜੀ ਹੈ। ਸਮਰਪਣ ਹੀ ਪ੍ਰੇਮ ਦਾ ਰਾਹ ਹੈ। ਜੋ ਸਮਰਪਣ ਕਰਨਾ ਜਾਣਦਾ ਹੈ, ਉਸ ਪਿੱਛੇ ਪ੍ਰੇਮ, ਕਰੁਣਾ, ਦਯਾ ਅਤੇ ਪ੍ਰਾਰਥਨਾ ਆਪਣੇ ਆਪ ਚਲਦੀ ਹੈ। ਪ੍ਰੇਮੀ ਸਮਰਪਣ ਕਰਦਾ ਹੈ, ਮੰਗਦਾ ਕੁਝ ਨਹੀਂ। ਗਿਆਨੀ ਉਹ ਹੈ ਜੋ ਨਿਰਭਰ ਹੈ, ਜੋ ਪ੍ਰੇਮੀ ਹੈ।

# ਜ਼ਿੰਦਗੀ ਦੇ ਅਰਥਾਂ ਦੀ ਅਮੁੱਕ-ਅਟੁੱਟ ਤਲਾਸ਼

*(ਸਫਾ 25 ਦੀ ਬਾਕੀ)*

ਸੁਰਿੰਦਰ ਕੁਦਰਤ ਦੀ ਖੂਬਸੂਰਤੀ ਦਾ ਗਾਇਨ ਜਿਸ ਅੰਦਾਜ਼ ਵਿਚ ਕਰਦੀ ਹੈ, ਉਹ ਕਮਾਲ ਹੈ। ਉਥੇ ਫਿਰ ਆਤਮਾ ਦੀਆਂ ਧੁਰ ਗਹਿਰਾਈਆਂ ਵਿਚ ਉਤਰ ਗਏ ਹੋਏ ਉਸੇ ਚੁੰਮਣ ਦੇ ਰਹੱਸ ਦਾ ਜ਼ਿਕਰ ਇਸ ਪ੍ਰਕਾਰ ਨਾਵਲੀ ਬਿਆਨ ਵਿਚ ਆ ਜਾਵੇਗਾ: ਅਚਾਨਕ ਇਕ ਕੂਲੇ ਜਿਹੇ ਸਪਰਸ਼ ਦੇ ਅਹਿਸਾਸ ਨੇ ਸਾਹਿਬਜੀਤ ਨੂੰ ਚੌਂਕਾ ਕੇ ਜਗ੍ਹਾ ਦਿੱਤਾ। ਉਸ ਨੂੰ ਲੱਗਾ ਜਿਵੇਂ ਕਿਸੇ ਚੀਜ਼ ਨੇ ਉਸ ਦੇ ਮੱਥੇ ਨੂੰ ਕੋਮਲਤਾ ਨਾਲ ਛੂਹਿਆ ਹੈ। ਅੱਖਾਂ ਖੋਲ੍ਹ ਵੇਖਿਆ ਤਾਂ ਬੂਟੇ ਦਾ ਨੰਨ੍ਹਾ ਜਿਹਾ ਫੁੱਲ ਉਸ ਦੀ ਗੱਲ੍ਹ 'ਤੇ ਉਸੇ ਥਾਂ ਡਿੱਗਿਆ ਸੀ ਜਿੱਥੇ ਚੁੰਮਣ ਨੇ ਆਪਣਾ ਅਹਿਸਾਸ ਸਦਾ ਲਈ ਸੁਰੱਖਿਅਤ ਕਰ ਰੱਖਿਆ ਹੋਇਆ ਸੀ।...

ਨਾਵਲ ਦਾ ਇਹ ਪੰਨਾ ਜਦੋਂ ਮੈਂ ਪੜ੍ਹ ਰਿਹਾ ਸਾਂ ਤਾਂ ਮੈਨੂੰ ਸੁਰਿੰਦਰ ਨੀਰ ਦੀ ਸੰਵੇਦਨਾ ਦੀ ਤਾਜ਼ਗੀ 'ਤੇ ਰਸ਼ਕ ਮਹਿਸੂਸ ਹੋ ਰਿਹਾ ਸੀ।

ਹੁਣ ਇਹ ਤਾਂ ਦੱਸਣਾ ਮੁਸ਼ਕਿਲ ਹੈ ਕਿ ਕਿਉਂ ਇਸੇ ਪਰਥਾਇ ਮੈਨੂੰ ਵਾਨਗੋਗ ਦੀ ਕਥਾ ਵਿਚ ਗੁਸ਼ੇਲ ਨਾਂ ਦੀ ਚੜ੍ਹਦੀ ਉਮਰ ਦੀ ਵੇਸਵਾ ਨਾਲ ਉਸ ਦੇ ਆਪਣੇ ਹੀ ਅੰਦਾਜ਼ ਵਿਚ ਸ਼ਿੱਦਤਮਈ ਪਿਆਰ ਦੇ ਵਿਲੱਖਣ ਇਜ਼ਹਾਰ ਦੀ ਯਾਦ ਆ ਰਹੀ ਸੀ। ਗੁਸ਼ੇਲ ਬੜੀ ਪਿਆਰੀ ਕੁੜੀ ਹੈ। ਵਾਨਗੋਗ ਕੋਲ ਉਸ ਦੀਆਂ ਸੇਵਾਵਾਂ ਬਦਲੇ ਉਸ ਨੂੰ ਦੇਣ ਲਈ 5 ਫਰੈਂਕ ਨਹੀਂ ਜੁੜਦੇ ਅਤੇ ਉਹ ਕਈ ਦਿਨ ਉਸ ਦੇ ਕੋਠੇ ਉਪਰ ਨਹੀਂ ਜਾ ਸਕਦਾ। ਅਖੀਰ ਜਦੋਂ ਜਾਂਦਾ ਹੈ, ਗੁਸ਼ੇਲ ਉਸ ਨੂੰ ਨਾ ਆਉਣ ਦਾ ਕਾਰਨ ਪੁੱਛਦੀ ਹੈ ਤਾਂ ਉਹ ਉਸ ਨੂੰ ਆਪਣੀ ਮਜਬੂਰੀ ਦੱਸ ਦਿੰਦਾ ਹੈ। ਗੁਸ਼ੇਲ ਬੜੀ ਮਾਸੂਮੀਅਤ ਨਾਲ ਉਸ ਨੂੰ ਕਹਿੰਦੀ ਹੈ ਕਿ, "ਲੈ ਜੇ 5 ਫਰੈਂਕ ਨਹੀਂ ਹਨ ਤਾਂ ਕੀ ਹੈ, ਤੂੰ ਮੈਨੂੰ ਆਪਣਾ ਕੰਨ ਦੇ ਦੇਵੀਂ। ਕੰਨ ਤੇਰੇ ਮੈਨੂੰ ਡਾਢੇ ਸੋਹਣੇ ਲੱਗਦੇ ਹਨ।" ਵਾਨਗੋਗ ਗੁਸ਼ੇਲ ਨਾਲ ਚਲਿਆ ਜਾਂਦਾ ਹੈ। ਬਾਅਦ ਵਿਚ ਵਾਪਸ ਆਪਣੇ ਕਮਰੇ ਵਿਚ ਪਰਤ ਕੇ ਉਹ ਉਸਤਰੇ ਨਾਲ ਆਪਣਾ ਸੱਜਾ ਕੰਨ ਜੜੋਂ ਕੱਢ ਕੇ ਕਾਗਜ਼ ਵਿਚ ਲਪੇਟਦਾ ਹੈ ਅਤੇ ਸੌਗਾਤ ਵਜੋਂ ਗੁਸ਼ੇਲ ਨੂੰ ਜਾ ਭੇਟ ਕਰਦਾ ਹੈ।

ਸੁਰਿੰਦਰ ਨੀਰ ਬਲਬੀਰ ਦੇ ਜਿਸ ਚੁੰਮਣ ਦਾ ਜ਼ਿਕਰ ਕਰਦੀ ਹੈ, ਉਹ ਪਵਿੱਤਰ ਮਾਸੂਮੀਅਤ ਦੀ ਇੰਤਹਾ ਹੈ। ਉਸ ਬਾਰੇ ਵਾਰ-ਵਾਰ ਜ਼ਿਕਰ ਪੜ੍ਹਦਿਆਂ ਮੈਨੂੰ ਗੁਸ਼ੇਲ ਦੀ ਮੰਗ ਅਤੇ ਵਾਨਗੋਗ ਦੇ ਜੈਸਚਰ ਦੀ ਮਾਸੂਮੀਅਤ ਵੀ ਉਸੇ ਸਾਰਨੀ ਵਿਚ ਦਰਜ ਹੁੰਦੀ ਪ੍ਰਤੀਤ ਹੋਈ ਜਾਂਦੀ ਹੈ।

ਵਾਨਗੋਗ ਨੂੰ ਨਿਰਸੰਦੇਹ ਉਸੇ ਚੀਜ਼ ਦੀ ਤਲਾਸ਼ ਹੈ ਜਿਸ ਦੀ ਭਟਕਣਾ ਨਾਵਲ ਦੀ ਨਾਇਕਾ ਮਾਇਆ ਨੂੰ ਹੈ ਜਿਸ ਕਰ ਕੇ ਉਹ ਨਾ ਸਰਦਾਰਨੀ ਬਲਬੀਰ ਕੌਰ ਬਣ ਸਕਦੀ ਹੈ ਅਤੇ ਨਾ ਅੰਗਰੇਜ਼ੀ ਦੀ ਐਮ.ਏ. ਕਰ ਕੇ ਕਾਲਜ ਅਧਿਆਪਕਾ ਦੇ ਰੋਲ ਵਿਚ ਫਿੱਟ ਹੋਣ ਜਾਣ ਦੀ ਹੋਣੀ ਨੂੰ ਹੀ ਸਵੀਕਾਰ ਕਰ ਸਕਦੀ ਹੈ।

ਵਾਨਗੋਗ ਅਤੇ ਬਲਬੀਰ ਦੀ ਰੂਹਾਨੀ ਸਾਂਝ ਦਾ ਜ਼ਿਕਰ ਕਰ ਲੈਣ ਤੋਂ ਤੁਰੰਤ ਬਾਅਦ ਹੀ ਮੁੱਦਤ ਪਹਿਲਾਂ ਪੜ੍ਹੇ ਜਗਤ ਪ੍ਰਸਿੱਧ ਜਰਮਨ ਨਾਵਲਕਾਰ ਹਰਮਨ ਹੈੱਸ ਦੇ ਨਾਵਲ 'ਸਿਧਾਰਥ' ਦੀਆਂ ਯਾਦਾਂ ਉਭਰ ਆਉਂਦੀਆਂ ਹਨ। ਇਸ ਨਾਵਲ ਦੀਆਂ ਦੁਨੀਆਂ ਭਰ ਦੀਆਂ ਸਭ ਅਹਿਮ ਬੋਲੀਆਂ ਵਿਚ ਪਤਾ ਹੀ ਨਹੀਂ ਹੈ ਕਿ ਕਿਤਨੀਆਂ ਕੁ ਐਡੀਸ਼ਨਾਂ ਛਪ ਚੁੱਕੀਆਂ ਹਨ।

ਇਸ ਛੋਟੇ ਜਿਹੇ ਨਾਵਲ ਵਿਚ ਹਰਮਨ ਹੈੱਸ ਨੇ ਇਨਸਾਨੀ ਹੋਂਦ ਦੇ ਅਰਥਾਂ ਦੀ ਤਲਾਸ਼ ਦੇ ਪ੍ਰੋਜੈਕਟ ਨੂੰ ਬਹੁਤ ਹੀ ਸੁੰਦਰ ਸ਼ਬਦਾਂ ਅਤੇ ਸੰਜਮੀ ਸ਼ੈਲੀ ਵਿਚ ਇਨਵੈਸਟੀਗੇਟ ਕੀਤਾ ਹੈ, ਪਰ ਬਿਹਤਰ ਰਹੇਗਾ ਕਿ 'ਸਿਧਾਰਥ' ਨਾਵਲ ਵੱਲ ਜਾਣ ਤੋਂ ਪਹਿਲਾਂ ਬਲਬੀਰ ਦੇ ਜੀਵਨ ਸੰਗਰਾਮ ਦੇ ਕੁਝ ਹੋਰ ਅਯਾਮਾਂ ਉਪਰ ਵੀ ਨਜ਼ਰ ਮਾਰ ਲਈ ਜਾਵੇ। ਇਨ੍ਹਾਂ ਆਯਾਮਾਂ ਦੀ ਚਰਚਾ ਅਗਲੇ ਅੰਕ ਵਿਚ ਕੀਤੀ ਜਾਵੇਗੀ।

**(ਚਲਦਾ)**

# ਸ਼ਮਾਦਾਨ

*(ਸਫਾ 27 ਦੀ ਬਾਕੀ)*

ਦੀ ਕਵਿਤਾ ਹੈ। ਇਹੀ ਗ਼ਜ਼ਲ ਦੀ ਪਰਿਭਾਸ਼ਾ ਹੈ। ਪਾਤਰ ਖੁਦ ਇੱਕ ਗ਼ਜ਼ਲ ਹੈ। ਅਜਿਹੀ ਗ਼ਜ਼ਲ ਜੋ ਮਚਦੇ ਅੰਗਿਆਰਾਂ 'ਤੇ ਨੱਚ ਸਕਦੀ ਹੈ, ਪਰ ਉਨ੍ਹਾਂ ਨੂੰ ਹਥਿਆਰ ਨਹੀਂ ਬਣਾਉਂਦੀ।

ਚਿਸ਼ਤੀ ਸਿਲਸਿਲੇ ਦੀਆਂ ਮਲਫ਼ੂਜ਼ਾਤ ਵਿਚ ਆਉਂਦਾ ਹੈ ਕਿ ਫ਼ਕੀਰ ਲੋਕ ਜਦ ਕਿਸੇ ਪਿਆਰੇ 'ਤੇ ਮਿਹਰਬਾਨ ਹੁੰਦੇ ਤਾਂ ਦੁਆ ਕਰਦੇ ਕਿ "ਅੱਲਾ ਤੁਹਾਨੂੰ ਦਰਦ ਦੇਵੇ।" ਪਾਤਰ ਦੀ ਰੂਹ ਵਿਚ ਦਰਦ ਦੀ ਮੌਜੂਦਗੀ ਉਸ 'ਤੇ ਕਿਸੇ ਫ਼ਕੀਰ ਦੀ ਰਹਿਮਤ ਹੈ। ਦਰਅਸਲ ਇਹ ਮੁਹੱਬਤ ਦਾ ਦਰਦ ਹੈ ਜੋ ਕਿਸੇ ਕੰਬਦੀ ਤਰੰਗ ਵਜੋਂ ਉਸ ਦੀ ਕਵਿਤਾ ਵਿਚ ਝੁੱਲਿਆ ਹੈ।

ਖਲੀਲ ਜਿਬਰਾਨ ਦਾ ਖ਼ਿਆਲ ਹੈ ਕਿ ਮੁਹੱਬਤ ਗਾਹੁੰਦੀ ਹੈ ਤਾਂ ਜੋ ਤੂੜੀ ਤੋਂ ਦਾਣਾ ਅਲਹਿਦਾ ਹੋਵੇ। ਛੱਟਦੀ ਹੈ ਤਾਂ ਜੋ ਕੂੜੇ ਤੋਂ ਮੁਕਤ ਹੋਇਆ ਜਾਵੇ। ਪਾਰਦਰਸ਼ਤਾ ਲਈ ਪੀਸਦੀ ਹੈ ਤੇ ਹਲੀਮੀ ਲਈ ਗੁੰਨ੍ਹਦੀ ਹੈ। ਤਵੇ 'ਤੇ ਪਕਾਉਂਦੀ ਹੈ ਜੋ ਕਿਸੇ ਪਿਆਰੇ ਅੱਗੇ ਪ੍ਰਸ਼ਾਦ ਬਣ ਪੇਸ਼ ਹੋਇਆ ਜਾ ਸਕੇ। ਪਾਤਰ ਦੀ ਕਵਿਤਾ ਨਿਮਰ ਚਾਹਤ 'ਚੋਂ ਉਪਜੇ ਦਰਦ ਦਾ ਪ੍ਰਸ਼ਾਦ ਹੈ।

ਤੱਤੀ ਤਵੀ 'ਤੇ ਆਸਣ ਲਾ ਖ਼ਲਕਤ ਦੀ ਤਪਸ਼ ਹਰਨ ਵਾਲੇ ਪੰਚਮ ਪਾਤਸ਼ਾਹ ਆਖਦੇ ਹਨ,

"ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ॥
ਜਾਣੁ ਮਿਠਾਈ ਇਖ ਬੇਈ ਪੀੜੇ ਨਾ ਹੁਟੈ॥"

ਪਿਆਰੇ ਦੀ ਭੁੱਖ ਦੀ ਨਵਿਰਤੀ ਲਈ ਉਸ ਅੱਗੇ ਸਲੂਣਾ ਬਣ ਪੇਸ਼ ਹੋਣ ਦੀ ਚਾਹਤ ਅਤੇ ਉਸ ਦੀ ਪਿਆਸ ਲਈ ਕਮਾਦ ਬਣ ਮੁੜ ਮੁੜ ਪੀੜੇ ਜਾਣ ਦੀ ਤਮੰਨਾ ਪਿਆਰ ਦਾ ਪੰਜਾਬੀ ਆਦਰਸ਼ ਹੈ। ਪਾਤਰ ਦੀ ਚਾਹਤ ਦੀ ਦਿਸ਼ਾ ਇਹੀ ਆਦਰਸ਼ ਹੈ। ਉਸੇ ਤੋਂ ਖ਼ਿਆਲ ਉਧਾਰਾ ਮੰਗ ਕੇ ਕਹਿ ਸਕਦੇ ਹਾਂ ਕਿ ਪਾਤਰ ਦੀ ਕਵਿਤਾ ਕਿਸੇ ਮਾਂ ਦਾ ਖ਼ਾਬ ਹੈ ਜਿਸ ਦੀ ਗੋਦ 'ਚ ਗੁਲਾਬ ਖਿੜਿਆ ਹੈ, ਜੋ ਬੰਦਗੀ ਹੈ, ਸ਼ਾਇਰੀ ਹੈ ਜਾਂ ਇਸ ਤੋਂ ਵੀ ਵਧੀਕ ਹੈ।

ਗ਼ਾਲਿਬ ਨੇ 'ਮਰੀਜ਼-ਇ-ਇਸ਼ਕ' ਦੀ ਤੀਮਾਰਦਾਰੀ ਦਾ ਦਾਅਵਾ ਕੀਤਾ। ਪਾਤਰ ਦੀ ਕਵਿਤਾ ਵੱਡੇ ਦਾਅਵਿਆਂ 'ਚ ਯਕੀਨ ਨਹੀਂ ਕਰਦੀ। ਇਹ ਆਧੁਨਿਕ ਨੇਅਮਤਾਂ ਦੇ ਬਹੁਪਰਤੀ ਮਾਇਆ ਜਾਲ ਵਿਚ ਉਲਝੇ ਸੂਖਮ ਅਤੇ ਸੰਵੇਦਨਸ਼ੀਲ ਮਨੁੱਖ ਦੀਆਂ ਅਨੇਕ ਮਹੀਨ ਮਰਜ਼ਾਂ ਵਿਚ ਉਸ ਦਾ ਹਾਲ ਪੁੱਛਦੀ ਹੈ ਤੇ ਨਾਲ ਧਰਵਾਸ ਦਿੰਦੀ ਹੈ। ਇਹ ਪਾਠਕ ਨੂੰ ਕਿਧਰੇ ਉਡਾ ਕੇ ਨਹੀਂ ਲੈ ਜਾਂਦੀ, ਬਲਕਿ 'ਠੁਮਕ ਠੁਮਕ' ਉਸ ਦੇ ਨਾਲ ਤੁਰਦਿਆਂ ਸੁਚੇਤ ਕਰਦੀ ਹੋਈ ਮਿਜ਼ਾਜਪੁਰਸ਼ੀ ਕਰਦੀ ਹੈ। ਦੁੱਖ ਵਿਚ ਬਗ਼ਲਗੀਰ ਹੋਣਾ, ਸੁੱਖ ਵਿਚ ਹਮਸਫ਼ਰ ਹੋਣਾ ਤੇ ਉਤਸ਼ਾਹੀ ਘੜੀਆਂ ਵਿਚ ਹਮਰਕਾਬ ਹੋਣਾ ਇਸ ਦਾ ਸੁਭਾ ਹੈ।

ਗ਼ਾਲਿਬ ਨੇ ਕਿਹਾ ਕਿ "ਗ਼ਮ-ਏ-ਇਸ਼ਕ ਗਰ ਨਾ ਹੋਤਾ ਤੋ ਗ਼ਮ-ਏ-ਰੋਜ਼ਗਾਰ ਹੋਤਾ।" ਪਾਤਰ ਦੀ ਕਵਿਤਾ 'ਗ਼ਮ-ਏ-ਰੋਜ਼ਗਾਰ' ਨੂੰ 'ਗ਼ਮ-ਏ-ਰੋਜ਼ਮਰਹ' ਤੱਕ ਫੈਲਾ ਲੈਂਦੀ ਹੈ ਤੇ ਰੋਜ਼ਮਰਹ ਦੇ ਅਣਦਿਸਦੇ ਜ਼ਖ਼ਮਾਂ 'ਤੇ ਮਰਹਮ ਵਜੋਂ ਪੂਣੀਆਂ ਦੇ ਫ਼ਹੇ ਧਰਦੀ ਹੈ।

ਪੰਜਾਬ ਪਾਤਰ ਅਤੇ ਉਸ ਦੀ ਕਵਿਤਾ ਦੀ ਕਦਰ ਕਰਦਾ ਹੈ ਅਤੇ ਉਸ ਨੂੰ ਪਿਆਰ ਵੀ ਕਰਦਾ ਹੈ। ਪਾਤਰ ਨੇ ਇਹ ਪਿਆਰ ਲੁੱਟਿਆ ਵੀ ਹੈ। ਇਹ ਲੁੱਟ ਉਹ ਪੰਜਾਬੀ ਅਦਬ ਦੀ ਭੇਟ ਚੜ੍ਹਾ ਰਿਹਾ ਹੈ। ਭੇਟ ਦਰ ਭੇਟ, ਇਹ ਨਿਰੰਤਰ ਸਿਲਸਿਲਾ ਏਦਾਂ ਹੀ ਜਾਰੀ ਰਹੇ। ਸ਼ਮਾਦਾਨ ਮਚਦਾ ਰਹੇ, ਕਵਿਤਾ ਭਖਦੀ ਰਹੇ, ਪਾਤਰ ਸੁਰਜੀਤ ਰਹੇ ਤੇ ਉਸ ਨੂੰ ਅਦਬ ਦੀ ਅਸੀਸ ਰਹੇ।

## ਆਤਮਘਾਤ ਦੀ ਖੱਲ੍ਹ

**ਮਿੰਨੀ ਵਿਅੰਗ**

ਅੱਜ ਇਕ ਸਾਬਕਾ ਮੰਤਰੀ ਦੇ ਘਰ ਕਰ ਵਿਭਾਗ ਅਤੇ ਸੀ.ਬੀ.ਆਈ. ਨੇ ਛਾਪਾ ਮਾਰਿਆ ਤਾਂ ਕਰੋੜਾਂ ਰੁਪਏ ਦੀ ਚੱਲ-ਅਚੱਲ ਜਾਇਦਾਦ ਦਾ ਪਤਾ ਲੱਗਿਆ ਅਤੇ ਲੱਖਾਂ ਰੁਪਏ ਦੇ ਸੋਨੇ ਦੇ ਬਿਸਕੁਟ ਬਰਾਮਦ ਹੋਏ। ਇਹ ਪਹਿਲਾਂ ਸਾਧਾਰਨ ਵਕੀਲ ਸੀ ਜੋ ਕਿਰਾਏ ਦੇ ਮਕਾਨ 'ਚ ਰਹਿੰਦਾ ਸੀ। ਹੁਣ ਉਸ ਦੀਆਂ ਚਾਰ ਕੋਠੀਆਂ ਇਸ ਸ਼ਹਿਰ ਵਿਚ ਹਨ ਅਤੇ ਦਿੱਲੀ ਨੇੜੇ ਕਈ ਬਹੁਮੁੱਲੇ ਸਟੋਰ ਹਨ। ਅਖ਼ਬਾਰ 'ਚ ਇਹ ਸਾਰਾ ਕੁਝ ਪੜ੍ਹ ਕੇ ਫੌਜੀ ਹੈਰਾਨ ਹੋ ਕੇ ਬੈਠ ਗਿਆ।

ਅਮਲੀ ਨੇ ਆਉਂਦਿਆਂ ਹੀ ਪੁੱਛਿਆ, "ਫੌਜੀਆ ਸੁੱਖ ਐ! ਐਨਾ ਘਾਬਰਿਆ ਬੈਠੈਂ, ਜਿਵੇਂ ਘਰ ਡਾਕਾ ਪੈ ਗਿਆ ਹੁੰਦੈ?"

"ਆ ਜਾ ਅਮਲੀਆ, ਬਹਿ ਜਾ। ਡਾਕਾ ਤਾਂ ਸੱਚੀਂ-ਮੁੱਚੀਂ ਪੈ ਗਿਆ, ਪਰ ਪਿਐ ਆਪਣੇ ਦੇਸ਼ ਦੇ ਖਜ਼ਾਨੇ 'ਤੇ; ਕਿਉਂਕਿ ਦੇਸ਼ ਆਪਣਾ, ਏਸ ਲਈ ਡਾਕਾ ਆਪਣੇ ਘਰੇ ਹੀ ਪਿਆ।"

"ਫੌਜੀਆ ਮੇਰੀ ਮੱਤ ਕੁਝ ਮੋਟੀ ਐ। ਮੈਨੂੰ ਤਾਂ ਰਤਾ ਖੋਲ੍ਹ ਕੇ ਸਮਝਾ, ਅਸਲ ਗੱਲ ਕੀ ਐ। ਜੇ ਮੈਨੂੰ ਸਮਝ ਆ ਗਈ ਤਾਂ ਤੇਰੀ ਉਦਾਸੀ ਵੀ ਉਡਾ ਦਊਂ ਅੱਖ ਦੇ ਫੋਰ ਵਿਚ।" ਅਮਲੀ ਮੁੱਛਾਂ ਨੂੰ ਤਾਅ ਦਿੰਦਾ ਹੋਇਆ ਫੌਜੀ ਕੋਲ ਥੜ੍ਹੇ 'ਤੇ ਬੈਠ ਗਿਆ।

ਫੌਜੀ ਨੇ ਖੰਗੂਰਾ ਮਾਰ ਕੇ ਦੱਸਿਆ, "ਅਮਲੀਆ, ਆਹ ਇਕ ਪੁਰਾਣੇ ਮੰਤਰੀ ਦੇ ਘਰ ਛਾਪਾ ਮਾਰਿਆ ਟੈਕਸ ਮਹਿਕਮੇ ਨੇ। ਕਈ ਕਿਲੋ ਸੋਨਾ ਤੇ ਕਰੋੜਾਂ ਰੁਪਏ ਦੀ ਜਾਇਦਾਦ ਦੀ ਮਲਕੀਅਤ ਦੇ ਕਾਗਜ਼ ਮਿਲੇ ਨੇ। ਗ੍ਰਿਫਤਾਰ ਕਰ ਲਿਆ ਤਾਂ ਕਹੀ ਜਾਂਦੈ, ਕਿਸੇ ਸਾਜ਼ਿਸ਼ ਅਧੀਨ ਮੈਨੂੰ ਐਵੇਂ ਫਸਾਇਆ ਜਾ ਰਿਹਾ। ਆਹ ਸੋਨਾ ਮੇਰਾ ਨਹੀਂ, ਪਤਾ ਨਹੀਂ ਕੌਣ ਮੇਰੇ ਘਰ ਸੁੱਟ ਗਿਆ। ਮੈਂ ਤਾਂ ਨਿਰਦੋਸ਼ ਹਾਂ।"

"ਵਾਹ ਬਈ ਵਾਹ! ਅਜਿਹਾ ਢੀਠ ਬੰਦਾ ਸ਼ਰਮ ਨਾਲ ਤਾਂ ਮਰ ਨਹੀਂ ਸਕਦਾ। ਸਰਕਾਰ ਨੂੰ ਚਾਹੀਦੈ, ਉਸ ਨੂੰ ਖੁਦਕੁਸ਼ੀ ਕਰਨ ਦੀ ਖੁੱਲ੍ਹ ਦੇ ਦੇਵੇ।" ਅਮਲੀ ਨੇ ਮੱਥੇ 'ਤੇ ਹੱਥ ਮਾਰਿਆ।

"ਅਮਲੀਆ ਅਜਿਹੇ ਨਿਰਲੱਜ ਬੰਦੇ ਆਤਮਘਾਤ ਨਹੀਂ ਕਰ ਸਕਦੇ। ਸਰਕਾਰ ਨੂੰ ਚਾਹੀਦਾ ਕਿ ਰਾਸ਼ਟਰਪਤੀ ਤੋਂ ਆਰਡਰ ਕਰਵਾ ਕੇ ਇਸ ਦੀ ਆਮਦਨ ਤੋਂ ਵਧ ਸਾਰੀ ਜਾਇਦਾਦ ਕੁਰਕ ਕਰ ਲਵੇ ਅਤੇ ਇਸ ਨੂੰ ਉਮਰ ਭਰ ਲਈ ਜੇਲ੍ਹ ਦੀ ਹਵਾ ਖਾਣ ਦੇਵੇ।"

*-ਅਵਤਾਰ ਸਿੰਘ ਹੰਸਰਾ*

**ਮਿੰਨੀ ਕਹਾਣੀ**

## ਝੂਠ

ਇੱਕ ਉੱਘਾ ਪੰਜਾਬੀ ਵਕੀਲ ਕੈਨੇਡਾ ਦੇ ਵੈਨਕੂਵਰ ਸ਼ਹਿਰ ਦੇ ਇੱਕ ਪੰਜਾਬੀ ਰੇਡੀਓ 'ਤੇ ਇੰਟਰਵਿਊ ਦੇ ਰਿਹਾ ਸੀ। ਗੱਲਬਾਤ ਦਾ ਵਿਸ਼ਾ ਸੀ, ਘਰੇਲੂ ਹਿੰਸਾ।

ਵਕੀਲ ਨੇ ਕੱਲ ਹੀ ਇੱਕ ਕਤਲ ਕੇਸ ਜਿੱਤਿਆ ਸੀ, ਕਿਸੇ ਮੁਜਰਮ ਦੀ ਸਜਾ ਘੱਟ ਕਰਾਈ ਸੀ। ਮੁਜਰਮ ਬਰੀ ਨਹੀਂ ਹੋਇਆ ਸੀ।

ਕੇਸ ਇਹ ਸੀ, ਇੱਕ ਪੰਜਾਬੀ ਨੌਜਵਾਨ ਨੇ ਤਲਵਾਰ ਨਾਲ ਆਪਣੀ ਘਰਵਾਲੀ ਦਾ ਕਤਲ ਕਰ ਦਿੱਤਾ ਸੀ। ਘਰਵਾਲੀ ਨੂੰ ਉਹ ਗੱਭਰੂ ਪੰਜਾਬ ਤੋਂ ਵਿਆਹ ਕੇ ਲਿਆਇਆ ਸੀ। ਕਤਲ ਕੀਤਾ ਸੀ ਦੁਪਹਿਰ ਨੂੰ, ਉਸੇ ਔਰਤ ਦੇ ਦਫਤਰ ਵਿਚ ਹੀ। ਇੱਕ ਹੋਰ ਪੰਜਾਬੀ ਬੰਦਾ ਵੀ ਫੱਟੜ ਕਰ ਦਿੱਤਾ ਸੀ, ਜੋ ਕਿ ਔਰਤ ਨੂੰ ਛੁਡਾਉਣ ਆਇਆ ਸੀ। ਹੋਰ ਵੀ ਦਫਤਰ ਵਿਚ ਕੰਮ ਕਰਦੇ ਅਤੇ ਨਾਲ ਲੱਗਵੀਆਂ ਦੁਕਾਨਾਂ ਵਾਲੇ ਗਵਾਹ ਸਨ।

ਵਕੀਲ ਨੇ ਇਹੋ ਜਿਹੇ ਚਾਰ ਪੰਜ ਹੋਰ ਵੀ ਕੇਸ ਪਹਿਲਾਂ ਜਿੱਤੇ ਸਨ।

ਰੇਡੀਓ 'ਤੇ ਇੰਟਰਵਿਊ ਲੈਣ ਵਾਲੇ ਭਾਈ ਨੇ ਵਕੀਲ ਦੀ ਜਾਣ-ਪਹਿਚਾਣ ਇਸ ਤਰ੍ਹਾਂ ਕਰਾਈ, "ਇਹ ਸਾਡੀ ਕਮਿਊਨਿਟੀ ਦੇ ਜਾਣੇ-ਪਛਾਣੇ, ਨਿਧੜਕ, ਧੜੱਲੇਦਾਰ ਤੇ ਸੱਚੇ- ਸੁੱਚੇ ਵਕੀਲ ਨੇ।"

ਵਕੀਲ ਸਾਹਿਬ ਦੇ ਇੰਟਰਵਿਊ ਦੇ ਆਖਰੀ ਸ਼ਬਦ ਸਨ, "ਮੈਂ ਆਪਣੇ ਲੋਕਾਂ ਨੂੰ ਸੰਦੇਸ਼ ਦੇਣਾ ਚਾਹੁੰਦਾ ਹਾਂ। ਭੈਣੋਂ ਤੇ ਭਰਾਵੋਂ, ਲੜਾਈ ਕਦੇ ਨਹੀਂ ਕਰਨੀ ਚਾਹੀਦੀ।"

*-ਗੁਰਮੇਲ ਬੀਰੋਕੇ*
*ਫੋਨ: 604-825-8053*

---

## ਕੀ ਤੁਸੀਂ ਜਾਣਦੇ ਹੋ?

1. ਚੰਡੀਗੜ੍ਹ ਦਾ ਰਾਕ ਗਾਰਡਨ ਨੇਕ ਚੰਦ ਨੇ ਬਣਵਾਇਆ ਸੀ।
2. ਦੇਸ਼ ਦੀ ਪਹਿਲੀ ਮਹਿਲਾ ਆਈ. ਪੀ. ਐਸ. ਅਫ਼ਸਰ ਕਿਰਨ ਬੇਦੀ ਹੈ।
3. ਵਿਸ਼ਵ ਰੈਡ ਕਰਾਸ ਦਿਹਾੜਾ ਹਰ ਸਾਲ 8 ਮਈ ਨੂੰ ਮਨਾਇਆ ਜਾਂਦਾ ਹੈ।
4. ਖੇਤਰਫਲ ਪੱਖੋਂ ਸੰਸਾਰ ਦਾ ਸਭ ਤੋਂ ਵੱਡਾ ਸ਼ਹਿਰ ਲੰਦਨ (ਇੰਗਲੈਂਡ) ਹੈ।
5. ਮਦਨ ਲਾਲ ਢੀਂਗਰਾ ਨੂੰ 17 ਅਗਸਤ 1909 ਨੂੰ ਫਾਂਸੀ ਦਿੱਤੀ ਗਈ।

# ਗੀਤ-ਸੰਗੀਤ ਦੀ ਸੁੱਚਮ ਗੁਰਦਾਸ ਮਾਨ



ਰੂਹ ਤੱਕ ਡੁੱਬ ਕੇ ਗਾਉਣ ਵਾਲੇ ਗੁਰਦਾਸ ਮਾਨ ਦੀ ਨਵੀਂ ਐਲਬਮ 'ਰੋਟੀ' ਦੋ ਸਾਲ ਦੇ ਵਕਫ਼ੇ ਬਾਅਦ ਮਾਰਕਿਟ ਵਿਚ ਆਈ ਹੈ। ਇੰਨੇ ਲੰਬੇ ਸਮੇਂ ਦੀ ਗੈਰ ਹਾਜ਼ਰੀ ਬਾਰੇ ਉਸ ਦਾ ਕਹਿਣਾ ਹੈ- "ਦੁਨੀਆਂ ਆਪਣੀ ਚਾਲੇ ਤੁਰਦੀ ਰਹਿੰਦੀ ਹੈ ਅਤੇ ਉਹ ਆਪ ਆਪਣੇ ਹਿਸਾਬ ਨਾਲ ਕੰਮ ਕਰਦਾ ਹੈ। ਉਂਝ ਵੀ ਕਿਸੇ ਵੀ ਚੀਜ਼ ਲਈ ਕੋਈ ਸਹੀ ਸਮਾਂ ਵੀ ਦਰਕਾਰ ਹੁੰਦਾ ਹੈ।" ਸੰਗੀਤ, ਸਹਿਜ ਤੇ ਸੂਹਜ ਗੁਰਦਾਸ ਮਾਨ ਨਾਲ ਬਹੁਤ ਡੂੰਘੇ ਜੁੜੇ ਹੋਏ ਹਨ। ਉਹ 30 ਸਾਲ ਤੋਂ ਪੰਜਾਬੀ ਸੰਗੀਤ ਦੇ ਵਿਹੜੇ ਵਿਚ ਸੁਰਾਂ ਦੀ ਛਹਿਬਰ ਲਾ ਰਿਹਾ ਹੈ। ਉਹ ਦੱਸਦਾ ਹੈ ਕਿ ਜਦੋਂ ਉਹ ਪਟਿਆਲੇ ਉਚੇਰੀ ਪੜ੍ਹਾਈ ਲਈ ਪੁੱਜਾ ਸੀ ਤਾਂ ਉਸ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਉਹ ਸੰਗੀਤ ਦੇ ਖੇਤਰ ਵਿਚ ਇੰਨੀ ਲੰਬੀ ਪੁਲਾਂਘ ਪੁੱਟ ਸਕੇਗਾ। ਪਿਛਲੇ ਤੀਹ ਸਾਲਾਂ ਦੌਰਾਨ ਪੰਜਾਬੀ ਗੀਤ ਸੰਗੀਤ ਵਿਚ ਬਹੁਤ ਵੱਡੀਆਂ ਤਬਦੀਲੀਆਂ ਵਾਪਰੀਆਂ ਹਨ। ਪੰਜਾਬੀ ਗੀਤ-ਸੰਗੀਤ ਵਿਚ ਅੱਜਕੱਲ੍ਹ ਭਾਰੂ ਹੋਈ ਲੱਚਰਤਾ ਤੇ ਨੰਗੇਜ਼ ਬਾਰੇ ਗੁਰਦਾਸ ਮਾਨ ਕੋਈ ਚੱਕਵੀਂ ਟਿੱਪਣੀ ਨਹੀਂ ਕਰਦਾ। ਬਹੁਤ ਸਹਿਜ ਨਾਲ ਉਹ ਆਖਦਾ ਹੈ, "ਸਮੇਂ ਦੇ ਬਦਲਣ ਨਾਲ ਬੜਾ ਕੁਝ ਬਦਲਦਾ ਹੈ ਪਰ ਲੱਚਰਤਾ ਬਾਰੇ ਜਿਹੜੀ ਤਬਦੀਲੀ ਪੰਜਾਬੀ ਗੀਤ-ਸੰਗੀਤ ਵਿਚ ਆਈ ਹੈ, ਉਸ ਲਈ ਅਸੀਂ ਸਾਰੇ ਜ਼ਿੰਮੇਵਾਰ ਹਾਂ; ਕਿਉਂਕਿ ਇਹ ਤਬਦੀਲੀ ਸਾਡੇ ਕਰ ਕੇ ਹੀ ਹੋਈ ਹੈ। ਚਾਹੀਦਾ ਤਾਂ ਇਹ ਸੀ ਕਿ ਲੱਚਰਤਾ ਅਤੇ ਨੰਗੇਜ਼ਵਾਦ ਨੂੰ ਅਸੀਂ ਲਾਂਭੇ ਹੀ ਰੱਖਦੇ। ਅਜਿਹੀ ਚੋਣ ਕੀਤੀ ਜਾ ਸਕਦੀ ਹੈ। ਬਹੁਤ ਲੋਕ ਇਸ ਬਾਰੇ ਸੁਚੇਤ ਹਨ ਤੇ ਲਗਾਤਾਰ ਕੰਮ ਵੀ ਕਰ ਰਹੇ ਹਨ।" ਗੁਰਦਾਸ ਮਾਨ ਨੇ ਪੰਜਾਬੀ ਗੀਤ-ਸੰਗੀਤ ਦੀ ਸੁੱਚਮ ਸਦਾ ਕਾਇਮ ਰੱਖੀ ਹੈ। ਇਸੇ ਕਰ ਕੇ ਬੀ.ਬੀ.ਸੀ. ਵਰਗੇ ਅਦਾਰੇ ਨੂੰ ਉਸ ਬਾਰੇ ਇਹ ਕਹਿਣਾ ਪੈ ਗਿਆ ਕਿ ਜਿਸ ਤਰ੍ਹਾਂ ਬੀਟਲਜ਼ ਦਾ ਨਾਂ ਪੌਪ ਨਾਲ ਜੁੜਿਆ ਹੈ, ਇਸੇ ਤਰ੍ਹਾਂ ਗੁਰਦਾਸ ਮਾਨ ਦਾ ਨਾਂ ਸੁੱਚੇ ਪੰਜਾਬੀ ਗੀਤਾਂ ਨਾਲ ਜੁੜ ਗਿਆ ਹੈ। ਉਸ ਦੇ ਗੀਤਾਂ ਵਿਚ ਲੈਅ ਅਤੇ ਸੁਰ ਸਰੋਤਿਆਂ ਨੂੰ ਸਰਸ਼ਾਰ ਕਰਦੀ ਹੈ। ਗੁਰਦਾਸ ਮਾਨ ਦੀ ਨਵੀਂ ਐਲਬਮ 'ਰੋਟੀ' ਦੀ ਚਿਰਾਂ ਤੋਂ ਉਡੀਕ ਕੀਤੀ ਜਾ ਰਹੀ ਸੀ। ਇਹ ਐਲਬਮ 'ਸਾਈਂ ਲੋਕ ਸੰਗੀਤ ਪ੍ਰਾਈਵੇਟ ਲਿਮਡਿਟ' ਵੱਲੋਂ ਤਿਆਰ ਕੀਤੀ ਗਈ ਹੈ ਅਤੇ ਇਸ ਨੂੰ ਸਪੀਡ ਕੰਪਨੀ ਨੇ ਮਾਰਕੀਟ ਵਿਚ ਉਤਾਰਿਆ ਹੈ। ਸੰਗੀਤ ਨਾਮਵਾਰ ਮਿਊਜ਼ਿਕ ਡਾਇਰੈਕਟਰ ਜਤਿੰਦਰ ਸ਼ਾਹ ਦਾ ਹੈ। ਗੁਰਦਾਸ ਮਾਨ ਦਾ ਹਰ ਗੀਤ ਪੰਜਾਬੀ ਸੱਭਿਆਚਾਰ ਨਾਲ ਲਬਰੇਜ ਹੁੰਦਾ ਹੈ। ਉਨ੍ਹਾਂ ਦੀ ਸਾਫ਼, ਸੁਥਰੀ ਤੇ ਸੱਭਿਅਕ ਗਾਇਕੀ ਸਦਕਾ ਹੀ ਉਨ੍ਹਾਂ ਨੂੰ ਦੇਸ਼ ਦੀਆਂ ਦੋ ਯੂਨੀਵਰਸਿਟੀਆਂ ਨੇ 'ਡਾਕਟਰ' ਦੀ ਉਪਾਧੀ ਨਾਲ ਨਵਾਜਿਆ। ਉਨ੍ਹਾਂ ਦੇ ਗੀਤਾਂ ਅਤੇ ਉਨ੍ਹਾਂ ਦੀ ਜ਼ਿੰਦਗੀ ਨੂੰ ਯੂਨੀਵਰਸਿਟੀਆਂ ਦੇ ਕੁਝ ਵਿਦਿਆਰਥੀ ਆਪਣੀ ਪੀਐਚ.ਡੀ. ਦਾ ਵਿਸ਼ਾ ਵੀ ਬਣਾਇਆ ਹੈ। ਐਲਬਮ 'ਚ ਵੱਖ ਵੱਖ ਸੁਭਾਅ ਦੇ 8 ਗੀਤ ਸ਼ਾਮਲ ਹਨ। ਸਾਰੇ ਗੀਤ ਗੁਰਦਾਸ ਮਾਨ ਨੇ ਹੀ ਲਿਖੇ ਹਨ। ਟਾਈਟਲ ਗੀਤ ' ਰੋਟੀ' ਨਿਵੇਕਲੇ ਰੰਗ ਵਾਲਾ ਗੀਤ ਹੈ। ਇਸ ਗੀਤ ਜ਼ਰੀਏ ਰੋਟੀ ਦੀ ਮਹੱਤਤਾ ਅਤੇ ਲੋਕਾਈ ਦੀ ਗੱਲ ਕੀਤੀ ਗਈ ਹੈ। ਐਲਬਮ ਦੇ ਬਾਕੀ ਗੀਤਾਂ 'ਚ ਵੀ ਆਪਣੇ ਪਿਛੋਕੜ, ਆਪਣੇ ਪਿੰਡ ਦੀਆਂ ਯਾਦਾਂ ਹਨ। ਇਨ੍ਹਾਂ ਵਿਚ 'ਪਿੰਡ ਦੀ ਹਵਾ', 'ਸੱਜਣਾ ਤੈਨੂੰ ਤੱਕ ਤੱਕ ਨਹੀਂ ਰੱਜਣਾ', 'ਰਾਤੀ ਚੰਨ ਨਾਲ ਗੱਲਾਂ ਕਰ ਕੇ', 'ਜੇ ਲਾਈ ਸੀ ਤਾਂ ਨਿਭਾਣੀ', 'ਅੱਖ ਮੇਰੇ ਯਾਰ ਦੀ', 'ਜਾਹ ਚੁੱਪ ਕਰ ਕੇ ਤੁਰ ਜਾ ਨੀ' ਅਤੇ 'ਫ਼ਰਮਾਨ' ਸ਼ਾਮਲ ਹਨ। ਗੁਰਦਾਸ ਮਾਨ ਦੀ ਇਸ ਐਲਬਮ ਤੋਂ ਪਹਿਲਾਂ 2011 ਵਿਚ 'ਜੋਗੀਆ' ਐਲਬਮ ਆਈ ਸੀ। ਗੁਰਦਾਸ ਮਾਨ ਨੇ ਕਿਹਾ ਕਿ ਉਹ ਅੰਤ ਤੱਕ ਗੀਤ-ਸੰਗੀਤ ਨਾਲ ਜੁੜਿਆ ਰਹਿਣਾ ਚਾਹੁੰਦਾ ਹੈ।




# ਇਲੀਨਾ ਕਜ਼ਾਨ ਦੀ ਬਾਲੀਵੁੱਡ ਉਡਾਣ



ਜਰਮਨੀ ਦੀ ਜੰਮਪਲ ਅਤੇ ਅਮਰੀਕਾ ਵਿਚ ਪੜ੍ਹੀ ਸੋਹਣੀ-ਸੁਨੱਖੀ ਮੁਟਿਆਰ ਇਲੀਨਾ ਕਜ਼ਾਨ ਪਹਿਲੀ ਵਾਰ ਹਿੰਦੀ ਫ਼ਿਲਮ 'ਪਰਾਗ' ਵਿਚ ਬਤੌਰ ਹੀਰੋਇਨ ਕੰਮ ਕਰ ਰਹੀ ਹੈ। ਇਸ ਫ਼ਿਲਮ ਵਿਚ ਹੀਰੋ ਦਾ ਕਿਰਦਾਰ ਚੰਦਨ ਰਾਏ ਸਾਨਿਆਲ ਨੇ ਨਿਭਾਇਆ ਹੈ। ਇਲੀਨਾ ਇਸ ਤੋਂ ਪਹਿਲਾਂ 'ਏਜੰਟ ਵਿਨੋਦ' ਅਤੇ 'ਗਾਂਧੀ ਟੂ ਹਿਟਲਰ' ਫਿਲਮਾਂ ਵਿਚ ਕੰਮ ਕਰ ਚੁੱਕੀ ਹੈ, ਪਰ ਇਨ੍ਹਾਂ ਫਿਲਮਾਂ ਵਿਚ ਉਸ ਦੀ ਭੂਮਿਕਾਵਾਂ ਬਹੁਤ ਛੋਟੀਆਂ ਸਨ। ਜੈਪੁਰ ਵਿਚ ਫਿਲਮ 'ਗਾਂਧੀ ਟੂ ਹਿਟਲਰ' ਦੀ ਸ਼ੂਟਿੰਗ ਚੱਲ ਰਹੀ ਸੀ ਕਿ ਕਿਸੇ ਨੇ ਉਸ ਨਾਲ ਸੰਪਰਕ ਕੀਤਾ ਅਤੇ ਫਿਲਮ ਵਿਚ ਕੰਮ ਕਰਨ ਦੀ ਪੇਸ਼ਕਸ਼ ਕੀਤੀ। ਉਸ ਨੂੰ ਦੱਸਿਆ ਗਿਆ ਸੀ ਕਿ ਫਿਲਮ ਹਿਟਲਰ ਬਾਰੇ ਹੈ। ਬੱਸ, ਇੰਨਾ ਸੁਣਦਿਆਂ ਹੀ ਉਹ ਫਿਲਮ ਵਿਚ ਕੋਈ ਵੀ ਰੋਲ ਕਰਨ ਲਈ ਝੱਟ ਤਿਆਰ ਹੋ ਗਈ। ਉਂਝ ਦੋਹਾਂ ਹੀ ਫਿਲਮਾਂ ਵਿਚ ਛੋਟੇ ਰੋਲ ਦੇ ਬਾਵਜੂਦ ਉਸ ਨੇ ਸਭ ਦਾ ਧਿਆਨ ਖਿਚਿਆ ਅਤੇ ਉਸ ਨੂੰ ਫਿਲਮ 'ਪਰਾਗ'

***ਜੈਪੁਰ ਵਿਚ 'ਗਾਂਧੀ ਟੂ ਹਿਟਲਰ' ਦੀ ਸ਼ੂਟਿੰਗ ਚੱਲ ਰਹੀ ਸੀ ਕਿ ਕਿਸੇ ਨੇ ਉਸ ਨਾਲ ਸੰਪਰਕ ਕੀਤਾ ਅਤੇ ਫਿਲਮ ਵਿਚ ਕੰਮ ਕਰਨ ਦੀ ਪੇਸ਼ਕਸ਼ ਕੀਤੀ। ਉਹ ਫਿਲਮ ਵਿਚ ਰੋਲ ਕਰਨ ਲਈ ਝੱਟ ਤਿਆਰ ਹੋ ਗਈ।***

ਵਿਚ ਹੀਰੋਇਨ ਦੀ ਪੇਸ਼ਕਸ਼ ਹੋ ਗਈ। ਉਹ ਦੱਸਦੀ ਹੈ ਕਿ ਉਸ ਨੇ ਤਾਂ ਕਦੀ ਸੋਚਿਆ ਵੀ ਨਹੀਂ ਸੀ ਕਿ ਉਹ ਫ਼ਿਲਮਾਂ ਵਿਚ ਕੰਮ ਕਰੇਗੀ। ਸਕੂਲ ਅਤੇ ਕਾਲਜ ਵਿਚ ਉਹ ਨਾਟਕਾਂ ਵਿਚ ਮਾੜਾ ਮੋਟਾ ਕੰਮ ਕਰਦੀ ਰਹੀ ਸੀ; ਪਰ ਥਿਏਟਰ ਅਤੇ ਫਿਲਮਾਂ ਲਈ ਉਸ ਨੂੰ ਕੋਈ ਖਾਸ ਖਿੱਚ ਨਹੀਂ ਸੀ। 'ਪਰਾਗ' ਫ਼ਿਲਮ ਵਿਚ ਇਲੀਨਾ ਨੇ ਚੈਕ ਦੇਸ਼ ਦੀ ਮੁਟਿਆਰ ਦਾ ਰੋਲ ਨਿਭਾਇਆ ਹੈ। ਇਹ ਮੁਟਿਆਰ ਇਕ ਭਾਰਤੀ ਮੁੰਡੇ ਨਾਲ ਪਿਆਰ ਕਰਨ ਲੱਗਦੀ ਹੈ। ਇਸ ਮੁੰਡੇ ਦਾ ਪਿਛੋਕੜ ਕੋਲਕਾਤਾ ਦਾ ਹੈ। ਇਸ ਤਰ੍ਹਾਂ ਉਹ ਪਰਾਗ ਤੋਂ ਕੋਲਕਾਤਾ ਤੱਕ ਸਫ਼ਰ ਕਰਦੀ ਹੈ। ਬੱਸ, ਇਸੇ ਖਿਆਲ ਦੁਆਲੇ ਇਸ ਫਿਲਮ ਦੀ ਕਹਾਣੀ ਬੁਣੀ ਗਈ ਹੈ। ਕੋਲਕਾਤਾ ਬਾਰੇ ਇਲੀਨਾ ਬਹੁਤ ਭਾਵੁਕ ਹੈ। ਹੁਣ ਉਸ ਨੇ ਕਈ ਬੰਗਲਾ ਫ਼ਿਲਮਾਂ ਦੇਖੀਆਂ ਹਨ ਅਤੇ ਹਿੰਦੀ ਫਿਲਮਾਂ ਬਾਰੇ ਬੜਾ ਕੁਝ ਪੜ੍ਹਿਆ ਹੈ। ਬੰਗਲਾ ਅਦਾਕਾਰਾ ਸੁਚਿਤਰਾ ਸੇਨ ਤੋਂ ਵੱਡੀ ਅਦਾਕਾਰਾ ਉਸ ਨੂੰ ਕੋਈ ਹੋਰ ਨਹੀਂ ਲਗਦੀ। ਇਲੀਨਾ ਕਹਿੰਦੀ ਹੈ ਕਿ ਉਹ ਹਿੰਦੀ ਫ਼ਿਲਮ ਵਿਚ ਕੰਮ ਕਰ ਕੇ ਬਹੁਤ ਖੁਸ਼ ਹੈ। ਉਹ ਚਾਹੁੰਦੀ ਹੈ ਕਿ ਉਹ ਹਿੰਦੀ ਫ਼ਿਲਮਾਂ ਵਿਚ ਆਪਣਾ ਕਰੀਅਰ ਬਣਾਵੇ। ਉਹ ਹਿੰਦੀ ਸਿੱਖ ਰਹੀ ਹੈ ਅਤੇ ਲਗਾਤਾਰ ਅਭਿਆਸ ਕਰ ਰਹੀ ਹੈ। ਉਹ ਭਾਰਤੀ ਫਿਲਮ ਸਨਅਤ ਨਾਲ ਜੁੜੇ ਲੋਕਾਂ ਤੋਂ ਮਿਲੇ ਸਹਿਯੋਗ ਅਤੇ ਦਰਸ਼ਕਾਂ ਤੋਂ ਮਿਲੇ ਪਿਆਰ ਤੋਂ ਬਹੁਤ ਖੁਸ਼ ਹੈ।

# ਥਿਏਟਰ ਅਤੇ ਫਿਲਮਾਂ ਦੀ ਅਦਾਕਾਰਾ ਮੀਤਾ ਵਸ਼ਿਸ਼ਟ



ਮਹਾਂਰਾਸ਼ਟਰ ਦੇ ਸ਼ਹਿਰ ਪੂਣੇ ਵਿਚ 2 ਨਵੰਬਰ 1967 ਨੂੰ ਜਨਮੀ ਮੀਤਾ ਵਸ਼ਿਸ਼ਟ ਦਾ ਪਿਉ ਰਾਜੇਸ਼ਵਰ ਦੱਤ ਫੌਜ ਵਿਚ ਕਰਨਲ ਸੀ ਅਤੇ ਮਾਂ ਮੀਨਾਕਸ਼ੀ ਮਹਿਤਾ ਵਸ਼ਿਸ਼ਟ ਅਧਿਆਪਕਾ ਤੇ ਸੰਗੀਤਕਾਰ ਸੀ। ਉਸ ਨੇ ਦਿੱਲੀ ਦੇ ਨੈਸ਼ਨਲ ਸਕੂਲ ਆਫ਼ ਡਰਾਮਾ ਤੋਂ ਗਰੈਜੂਏਸ਼ਨ ਅਤੇ ਫਿਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੋਸਟ-ਗਰੈਜੂਏਸ਼ਨ ਕੀਤੀ। ਹੁਣ ਉਹ ਐਨ.ਆਈ.ਐਫ.ਟੀ. ਦਿੱਲੀ, ਐਫ.ਟੀ.ਆਈ.ਆਈ.(ਪੂਣੇ), ਐਨ.ਐਸ.ਡੀ.(ਦਿੱਲੀ) ਅਤੇ ਐਨ.ਆਈ.ਡੀ. (ਅਹਿਮਦਾਬਾਦ) ਵਰਗੀਆਂ ਮਸ਼ਹੂਰ ਫਿਲਮ ਅਤੇ ਥੀਏਟਰ ਸੰਸਥਾਵਾਂ ਨਾਲ ਜੁੜੀ ਹੋਈ ਹੈ ਜਿੱਥੇ ਉਹ ਪੜ੍ਹਾਉਂਦੀ ਹੈ। ਇਸ ਤੋਂ ਇਲਾਵਾ ਉਹ ਇੰਗਲੈਂਡ ਵਿਚ ਲੰਡਨ, ਬਰਮਿੰਘਮ ਤੇ ਲੈਸਟਰ ਅਤੇ ਦਮਸ਼ਕ ਵਿਚ ਥੀਏਟਰ ਵਰਕਸ਼ਾਪਾਂ ਲਾ ਚੁੱਕੀ ਹੈ। ਹੁਣ ਤੱਕ ਉਹ ਕਈ ਫਿਲਮਾਂ ਤੇ ਟੀ.ਵੀ. ਲੜੀਵਾਰਾਂ ਵਿਚ ਵੀ ਕੰਮ ਕਰ ਚੁੱਕੀ ਹੈ। ਕਸ਼ਮੀਰ ਦੀ ਪ੍ਰਸਿੱਧ ਕਵਿੱਤਰੀ ਲਲ ਦਯਦ ਬਾਰੇ ਖੁਦ ਤਿਆਰ ਕੀਤੇ 75 ਮਿੰਟ ਦੇ ਇਕ ਪਾਤਰੀ ਨਾਟਕ ਵਿਚ ਉਸ ਨੇ ਬੜੀ ਜ਼ੋਰਦਾਰ ਭੂਮਿਕਾ ਨਿਭਾਈ। 'ਧ੍ਰੋਹਕਾਲ' ਫਿਲਮ ਲਈ ਉਸ ਨੂੰ 1996 ਵਿਚ ਸਰਵੋਤਮ ਸਹਾਇਕ ਅਦਾਕਾਰਾ ਦਾ ਪੁਰਸਕਾਰ ਮਿਲਿਆ। ਇਸ ਫਿਲਮ ਵਿਚ ਉਸ ਦੀ ਅਦਾਕਾਰੀ ਦੀ ਬਹੁਤ ਪ੍ਰਸ਼ੰਸਾ ਹੋਈ। 'ਕਸਬਾ' ਫਿਲਮ ਲਈ ਉਹ ਸਰਵੋਤਮ ਅਦਾਕਾਰਾ ਦੇ ਇਨਾਮ ਲਈ ਨਾਮਜ਼ਦ ਹੋਈ। ਉਸ ਨੇ ਦਿਲ ਸੇ, ਗੁਲਾਮ, ਤਾਲ, ਚਾਂਦਨੀ ਵਿਚ ਵੀ ਅਹਿਮ ਰੋਲ ਅਦਾ ਕੀਤੇ ਹਨ। ਟੀ.ਵੀ. ਸੀਰੀਅਲਾਂ ਵਿਚ ਤਾਂ ਉਸ ਨੇ ਆਪਣੀ ਅਦਾਕਾਰੀ ਦੀਆਂ ਧੁੰਮਾਂ ਹੀ ਪਾ ਦਿੱਤੀਆਂ। ਉਸ ਨੇ ਚੋਣਵੇਂ ਸੀਰੀਅਲਾਂ ਵਿਚ ਹੀ ਕੰਮ ਕੀਤਾ। ਪ੍ਰਸਿੱਧ ਗਾਇਕਾ ਸ਼ੁਭਾ ਮੁਦਗਲ ਦੇ ਸੰਗੀਤ ਵੀਡੀਓ 'ਮਨ ਕੇ ਮੰਜੀਰੇ' ਵਿਚ ਕੀਤੀ ਅਦਾਕਾਰੀ ਉਸ ਨੂੰ ਬੜੀ ਪਸੰਦ ਆਈ।

**Entry Free**

'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'

**Entry Free**

# PUNJABI CULTURAL SOCIETY SACRAMENTO (U.S.A.)

ਵਲੋਂ ਪੇਸ਼ ਹੈ 14ਵੀਆਂ

# ਤੀਆਂ

# TEEYAN



## On Sunday, the 11th AUGUST 2013 At 1.00 P. M.

## AT S.E.S. Hall

**10427 E. STOCKTON BLVD. ELK GROVE, CA 95624**

**Featuring : Songs, Gidha, Dances, Skits, D.J. and Much More**

## All LADIES AND GIRLS ARE INVITED

**ORGANIZING COMMITTEE**

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala

**For Participation & Stalls Please Call :**

Mandeep Pharwala @ 916-682-7321, Rashpal Parhar @ 730-7191, Baldev Kaur @ 996-2010, Email: palpharwala@yahoo.com

**ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।**

**ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ**

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

***Selling Homes from Gilroy to Sacramento, CA***

### JUST SOLD

1. 4326 San Juan Way, Fremont, CA 94536
2. 43881 Cameron Hills Dr., Fremont CA 94539
3. 8308 Medeiros Way, Sacramento, CA 95829
4. 27659 Persimmon Dr., Hayward, CA 94544
5. 34782 Klondike Dr., Union City, CA 94587
6. 1555 Bolton Ln., Manteca, CA 95337
7. 30770 Oxford Way, Union City, CA 94587
8. 3386 San Gabriel Ave., Clovis, CA 93619
9. 4421 Corto Monterey, Union City, CA 94587
10. 8211 Mullberry Ct., Dublin, CA 94568

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Market is still hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095